**Worldwide Travel, Inc.**
Special Sale $975* ਟੈਕਸ ਸਮੇਤ
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST

C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com

1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ’ਤੇ
ਪੰਜਾਬ ਟਾਈਮਜ਼ ਨਾਈਟ
27 ਮਾਰਚ, 2010
ਇੰਡੀਆ ਹਾਊਸ, ਸ਼ਾਮਬਰਗ

Eleventh Year in Publication | ਮਿਡਵੈਸਟ ਐਡੀਸ਼ਨ | Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 3, January 16, 2010 | 20451 N Plum Grove Rd. Palatine, IL 60074 | Ph:847-359-0746, Fax:847-705-9388



*ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਦਿੱਲੀ ਵਿਚ ਪਰਵਾਸੀ ਭਾਰਤੀ ਦਿਵਸ ਮੌਕੇ ਜਪਾਨ ਦੀ ਡਾ. ਰੂਬੀ ਉਮੇਸ਼ ਪਾਵੰਕਰ ਨੂੰ ਪਰਵਾਸੀ ਭਾਰਤੀ ਸਨਮਾਨ ਦਿੰਦੇ ਹੋਏ। ਉਨ੍ਹਾਂ ਦੇ ਨਾਲ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਵਿਆਲਾਰ ਰਵੀ ਵੀ ਨਜ਼ਰ ਆ ਰਹੇ ਹਨ*

## ਰਾਣਾ ਸੋਢੀ ਦੇ ਪਾਕਿਸਤਾਨੀ ਬੀਬੀ ਨਾਲ ਸਬੰਧਾਂ ਦੀ ਚਰਚਾ

**ਬਿੰਦਰ ਬਸਰਾ**

ਪੰਜਾਬ ਦੇ ਅਸੰਬਲੀ ਹਲਕਾ ਗੁਰੂ ਹਰਸਹਾਏ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਵਲੋਂ ਆਪਣੀ ਪਾਕਿਸਤਾਨੀ ਦੋਸਤ ਦੀ ਆਉ ਭਗਤ ਲਈ ਇਮੀਗਰੇਸ਼ਨ ਨਿਯਮਾਂ ਨੂੰ ਛਿੱਕੇ ਟੰਗ ਕੇ ਕਰਾਈ ਜੈਪੁਰ ਦੀ ਸੈਰ ਕਾਂਗਰਸ ਪਾਰਟੀ ਦੇ ਜੜ੍ਹੀਂ ਬੈਠਦੀ ਨਜ਼ਰ ਆ ਰਹੀ ਹੈ। ਇਸ ਮਾਮਲੇ ਨੇ ਜਿੱਥੇ ਕਾਂਗਰਸ ਨੂੰ ਕਸੂਤੀ ਸਥਿਤੀ ‘ਚ ਫਸਾ ਦਿੱਤਾ ਹੈ ਉਥੇ ਪਾਰਟੀ ਨਾਲ ਜੁੜੇ ਬਦਨਾਮੀ ਦੇ ਪੁਰਾਣੇ ਕਿੱਸੇ ਵੀ ਤਾਜ਼ਾ ਕਰ ਦਿੱਤੇ ਹਨ। ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਨੇਤਾਵਾਂ ਨੇ ਸੋਢੀ ਦੀ ਹਰਕਤ ਨੂੰ ਦੇਸ਼ ਦੀ ਸੁਰਖਿਆ ਨਾਲ ਖਿਲਵਾੜ ਕਰਾਰ ਦਿੰਦੇ ਹੋਏ ਮਾਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਇਸ ਸਾਰੀ ਸਥਿਤੀ ਨੇ ਕਾਂਗਰਸ ਹਾਈ ਕਮਾਨ ਲਈ ਵੱਡੀ ਸਿਰਦਰਦੀ ਪੈਦਾ ਕਰ ਦਿੱਤੀ ਹੈ। ਪਾਰਟੀ ਹਾਈ ਕਮਾਨ ਨੇ ਸੋਢੀ ਨੂੰ ਤਲਬ ਕਰਕੇ ਸਪਸ਼ਟੀਕਰਨ ਮੰਗਿਆ ਜਿਸ ‘ਚ ਉਸ ਨੇ ਖੁਦ ਨੂੰ ਬੇਕਸੂਰ ਦੱਸਿਆ। ਦੂਜੇ ਪਾਸੇ ਰਾਜਸਥਾਨ ਸਰਕਾਰ ਨੇ ਕੇਂਦਰ ਨੂੰ ਨਜ਼ਮੀ ਰਿਜ਼ਵੀ ਬਾਰੇ ਰਿਪੋਰਟ ਭੇਜ ਕੇ ਉਸਨੂੰ ਬਲੈਕ ਲਿਸਟ ਕਰਨ ਦੀ ਸਿਫਾਰਿਸ਼ ਕੀਤੀ ਹੈ।

ਕਾਂਗਰਸੀ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਆਪਣੀ ਪਰਿਵਾਰਕ ਮਿੱਤਰ 54 ਸਾਲਾ ਪਾਕਿਸਤਾਨੀ ਔਰਤ ਨਜ਼ਮੀ ਰਿਜ਼ਵੀ ਨਾਲ ਨਵੇਂ ਸਾਲ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਲਈ ਜੈਪੁਰ ਦੇ ਇਕ ਪੰਜ ਤਾਰਾ ਹੋਟਲ ‘ਜੈ ਮਹਿਲ’ ‘ਚ 29 ਦਸੰਬਰ 2009 ਤੋਂ 2 ਜਨਵਰੀ 2010 ਤੱਕ ਠਹਿਰੇ। ਮਾਮਲਾ ਉਦੋਂ ਵਿਗੜ ਗਿਆ ਜਦੋਂ ਪਤਾ ਲੱਗਾ ਕਿ ਰਾਵਲਪਿੰਡੀ ਸ਼ਹਿਰ ਦੀ ਰਹਿਣ ਵਾਲੀ ਨਜ਼ਮੀ ਰਿਜ਼ਵੀ ਬਿਨਾਂ ਢੁਕਵੇਂ ਵੀਜ਼ੇ ਦੇ ਜੈਪੁਰ ਦੀ ਸੈਰ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਨਜ਼ਮੀ ਰਿਜ਼ਵੀ ਨੂੰ ਸਿਰਫ ਯੂ.ਪੀ., ਆਗਰਾ, ਦਿੱਲੀ, ਚੰਡੀਗੜ੍ਹ ਤੇ ਪੰਚਕੂਲਾ ਦਾ ਹੀ ਵੀਜ਼ਾ ਦਿੱਤਾ ਗਿਆ ਸੀ। ਇਹ ਵੀ ਜ਼ਿਕਰਯੋਗ ਹੈ ਕਿ ਉਸ ਨੇ ਇਸਲਾਮਾਬਾਦ ਸਥਿਤ ਭਾਰਤੀ ਉਚ ਕਮਿਸ਼ਨ ਤੋਂ ਜੈਪੁਰ ਤੇ ਅਜਮੇਰ ਦੇ ਲਈ ਵੀ ਵੀਜ਼ਾ ਮੰਗਿਆ ਸੀ ਜਿਸ ਦੇ ਲਈ ਇਨਕਾਰ ਹੋ ਗਿਆ ਸੀ। ਮਾਮਲਾ ਜੱਗ ਜ਼ਾਹਿਰ ਹੋਣ ‘ਤੇ ਰਿਜ਼ਵੀ ਸੁਰਖਿਆ ਏਜੰਸੀਆਂ ਨੂੰ ਝਕਾਨੀ ਦੇ ਕੇ 5 ਜਨਵਰੀ ਨੂੰ ਵਾਪਸ ਆਪਣੇ ਦੇਸ਼ ਮੁੜ ਗਈ।

ਕਾਂਗਰਸ ਹਾਈ ਕਮਾਨ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪਾਰਟੀ ਦੇ ਪੰਜਾਬ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨੇ ਪੂਰੇ ਮਾਮਲੇ ਦੀ ਰਿਪੋਰਟ ਮੰਗਵਾ ਲਈ ਹੈ। ਦੋਸ਼ਾਂ ‘ਚ ਘਿਰੇ ਰਾਣਾ ਗੁਰਮੀਤ ਸਿੰਘ ਸੋਢੀ ਨੇ 8 ਜਨਵਰੀ ਨੂੰ ਦਿੱਲੀ ਵਿਚ ਕਾਂਗਰਸ ਦੀ ਕੌਮੀ

*(ਬਾਕੀ ਸਫਾ 17 ’ਤੇ)*

## ਭਾਰਤੀ ਹਾਕੀ ਖਿਡਾਰੀ ਹੜਤਾਲ ’ਤੇ

**ਨਵੀਂ ਦਿੱਲੀ:** ਭਾਰਤੀ ਹਾਕੀ ਟੀਮ ਦਾ ਵਿਸ਼ਵ ਕੱਪ ਦੀ ਤਿਆਰੀ ਲਈ ਪੁਣੇ ਵਿਚ ਚਲ ਰਿਹਾ ਕੈਂਪ ਹਾਕੀ ਦੀ ਮੈਨੇਜਮੈਂਟ ਕਰ ਰਹੀ ‘ਹਾਕੀ ਇੰਡੀਆ’ ਨੂੰ ਉਦੋਂ ਬੰਦ ਕਰਨਾ ਪਿਆ, ਜਦੋਂ ਕੌਮੀ ਟੀਮ ਦੇ ਖਿਡਾਰੀਆਂ ਨੇ ਆਪਣੇ ਭੱਤਿਆਂ ਅਤੇ ਬਕਾਇਆ ਭੁਗਤਾਨਾਂ ਤੋਂ ਬਿਨਾ ਟਰੇਨਿੰਗ ਲਈ ਮੈਦਾਨ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ। ਇਸ ਕਾਰਨ ਹਾਕੀ ਇੰਡੀਆ ਨੇ ਕੈਂਪ ਦੋ ਦਿਨ ਲਈ ਬੰਦ ਕਰ ਦਿੱਤਾ ਹੈ ਤੇ ਖਿਡਾਰੀਆਂ ਨੂੰ ਅਗਲੇ 48 ਘੰਟੇ ਵਿਚ ਮੈਦਾਨ ਵਿਚ ਆਉਣ ਲਈ ਕਿਹਾ ਹੈ। ਇਸ ਤਰ੍ਹਾਂ ਨਾ ਕਰਨ ਦੀ ਸੂਰਤ ਵਿਚ ‘ਹਾਕੀ ਇੰਡੀਆ’ ਨੇ ਉਕਾ ਹੀ ਨਵੀਂ ਟੀਮ ਤਿਆਰ ਕਰਨ ਦੀ ਧਮਕੀ ਦਿੱਤੀ ਹੈ ਤੇ ਉਸ ਨੂੰ ਵਿਸ਼ਵ ਕੱਪ ਵਿਚ ਖਿਡਾਇਆ ਜਾਵੇਗਾ। ਇਸ ਹਾਲਤ ਵਿਚ ਹਾਕੀ ਇੰਡੀਆ ਨੂੰ ਆਪਣੇ ਦੇਸ਼ ਵਿਚ ਹੋ ਰਹੇ ਵਿਸ਼ਵ ਕੱਪ ਦੌਰਾਨ ਦੂਜੇ ਦਰਜੇ ਦੀ ਟੀਮ ਮੈਦਾਨ ਵਿਚ ਉਤਾਰਨੀ ਪਵੇਗੀ।

**ਫਿਲਮੀ ਸਿਤਾਰੇ ਮਦਦ ‘ਤੇ ਉਤਰੇ**

ਇਸ ਦੌਰਾਨ ਖੇਡ ਮੰਤਰੀ ਨੇ ਕਿਹਾ ਹੈ ਕਿ ਹਾਕੀ ਖਿਡਾਰੀਆਂ ਦੀਆਂ ਮੰਗਾਂ ਚੁਣੀ ਹੋਈ ਹਾਕੀ ਇੰਡੀਆ ਦੇ ਹੋਂਦ ਵਿਚ ਆਉਣ ਤੋਂ ਬਾਅਦ ਪ੍ਰਵਾਨ ਕਰ ਲਈਆਂ ਜਾਣਗੀਆਂ ਪਰ ਵਿਸ਼ਵ ਕੱਪ ਨੂੰ ਵੇਖਦਿਆਂ ਹੁਣ ਉਨ੍ਹਾਂ ਨੂੰ ਆਪਣੀ ਜ਼ਿੱਦ ਤਿਆਗ ਦੇਣੀ ਚਾਹੀਦੀ ਹੈ।

ਹਾਕੀ ਇੰਡੀਆ ਦੇ ਪ੍ਰਧਾਨ ਏ ਕੇ ਮੱਟੂ ਨੇ ਕਿਹਾ ਕਿ ਖਿਡਾਰੀਆਂ ਨੂੰ ਪੈਸੇ ਲਈ ਨਹੀਂ ਦੇਸ਼ ਲਈ ਖੇਡਣਾ ਚਾਹੀਦਾ ਹੈ। ਜਦਕਿ ਖਿਡਾਰੀ ਆਖ ਰਹੇ ਹਨ ਉਨ੍ਹਾਂ ਦੀ ਵਿੱਤੀ ਹਾਲਤ ਪਿਛਲੇ ਸਾਲਾਂ ਵਿਚ ਤਰਸਯੋਗ ਬਣਾ ਦਿੱਤੀ ਗਈ ਹੈ ਉਹ ਪੈਸੇ ਲਈ ਨਹੀਂ ਆਪਣੇ ਹੱਕਾਂ ਲਈ ਲੜ ਰਹੇ ਹਨ। ਜੇ ਹਾਕੀ ਇੰਡੀਆ ਕੋਲ ਪੈਸਾ ਨਹੀਂ ਹੈ ਤਾਂ ਉਹ ਆਪਣੇ ਖਰਚ ‘ਤੇ ਖੇਡਣ ਲਈ ਤਿਆਰ ਹਨ।

*(ਬਾਕੀ ਸਫਾ 6 ’ਤੇ)*

## ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਦਾ ਇਸ਼ਾਰਾ

**ਨਵੀਂ ਦਿੱਲੀ:**ਇਥੇ 7 ਤੋਂ 9 ਜਨਵਰੀ ਤੱਕ ਆਯੋਜਿਤ ਪਰਵਾਸੀ ਭਾਰਤੀ ਦਿਵਸ ਮੌਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਜਤਾਈ ਗਈ ਇਹ ਉਮੀਦ ਕਿ ਵਿਦੇਸ਼ਾਂ ਵਿਚ ਵੱਸਦੇ ਭਾਰਤੀ 2014 ਦੀਆਂ ਆਮ ਚੋਣਾਂ ਵਿਚ ਆਪਣੀ ਵੋਟ ਪਾ ਸਕਣਗੇ, ਵਿਦੇਸ਼ੀਂ ਵੱਸੇ ਭਾਰਤੀਆਂ ਲਈ ਕਾਫੀ ਸਕੂਨਦੇਹ ਹੈ। ਚਾਰ ਸਾਲ ਪਹਿਲਾਂ 2005 ਵਿਚ ਪ੍ਰਧਾਨ ਮੰਤਰੀ ਨੇ ਇਕ ਅਜਿਹੇ ਮੌਕੇ ਹੀ ਕੀਤੇ ਐਲਾਨ ਰਾਹੀਂ 26 ਜਨਵਰੀ 1950 ਤੋਂ ਬਾਅਦ ਵਿਦੇਸ਼ਾਂ ‘ਚ ਵਸੇ ਭਾਰਤੀਆਂ ਲਈ ਦੂਹਰੀ ਨਾਗਰਿਕਤਾ ਦੇਣ ਦਾ ਐਲਾਨ ਕੀਤਾ ਸੀ।

ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਦੀ ਸੁਰੱਖਿਆ ਕੇਂਦਰ ਸਰਕਾਰ ਦਾ ਮੁੱਖ ਉਦੇਸ਼ ਹੈ ਤੇ ਦੇਸ਼ ਵਿਚ ਅਗਲੀਆਂ ਆਮ ਚੋਣਾਂ ਤੱਕ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦਿਵਾਉਣ ਦਾ ਯਤਨ ਕੀਤਾ ਜਾਵੇਗਾ। ਇਹ ਗੱਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬੀਤੀ 8 ਜਨਵਰੀ ਨੂੰ ਨਵੀਂ ਦਿੱਲੀ ਵਿਚ ਪਰਵਾਸੀ ਭਾਰਤੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਹੀ। ਡਾ. ਸਿੰਘ ਨੇ ਕਿਹਾ ਕਿ ਉਹ ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਇੱਥੇ ਵੋਟਾਂ ਪਾਉਣ ਤੇ ਸਰਕਾਰ ਬਣਾਉਣ ਵਿਚ ਹਿੱਸੇਦਾਰ ਬਣਾਉਣ ਦੇ ਹਾਮੀ ਹਨ ਤੇ ਇਸ ਕਾਰਜ ਵਿਚ ਆ ਰਹੇ ਅੜਿੱਕਿਆਂ ਨੂੰ ਖ਼ਤਮ ਕਰਨ ਲਈ ਕਾਰਵਾਈਆਂ ਜਾਰੀ ਹਨ। ਪਰਵਾਸੀ ਭਾਰਤੀਆਂ ਨੂੰ ਵਤਨ ਵਾਪਸੀ ਦੀ ਅਪੀਲ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਉਹ ਇੱਥੇ ਆ ਕੇ ਵਪਾਰ ਤੇ ਸਿੱਖਿਆ ਦੇ ਖੇਤਰ ਵਿਚ ਭਾਰਤ ਦਾ ਨਾਂ ਉਚਾ ਕਰਨ। ਨਵੀਂ ਦਿੱਲੀ ਵਿਚ ਹੋਏ ਇਸ ਸੰਮੇਲਨ ਵਿਚ 50 ਤੋਂ ਵੱਧ ਦੇਸ਼ਾਂ ਦੇ ਲਗਭਗ 1500 ਨੁਮਾਇੰਦੇ ਹਿੱਸਾ ਲਿਆ।

ਮੰਦੇ ਦੀ ਮਾਰ ਹੇਠ ਆਏ ਪਰਵਾਸੀ ਭਾਰਤੀਆਂ ਨੂੰ ਦਿਲਾਸਾ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਪਰਵਾਸੀਆਂ ਦੀ ਕੁਸ਼ਲ ਵਤਨ ਵਾਪਸੀ ਤੇ ਪੁਨਰਵਾਸ ਲਈ ਇੱਕ ਵਿਸ਼ੇਸ਼ ਫੰਡ ਸਥਾਪਤ ਕਰਨ ਦੀ ਤਿਆਰੀ ਕਰ ਰਹੇ ਹਾਂ। ਭਾਰਤੀ ਸਮੁਦਾਇ ਕਲਿਆਣ ਫੰਡ ਦੀ ਸਥਾਪਨਾ 18 ਦੇਸ਼ਾਂ ਵਿਚ ਕੀਤੀ ਗਈ ਹੈ ਤੇ ਇਸ ਫੰਡ ਰਾਹੀਂ ਭਾਰਤੀ ਭਾਈਚਾਰੇ ਨੂੰ ਭੋਜਨ, ਰਿਹਾਇਸ਼ ਤੇ ਸੰਕਟ ਸਮੇਂ ਜ਼ਰੂਰੀ ਮਦਦ ਦਿੱਤੀ ਜਾਂਦੀ ਹੈ।

*(ਬਾਕੀ ਸਫਾ 3 ’ਤੇ)*

**North American Truck Stop**
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

**Fast Cargo Inc.**
2330 Enterprise Park Dr., Indianapolis, IN 46218
Phone # 317-472-6420
ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA to IN, OH, PA, NJ, MD, VA, TN & Back to CA
CA to OR & WA Back to CA
ਅਤੇ WA to OH and Back to WA

ਡਿਸਪੈਚ ਸੱਤੇ ਦਿਨ 24 ਘੰਟੇ
ਫਿਊਲ ਅਡਵਾਂਸ
*ਰੇਟ ਉਤੇ ਟਰੇਲਰ ਵੀ ਦਿੰਦੇ ਹਾਂ *ਵੈਸਟ ਕੋਸਟ ਤੋਂ ਈਸਟ ਕੋਸਟ ਰੂਟ ’ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ
ਸਹੀ ਪੇਪਰ ਮਿਲਣ ‘ਤੇ ਪੈਸੇ ਤੁਰਤ
ਪ੍ਰੋਡਿਊਸ ਤੇ ਡਰਾਈ ਦਾ ਕੰਮ ਕਰਦੇ ਹਾਂ

# ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੁਰਬ ਦੇਸ਼-ਵਿਦੇਸ਼ ਵਿਚ ਬੜੀ ਸ਼ਰਧਾ ਨਾਲ ਮਨਾਇਆ ਗਿਆ। ਵਿਦੇਸ਼ਾਂ ਵਿਚ ਪਹਿਲਾਂ 5 ਜਨਵਰੀ ਗੁਰਪੁਰਬ ਵਾਲੇ ਦਿਨ ਸੰਗਤਾਂ ਨੇ ਗੁਰੂਘਰਾਂ ਵਿਚ ਪ੍ਰਕਾਸ਼ ਦਿਹਾੜਾ ਮਨਾਇਆ ਅਤੇ ਫਿਰ ਐਤਵਾਰ ਨੂੰ ਇਸ ਸਬੰਧੀ ਉਚੇਚੇ ਸਮਾਗਮ ਕੀਤੇ ਗਏ। ਅਮਰੀਕਾ ਦੇ ਕੈਲੀਫੋਰਨੀਆ, ਮਿਸ਼ੀਗਨ, ਨਿਊ ਯਾਰਕ, ਇੰਡੀਆਨਾ, ਵਿਸਕਾਨਸਿਨ ਅਤੇ ਹੋਰ ਬਹੁਤ ਸਾਰੇ ਸੂਬਿਆਂ ਵਿਚ ਸੰਗਤਾਂ ਵਲੋਂ ਗੁਰਪੁਰਬ ਮਨਾਏ ਜਾਣ ਦੀ ਰਿਪੋਰਟ ਹੈ।



ਭਾਈ ਅਤਰ ਸਿੰਘ ਦਾ ਕੀਰਤਨੀ ਜਥਾ ਕੀਰਤਨ ਕਰਦਾ ਹੋਇਆ



ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਛੋਟੇ ਛੋਟੇ ਬੱਚੇ



ਭਾਈ ਅਮਰਜੀਤ ਸਿੰਘ ਜੌਹਰ

ਮਿਡਵੈਸਟ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਡੇ ਗੁਰੂਘਰ ਗੁਰਦੁਆਰਾ ਪੈਲਾਟਾਈਨ ਵਿਖੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਲੰਘੇ ਐਤਵਾਰ ਨੂੰ ਭਾਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਤੋਂ ਪਹਿਲਾਂ 5 ਦਸੰਬਰ ਨੂੰ ਗੁਰਪੁਰਬ ਵਾਲੇ ਦਿਨ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਪ੍ਰਭਾਤ ਫੇਰੀ ਕੱਢੀ ਗਈ।

ਗੁਰਪੁਰਬ ਸਮਾਗਮਾਂ ਦੌਰਾਨ ਐਤਵਾਰ ਨੂੰ ਬੱਚਿਆਂ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਰਜੰਟ ਸਿੰਘ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਅਤਰ ਸਿੰਘ, ਭਾਈ ਅਕਾਲ ਸਿੰਘ ਅਤੇ ਪ੍ਰਤਾਪ ਸਿੰਘ ਦੇ ਕੀਰਤਨੀ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਰਜੀਤ ਸਿੰਘ ਜੌਹਰ ਨੇ ਦਸਮ ਪਿਤਾ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨਵੀਂ ਬਣੀ ਯੂਨਾਈਟਿਡ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਬਾਰੇ ਜਾਣਕਾਰੀ ਦਿੱਤੀ। ਗੁਰਮਤਿ ਸਕੂਲ ਦੀ ਪ੍ਰਿੰਸੀਪਲ ਬੀਬੀ ਸੁਖਦੇਵ ਕੌਰ ਘੁੰਮਣ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀ ਸਿਖਿਆ ਬਾਰੇ ਚਾਨਣਾ ਪਾਇਆ। ਸਟੇਜ ਸਕੱਤਰ ਦੀ ਸੇਵਾ ਭਾਈ ਸੋਖੀ ਸਿੰਘ ਹੋਰਾਂ ਨੇ ਕੀਤੀ।

### ਡੈਲਸ 'ਚ ਗੁਰਪੁਰਬ ਦੀ ਰੌਣਕ

**ਡੈਲਸ, ਟੈਕਸਸ (ਰਾਣਾ ਇਕਬਾਲ):** ਦਸਵੇਂ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਥੇ ਸੰਗਤਾਂ ਨੇ ਵੱਖ ਵੱਖ ਗੁਰੂ ਘਰਾਂ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਗੁਰਦੁਆਰਾ ਸਿੱਖ ਟੈਂਪਲ, ਗਾਰਲੈਂਡ ਵਿਖੇ ਵਿਸ਼ੇਸ਼ ਸਮਾਗਮ ਹੋਏ। ਸਵੇਰੇ ਸਮੇਂ ਅਖੰਡ ਪਾਠ ਦੇ ਭੋਗ ਉਪਰੰਤ ਨਿਸ਼ਾਨ ਸਾਹਿਬ 'ਤੇ ਚੋਲਾ ਚੜ੍ਹਾਉਣ ਦੀ ਸੇਵਾ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਾਲਕੀ ਵਿਚ ਸਜਾ ਕੇ ਸੰਗਤਾਂ ਨੇ ਗੁਰੂ ਘਰ ਦੀ ਹਦੂਦ ਅੰਦਰ ਇਕ ਨਗਰ ਕੀਰਤਨ ਵੀ ਸਜਾਇਆ। ਦੀਵਾਨ ਸਜਾਏ ਗਏ। ਇਸ ਮੌਕੇ ਬੀਬੀ ਰੁਪਿੰਦਰ ਕੌਰ ਨੇ ਦਸਮ ਪਾਤਸ਼ਾਹ ਦੀ ਬਾਣੀ ਦਾ ਸ਼ਬਦ ਕੀਰਤਨ ਕੀਤਾ। ਭਾਈ ਹਰਦਾਸ ਸਿੰਘ, ਭਾਈ ਸੰਤੋਖ ਸਿੰਘ ਅਤੇ ਭਾਈ ਬਲਜੀਤ ਸਿੰਘ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।



ਗੁਰਦੁਆਰਾ ਗਾਰਲੈਂਡ ਵਿਖੇ ਰਾਗੀ ਸਿੰਘ ਕੀਰਤਨ ਕਰਦੇ ਹੋਏ

ਭਾਈ ਮਨਜੀਤ ਸਿੰਘ ਨੇ ਸਿੱਖ ਸੰਗਤ ਨੂੰ ਸਿੱਖਾਂ ਦੀ ਵੱਖਰੀ ਪਛਾਣ ਕਾਇਮ ਕਰਦੇ ਨਾਨਕਸ਼ਾਹੀ ਕੈਲੰਡਰ ਬਾਰੇ ਜਾਣਕਾਰੀ ਦਿੰਦਿਆ ਆਖਿਆ ਕਿ ਕੁਝ ਧਿਰਾਂ ਵਲੋਂ ਆਰ ਐਸ ਐਸ ਦੀ ਸ਼ਹਿ ਅਤੇ ਉਸ ਦੇ ਦਬਾਅ ਹੇਠ ਇਸ ਵਿਚ ਤਬਦੀਲੀ ਕੀਤੀ ਗਈ ਹੈ। ਸਿੰਘ ਸਾਹਿਬਾਨ ਨੇ ਵੀ ਇਸ ਤਬਦੀਲੀ ਨੂੰ ਪ੍ਰਵਾਨ ਕਰਦਿਆਂ ਇਹ ਚੇਤੇ ਨਹੀਂ ਰੱਖਿਆ ਕਿ ਉਹ ਪੂਰੇ ਸਿੱਖ ਪੰਥ ਪ੍ਰਤੀ ਜਵਾਬਦੇਹ ਹਨ। ਇਸ ਮੌਕੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਇਹ ਫੈਸਲਾ ਕੀਤਾ ਕਿ ਪਹਿਲਾਂ ਵਾਲੇ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਜਾਏਗੀ ਅਤੇ ਉਸੇ ਅਨੁਸਾਰ ਹੀ ਦਿਨ ਦਿਹਾਰ ਮਨਾਏ ਜਾਣਗੇ।

**ਡੇਅਟਨ, ਓਹਾਇਓ:** ਇਥੋਂ ਦੀ ਸਿੱਖ ਸੰਗਤ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਧੂਮ-ਧਾਮ ਨਾਲ ਮਨਾਇਆ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਬੱਚਿਆਂ ਨੇ ਰਸਭਿਨੇ ਕੀਰਤਨ ਦੁਆਰਾ ਹਾਜਰੀ ਭਰੀ। ਸਭ ਤੋਂ ਪਹਿਲਾਂ ਰਵਜੌਤ ਕੌਰ ਨੇ ਕੀਰਤਨ ਅਰੰਭ ਕੀਤਾ ਤੇ ਉਸ ਤੋਂ ਬਾਦ ਜੁਗਾਦਿ ਕੌਰ ਨੇ ਸ਼ਬਦ ਗਾਇਨ ਕੀਤਾ।

## ਨਾਨਕਸ਼ਾਹੀ ਜੰਤਰੀ ਵਿਚ ਸੋਧਾਂ ਦਾ ਵਿਰੋਧ

**ਡੈਲਸ, ਟੈਕਸਸ (ਰਾਣਾ ਇਕਬਾਲ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਨਕਸ਼ਾਹੀ ਜੰਤਰੀ ਵਿਚ ਸੋਧਾਂ ਕਰਕੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਸ ਨੂੰ ਸਿੱਖ ਸੰਗਤਾਂ ਕਦੀ ਪਰਵਾਨ ਨਹੀਂ ਕਰਨਗੀਆਂ। ਇਹ ਜੰਤਰੀ ਸਿੱਖਾਂ ਦੀ ਵੱਖਰੀ ਪਛਾਣ ਦੀ ਲਖਾਇਕ ਹੈ ਅਤੇ ਅਸੀਂ ਆਪਣੇ ਸਾਰੇ ਦਿਨ ਦਿਹਾੜੇ ਇਸੇ ਜੰਤਰੀ ਅਨੁਸਾਰ ਮਨਾਉਂਦੇ ਰਹਾਂਗੇ। ਇਸ ਤਰਜ਼ ਦਾ ਇਕ ਮਤਾ ਗੁਰਦੁਆਰਾ ਫੋਰਟਵਰਥ, ਟੈਕਸਸ ਦੀਆਂ ਸੰਗਤਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਸੇਵਾਦਾਰ ਭਾਈ ਜਸਬੀਰ ਸਿੰਘ ਸ਼ੇਰਾ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਫੋਰਟਵਰਥ ਵਿਚ ਉਤਸ਼ਾਹ ਨਾਲ ਮਨਾਇਆ ਗਿਆ। ਭਾਈ ਜਗਦੀਸ਼ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਅਤੇ ਕਥਾ ਪ੍ਰਵਾਹ ਚਲਾਇਆ। ਉਪਰੰਤ ਬੁਲਾਰਿਆਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਰ ਐਸ ਐਸ ਦੇ ਇਸ਼ਾਰੇ ਉਤੇ ਨਾਨਕਸ਼ਾਹੀ ਜੰਤਰੀ ਵਿਚ ਤਬਦੀਲੀ ਕੀਤੀ ਹੈ। ਇਹ ਉਹੋ ਆਰ ਐਸ ਐਸ ਹੈ ਜਿਸ ਨੇ ਮੋਹਨ ਦਾਸ ਕਰਮ ਚੰਦ ਗਾਂਧੀ ਦੀ ਹੱਤਿਆ ਕੀਤੀ ਸੀ।



# ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਦੀ ਚਰਚਾ

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਤੋਂ ਆਉਣ ਵਾਲੀ 50 ਅਰਬ ਡਾਲਰ ਤੋਂ ਵਧ ਦੀ ਰਾਸ਼ੀ ਦਾ 40 ਫੀਸਦੀ ਦੇ ਕਰੀਬ ਹੁਨਰਮੰਦ ਤੇ ਅਰਧ ਹੁਨਰਮੰਦ ਕਾਮੇ ਭੇਜਦੇ ਹਨ ਤੇ ਇਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਭਾਰਤ ਲਈ ਸਭ ਤੋਂ ਅਹਿਮ ਹੈ। ਡਾ. ਸਿੰਘ ਨੇ ਕਿਹਾ ਕਿ ਆਰਥਕ ਮੰਦੇ ਦੇ ਮੱਦੇਨਜ਼ਰ ਸਰਕਾਰ ਉਨ੍ਹਾਂ ਦੇਸ਼ਾਂ ਨਾਲ ਗੱਲਬਾਤ ਕਰ ਰਹੀ ਹੈ, ਜਿੱਥੇ ਵੱਡੀ ਗਿਣਤੀ ਵਿਚ ਪਰਵਾਸੀ ਕਾਮੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਮਿਆਂ ਨੂੰ ਵਧੀਆ ਸਹੂਲਤਾਂ ਪ੍ਰਦਾਨ ਕਰਵਾਉਣ ਲਈ ਮਲੇਸ਼ੀਆ, ਬਹਿਰੀਨ ਤੇ ਕਤਰ ਨਾਲ ਭਾਰਤ ਵਲੋਂ ਕੀਤਾ ਸਮਝੌਤਾ ਇਸ ਦਿਸ਼ਾ ਵਿਚ ਅਹਿਮ ਕਦਮ ਹੈ। ਡਾ. ਸਿੰਘ ਨੇ ਕਿਹਾ ਕਿ ਭਾਰਤ ਨੇ ਸਵਿਟਜ਼ਰਲੈਂਡ, ਲਗਜ਼ਮਬਰਗ ਤੇ ਨੀਦਰਲੈਂਡ ਨਾਲ ਪਿਛਲੇ ਸਾਲ ਸਮਾਜਿਕ ਸੁਰੱਖਿਆ ਬਾਰੇ ਸਮਝੌਤਾ ਕੀਤਾ ਸੀ ਤੇ ਕਈ ਹੋਰ ਦੇਸ਼ਾਂ ਨਾਲ ਗੱਲਬਾਤ ਚੱਲ ਰਹੀ ਹੈ। ਇਸੇ ਦੌਰਾਨ ਡਾ. ਸਿੰਘ ਨੇ ਕਿਹਾ ਕਿ ਅਗਲੇ ਦੋ ਸਾਲਾਂ ਵਿਚ ਅਸੀਂ 9 ਤੋਂ 10 ਫੀਸਦੀ ਵਿਕਾਸ ਦਰ ਹਾਸਲ ਕਰ ਲਵਾਂਗੇ। ਜਦਕਿ ਮੰਦੇ ਦੇ ਬਾਵਜੂਦ ਇਸ ਸਾਲ 7 ਫੀਸਦੀ ਵਿਕਾਸ ਦਰ ਹਾਸਲ ਕਰਨ ਦੀ ਉਮੀਦ ਹੈ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਇੱਥੇ ਪਰਵਾਸੀ ਭਾਰਤੀ ਦਿਵਸ ਮੌਕੇ ਆਪਣੇ ਸੰਬੋਧਨ ਵਿਚ ਕਿਹਾ, "ਜੇ ਮੌਜੂਦਾ ਰੁਝਾਨ ਜਾਰੀ ਰਹਿੰਦਾ ਹੈ ਤਾਂ ਵਿਕਾਸ ਦਰ 9-10 ਫੀਸਦੀ ਹਾਸਲ ਕਰਨੀ ਸੰਭਵ ਹੋਵੇਗੀ, ਕਿਉਂਕਿ ਇਸ ਵੇਲੇ ਭਾਰਤ ਤਰੱਕੀ ਦੇ ਰਾਹ ਉਤੇ ਚੱਲ ਰਿਹਾ ਹੈ।" ਉਨ੍ਹਾਂ ਕਿਹਾ ਕਿ ਇਹ ਸਰਕਾਰ ਵਲੋਂ ਉਠਾਏ ਗਏ ਪ੍ਰੇਰਕ ਕਦਮਾਂ ਦਾ ਸਿੱਟਾ ਹੈ। ਚਾਲੂ ਮਾਲੀ ਸਾਲ ਦੌਰਾਨ ਦੇਸ਼ ਦੀ ਵਿਕਾਸ ਦਰ 7.7 ਫੀਸਦੀ ਤਕ ਰਹਿਣ ਦੀ ਉਮੀਦ ਹੈ ਹਾਲਾਂਕਿ ਇਨ੍ਹਾਂ ਪੈਕੇਜਾਂ ਕਾਰਨ ਵਿੱਤੀ ਘਾਟਾ ਵੀ ਵਧਿਆ ਹੈ। ਗੌਰਤਲਬ ਹੈ ਕਿ ਮਾਲੀ ਸਾਲ 2010 ਦੌਰਾਨ ਭਾਰਤ ਦਾ ਰਾਜਕੋਸ਼ੀ ਘਾਟਾ ਵਧ ਕੇ ਕੁਲ ਘਰੇਲੂ ਪੈਦਾਵਾਰ ਦਾ 6.8 ਫੀਸਦੀ ਹੋ ਜਾਣ ਦਾ ਅੰਦਾਜ਼ਾ ਹੈ।

ਵਿੱਤ ਮੰਤਰੀ ਨੇ ਇਸ ਮੌਕੇ ਕਿਹਾ ਕਿ 1990ਵਿਆਂ ਵਿਚ ਸ਼ੁਰੂ ਹੋਏ ਮਾਲੀ ਸੁਧਾਰ ਜਾਰੀ ਰਹਿਣਗੇ। ਉਨ੍ਹਾਂ ਖਾਸ ਤੌਰ ਉਤੇ ਸਿੱਧੇ ਕਰਾਂ ਤੇ ਅਸਿੱਧੇ ਕਰਾਂ ਦੇ ਸਬੰਧ ਵਿਚ ਕੀਤੇ ਜਾ ਰਹੇ ਸੁਧਾਰਾਂ ਦਾ ਜ਼ਿਕਰ ਕੀਤਾ ਜਿਹੜੇ ਕਿ ਤਜਵੀਜ਼ਤ ਸਿੱਧੇ ਕਰ ਕੋਡ ਅਤੇ ਵਸਤਾਂ ਤੇ ਸੇਵਾਵਾਂ ਕਰ ਦੇ ਰੂਪ ਵਿਚ ਹੋਣਗੇ। ਉਨ੍ਹਾਂ ਇਸ ਮੌਕੇ ਭਾਰਤ ਅਤੇ ਅਮਰੀਕਾ ਦਰਮਿਆਨ ਪ੍ਰਮਾਣੂ ਸਮਝੌਤਾ ਕਾਮਯਾਬੀ ਨਾਲ ਸਹੀਬੰਦ ਹੋਣ ਲਈ ਪਰਵਾਸੀ ਭਾਰਤੀਆਂ ਵਲੋਂ ਪਾਏ ਯੋਗਦਾਨ ਦੀ ਸ਼ਲਾਘਾ ਵੀ ਕੀਤੀ।

ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਕਿਹਾ ਕਿ ਪਿਛਲੇ ਸਾਲ 50 ਅਰਬ ਡਾਲਰ ਦਾ ਵਿਦੇਸ਼ੀ ਸਰਮਾਇਆ ਭਾਰਤ ਵਿਚ ਆਇਆ ਹੈ। ਇਸ ਵਿਚੋਂ 20 ਅਰਬ ਡਾਲਰ ਤਾਂ ਖਾੜੀ ਦੇਸ਼ਾਂ ਵਿਚ ਹੁਨਰਮੰਦ ਤੇ ਗੈਰਹੁਨਰਮੰਦ ਭਾਰਤੀ ਕਾਮਿਆਂ ਦੀ ਕਮਾਈ ਕਾਰਨ ਆਇਆ ਹੈ। ਇਹੋ ਕਮਾਈ ਹੀ ਇਨ੍ਹਾਂ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਲਈ ਰਸਤਾ ਖੋਲ੍ਹਦੀ ਹੈ। ਭਾਰਤ ਲਈ ਇਸ ਸਰਮਾਏ ਦੀ ਆਮਦ ਬਹੁਤ ਮਹੱਤਵ ਰੱਖਦੀ ਹੈ।

ਇਸ ਦੌਰਾਨ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਪਰਵਾਸੀ ਭਾਰਤੀਆਂ ਨੂੰ ਭਾਰਤ ਵਿਚ ਦਵਾਈਆਂ ਬਨਾਉਣ ਵਾਲੀ ਸਨਅਤ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ 8 ਕਰੋੜ ਡਾਲਰ ਦੇ ਕਾਰੋਬਾਰ ਵਾਲੀਆਂ ਦਵਾਈਆਂ ਪੇਟੈਂਟ ਮੁਕਤ ਹੋਣ ਵਾਲੀਆਂ ਹਨ, ਜਿਹੜਾ ਕਿ ਕਿਫਾਇਤੀ ਦਰਾਂ ਉਤੇ ਦਵਾਈਆਂ ਬਨਾਉਣ ਦੀ ਸਮਰੱਥਾ ਰੱਖਦੇ ਭਾਰਤ ਲਈ ਇਸ ਸਬੰਧੀ ਬੜਾ ਵਧੀਆ ਮੌਕਾ ਹੈ।

## ਗੁਰਦੁਆਰਾ ਸਿੱਖ ਸੈਂਟਰ ਦੀ ਪ੍ਰਬੰਧਕੀ ਕਮੇਟੀ ਦੀ ਚੋਣ

**ਹਿਊਸਟਨ, ਟੈਕਸਸ (ਗੁਰਮਿੰਦਰ ਸਿੰਘ ਔਜਲਾ):** ਗੁਰਦੁਆਰਾ ਸਿੱਖ ਸੈਂਟਰ ਹਿਊਸਟਨ ਵਿਖੇ ਜਨਰਲ ਬਾਡੀ ਵਲੋਂ ਪਹਿਲੀ ਪ੍ਰਬੰਧਕ ਕਮੇਟੀ ਨੂੰ ਅਗਲੇ 2 ਸਾਲ ਲਈ ਦੁਬਾਰਾ ਚੁਣਿਆ ਗਿਆ ਹੈ।

ਨਵੀਂ ਚੁਣੀ ਗਈ ਕਮੇਟੀ ਵਿਚ ਪ੍ਰੋਫੈਸਰ ਸੰਪੂਰਨ ਸਿੰਘ-ਪ੍ਰਧਾਨ, ਸਤਬੀਰ ਸਿੰਘ ਰਾਣਾ -ਮੀਤ ਪ੍ਰਧਾਨ (ਇੰਚਾਰਜ ਮੇਂਟੇਨੈਂਸ), ਭਾਈ ਅਮਰ ਸਿੰਘ-ਜਨਰਲ ਸੈਕਟਰੀ, ਗੁਰਮਿੰਦਰ ਸਿੰਘ ਔਜਲਾ-ਖਜ਼ਾਨਚੀ, ਚਰਨਜੀਤ ਸਿੰਘ ਸੰਧੂ-ਸਟੇਜ ਸੈਕਟਰੀ, ਭੁਪਿੰਦਰ ਸਿੰਘ-ਇੰਚਾਰਜ ਲੰਗਰ ਅਤੇ ਮਨਵੀਰ ਸਿੰਘ ਮਾਨ-ਮੈਂਬਰ ਸ਼ਾਮਲ ਹਨ।

## ਪਰਵਾਸੀਆਂ ਲਈ ਸੂਬਾਈ ਕਮਿਸ਼ਨ ਬਣਾਵਾਂਗੇ-ਸੁਖਬੀਰ

**ਨਵੀਂ ਦਿੱਲੀ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਪੰਜਾਬ ਦੀ ਬਿਹਤਰੀ ਲਈ ਭਾਰਤ ਦੇ ਇਸ ਮੋਹਰੀ ਸੂਬੇ ਵਿਚ ਨਿਵੇਸ਼ ਕਰਨ। ਸ੍ਰੀ ਬਾਦਲ ਦਿੱਲੀ ਵਿਖੇ ਚੱਲ ਰਹੇ ਪਰਵਾਸੀ ਭਾਰਤੀ ਦਿਵਸ ਦੇ ਤੀਜੇ ਦਿਨ, ਲੰਘੀ 9 ਜਨਵਰੀ ਨੂੰ ਸੰਬੋਧਨ ਕਰ ਰਹੇ ਸਨ। ਉਪ ਮੁੱਖ ਮੰਤਰੀ ਨੇ ਇਸ ਮੌਕੇ ਪੰਜਾਬੀ ਤੇ ਸਿੱਖ ਪਰਵਾਸੀਆਂ ਨਾਲ ਹੋਈ ਮੀਟਿੰਗ ਦੌਰਾਨ ਅਹਿਮ ਐਲਾਨ ਕੀਤਾ ਕਿ ਪੰਜਾਬ ਸਰਕਾਰ ਪਰਵਾਸੀਆਂ ਲਈ ਸੂਬਾਈ ਕਮਿਸ਼ਨ ਸਥਾਪਤ ਕਰੇਗੀ ਜੋ ਉਨ੍ਹਾਂ ਦੇ ਜਾਇਦਾਦ, ਵਿਆਹ ਅਤੇ ਇਮੀਗ੍ਰੇਸ਼ਨ ਸਬੰਧੀ ਉਨ੍ਹਾਂ ਮਸਲਿਆਂ ਨੂੰ ਹੱਲ ਕਰੇਗਾ, ਜੋ ਹੋਰ ਕਿਸੇ ਵਿਭਾਗ ਵਲੋਂ ਨਹੀਂ ਹੱਲ ਕੀਤੇ ਜਾ ਰਹੇ ਹੋਣਗੇ।

ਸ੍ਰੀ ਬਾਦਲ ਨੇ ਕਿਹਾ ਕਿ ਇਹ ਕਮਿਸ਼ਨ ਹਾਈ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਹੇਠ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਅਤੇ ਜਲੰਧਰ ਵਿਖੇ ਹੋਏ ਪਰਵਾਸੀ ਸੰਮੇਲਨਾਂ ਦੌਰਾਨ ਹੋਏ ਫੈਸਲਿਆਂ ਦੇ ਮੱਦੇਨਜ਼ਰ ਪੂਰਬੀ ਪੰਜਾਬ ਦੇ ਪੁਰਾਣੇ ਕਿਰਾਏਦਾਰੀ ਐਕਟ 'ਚ ਤਬਦੀਲੀ ਕੀਤੀ ਗਈ ਹੈ ਤਾਂ ਕਿ ਪਰਵਾਸੀ ਪੰਜਾਬੀ ਆਪਣੀਆਂ ਜਾਇਦਾਦਾ ਨੂੰ ਕਿਰਾਏਦਾਰਾਂ ਤੋਂ ਅਸਾਨੀ ਨਾਲ ਮੁਕਤ ਕਰਵਾ ਸਕਣ। ਇਸੇ ਤਰ੍ਹਾਂ ਪਰਵਾਸੀਆਂ ਲਈ ਵੱਖਰੀਆਂ ਮਾਲ ਅਦਾਲਤਾਂ ਬਾਰੇ ਵੀ ਸ੍ਰੀ ਬਾਦਲ ਨੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 6 ਜ਼ਿਲ੍ਹਿਆਂ ਵਿਚ ਵਿਸ਼ੇਸ਼ ਐਨ.ਆਰ.ਆਈ. ਥਾਣੇ ਸਥਾਪਤ ਕੀਤੇ ਗਏ ਹਨ ਤਾਂ ਕਿ ਪਰਵਾਸੀਆਂ ਨੂੰ ਖੱਜਲ-ਖੁਆਰੀ ਤੋਂ ਬਚਾਇਆ ਜਾ ਸਕੇ। ਇਸੇ ਤਰ੍ਹਾਂ ਜਲੰਧਰ ਵਿਖੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਸਲਾਹ ਨਾਲ ਐਨ.ਆਰ.ਆਈ. ਅਦਾਲਤ ਵੀ ਬਣ ਰਹੀ ਹੈ। ਸੈਕਟਰ-17 ਚੰਡੀਗੜ੍ਹ ਵਿਚ ਐਨ.ਆਰ.ਆਈ. ਡਾਇਰੈਕਟੋਰੇਟ ਦਾ ਦਫਤਰ ਤਬਦੀਲ ਕੀਤਾ ਗਿਆ ਹੈ। ਪਰਵਾਸੀਆਂ ਨੂੰ ਪੰਜਾਬ 'ਚ ਨਿਵੇਸ਼ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਆਰਥਿਕਤਾ ਦਿਨ-ਬ-ਦਿਨ ਮਜ਼ਬੂਤ ਹੋ ਰਹੀ ਹੈ। ਰਾਜ 'ਚ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਸੜਕ ਸੰਪਰਕ ਅਤੇ ਬਣਨ ਵਾਲੇ ਤਿੰਨ ਹਵਾਈ ਅੱਡਿਆਂ ਕਰਕੇ ਸੂਬਾ ਨਿਵੇਸ਼ ਲਈ ਆਦਰਸ਼ ਥਾਂ ਸਾਬਤ ਹੋਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਵਿਚ ਆਗਾਮੀ ਦੋ ਸਾਲਾਂ ਦੌਰਾਨ ਬਿਜਲੀ ਦੀ ਉਤਪਾਦਨ ਸਮਰੱਥਾ ਵੀ ਵਧ ਜਾਵੇਗੀ।

ਪਰਵਾਸੀਆਂ ਦੇ ਥਾਣਿਆਂ ਤੋਂ ਲੈ ਕੇ ਪਰਵਾਸੀਆਂ ਦੀ ਜਾਇਦਾਦ ਨਾਲ ਸਬੰਧਤ ਮਾਮਲਿਆਂ ਲਈ ਸਿੰਗਲ ਵਿੰਡੋ ਸਹੂਲਤ ਦੇਣ ਦਾ ਵੀ ਸ੍ਰੀ ਬਾਦਲ ਨੇ ਵਚਨ ਦਿੱਤਾ। ਪੰਜਾਬ 'ਚ ਸਿੱਖਿਆ ਲਈ ਬੁਨਿਆਦੀ ਸਹੂਲਤਾਂ ਬਾਰੇ ਚਰਚਾ ਕਰਦੇ ਹੋਏ ਉਨ੍ਹਾਂ ਰਾਜ ਅੰਦਰ 12 ਯੂਨੀਵਰਸਿਟੀਆਂ, 67 ਤਕਨੀਕੀ ਸੰਸਥਾਵਾਂ, ਬਠਿੰਡਾ 'ਚ ਤਜਵੀਜ਼ਤ ਕੇਂਦਰੀ ਯੂਨੀਵਰਸਿਟੀ, ਸਕੂਲ ਫਾਰ ਬਿਜ਼ਨਸ, ਰੋਪੜ ਦੀ ਆਈ.ਆਈ.ਟੀ. ਮੁਹਾਲੀ ਦੀਆਂ ਸੰਸਥਾਵਾਂ ਤੋਂ ਇਲਾਵਾ ਬਠਿੰਡਾ ਦੀ ਇੰਡੀਅਨ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਬਾਰੇ ਪਰਵਾਸੀਆਂ ਨੂੰ ਦੱਸਦਿਆਂ ਕਿਹਾ ਕਿ ਰਾਜ ਵਿਚ ਸਿੱਖਿਆ ਖੇਤਰ ਤਰੱਕੀ ਵੱਲ ਵਧ ਰਿਹਾ ਹੈ।

## ਐਲਾਨਾਂ 'ਤੇ ਅਮਲ ਜ਼ਰੂਰੀ:ਸੁੱਖ ਧਾਲੀਵਾਲ, ਮੱਲ੍ਹੀ

**ਜਗਰਾਉਂ:** ਪੰਜਾਬ ਦੌਰੇ 'ਤੇ ਆਏ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਪਰਵਾਸੀ ਭਾਰਤੀ ਸੰਮੇਲਨ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਪਰਵਾਸੀ ਭਾਰਤੀਆਂ ਨੂੰ ਵੋਟ ਦੇਣ ਦੇ ਅਧਿਕਾਰ ਦੇਣ ਸਬੰਧੀ ਐਲਾਨ ਦਾ ਸਵਾਗਤ ਕੀਤਾ ਹੈ। ਇਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ੍ਰੀ ਧਾਲੀਵਾਲ ਨੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਪਰਵਾਸੀਆਂ ਲਈ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਦੀ ਅਗਵਾਈ 'ਚ ਸੂਬਾਈ ਕਮਿਸ਼ਨ ਬਣਾਉਣ ਦੇ ਕੀਤੇ ਐਲਾਨ ਦੀ ਵੀ ਸ਼ਲਾਘਾ ਕੀਤੀ, ਪਰ ਨਾਲ ਹੀ ਕੈਨੇਡੀਅਨ ਐਮ ਪੀ ਨੇ ਕਿਹਾ ਕਿ ਇਹ ਜੋ ਐਲਾਨ ਹੋਏ ਹਨ ਇਨ੍ਹਾਂ 'ਤੇ ਅਮਲ ਜ਼ਰੂਰੀ ਹੈ, ਕਿਉਂਕਿ ਪਹਿਲਾਂ ਵੀ ਪਰਵਾਸੀ ਪੰਜਾਬੀਆਂ ਨੂੰ ਪੂੰਜੀ ਨਿਵੇਸ਼ ਕਰਨ ਦਾ ਸੱਦਾ ਦੇਣ ਅਤੇ ਕਈ ਹੋਰ ਮੌਕਿਆਂ 'ਤੇ ਅਜਿਹੇ ਐਲਾਨ ਹੁੰਦੇ ਰਹੇ ਹਨ। ਇਨ੍ਹਾਂ 'ਤੇ ਅਮਲ ਬਹੁਤ ਘੱਟ ਹੋਇਆ ਹੈ, ਜਿਸ ਕਰਕੇ ਪਰਵਾਸੀ ਪੰਜਾਬੀਆਂ ਦਾ ਪੂੰਜੀ ਨਿਵੇਸ਼ ਕਰਨ ਸਬੰਧੀ ਮੋਹ ਭੰਗ ਹੋਇਆ। ਇਥੋਂ ਤੱਕ ਕਿ ਕਈ ਪਰਵਾਸੀ ਪੰਜਾਬੀ ਇਥੇ ਕਾਰੋਬਾਰ ਸ਼ੁਰੂ ਕਰਨ ਤੋਂ ਬਾਅਦ ਫੈਲੇ ਭ੍ਰਿਸ਼ਟਾਚਾਰ ਅਤੇ ਹੋਰ ਦਿੱਕਤਾਂ ਕਰਕੇ ਪੰਜਾਬ ਛੱਡਣ ਲਈ ਮਜਬੂਰ ਹੋਏ। ਉਹ ਨਾਨਕਸਰ ਕਲੇਰਾਂ ਡੇਰੇ 'ਤੇ ਦਰਸ਼ਨਾਂ ਲਈ ਆਏ ਸਨ।

ਇਸੇ ਦੌਰਾਨ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਤੇ ਪਰਵਾਸੀ ਭਾਰਤੀ ਗੁਰਬਖਸ਼ ਸਿੰਘ ਮੱਲ੍ਹੀ ਨੇ ਇਕ ਵੱਖਰੇ ਸਮਾਗਮ ਦੌਰਾਨ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕੈਨੇਡਾ ਵਿਚ ਵਸੇ ਪੰਜਾਬੀਆਂ ਨੂੰ ਜਾਅਲੀ ਵਿਆਹਾਂ, ਜ਼ਮੀਨਾਂ 'ਤੇ ਕਬਜ਼ਿਆਂ ਅਤੇ ਕਈ ਹੋਰ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਇਨ੍ਹਾਂ ਨੂੰ ਹੱਲ ਕਰਨ ਵਿਚ ਪਰਵਾਸੀ ਸੰਮੇਲਨ ਸਹਾਈ ਹੋ ਰਹੇ ਹਨ ਤੇ ਇਸ ਕਰਕੇ ਪਰਵਾਸੀ ਭਾਰਤੀਆਂ ਅਤੇ ਪੰਜਾਬੀਆਂ ਦੇ ਸੰਮੇਲਨ ਜਾਰੀ ਰਹਿਣੇ ਚਾਹੀਦੇ ਹਨ। ਕੈਨੇਡਾ ਵਿਚ ਗਰਮ ਖਿਆਲੀਆਂ ਦੀਆਂ ਸਰਗਰਮੀਆਂ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਕੈਨੇਡਾਂ ਤੇ ਭਾਰਤ ਦੀਆਂ ਸਰਕਾਰਾਂ ਇਸ ਸਬੰਧ ਵਿਚ ਇਕ ਦੂਜੇ ਨੂੰ ਜਾਣੂ ਕਰਵਾਉਂਦੀਆਂ ਰਹਿੰਦੀਆਂ ਹਨ।

ਕੇਂਦਰ ਸਰਕਾਰ ਵਲੋਂ ਕਰਵਾਏ ਗਏ ਪਰਵਾਸੀ ਭਾਰਤੀ ਸੰਮੇਲਨ ਸਬੰਧੀ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਇਸ ਸੰਮੇਲਨ ਦੇ ਵਿਦੇਸ਼ਾਂ ਵਿਚ ਚੁਣੇ ਹੋਏ ਪ੍ਰਤੀਨਿਧਾਂ ਨੂੰ ਸੱਦਾ ਪੱਤਰ ਨਹੀਂ ਭੇਜੇ ਗਏ। ਜਦੋਂਕਿ ਅਜਿਹੇ ਸੰਮੇਲਨ ਕਰਵਾਉਣ ਦਾ ਤਾਂ ਹੀ ਫਾਇਦਾ ਹੋ ਸਕਦਾ ਹੈ ਜੇਕਰ ਸਾਰੇ ਪਰਵਾਸੀ ਭਾਰਤੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਸੱਦਾ ਪੱਤਰ ਭੇਜੇ ਜਾਣ।


Petersen`s Auto Body & Repair

Schaumburg, IL Ph:847-524-8704

ਪੰਜਾਬੀ ਭਰਾਵਾਂ ਦੀ ਆਪਣੀ ਆਟੋ ਬਾਡੀ ਤੇ ਰਿਪੇਅਰ ਸ਼ਾਪ

ਅਸੀਂ ਸਭ ਤਰ੍ਹਾਂ ਦੀਆਂ ਕਾਰਾਂ ਦੀ ਬਾਡੀ ਅਤੇ ਰਿਪੇਅਰ ਦਾ ਤਸੱਲੀਬਖ਼ਸ ਕੰਮ ਬਹੁਤ ਹੀ ਵਾਜਬ ਕੀਮਤਾਂ ਉਤੇ ਕਰਦੇ ਹਾਂ

Bring in to the professionals

- Auto body repair since 1973
- All Foreign & Domestic Vehicles
- ASE Certified Technicians
- Efficient, Reliable, Dependable,
- Quality Service
- Convenient Location
- Free Computerized Estimates
- Competitive Prices
- Full Tire Service (We carry new tires)
- Insurance Work Specialist




24 Hour Towing

ਅਸੀਂ ਇੰਸ਼ੋਰੈਂਸ ਦਾ ਆਟੋ ਬਾਡੀ ਰਿਪੇਅਰ ਦਾ ਕੰਮ ਵੀ ਬਹੁਤ ਹੀ ਸਹੀ ਕੀਮਤਾਂ ਉਤੇ ਅਤੇ ਵਧੀਆ ਕੁਆਲਿਟੀ ਦਾ ਕਰਦੇ ਹਾਂ

ਸੰਤੋਖ ਸਿੰਘ ਡੀ ਸੀ, ਫੋਨ 847-338-3866

ਪੀਟਰਸਨ ਆਟੋ ਬਾਡੀ ਐਂਡ ਰਿਪੇਅਰ

1212 S. Mitchell Blvd. Schaumburg, IL 60193,

Ph:847-524-8704, Fax:847-524-3692



ਜ਼ਮੀਨ ਸਮੇਤ ਗੈਸ ਸਟੇਸ਼ਨ ਵਿਕਾਊ

ਸ਼ਿਕਾਗੋ ਤੋਂ 2 ਘੰਟੇ ਦੂਰ, 2 ਸਟੇਟ ਹਾਈਵੇ 'ਤੇ ਸਥਿਤ ਅਨਬਰੈਂਡਿਡ ਚਲਦਾ ਗੈਸ ਸਟੇਸ਼ਨ ਬੰਦ ਗੈਸ ਸਟੇਸ਼ਨ ਦੇ ਭਾਅ ਜ਼ਮੀਨ, ਰੈਸਟੋਰੈਂਟ ਤੇ ਲਿੱਕਰ ਲਾਇਸੈਂਸ ਸਮੇਤ ਵਿਕਾਊ ਸਸਤਾ ਸੌਦਾ, ਲਗਭਗ 19,000 ਸਕੇਅਰ ਫੁੱਟ, ਕਾਰਨਰ ਲਾਟ

ਕੇਵਲ 2.89 ਲੱਖ ਡਾਲਰ ਜਾਂ ਬੈਸਟ ਆਫਰ

ਫੋਨ ਕਰੋ:815-973-8867



PANNUN THE LAW FIRM
ATTORNEYS & COUNSELLORS

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
* ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538

# ਰੁਚਿਕਾ ਮਾਮਲੇ ’ਚ ਟਾਲ ਮਟੋਲ ਜਾਰੀ, ਮਾਮੂਲੀ ਮੁਲਜ਼ਮ ਗ੍ਰਿਫਤਾਰ

**ਚੰਡੀਗੜ੍ਹ:** ਰੁਚਿਕਾ ਛੇੜਛਾੜ ਮਾਮਲੇ ਵਿਚ ਦੋਸ਼ੀ ਹਰਿਆਣਾ ਦੇ ਸਾਬਕਾ ਪੁਲਿਸ ਮੁਖੀ ਐਸ.ਪੀ.ਐਸ.ਰਾਠੌਰ ਨੇ ਦੋ ਨਵੇਂ ਪਰਚਿਆਂ ਸੰਬੰਧੀ ਪੇਸ਼ਗੀ ਜ਼ਮਾਨਤ ਲਈ ਸੋਮਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਜਿਸ ‘ਤੇ ਮੰਗਲਵਾਰ ਨੂੰ ਸੁਣਵਾਈ ਹੋਵੇਗੀ। ਰਾਠੌਰ ਨੇ ਪੇਸ਼ਗੀ ਜ਼ਮਾਨਤ ਤੋਂ ਨਾਂਹ ਕਰਨ ਬਾਰੇ ਸੈਸ਼ਨ ਅਦਾਲਤ ਦੇ ਫੈਸਲੇ ਨੂੰ ਚੁਨੌਤੀ ਦਿੰਦੇ ਹੋਏ ਇਹ ਪਟੀਸ਼ਨ ਦਾਇਰ ਕੀਤੀ ਹੈ। 67 ਸਾਲਾ ਰਾਠੌਰ ਦੀ ਪਟੀਸ਼ਨ ਮਾਣਯੋਗ ਜੱਜ ਸਵੀਨਾ ਨੇ ਮੰਗਲਵਾਰ ਦੀ ਸੁਣਵਾਈ ਲਈ ਸੂਚੀਬੱਧ ਕੀਤੀ ਪਰ ਤੁਰੰਤ ਕੋਈ ਰਾਹਤ ਨਹੀਂ ਦਿੱਤੀ।

ਇਸ ਤੋਂ ਪਹਿਲਾਂ ਅਡੀਸ਼ਨਲ ਜਿਲਾ ਤੇ ਸੈਸ਼ਨ ਜੱਜ ਸ੍ਰੀ ਸੰਜੀਵ ਜਿੰਦਲ ਨੇ ਕਿਹਾ ਕਿ ਮੁਲਜ਼ਿਮ ਰਾਠੌਰ ਕਿਉਂਕਿ ਸਾਬਕਾ ਡੀ ਜੀ ਪੀ ਹੈ, ਇਸ ਲਈ ਉਹ ਆਪਣੇ ਅਸਰ-ਰਸੂਖ ਦੀ ਵਰਤੋਂ ਕਰ ਕੇ ਗਵਾਹਾਂ ਅਤੇ ਸਬੂਤਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਸਦੇ ਪਿਛਲੇ ਰਿਕਾਰਡ ਨੂੰ ਵੇਖਦਿਆਂ ਵੀ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਹ ਗਵਾਹਾਂ ਨੂੰ ਡਰਾ-ਧਮਕਾ ਸਕਦਾ ਹੈ ਇਸ ਲਈ ਪੁਲਿਸ ਦਾ ਉਸਨੂੰ ਹਿਰਾਸਤ ਵਿਚ ਲੈਣਾ ਜਾਇਜ ਹੈ।

ਜੱਜ ਨੇ ਹਰਿਆਣਾ ਦੇ ਜਾਂਚ ਅਧਿਕਾਰੀਆਂ ਉਪਰ ਸਖਤ ਟਿਪਣੀ ਕਰਦਿਆਂ ਇਹ ਵੀ ਆਖਿਆ ਕਿ ਜਾਂਚ ਦੀ ਧੀਮੀ ਰਫਤਾਰ ਤੋਂ ਜਾਪਦਾ ਹੈ ਕਿ ਸਰਕਾਰੀ ਅਧਿਕਾਰੀਆਂ ਨੇ ਅਜੇ ਵੀ ਆਪਣੇ ਤੌਰ-ਤਰੀਕੇ ਨਹੀਂ ਬਦਲੇ। ਸਰਕਾਰ ਰਾਠੌਰ ਦੀ ਜਮਾਨਤ ਦੀ ਅਰਜੀ ਬਾਰੇ ਕੋਈ ਜਵਾਬ ਦੇਣ ਦੀ ਥਾਂ ਸਿਰਫ ਤਰੀਕ ਹੀ ਅੱਗੇ ਪਾਉਣ ਲਈ ਆਖੀ ਜਾ ਰਹੀ ਹੈ।

ਦਿੱਲੀ ਤੋਂ ਮਿਲੀਆਂ ਖਬਰਾਂ ਮੁਤਾਬਕ ਸੀ.ਬੀ.ਆਈ. ਰਾਠੌਰ ਅਤੇ ਹੋਰਨਾਂ ਵਿਰੁੱਧ ਦਰਜ ਨਵੀਂ ਐਫ.ਆਈ.ਆਰ ਦੀ ਜਾਂਚ ਕਰੇਗੀ। ਕੇਂਦਰ ਵਲੋਂ ਸੋਮਵਾਰ ਨੂੰ ਜਾਰੀ ਨੋਟੀਫਿਕੇਸ਼ਨ ਮੁਤਾਬਕ ਸੀ.ਬੀ.ਆਈ. ਸਭ ਤਿੰਨ ਨਵੇਂ ਮਾਮਲਿਆਂ ਦੀ ਜਾਂਚ ਕਰੇਗੀ। ਇਨ੍ਹਾਂ ਵਿਚੋਂ ਇਕ ਵਿਚ ਰਾਠੌਰ ‘ਤੇ ਰੁਚਿਕਾ ਨੂੰ ਆਤਮ ਹੱਤਿਆ ਲਈ ਉਕਸਾਉਣ ਦਾ ਦੋਸ਼ ਵੀ ਲਾਇਆ ਗਿਆ ਹੈ।

ਇਸ ਦੌਰਾਨ ਹਰਿਆਣਾ ਪੁਲਿਸ ਨੇ 1993 ਦੇ ਉਸ ਕਾਰ ਚੋਰੀ ਦੇ ਮਾਮਲੇ ‘ਚ ਫਰਾਰ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ ‘ਚ ਰੁਚਿਕਾ ਗਿਰਹੋਤਰਾ ਦੇ ਭਰਾ ਆਸ਼ੂ ਨੂੰ ਸੂਬੇ ਦੇ ਸਾਬਕਾ ਡੀ ਜੀ ਪੀ ਐਸ ਪੀ ਐਸ ਰਾਠੌਰ ਦੇ ਹੁਕਮਾਂ ‘ਤੇ ਗ਼ਲਤ ਢੰਗ ਨਾਲ ਫਸਾਇਆ ਗਿਆ ਸੀ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਹਰਿਆਣਾ ਪੁਲਿਸ ਦੀ ਇਕ ਟੀਮ ਨੇ ਪੁਣੇ ਪੁਲਿਸ ਦੀ ਮਦਦ ਨਾਲ ਗਜਿੰਦਰ ਸਿੰਘ ਨੂੰ ਇਥੋਂ ਗ੍ਰਿਫ਼ਤਾਰ ਕਰ ਲਿਆ ਸੀ, ਜਿਥੇ ਉਹ ਇਕ ਢਾਬਾ ਚਲਾਉਂਦਾ ਸੀ। ਜ਼ਿਕਰਯੋਗ ਹੈ ਕਿ ਗਜਿੰਦਰ ਨੂੰ ਪਹਿਲਾਂ ਹੀ ਅਪਰਾਧੀ ਐਲਾਨਿਆ ਜਾ ਚੁੱਕਿਆ ਹੈ ਅਤੇ ਉਹ 1997 ਤੋਂ ਫਰਾਰ ਸੀ। ਟਰਾਂਜ਼ਿਟ ਰਿਮਾਂਡ ਹਾਸਲ ਕਰਨ ਤੋਂ ਬਾਅਦ ਪੁਲਿਸ ਦੀ ਜਾਂਚ ਟੀਮ ਉਸ ਨੂੰ ਹਰਿਆਣਾ ਲੈ ਆਈ ਹੈ।

ਰੁਚਿਕਾ ਨਾਲ ਕੀਤੀ ਗਈ ਛੇੜਖਾਨੀ ਦੇ ਮਾਮਲੇ ਦੇ ਸਬੰਧ ‘ਚ ਰੁਚਿਕਾ ਦੀ ਸਹੇਲੀ ਅਰਾਧਨਾ ਦੇ ਪਿਤਾ ਅਨੰਦ ਪ੍ਰਕਾਸ਼ ਨੇ ਕਿਹਾ ਕਿ ਹਰਿਆਣਾ ਪੁਲਿਸ ਵਲੋਂ ਨਾ ਹੀ ਕੋਈ ਨੋਟਿਸ ਮਿਲਿਆ ਹੈ ਅਤੇ ਨਾ ਹੀ ਹਰਿਆਣਾ ਦੇ ਸਾਬਕਾ ਡੀ ਜੀ ਪੀ ਸ਼ੰਭੂ ਪ੍ਰਸਾਦ ਸਿੰਘ ਰਾਠੌਰ ਖ਼ਿਲਾਫ਼ ਧਾਰਾ 306, 307 ਲਗਾਉਣ ਤੋਂ ਬਾਅਦ ਕੋਈ ਕਾਰਵਾਈ ਕੀਤੀ ਗਈ। ਉਨ੍ਹਾਂ ਪੰਚਕੂਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਜਦੋਂ ਪੁਲਿਸ 19 ਸਾਲਾਂ ਤੋਂ ਰਾਠੌਰ ਨੂੰ ਨਹੀਂ ਫੜ ਸਕੀ ਤਾਂ ਹੁਣ ਕਿਵੇਂ ਫੜ ਲਵੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲਿਸ ਤੋਂ ਇਸ ਮਾਮਲੇ ਬਾਰੇ ਨਾ ਕੋਈ ਭਰੋਸਾ ਮਿਲਿਆ ਅਤੇ ਨਾ ਹੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਦੀ ਜਾਂਚ ਬਾਰੇ ਕੋਈ ਨੋਟਿਸ ਮਿਲਿਆ ਹੈ। ਉਨ੍ਹਾਂ ਕਿਹਾ ਕਿ ਰਾਠੌਰ ਦੇ ਅਧੀਨ ਕੰਮ ਕਰਨ ਵਾਲੇ ਪੁਲਿਸ ਅਫ਼ਸਰ ਇਸ ਮਾਮਲੇ ਬਾਰੇ ਬਿਆਨ ਵੀ ਨਹੀਂ ਦੇਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਸਾਨੂੰ ਵਿਸ਼ੇਸ਼ ਜਾਂਚ ਬਾਰੇ ਕੋਈ ਭਰੋਸਾ ਨਹੀਂ, ਕਿਉਂਕਿ ਪੁਲਿਸ ਪ੍ਰਸ਼ਾਸਨ ਤੇ ਸਰਕਾਰ ਜੇਕਰ ਚਾਹੁੰਦੀ ਤਾਂ ਆਮ ਅਪਰਾਧੀ ਵਾਂਗ ਧਾਰਾ ਲਗਾਉਣ ਤੋਂ ਬਾਅਦ ਰਾਠੌਰ ਨੂੰ ਗ੍ਰਿਫ਼ਤਾਰ ਕਰ ਸਕਦੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਸੀ ਬੀ ਆਈ ‘ਤੇ ਪੂਰਾ ਭਰੋਸਾ ਹੈ, ਕਿਉਂਕਿ ਹੁਣ ਰਾਠੌਰ ਖ਼ਿਲਾਫ਼ ਕਈ ਸਬੂਤ ਸਾਹਮਣੇ ਆ ਚੁੱਕੇ ਹਨ। ਜ਼ਿਕਰਯੋਗ ਹੈ ਕਿ ਐਸ ਆਈ ਟੀ ਦੀ ਜਾਂਚ ਅਜੇ ਅਧੂਰੀ ਹੈ। ਇਸ ਟੀਮ ਦੇ ਮੁਖੀ ਸੀਨੀਅਰ ਆਈ ਏ ਐਸ ਅਫ਼ਸਰ ਸ਼ਤਰੂਜੀਤ ਹਨ, ਜਦਕਿ ਮੈਂਬਰ ਪੰਚਕੂਲਾ ਦੇ ਐਸ ਪੀ ਸੁਨੀਤ ਚੌਧਰੀ ਨੂੰ ਬਣਾਇਆ ਗਿਆ ਹੈ। ਦੂਜੇ ਪਾਸੇ ਜਾਂਚ ਟੀਮ ਦੇ ਮੈਂਬਰ ਅਨੁਸਾਰ ਜਦੋਂ ਤੱਕ ਸ਼ਿਕਾਇਤਕਰਤਾ ਹੀ ਜਾਂਚ ਟੀਮ ਕੋਲ ਬਿਆਨ ਦਰਜ ਨਹੀਂ ਕਰਵਾਉਣਗੇ, ਉਦੋਂ ਤੱਕ ਰਾਠੌਰ ਕੋਲੋਂ ਕੀ ਪੁਛਗਿੱਛ ਕੀਤੀ ਜਾਵੇਗੀ? ਦੂਜੇ ਪਾਸੇ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਤੇ ਹਰਿਆਣਾ ਪੁਲਿਸ ਦੇ ਆਈ ਜੀ (ਸਕਿਊਰਿਟੀ) ਐਸ ਐਸ ਕਪੂਰ ਨੇ ਇਕ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਉਹ ਰੁਚਿਕਾ ਦੇ ਪਿਤਾ ਐਸ ਸੀ ਗਿਰਹੋਤਰਾ ਤੇ ਰੁਚਿਕਾ ਦੇ ਭਰਾ ਆਸ਼ੂ ਨੂੰ ਜਾਂਚ ‘ਚ ਸ਼ਾਮਲ ਹੋਣ ਸਬੰਧੀ ਕਈ ਨੋਟਿਸ ਤੇ ਰੀਮਾਇੰਡਰ ਦੇ ਚੁੱਕੇ ਹਨ। ਪਰ ਨਾ ਤਾਂ ਉਨ੍ਹਾਂ ਸਾਡੇ ਨਾਲ ਕੋਈ ਸੰਪਰਕ ਕੀਤਾ ਤੇ ਨਾ ਹੀ ਸਾਡੇ ਦਫ਼ਤਰ ਆਏ। ਉਨ੍ਹਾਂ ਕਿਹਾ ਕਿ ਅਸੀਂ ਇਸ ਨਾਲ ਸਬੰਧਤ ਸਾਰੇ ਅਹਿਮ ਗਵਾਹਾਂ ਦੇ ਬਿਆਨ ਦਰਜ ਕਰ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਜਾਂਚ ਸਬੰਧੀ ਕੁਝ ਵੀ ਦੱਸਣ ‘ਚ ਉਹ ਅਸਮਰਥ ਹਨ। ਪਰ ਜਾਂਚ ਪੂਰੇ ਹੁੰਦੇ ਹੀ ਉਹ ਸਭ ਕੁਝ ਜਨਤਕ ਕਰ ਦੇਣਗੇ। ਦੂਜੇ ਪਾਸੇ ਇਸ ਸਬੰਧੀ ਗੱਲ ਕਰਦਿਆਂ ਸ਼ਿਕਾਇਤਕਰਤਾ ਅਨੰਦ ਪ੍ਰਕਾਸ਼ ਨੇ ਕਿਹਾ ਕਿ ਜਾਂਚ ਟੀਮ ਦੇ ਅਧਿਕਾਰੀ ਐਸ ਸੀ ਗਿਰਹੋਤਰਾ ਤੇ ਆਸ਼ੂ ਦੇ ਖ਼ਾਲੀ ਕਾਗਜ਼ ‘ਤੇ ਹਸਤਾਖ਼ਰ ਮੰਗ ਰਹੇ ਹਨ, ਜੋ ਅਸੀਂ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਹੁਣ ਤੱਕ ਸ੍ਰੀ ਗਿਰਹੋਤਰਾ ਤੇ ਆਸ਼ੂ ਜਾਂਚ ‘ਚ ਸ਼ਾਮਲ ਨਹੀਂ ਹੋਏ ਤੇ ਨਾ ਹੀ ਭਵਿੱਖ ‘ਚ ਹੋਣਗੇ। ਸ਼ਿਕਾਇਤਕਰਤਾ ਦੇ ਵਕੀਲ ਨੇ ਕਿਹਾ ਕਿ ਜਾਂਚ ਟੀਮ ਰਾਠੌਰ ਦੇ ਇਸ਼ਾਰੇ ‘ਤੇ ਜਾਂਚ ਕਰ ਰਹੀ ਹੈ ਅਤੇ ਸਾਨੂੰ ਜਾਂਚ ਟੀਮ ਦੀ ਵਾਸਤਵਿਕਤਾ ‘ਤੇ ਸ਼ੱਕ ਹੈ।



**ਹਰਿਆਣਾ ਪੁਲਿਸ ਵਲੋਂ ਬਹੁਤੀ ਸਰਗਰਮੀ ਨਹੀਂ ਵਿਖਾਈ ਜਾ ਰਹੀ ਆਪਣੇ ਸਾਬਕਾ ਮੁਖੀ ਦੇ ਖਿਲਾਫ**

ਯਾਦ ਰਹੇ ਹਰਿਆਣਾ ਦੇ ਸਾਬਕਾ ਡੀ ਜੀ ਪੀ ਐਸ ਪੀ ਐਸ ਰਾਠੌਰ ਤੋਂ ਕੇਂਦਰ ਸਰਕਾਰ ਵਲੋਂ ਮੈਡਲ ਵਾਪਸ ਲੈਣ ਦੇ ਐਲਾਨ ਤੋਂ ਬਾਅਦ ਹਰਿਆਣਾ ਸਰਕਾਰ ਨੇ ਵੀ ਰਾਠੌਰ ‘ਤੇ ਸ਼ਿਕੰਜਾ ਕਸਣ ਦਾ ਐਲਾਨ ਕੀਤਾ ਸੀ। ਤਾਜ਼ਾ ਕਾਰਵਾਈ ਤਹਿਤ ਸੂਬਾ ਪੁਲਿਸ ਨੇ ਰਾਠੌਰ ਖਿਲਾਫ਼ ਖੁਦਕੁਸ਼ੀ ਲਈ ਉਕਸਾਉਣ (ਧਾਰਾ 306) ਦਾ ਮਾਮਲਾ ਦਰਜ ਕੀਤਾ ਹੈ। ਇਸ ਦੇ ਨਾਲ ਹੀ ਇਸ ਮਾਮਲੇ ਵਿਚ ਰਾਠੌਰ ਦੀ ਮਦਦ ਕਰਨ ਵਾਲੇ ਤਿੰਨ ਹੋਰਨਾਂ ਖਿਲਾਫ਼ ਵੀ ਮਾਮਲਾ ਦਰਜ ਕੀਤਾ ਗਿਆ ਹੈ। ਦੱਸਣਾ ਬਣਦਾ ਹੈ ਕਿ ਜੇਕਰ ਰਾਠੌਰ ਖਿਲਾਫ਼ ਲਗਾਏ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਘੱਟੋ-ਘੱਟ 10 ਸਾਲ ਦੀ ਸਜ਼ਾ ਹੋਵੇਗੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਰਾਠੌਰ ਵਿਰੁਧ ਦਰਜ ਹੋਏ ਦੋ ਮਾਮਲਿਆਂ ਦੀ ਜਾਂਚ ਵੀ ਐਸ ਆਈ ਟੀ ਕਰ ਰਹੀ ਹੈ। ਸ੍ਰੀ ਚੌਧਰੀ ਨੇ ਕਿਹਾ ਕਿ ਐਸ ਆਈ ਟੀ ਜਾਂਚ ਉਪਰੰਤ ਇਹ ਮਾਮਲਾ ਸੀ ਬੀ ਆਈ ਨੂੰ ਸੌਂਪਣ ਲਈ ਰਾਜ ਸਰਕਾਰ ਨੂੰ ਸਿਫਾਰਸ਼ ਕਰੇਗੀ। ਇਹ ਵੀ ਦੱਸਣਾ ਬਣਦਾ ਹੈ ਕਿ ਸੂਬਾ ਪੁਲਿਸ ਖ਼ੁਦ ਇਸ ਮਾਮਲੇ ਤੋਂ ਪਾਸਾ ਵੱਟਣਾ ਚਾਹੁੰਦੀ ਹੈ। ਕਿਉਂਕਿ ਸੂਬਾ ਸਰਕਾਰ ਚਾਹੁੰਦੀ ਹੈ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਸੀ ਬੀ ਆਈ ਕਰੇ। ਰੁਚਿਕਾ ਛੇੜਛਾੜ ਮਾਮਲੇ ਵਿਚ ਰਾਠੌਰ ਦੀ ਮਦਦ ਕਰਨ ਵਾਲੇ ਐਸ ਆਈ ਸੇਵਾ ਸਿੰਘ, ਜੋ ਉਸ ਵੇਲੇ ਹੈਡ ਕਾਂਸਟੇਬਲ ਸੀ, ਨੇ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀ ਵੀ ਦਾਖ਼ਲ ਕੀਤੀ ਹੈ। ਆਪਣੀ ਅਰਜ਼ੀ ਵਿਚ ਸੇਵਾ ਸਿੰਘ ਨੇ ਕਿਹਾ ਹੈ ਕਿ ਉਸ ਨੇ ਇਹ ਮਾਮਲਾ ਐਸ ਆਈ ਪ੍ਰੇਮ ਦੱਤ ਦੇ ਹੁਕਮ ‘ਤੇ ਦਰਜ ਕੀਤਾ ਸੀ। ਉਧਰ ਸੂਬਾ ਸਰਕਾਰ ਦੀ ਇਸ ਕਾਰਵਾਈ ਤੋਂ ਬਾਅਦ ਰੁਚਿਕਾ ਦੀ ਸਹੇਲੀ ਅਰਾਧਨਾ ਦੇ ਪਿਤਾ ਅਨੰਦ ਪ੍ਰਕਾਸ਼ ਨੇ ਕਿਹਾ ਕਿ ਜੇਕਰ ਮਾਮਲਾ ਸੀ ਬੀ ਆਈ ਦੇ ਸਪੁਰਦ ਕਰ ਦਿੱਤਾ ਜਾਵੇ ਤਾਂ ਜ਼ਿਆਦਾ ਚੰਗਾ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਪ੍ਰਸ਼ਾਸਨ ਅਤੇ ਸਰਕਾਰ ਤੋਂ ਕੋਈ ਉਮੀਦ ਨਹੀਂ ਹੈ। ਉਨ੍ਹਾਂ ਕਿਹਾ ਕਿ ਸੀ ਬੀ ਆਈ ਜਾਂਚ ਵਿਚ ਸੂਬਾ ਪੁਲਿਸ ਤੇ ਸਰਕਾਰ ਵਲੋਂ ਲੁਕਾਏ ਤੱਥ ਜਲਦ ਹੀ ਸਾਹਮਣੇ ਆ ਜਾਣਗੇ। ਸ੍ਰੀ ਪ੍ਰਕਾਸ਼ ਨੇ ਇਸ ਮੌਕੇ ਐਸ ਆਈ ਟੀ ਦੇ ਨਾਲ-ਨਾਲ ਕਿਸੇ ਹੋਰ ਏਜੰਸੀ ਤੋਂ ਵੀ ਜਾਂਚ ਕਰਵਾਉਣ ਦੀ ਮੰਗ ਕੀਤੀ।

## ਰੁਚਿਕਾ ਨੂੰ ਸਕੂਲੋਂ ਕੱਢਣ ਦੀ ਰਿਪੋਰਟ ਦਾ ਖੁਲਾਸਾ

**ਚੰਡੀਗੜ੍ਹ:** ਰੁਚਿਕਾ ਨੂੰ ਸਾਲ 1990 ‘ਚ ਸਥਾਨਕ ਸੈਕਟਰ 26 ਵਿਖੇ ਸੈਕਰਡ ਹਾਰਟ ਸਕੂਲ ਤੋਂ ਕੱਢੇ ਜਾਣ ਦੇ ਮਾਮਲੇ ‘ਚ ਐਸ.ਡੀ.ਐੱਮ. ਪ੍ਰੇਰਣਾ ਪੁਰੀ ਵਲੋਂ ਕੀਤੀ ਗਈ ਜਾਂਚ ‘ਚ ਸਪੱਸ਼ਟ ਹੋ ਗਿਆ ਹੈ ਕਿ ਰੁਚਿਕਾ ਨੂੰ ਫੀਸ ਜਮ੍ਹਾ ਨਾ ਕਰਾਉਣ ਦੇ ਨਾਂ ‘ਤੇ ਸਕੂਲ ਤੋਂ ਕੱਢਿਆ ਜਾਣਾ ਸਕੂਲ ਪ੍ਰਿੰਸੀਪਲ ਸਿਸਟਮ ਸੈਬਿਸਟੀਨਾ ਦਾ ਪੱਖ-ਪਾਤ ਪੂਰਨ ਰਵੱਈਆ ਸੀ।

ਚੰਡੀਗੜ੍ਹ ਪ੍ਰਸ਼ਾਸਨ ਨੂੰ ਪੁਰੀ ਵਲੋਂ ਸੌਂਪੀ ਗਈ ਰਿਪੋਰਟ ਤੋਂ ਇਹ ਸਪਸ਼ਟ ਹੋ ਗਿਆ ਕਿ ਸਕੂਲ ਪ੍ਰਬੰਧਨ ਨੇ ਨਾ ਸਿਰਫ ਰੁਚਿਕਾ ਦੇ ਮਾਮਲੇ ‘ਚ ਫੀਸ ਜਮ੍ਹਾ ਨਾ ਕਰਨ ਦਾ ਆਧਾਰ ਬਣਾ ਕੇ ਇਸ ਦਾ ਨਾਂ ਕੱਟ ਦਿਤਾ ਜਦਕਿ ਸਾਲ 1987 ਤੋਂ ਲੈਕੇ ਸਾਲ 2009 ਤੱਕ 135 ਅਜਿਹੇ ਮਾਮਲੇ ਰਹੇ ਜਿਨ੍ਹਾਂ ‘ਚ ਬੱਚਿਆਂ ਵਲੋਂ ਫੀਸ ਦੇਰੀ ਨਾਲ ਜਮ੍ਹਾਂ ਕਰਵਾਈ ਗਈ ਸੀ। ਇਹੀ ਨਹੀਂ ਸਾਲ 1990-91 ਜਦੋਂ ਰੁਚਿਕਾ ਨੂੰ ਸਕੂਲ ਤੋਂ ਕੱਢੇ ਜਾਣ ਦੇ ਬਾਅਦ ਵੀ 8 ਬੱਚਿਆਂ ਨੇ ਫੀਸ ਰੁਚਿਕਾ ਦਾ ਨਾਮ ਕੱਟੇ ਜਾਣ ਦੇ ਬਾਅਦ ਹੀ ਜਮ੍ਹਾਂ ਕਰਵਾਈ ਸੀ। ਅੱਜ ਤੱਕ ਰੁਚਿਕਾ ਦੇ ਇਲਾਵਾ ਕਿਸੇ ਵੀ ਬੱਚੇ ਨੂੰ ਫੀਸ ਦੇਰੀ ਨਾਲ ਜਮ੍ਹਾ ਕਰਾਉਣ ਲਈ ਨਹੀਂ ਕੱਢਿਆ ਗਿਆ। ਇਹੀ ਨਹੀਂ ਰੁਚਿਕਾ ਨਾਲ ਛੇੜਛਾੜ ਦੇ ਦੋਸ਼ੀ ਐੱਸ.ਪੀ.ਐੱਸ. ਰਾਠੌਰ ਦੀ ਬੇਟੀ ਪ੍ਰਿਆਂਜਲੀ ਜੋ ਰੁਚਿਕਾ ਦੀ ਕਲਾਸਮੇਟ ਸੀ ਦਾ ਨਾਂ ਵੀ ਫੀਸ ਡਿਫਾਲਟਰਾਂ ‘ਚ ਸ਼ਾਮਲ ਸੀ। ਰਿਪੋਰਟ ‘ਚ ਕਿਹਾ ਗਿਆ ਹੈ ਕਿ ਰੁਚਿਕਾ ਦੇ ਸੈਕਸ਼ਨ ‘ਚ ਹੀ ਪੜ੍ਹਨ ਵਾਲੀ ਵਿਦਿਆਰਥਣ ਨਿਹਾਰਿਕਾ ਸ਼ਰਮਾ ਨੇ ਇਸ ਸਾਲ ਅਕਤੂਬਰ ਮਹੀਨੇ ‘ਚ ਪਿਛਲੇ 6 ਮਹੀਨਿਆਂ ਦੀ ਫੀਸ ਜਮ੍ਹਾਂ ਕਰਵਾਈ ਸੀ ਜਦਕਿ ਰੁਚਿਕਾ ਦਾ ਨਾਂ ਇਸ ਤੋਂ ਪਹਿਲਾਂ ਹੀ ਕੱਟ ਦਿਤਾ ਗਿਆ। ਇਕ ਪੱਤਰਕਾਰ ਸੰਮੇਲਨ ‘ਚ ਇਸ ਰਿਪੋਰਟ ‘ਚ ਇਹ ਸਿੱਧ ਹੋ ਚੁੱਕਾ ਹੈ ਕਿ ਰੁਚਿਕਾ ਦੇ ਵਿਰੁਧ ਕਾਰਵਾਈ ਪੱਖਪਾਤ ਪੂਰਨ ਹੀ ਨਹੀਂ ਬਲਕਿ ਕਿਸੇ ਬਾਹਰੀ ਦਬਾਅ ਕਾਰਨ ਕੀਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਇਹ ਰਿਪੋਰਟ ਆਉਣ ਦੇ ਬਾਅਦ ਹੁਣ ਪ੍ਰਸ਼ਾਸਨ ਸਕੂਲ ਦੀ ਪ੍ਰਿੰਸੀਪਲ ਸਿਸਟਰ ਸੈਬਿਸਟੀਨਾ ਨੂੰ ਸਾਲ 2005 ‘ਚ ਦਿਤੇ ਗਏ ਰਾਜ ਸਨਮਾਨ ਨੂੰ ਵਾਪਸ ਲੈਣ ਦੀ ਕਾਰਵਾਈ ਸ਼ੁਰੂ ਕਰੇਗਾ। ਉਨ੍ਹਾਂ ਨੇ ਕਿਹਾ ਕਿ ਇਸ ਰਿਪੋਰਟ ਦੀ ਕਾਪੀ ਜ਼ਰੂਰੀ ਕਾਰਵਾਈ ਲਈ ਪੰਚਕੂਲਾ ਦੇ ਪੁਲਸ ਸੁਪਰਡੈਂਟ, ਸੀ.ਬੀ.ਐੱਸ.ਈ. ਦੇ ਨਾਲ ਨਾਲ ਪ੍ਰਿੰਸੀਪਲ ਸੈਬਿਸਟੀਨਾ ਦੇ ਵਿਰੁਧ ਕਾਰਵਾਈ ਕਰਨ ਲਈ ਸਕੂਲ ਪ੍ਰਬੰਧਨ ਨੂੰ ਭੇਜੀ ਜਾਵੇਗੀ। ਇਸ ਦੇ ਇਲਾਵਾ ਪ੍ਰਸ਼ਾਸਨ ਵਲੋਂ ਇਕ ਉਚ ਪੱਧਰੀ ਕਮੇਟੀ ਦਾ ਗਠਨ ਕਰਕੇ ਇਹ ਲਾਗੂ ਕੀਤਾ ਜਾਵੇਗਾ ਕਿ ਭਵਿੱਖ ‘ਚ ਹੀ ਅਜਿਹੀਆਂ ਘਟਨਾਵਾਂ ਨਾ ਵਾਪਰਨ।

ਇਸੇ ਦੌਰਾਨ ਸੇਕਰਡ ਹਾਰਟ ਸਕੂਲ ਦੀ ਪ੍ਰਿੰਸੀਪਲ ਨੇ ਸੰਨ 2005 ਵਿਚ ਮਿਲਿਆ ਅਵਾਰਡ ਅਤੇ 5000 ਰੁਪਇਆ ਡੀ ਪੀ ਆਈ (ਸਕੂਲ) ਨੂੰ ਮੋੜ ਦਿਤਾ ਹੈ। ਜ਼ਿਕਰਯੋਗ ਹੈ ਕਿ ਯੂ ਟੀ ਪ੍ਰਸ਼ਾਸਨ ਨੇ ਇਹ ਅਵਾਰਡ ਵਾਪਸ ਲੈਣ ਬਾਰੇ ਫੈਸਲਾ ਕੀਤਾ ਸੀ।

## ਇਮੀਗ੍ਰੇਸ਼ਨ ਏਜੰਸੀ ਬੰਦ ਨਹੀਂ ਕਰਾਉਣਾ ਚਾਹੁੰਦੀ ਐਫ. ਬੀ. ਆਈ

**ਸ਼ਿਕਾਗੋ:** ਪਾਕਿਸਤਾਨੀ, ਕੈਨੇਡੀਅਨ ਲਸ਼ਕਰ-ਏ-ਤੋਇਬਾ ਦੇ ਸ਼ੱਕੀ ਕਾਰਕੁਨ ਤਹੱਵੁਰ ਹੁਸੈਨ ਰਾਣਾ ਦੇ ਇਮੀਗ੍ਰੇਸ਼ਨ ਕਾਰੋਬਾਰ ਦੀ ਜਾਂਚ ਕਰ ਰਹੇ ਅਮਰੀਕੀ ਦਸਤਿਆਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਜੇ ਫਰਮ ਨੂੰ ਕੰਮਕਾਰ ਕਰਨ ਦਿੱਤਾ ਜਾਵੇ ਤਾਂ ਇਸਦੇ ਗਾਹਕਾਂ ਦੇ ਸੰਭਾਵੀ ਅਤਿਵਾਦੀ ਸਬੰਧਾਂ ਉਤੇ ਨਜ਼ਰ ਰੱਖਣੀ ਆਸਾਨ ਰਹੇਗੀ। 49 ਸਾਲਾ ਰਾਣੀ ਦੀ ਇਮੀਗ੍ਰੇਸ਼ਨ ਕੰਸਲਟੈਂਸੀ ਫਰਮ ਫਸਟ ਵਰਲਡ ਇਮੀਗ੍ਰੇਸ਼ਨ ਇੱਥੇ ਦੀਵਾਨ ਐਵੇਨਿਊ ਵਿਖੇ ਸਥਿਤ ਹੈ।

ਭਾਰਤ ਅਤੇ ਡੈਨਮਾਰਕ ਖਿਲਾਫ ਇਕ ਕੌਮਾਂਤਰੀ ਦਹਿਸ਼ਤਗਰਦੀ ਦੀ ਵਿਉਂਤ ਦੀ ਵਿਆਪਕ ਜਾਂਚ ਦੀ ਲੜੀ ਦੇ ਤੌਰ ‘ਤੇ ਸੰਭਾਵੀ ਇਮੀਗ੍ਰੇਸ਼ਨ ਫਰਾਡ ਦੇ ਮਾਮਲਿਆਂ ਦੀ ਪੜਤਾਲ ਕੀਤੀ ਜਾ ਰਹੀ ਹੈ। ਐਨ.ਬੀ.ਸੀ. ਸ਼ਿਕਾਗੋ ਨੇ ਕਾਨੂੰਨ ਲਾਗੂ ਕਰਨ ਵਾਲੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ, ‘‘ਦਹਿਸ਼ਤਗਰਦੀ ਨਾਲ ਫਰਮ ਦੇ ਕਥਿਤ ਸਬੰਧਾਂ ਦੇ ਬਾਵਜੂਦ ਫਸਟ ਵਰਲਡ ਇਮੀਗ੍ਰੇਸ਼ਨ ਨੂੰ ਆਮ ਵਾਂਗ ਕੰਮ-ਕਾਰ ਕਰਨ ਦੀ ਆਗਿਆ ਦੇਣ ਦਾ ਇਹ ਫਾਇਦਾ ਹੈ ਕਿ ਇਸ ਤਰ੍ਹਾਂ ਐਫ.ਬੀ.ਆਈ. ਇਸ ਦੇ ਗਾਹਕਾਂ ਦੇ ਸੰਭਾਵੀ ਅਤਿਵਾਦੀ ਸਬੰਧਾਂ ਉਪਰ ਆਸਾਨੀ ਨਾਲ ਨਜ਼ਰ ਰੱਖ ਸਕੇਦੀ।

ਐਫ.ਬੀ.ਆਈ. ਨੇ ਕਿਹਾ ਕਿ ਰਾਣਾ ਦਾ ਕਰੀਬੀ ਸਾਥੀ ਡੇਵਿਡ ਕੋਲਮਨ ਹੈਡਲੀ ਇਸ ਫਰਮ ਨੂੰ ਭਾਰਤ ਅਤੇ ਡੈਨਮਾਰਕ ਦੇ ਆਪਣੇ ਦੌਰਿਆਂ ਨੂੰ ਛੁਪਾਉਣ ਲਈ ਵਰਤਦਾ ਸੀ।

## ਵੱਖ-ਵੱਖ ਕੇਸਾਂ ਵਿਚ ਫਸੇ ਪੰਜਾਬ ਦੇ 100 ਪੁਲਸ ਅਧਿਕਾਰੀਆਂ ਦੀ ਸੂਚੀ ਜਾਰੀ

**ਚੰਡੀਗੜ੍ਹ :** ਪੰਜਾਬ ਦੇ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਪਿਛਲੇ ਦਿਨੀਂ ਰਾਜ ਦੇ ਡੀ.ਜੀ.ਪੀ. ਐੱਸ.ਗਿੱਲ ਵਲੋਂ ਦਿੱਤੇ ਗਏ ਉਸ ਬਿਆਨ ਨੂੰ ਚੁਣੌਤੀ ਦਿਤੀ ਹੈ ਜਿਸ ਵਿਚ ਉਨ੍ਹਾਂ ਕਿਹਾ ਕਿ ਪੰਜਾਬ ‘ਚ ਕੋਈ ਦਾਗੀ ਪੁਲਿਸ ਅਧਿਕਾਰੀ ਨਹੀਂ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਅਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਵਲੋਂ ਇਥੇ 100 ਦੇ ਕਰੀਬ ਅਜਿਹੇ ਪੁਲਸ ਅਧਿਕਾਰੀਆਂ ਦੀ ਸੂਚੀ ਜਾਰੀ ਕੀਤੀ ਗਈ ਹੈ ਜੋ ਵੱਖ-ਵੱਖ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਇਹ ਸੂਚੀ ਕਾਰਵਾਈ ਦੀ ਮੰਗ ਕਰਦਿਆਂ ਪੰਜਾਬ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਤੋਂ ਇਲਾਵਾ ਮੁੱਖ ਮੰਤਰੀ ਨੂੰ ਵੀ ਭੇਜੀ ਗਈ ਹੈ। ਮਨੁੱਖੀ ਅਧਿਕਾਰ ਸੰਗਠਨ ਦੇ ਡਿਪਟੀ ਚੇਅਰਮੈਨ ਕਿਰਪਾਲ ਸਿੰਘ ਰੰਧਾਵਾ, ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਸਰਪ੍ਰਸਤ ਪਰਮਜੀਤ ਕੌਰ ਖਾਲੜਾ, ਪ੍ਰਧਾਨ ਹਰਮਨਦੀਪ ਸਿੰਘ ਸਰਹਾਲੀ ਅਤੇ ਦਲਬੀਰ ਸਿੰਘ ਤੇ ਸਤਵਿੰਦਰ ਸਿੰਘ ਵਲੋਂ ਪ੍ਰੈੱਸ ਨੂੰ ਇਹ ਸੂਚੀ ਜਾਰੀ ਕਰਦਿਆਂ ਕਿਹਾ ਗਿਆ ਕਿ ਗੰਭੀਰ ਮਾਮਲਿਆਂ ਦਾ ਸਾਹਮਣਾ ਕਰ ਰਹੇ ਕਈ ਅਧਿਕਾਰੀ ਇਸ ਸਮੇਂ ਵੀ ਤਰੱਕੀਆਂ ਤੇ ਚੰਗੀਆਂ ਪੋਸਟਾਂ ਪ੍ਰਾਪਤ ਕਰ ਰਹੇ ਹਨ। ਜਾਰੀ ਕੀਤੀ ਗਈ ਸੂਚੀ ਵਿਚ ਤਿੰਨ ਅਜਿਹੇ ਪੁਲਸ ਅਧਿਕਾਰੀਆਂ ਦੇ ਨਾਂ ਵੀ ਸ਼ਾਮਲ ਹਨ ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਤਿੰਨ ਅਜਿਹੇ ਅਧਿਕਾਰੀਆਂ ਦਾ ਨਾਂ ਸ਼ਾਮਲ ਕੀਤਾ ਗਿਆ ਹੈ ਜੋ ਇਸ ਸਮੇਂ ਜੇਲ ਵਿਚ ਹਨ। ਜਦਕਿ ਜਾਰੀ ਕੀਤੀ ਗਈ 100 ਅਧਿਕਾਰੀਆਂ ਦੀ ਸੂਚੀ ਵਿਚ ਬਹੁਤ ਇਸ ਸਮੇਂ ਵੱਖ-ਵੱਖ ਕੇਸਾਂ ਵਿਚ ਜ਼ਮਾਨਤਾ ‘ਤੇ ਚੱਲ ਰਹੇ ਹਨ। ਜਾਰੀ ਕੀਤੀ ਗਈ ਇਸ ਸੂਚੀ ‘ਚ ਸਭ ਤੋਂ ਉਪਰ ਪੰਜਾਬ ਦੇ ਸਾਬਕਾ ਡੀ.ਜੀ.ਪੀ.ਕੇ.ਪੀ.ਐੱਸ.ਗਿੱਲ ਦਾ ਨਾਂ ਰੱਖਿਆ ਗਿਆ ਹੈ। ਜਦਕਿ ਕੁਝ ਅਧਿਕਾਰੀ ਇਸ ਸਮੇਂ ਏ.ਡੀ.ਜੀ.ਰੈਂਕ ਦੀਆਂ ਪੋਸਟਾਂ ‘ਤੇ ਤਾਇਨਾਤ ਹਨ। ਇਸਤੋਂ ਇਲਾਵਾ ਐੱਸ.ਐੱਸ.ਪੀ., ਐੱਸ.ਪੀ., ਡੀ.ਐੱਸ.ਪੀ. ਰੈਂਕ ਦੇ ਕਾਫੀ ਅਧਿਕਾਰੀਆਂ ਦਾ ਸੂਚੀ ਵਿਚ ਨਾਂ ਦਰਜ ਕੀਤਾ ਹੋਇਆ ਹੈ।

ਇਸ ਤੋਂ ਇਲਾਵਾ ਐੱਸ.ਐੱਸ.ਪੀ., ਐੱਸ.ਪੀ., ਡੀ.ਐੱਸ.ਪੀ. ਰੈਂਕ ਦੇ ਕਾਫੀ ਅਧਿਕਾਰੀਆਂ ਦਾ ਸੂਚੀ ਵਿਚ ਨਾਂ ਦਰਜ ਕੀਤਾ ਹੋਇਆ ਹੈ। ਇਸਤੋਂ ਇਲਾਵਾ ਇਸ ਸੂਚੀ ਵਿਚ ਅੱਧੇ ਅਧਿਕਾਰੀ ਇੰਸਪੈਕਟਰ, ਏ.ਐੱਸ.ਆਈ. ਅਤੇ ਐੱਸ.ਆਈ.ਰੈਂਕ ਦੇ ਹਨ। ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਦਾਅਵਾ ਕੀਤਾ ਗਿਆ ਕਿ ਇਨ੍ਹਾਂ ਅਧਿਕਾਰੀਆਂ ਖਿਲਾਫ ਚਲ ਰਹੇ ਕਈ ਮਾਮਲੇ ਅਜਿਹੇ ਹਨ ਜਿਨ੍ਹਾਂ ਵਿਚ ਨਿਰਦੋਸ਼ ਵਿਅਕਤੀਆਂ ਨੂੰ ਅੱਤਵਾਦ ਦੇ ਨਾਂ ਹੇਠ ਮਾਰ ਦਿਤਾ ਗਿਆ।

## ਹੁਣ ਗਿੱਲ ਦਾ ਪਦਮਸ੍ਰੀ ਐਵਾਰਡ ਵਾਪਸ ਲੈਣ ਦੀ ਮੰਗ

**ਚੰਡੀਗੜ੍ਹ :** ਨੈਤਿਕ ਗੁਨਾਹਾਂ ਲਈ ਦੋਸ਼ੀ ਪੁਲਸ ਅਧਿਕਾਰੀਆਂ ਤੋਂ ਮੈਡਲ ਵਾਪਸ ਲੈਣ ਦੇ ਕੇਂਦਰ ਸਰਕਾਰ ਦੇ ਫੈਸਲੇ ਮਗਰੋਂ ਸਾਬਕਾ ਮਹਿਲਾ ਆਈ. ਏ. ਐਸ. ਅਧਿਕਾਰੀ ਨੇ ਪੰਜਾਬ ਦੇ ਸਾਬਕਾ ਪੁਲਸ ਮੁਖੀ ਕੇ. ਪੀ. ਐਸ. ਗਿੱਲ ਤੋਂ ਉਨ੍ਹਾਂ ਨਾਲ ਛੇੜਛਾੜ ਕਾਰਨ ਪਦਮਸ੍ਰੀ ਐਵਾਰਡ ਵਾਪਸ ਲੈਣ ਦੀ ਮੰਗ ਕੀਤੀ ਹੈ।

ਪੰਜਾਬ ਵਿਚੋਂ ਅੱਤਵਾਦ ਦੇ ਖਾਤਮੇ ਲਈ ਜਾਣੇ ਜਾਂਦੇ 74 ਸਾਲਾ ਗਿੱਲ ਨੇ ਮਹਿਲਾ ਅਧਿਕਾਰੀ ਦੀ ਮੰਗ ਨੂੰ ਬਕਵਾਸ ਦੱਸਿਆ। ਸਾਬਕਾ ਆਈ. ਏ. ਐਸ. ਅਧਿਕਾਰੀ ਰੂਪਨ ਦਿਓਲ ਬਜਾਜ ਨੇ ਕਿਹਾ ਕਿ ਕੇਂਦਰ ਨੂੰ ਗਿੱਲ ਵਿਰੁਧ ਵੀ ਉਸੇ ਤਰ੍ਹਾਂ ਕਾਰਵਾਈ ਕਰਨੀ ਚਾਹੀਦੀ ਹੈ ਜਿਵੇਂ ਰੁਚਿਕਾ ਛੇੜਛਾੜ ਮਾਮਲੇ ‘ਚ ਹਰਿਆਣਾ ਦੇ ਸਾਬਕਾ ਡੀ. ਜੀ. ਪੀ. ਵਿਰੁਧ ਕਾਰਵਾਈ ਕਰਕੇ ਉਸ ਦੇ ਪੁਲਸ ਮੈਡਲ ਵਾਪਸ ਲੈ ਲਏ ਗਏ ਹਨ। ਉਨ੍ਹਾਂ ਕਿਹਾ ਕਿ ਸਮਾਜ ਵਿਚ ਸਪੱਸ਼ਟ ਸੁਨੇਹਾ ਜਾਣਾ ਚਾਹੀਦਾ ਹੈ ਕਿ ਅਜਿਹੇ ਵਿਅਕਤੀਆਂ ਨੂੰ ਪਦਮਸ੍ਰੀ ਵਰਗੇ ਉਚ ਸਨਮਾਨ ਨਹੀਂ ਦਿੱਤੇ ਜਾ ਸਕਦੇ।



ਦਿਓਲ ਨੇ ਕਿਹਾ ਕਿ ਉਸਦਾ ਵਿਚਾਰ ਹੈ ਕਿ ਜੇ ਕੇ. ਪੀ. ਐਸ. ਗਿੱਲ ਨੂੰ ਪਦਮਸ੍ਰੀ ਨਾ ਦਿੱਤਾ ਹੁੰਦਾ ਤਾਂ ਰੁਚਿਕਾ ਛੇੜਛਾੜ ਦਾ ਸ਼ਿਕਾਰ ਨਹੀਂ ਹੋਣੀ ਸੀ ਕਿ ਰਾਠੌਰ ਨੂੰ ਪਤਾ ਸੀ ਕਿ ਜੇ ਆਈ. ਏ. ਐਸ. ਨਾਲ ਛੇੜਖਾਨੀ ਕਰਨ ਵਾਲੇ ਦਾ ਕੁਝ ਨਹੀਂ ਵਿਗੜਿਆ ਤਾਂ ਉਸ ਨੂੰ ਕੀ ਹੋ ਜਾਵੇਗਾ। ਉਧਰ 20 ਦੇ ਕਰੀਬ ਪੁਲਸ ਮੈਡਲ ਅਤੇ ਪਦਮਸ੍ਰੀ ਜੇਤੂ ਕੇ. ਪੀ. ਐਸ. ਗਿੱਲ ਦਾ ਕਹਿਣਾ ਹੈ ਕਿ ਸਰਕਾਰ ਉਸ ਦੇ ਮੈਡਲ ਵਾਪਸ ਲੈਣ ਦਾ ਫੈਸਲਾ ਕਰਦੀ ਹੈ ਤਾਂ ਵੀ ਉਸ ਨੂੰ ਪ੍ਰਵਾਹ ਨਹੀਂ। ਉਨ੍ਹਾਂ ਕਿਹਾ ਕਿ ਮੈਂ ਕਦੇ ਮੈਡਲਾਂ ਦੀ ਮੰਗ ਨਹੀਂ ਕੀਤੀ ਅਤੇ ਉਨ੍ਹਾਂ ਆਪ ਦਿੱਤੇ ਅਤੇ ਉਹ ਚਾਹੁਣ ਤਾਂ ਮੈਡਲ ਵਾਪਸ ਲੈ ਸਕਦੇ ਹਨ। ਜ਼ਿਕਰਯੋਗ ਹੈ ਕਿ ਗਿੱਲ ਨੂੰ ਅਦਾਲਤ ਵਲੋਂ ਰੂਪਨ ਦਿਓਲ ਬਜਾਜ ਨਾਲ ਛੇੜਖਾਨੀ ਦਾ ਦੋਸ਼ੀ ਪਾਇਆ ਗਿਆ ਸੀ, ਜਿਸ ਨੇ ਆਪਣੀ ਸ਼ਿਕਾਇਤ ‘ਚ ਦੋਸ਼ ਲਾਇਆ ਸੀ ਕਿ 1988 ਵਿਚ ਇਕ ਪਾਰਟੀ ‘ਚ ਗਿੱਲ ਨੇ ਸ਼ਰਾਬੀ ਹਾਲਤ ਵਿਚ ਉਸ ਨਾਲ ਛੇੜਖਾਨੀ ਕੀਤੀ ਸੀ।

ਮਗਰੋਂ ਟੀ. ਵੀ ਚੈਨਲਾਂ ਨਾਲ ਗੱਲਬਾਤ ਕਰਦਿਆਂ ਗਿੱਲ ਨੇ ਕਿਹਾ ਕਿ ਉਸ ਨੇ ਪਦਮਸ੍ਰੀ ਨਹੀਂ ਮੰਗਿਆ ਸੀ ਅਤੇ ਜੇ ਸਰਕਾਰ ਮੈਡਲ ਵਾਪਸ ਲੈ ਲੈਂਦੀ ਹੈ ਤਾਂ ਉਸ ਨੂੰ ਪ੍ਰਵਾਹ ਨਹੀਂ।

ਜਿਕਰਯੋਗ ਹੈ ਕਿ ਛੇੜਛਾੜ ਦੀ ਘਟਨਾ ਵੇਲੇ ਗਿੱਲ ਪੰਜਾਬ ਦੇ ਡੀ. ਜੀ. ਪੀ. ਸਨ ਅਤੇ ਬਜਾਜ ਸੀਨੀਅਰ ਆਈ. ਏ. ਐਸ. ਅਧਿਕਾਰੀ ਸੀ ਅਤੇ ਅਦਾਲਤ ਵਲੋਂ ਉਨ੍ਹਾਂ ਨੂੰ ਦੋ ਲੱਖ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਦੀ ਕੈਦ ਦਾ ਹੁਕਮ ਸੁਣਾਇਆ ਸੀ। ਉਧਰ ਗਿੱਲ ਦਾ ਬਚਾਅ ਕਰਦਿਆਂ ਕੇ. ਟੀ. ਤੁਲਸੀ ਨੇ ਕਿਹਾ ਕਿ 1996 ‘ਚ ਗਿੱਲ ਨੂੰ ਮਹਿਲਾ ਆਈ. ਏ. ਐਸ. ਅਧਿਕਾਰੀ ਨਾਲ ਛੇੜਛਾੜ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਉਨ੍ਹਾਂ ਤੋਂ ਮੈਡਲ ਵਾਪਸ ਲੈਣਾ ਗੈਰ-ਵਾਜਬ ਹੈ। ਉਨ੍ਹਾਂ ਗਿੱਲ ਨੂੰ ਇਕ ਬੇਮਿਸਾਲ ਅਧਿਕਾਰੀ ਦੱਸਿਆ।

# ਦਿੱਲੀ ਦੀ ਸਿੱਖ ਸਿਆਸਤ ਵਿਚ ਸਰਨਿਆਂ ਦਾ ਝੰਡਾ ਉਚਾ ਰਿਹਾ

**ਡਾ. ਦਰਸ਼ਨ ਸਿੰਘ ਹਰਵਿੰਦਰ**

**ਨਵੀਂ ਦਿੱਲੀ:** ਦਿੱਲੀ ਦੀ ਸਿੱਖ ਸਿਆਸਤ ਸਾਲ 2009 'ਚ ਵੀ ਸਿਆਸੀ ਘਤਿੱਤਬਾਜ਼ੀਆਂ ਤੇ ਨੀਵੇਂ ਪੱਧਰ ਦੀ ਤੋਹਮਤਬਾਜ਼ੀ ਤੋਂ ਉਤਾਂਹ ਨਹੀਂ ਉੱਠ ਸਕੀ। ਦਿੱਲੀ ਦੀ ਸਿੱਖ ਸਿਆਸਤ ਦਾ ਧੁਰਾ ਮੰਨੀ ਜਾਂਦੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਐਤਕੀਂ ਵੀ ਜਿਥੇ ਚੰਮ ਦੀਆਂ ਚਲਾਈਆਂ, ਉਥੇ ਹੀ ਪੰਜਾਬ ਵਿਚਲੇ ਹਾਕਮ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨੇਤਾਵਾਂ ਨੂੰ ਰੱਖਿਆਤਮਕ ਰੁਖ ਅਪਣਾਉਂਦਿਆਂ ਆਪੋਜ਼ੀਸ਼ਨ ਦਾ ਕਿਰਦਾਰ ਨਿਭਾਉਣ ਲਈ ਮਜਬੂਰ ਹੋਣਾ ਪਿਆ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਮੇਟੀ 'ਤੇ ਮੁੜ ਕਬਜ਼ਾ ਰੱਖਣ ਦੀ ਹਿੰਡ ਪੁਗਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਇਥੇ ਤਕੜੀ ਠਿੱਬੀ ਲਾਈ। ਦਿਲਚਸਪ ਗੱਲ ਇਹ ਹੈ ਕਿ ਪੰਜਾਬ 'ਚ ਆਪਣੀ ਹਕੂਮਤ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਬਾਦਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਖੁਸ਼ ਕਰਨ ਵਿਚ ਨਾਕਾਮ ਰਿਹਾ ਜਦਕਿ ਧੜੱਲੇ ਨਾਲ ਕਮੇਟੀ ਦੇ ਜਨਰਲ ਸਕੱਤਰ ਬਣੇ ਗੁਰਮੀਤ ਸਿੰਘ ਸ਼ੰਟੀ ਏਸੇ ਗਿੱਦੜਸਿੰਙੀ ਨੂੰ ਸੁੰਘਾਉਣ 'ਚ ਕਾਮਯਾਬ ਰਹੇ।

ਉਂਝ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਦਿੱਲੀ ਵਿਚ ਇਹ ਹਸ਼ਰ ਹੋਵੇਗਾ, ਕਿਸੇ ਨੂੰ ਵੀ ਆਸ ਨਹੀਂ ਸੀ। ਦਲ ਦੇ ਸਮਰਥਕ ਕਮੇਟੀ ਮੈਂਬਰ ਕੱਟੀ ਹੋਈ ਵੇਲ ਵਾਂਗ ਸਰਨਾ ਭਰਾਵਾਂ (ਪਰਮਜੀਤ ਸਰਨਾ ਤੇ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ) ਦੀ ਝੋਲੀ ਜਾ ਪੈਣਗੇ, ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ। ਰਹਿੰਦੀ ਖੂੰਹਦੀ ਕਸਰ, ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰਹਿਲਾਦ ਸਿੰਘ ਚੰਡੋਕ 'ਤੇ ਦਿੱਲੀ ਤਖ਼ਤ ਦੇ ਦਬਾਅ ਕਾਰਨ ਬਰਾਸਤਾ ਦਿੱਲੀ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਪੁਸ਼ਪਿੰਦਰ ਸਿੰਘ ਦੀ ਬਦੌਲਤ ਸਰਨਿਆਂ ਦੇ ਪੱਖ 'ਚ ਨਿੱਤਰ ਆਉਣ ਕਾਰਨ ਪੂਰੀ ਹੋ ਗਈ।

ਆਲਮ ਇਹ ਸੀ ਕਿ ਮੈਂਬਰਾਂ ਦੀ ਬਹੁਤਾਤ ਕਾਰਨ ਮੁਜ਼ਾਹਰਾਕਾਰੀਆਂ ਦੇ ਨਾਅਰੇ ਮਾਰਨ ਵਾਂਗ ਦਿੱਲੀ ਗੁਰਦੁਆਰਾ ਕਮੇਟੀ ਦੇ ਕਈ ਮੈਂਬਰ ਤਾਂ ਜਿਵੇਂ ਸਰਨਾ ਦੇ ਹੱਕ 'ਚ ਇਹ ਰਾਗ ਅਲਾਪਦੇ ਰਹੇ ਹੋਣ, 'ਸਾਡੀ ਹਮਾਇਤ ਲੈਣੀ ਪਵੇਗੀ, ਅਸੀਂ ਹਮਾਇਤ ਦੇ ਕੇ ਰਹਾਂਗੇ'। ਸਿੱਟੇ ਵਜੋਂ ਅਕਾਲੀ ਦਲ ਬਾਦਲ ਦੀ ਤਾਕਤ ਘਟਣੀ ਕੁਦਰਤੀ ਸੀ ਪਰ ਉਹਦੇ ਨਾਲੋਂ ਟੁੱਟ ਕੇ ਸਰਨਿਆਂ ਨਾਲ ਜਾ ਰਲੇ ਇਨ੍ਹਾਂ ਕਮੇਟੀ ਮੈਂਬਰਾਂ ਨੂੰ ਅਡਜਸਟ ਕਰਨ ਲਈ ਕਮੇਟੀ ਹਾਕਮਾਂ ਨੂੰ ਜ਼ਰੂਰ ਕਾਫੀ ਤਰੱਦਦ ਕਰਨਾ ਪਿਆ।

### ਦਿੱਲੀ 'ਚ ਬੀਤੇ ਵਰ੍ਹੇ ਦੀ ਸਿੱਖ ਸਿਆਸਤ



ਸਰਨਾ ਭਰਾਵਾਂ ਦੀ ਇਕ ਫਾਈਲ ਫੋਟੋ।

ਦਿੱਲੀ ਗੁਰਦੁਆਰਾ ਕਮੇਟੀ 'ਤੇ ਸਰਨਿਆਂ ਦੀ ਇਹ ਸ਼ਾਨਦਾਰ ਜਿੱਤ ਯਕੀਨੀ ਤੌਰ 'ਤੇ ਅਜਿਹੀ ਇਤਿਹਾਸਕ ਹੋ ਨਿਬੱੜੀ, ਜਿਸਨੂੰ ਦਿੱਲੀ ਦਾ ਕੋਈ ਵੀ ਨੇਤਾ ਹੁਣ ਤੱਕ ਸਰ ਨਹੀਂ ਕਰ ਸਕਿਆ। ਇਹ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਬਦਨਸੀਬੀ ਹੀ ਸਮਝੋ ਕਿ ਸਿਆਸੀ ਸ਼ਰੀਕੇਬਾਜ਼ੀ ਕਾਰਨ ਆਪਣੇ ਆਕਾ ਅਮਰਿੰਦਰ ਸਿੰਘ ਨੂੰ ਖੁਸ਼ ਕਰਨ ਲਈ ਮਰਹੂਮ ਜਥੇਦਾਰ ਸੰਤੋਖ ਸਿੰਘ ਦਾ ਸ਼ਗਿਰਦ ਰਘੁਬੀਰ ਸਿੰਘ ਜੌੜਾ ਜੇ ਸਰਨਿਆਂ ਦੀ ਉਦੋਂ ਬਾਂਹ ਨਾ ਫੜਦਾ ਤਾਂ ਦਿੱਲੀ ਦੀ ਸਿੱਖ ਸਿਆਸਤ ਦੀ ਤਸਵੀਰ ਕੁਝ ਹੋਰ ਹੀ ਹੁੰਦੀ। ਮੁਲਕ ਦੀ ਰਾਜਧਾਨੀ ਵਿਚ ਅਕਾਲੀ ਦਲ ਬਾਦਲ ਅਜੇ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕਰਨ ਲਈ ਵਿਆਕੁਲ ਹੈ।

ਸਰਨਾ ਭਰਾਵਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਤੇ ਗਏ ਦਰਦ ਨੂੰ ਦੂਰ ਕਰਨ ਤੇ ਉਨ੍ਹਾਂ ਦੀ ਤਾਨਾਸ਼ਾਹੀ ਨੂੰ ਡੱਕਣ ਲਈ ਸੁਖਬੀਰ ਬਾਦਲ ਵਲੋਂ ਮਨਜੀਤ ਸਿੰਘ ਜੀ.ਕੇ. ਨੂੰ ਉਥੇ ਸੂਬਾਈ ਪ੍ਰਧਾਨ ਬਨਾਉਣ ਤੋਂ ਬਾਅਦ ਇਸ ਦੀ ਥਾਂ ਬਣਾਈ ਗਈ ਤਿੰਨ ਮੈਂਬਰੀ ਹਾਈ ਪਾਵਰ ਕਮੇਟੀ ਦਲ ਨੂੰ ਮੁੜ ਪਾਵਰ 'ਚ ਲਿਆਉਣੋਂ ਨਾਕਾਮ ਰਹੀ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਲਾਨਾ ਚੋਣ 'ਚ ਮਿਲੀ ਸ਼ਾਨਦਾਰ ਜਿੱਤ ਤੋਂ ਬਾਅਦ ਸਰਨਾ ਭਰਾਵਾਂ ਦੀਆਂ ਨਜ਼ਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 'ਤੇ ਵੀ ਕਾਬਜ਼ ਹੋਣ ਲਈ ਪੰਜਾਬ 'ਤੇ ਟਿਕੀਆਂ ਰਹੀਆਂ। ਪੰਜਾਬ ਵਲ ਧਾਈ ਕਰੀ ਬੈਠੇ ਸਰਨੇ ਇਸ ਖੁਸ਼ਫਹਿਮੀ 'ਚ ਰਹੇ ਤੇ ਹੁਣ ਵੀ ਹਨ ਕਿ ਇਸ ਧੜੱਲੇਦਾਰ ਜਿੱਤ ਦਾ ਅਸਰ ਪੰਜਾਬ ਦੀ ਸਿੱਖ ਸਿਆਸਤ 'ਤੇ ਵੀ ਪਵੇਗਾ, ਜਿਸਦੀ ਬਦੌਲਤ ਸ਼੍ਰੋਮਣੀ ਕਮੇਟੀ ਦਾ ਰਾਜ-ਭਾਗ ਸੰਭਾਲਣਾ ਵੀ ਉਨ੍ਹਾਂ ਲਈ ਖੱਬੇ ਹੱਥ ਦੀ ਖੇਡ ਹੋ ਜਾਵੇਗਾ। ਇਸ ਤਰ੍ਹਾਂ ਸਰਨਾ ਭਰਾਵਾਂ ਵਲੋਂ ਆਪਣੇ ਸ਼ਰੀਕ ਰਵਾਇਤੀ ਅਕਾਲੀ ਦਲ ਨਾਲ ਇਸੇ ਬਹਾਨੇ ਆਢਾ ਲੈਣ ਦਾ ਫੈਸਲਾ ਕਾਫੀ ਅਹਿਮ ਰਿਹਾ।

ਸਰਨਾ ਭਰਾਵਾਂ ਵਲੋਂ ਦਿੱਲੀ 'ਚ ਅਸੈਂਬਲੀ ਚੋਣਾਂ ਤੋਂ ਬਾਅਦ ਦਿੱਲੀ ਦੀਆਂ ਸਾਰੀਆਂ ਦੀਆਂ ਸਾਰੀਆਂ ਸੱਤੇ ਲੋਕ ਸਭਾ ਸੀਟਾਂ ਕਾਂਗਰਸ ਦੀ ਝੋਲੀ ਪਵਾਉਣ ਲਈ ਪਾਏ ਯੋਗਦਾਨ ਕਾਰਨ ਓਪਰੀ ਨਜ਼ਰ 'ਚ ਭਾਵੇਂ ਉਨ੍ਹਾਂ 'ਤੇ ਪੰਥ ਨਾਲ ਨਾ ਖੜ੍ਹਨ ਦੇ ਲੱਖ ਇਲਜ਼ਾਮ ਲੱਗਦੇ ਰਹਿਣ ਪਰ ਉਹ ਕਾਂਗਰਸ, ਖਾਸ ਤੌਰ 'ਤੇ ਸੋਨੀਆ ਦਰਬਾਰ ਵਿਚ ਆਪਣਾ ਅਕਸ ਤੇ ਸਥਾਨ ਪਹਿਲਾਂ ਨਾਲੋਂ ਕਿਤੇ ਮਜ਼ਬੂਤ ਬਣਾਉਣ ਵਿਚ ਕਾਮਯਾਬ ਰਹੇ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੇ ਕਈ ਦਰਬਾਰੀਆਂ ਵਲੋਂ ਕੀਤੀ ਜੱਦੋ-ਜਹਿਦ ਦੇ ਬਾਵਜੂਦ ਸਰਨਾ ਭਰਾਵਾਂ 'ਚੋਂ ਕੋਈ ਵੀ ਅਜੇ ਤਕ ਸੋਨੀਆ ਦਰਬਾਰ ਰਾਹੀਂ ਰਾਜ ਸਭਾ 'ਚ ਨਹੀਂ ਪਹੁੰਚ ਸਕਿਆ। ਮਜ਼ੇਦਾਰ ਗੱਲ ਇਹ ਹੈ ਕਿ ਯੂਥ ਅਕਾਲੀ ਦਲ (ਬਾਦਲ) ਦਿੱਲੀ ਦੇ ਧਨਾਢ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨਾਲ ਟੱਕਰ ਲੈਣ ਲਈ ਸਰਨਿਆਂ ਨੂੰ ਵੀ ਯੂਥ ਅਕਾਲੀ ਦਲ ਦੀ ਵਾਗਡੋਰ ਹਰਮੀਤ ਸਿੰਘ ਕਾਲਕਾ ਨੂੰ ਸੌਂਪਣੀ ਪਈ। ਸ. ਸਿਰਸਾ ਅਕਾਲੀ ਕੋਟੇ ਦੇ ਮਿਊਂਸੀਪਲ ਕੌਂਸਲਰਾਂ 'ਚੋਂ ਦੁਬਾਰਾ ਬਤੌਰ ਚੇਅਰਮੈਨ ਪਾਰੀ ਪੁਗਾਉਣ ਵਾਲੇ ਇਕਲੌਤੇ ਖੁਸ਼ਕਿਸਮਤ ਕੌਂਸਲਰ ਰਹੇ, ਜਿਨ੍ਹਾਂ ਨੂੰ ਇਸ ਵਾਰ ਕਾਰਪੋਰੇਸ਼ਨ ਦੀ ਲਾਅ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ।

ਅਕਾਲੀ ਦਲ ਬਾਦਲ ਦਿੱਲੀ ਦੇ ਸੀਨੀਅਰ ਨੇਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਭੋਗਲ ਨੇ ਐਤਕੀਂ ਵੀ ਸਰਨਿਆਂ ਨੂੰ ਬਾਲਾ ਸਾਹਿਬ ਹਸਪਤਾਲ ਦੇ ਮੁੱਦੇ 'ਤੇ ਸਾਰਾ ਸਾਲ ਲੰਮੇਂ ਹੱਥੀਂ ਲਿਆ ਪਰ ਖਾਸ ਗੱਲ ਇਹ ਰਹੀ ਕਿ 1984 ਦੇ ਸਿੱਖ ਕਤਲੇਆਮ ਦੀ 25ਵੀਂ ਵਰ੍ਹੇਗੰਢ 'ਯਥਾ-ਯੋਗ' ਤਰੀਕੇ ਨਾਲ ਮਨਾਉਣ ਦੇ ਨਾਂ ਹੇਠ ਪਰਮਜੀਤ ਸਿੰਘ ਸਰਨਾ ਨੂੰ ਉਸ ਨੇ ਅਕਾਲ ਤਖ਼ਤ ਤਕ ਤਲਬ ਕਰਵਾ ਕੇ ਹੀ ਸਾਹ ਲਿਆ।

ਇਹ ਗੱਲ ਵੱਖਰੀ ਹੈ ਕਿ ਸ. ਸਰਨਾ ਹਮੇਸ਼ਾ ਵਾਂਗ ਅਕਾਲ ਤਖਤ ਨੂੰ ਐਤਕੀਂ ਵੀ ਪੂਰੀ ਤਰ੍ਹਾਂ 'ਸੰਤੁਸ਼ਟ' ਕਰਵਾ ਆਏ। ਇਸਤੋਂ ਇਲਾਵਾ 5 ਦਸੰਬਰ ਨੂੰ ਲੁਧਿਆਣਾ 'ਚ ਵਾਪਰੇ ਆਸ਼ੂਤੋਸ਼ ਕਾਂਡ ਨੂੰ ਲੈ ਕੇ 'ਐਂਟੀ ਬਾਦਲ ਲਹਿਰ' ਨੂੰ ਹਵਾ ਦੇਣ 'ਚ ਵੀ ਸਰਨਿਆਂ ਦੀ ਝੰਡੀ ਰਹੀ ਪਰ ਸਿਤਮ ਇਹ ਕਿ '84 ਦੇ ਸਿੱਖ ਕਤਲੇਆਮ ਬਾਰੇ ਹੇਜ਼-ਜਤਾਊ ਸਿਆਸਤ ਦੀ ਉਦੋਂ ਤਾਂ ਹੱਦ ਹੀ ਹੋ ਗਈ, ਜਦੋਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਕ ਦਹਾਕੇ ਬਾਅਦ ਦਿੱਲੀ 'ਚ '84 ਦੇ ਸ਼ਹੀਦਾਂ ਦੀ ਯਾਦਗਾਰ ਬਨਾਉਣ ਲਈ ਮੁੜ ਐਲਾਨ ਕਰ ਦਿੱਤਾ।

## ਸਰਨਾ ਸਿੱਖ ਪੰਥ ਦੇ ਦੋਖੀਆਂ ਦਾ ਸਰਦਾਰ

**ਫ਼ਤਿਹਗੜ੍ਹ ਸਾਹਿਬ :** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਇਕਬਾਲ ਸਿੰਘ ਨੇ ਲੰਘੀ 6 ਜਨਵਰੀ ਨੂੰ ਗੁਰਦਵਾਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਗੱਲਬਾਤ ਕਰਦਿਆਂ ਕਿਹਾ ਕਿ ਪਰਮਜੀਤ ਸਿੰਘ ਸਰਨਾ ਸਿੱਖ ਪੰਥ ਦੇ ਦੋਖੀਆਂ ਦਾ ਸਰਦਾਰ ਹੈ। ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਪੰਥ ਵਿਚ ਵੰਡੀਆਂ ਪਾਉਣ ਦਾ ਕੰਮ ਪਰਮਜੀਤ ਸਿੰਘ ਸਰਨਾ ਨੇ ਹੀ ਕੀਤਾ ਹੈ।

ਸਰਨਾ ਨੇ ਹਮੇਸ਼ਾ ਸਿੱਖ ਪੰਥ ਦੇ ਵਿਰੋਧੀਆਂ ਨੂੰ ਹੱਲਾਸ਼ੇਰੀ ਦਿਤੀ ਹੈ, ਇਸ ਲਈ ਉਸ ਨੂੰ ਸਿੱਖ ਪੰਥ ਦੇ ਦੋਖੀਆਂ ਦਾ ਸਰਦਾਰ ਕਿਹਾ ਜਾਣਾ ਗ਼ਲਤ ਨਹੀਂ ਹੋਵੇਗਾ। ਸ਼੍ਰੋਮਣੀ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਗਈ ਸੋਧ ਨੂੰ ਮਹੱਤਵਪੂਰਨ ਦਸਦਿਆਂ ਗਿਆਨੀ ਇਕਬਾਲ ਸਿੰਘ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਸਿੱਖ ਪੰਥ ਦਾ ਆਪਣਾ ਕੈਲੰਡਰ ਹੈ ਅਤੇ ਇਸ ਨੂੰ ਪਹਿਲਾਂ ਲਾਗੂ ਕਰਨ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਸੰਤ ਸਮਾਜ ਵਲੋਂ ਇਤਰਾਜ਼ ਕੀਤੇ ਗਏ ਸਨ ਪਰ ਸ਼੍ਰੋਮਣੀ ਕਮੇਟੀ ਵਲੋਂ ਕੀਤੀਆਂ ਗਈਆਂ ਸੋਧਾਂ ਨੇ ਸਾਰਿਆਂ ਦਾ ਇਤਰਾਜ਼ ਖ਼ਤਮ ਕਰ ਦਿਤਾ ਹੈ। ਸੋਧਾਂ ਵਾਲੇ ਨਾਨਕਸ਼ਾਹੀ ਕੈਲੰਡਰ ਨੂੰ ਹੁਣ ਪੰਜਾਂ ਤਖ਼ਤਾਂ ਦੀ ਸਹਿਮਤੀ ਮਿਲ ਗਈ ਹੈ। ਉਨ੍ਹਾਂ ਕਿਹਾ ਕਿ ਕੈਲੰਡਰ ਦੀਆਂ ਸੋਧਾਂ ਦਿੱਲੀ ਵਿਚ ਨਹੀਂ ਲਾਗੂ ਹੋਣਗੀਆਂ।










**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫਿਲਮੀ ਸਿਤਾਰੇ ਹਾਕੀ ਖਿਡਾਰੀਆਂ ਦੀ ਮਦਦ ‘ਤੇ ਉਤਰੇ

ਯਾਦ ਰਹੇ ਹਾਕੀ ਇੰਡੀਆ, ਕੇ ਪੀ ਐਸ ਗਿੱਲ ਦੀ ਅਗਵਾਈ ਵਾਲੀ ਭਾਰਤੀ ਹਾਕੀ ਫੈਡਰੇਸ਼ਨ ਦੀ ਮੁਅਤਲੀ ਤੋਂ ਬਾਅਦ ਹੋਂਦ ਵਿਚ ਆਈ ਸੀ ਅਤੇ ਆਸ ਪ੍ਰਗਟ ਕੀਤੀ ਗਈ ਸੀ ਕਿ ਨਵੀਂ ਸੰਸਥਾ ਦੇ ਹੋਂਦ ਵਿਚ ਆਉਣ ਨਾਲ ਇਸ ਕੌਮੀ ਖੇਡ ਦੀ ਹਾਲਤ ਸੁਧਰੇਗੀ।

ਲੰਘੀ 12 ਜਨਵਰੀ ਨੂੰ ਹਾਕੀ ਇੰਡੀਆ ਦੇ ਅਧਿਕਾਰੀਆਂ ਦੀ ਖਿਡਾਰੀਆਂ ਨਾਲ ਆਖਰੀ ਗੱਲਬਾਤ ਵੀ ਅਸਫਲ ਰਹੀ। ਇਸ ਤੋਂ ਪਹਿਲਾਂ ਸਨਿਚਰਵਾਰ ਹਾਕੀ ਇੰਡੀਆ ਦੇ ਹਾਕੀ ਅਧਿਕਾਰੀਆਂ ਨੇ ਹੜਤਾਲੀ ਹਾਕੀ ਖਿਡਾਰੀਆਂ ਨਾਲ ਗੱਲਬਾਤ ਕੀਤੀ ਸੀ ਅਤੇ ਇਹ ਆਸ ਪ੍ਰਗਟ ਕੀਤੀ ਸੀ ਕਿ ਖਿਡਾਰੀ ਟਰੇਨਿੰਗ ਕੈਂਪ ਵਿਚ ਵਾਪਸ ਆ ਜਾਣਗੇ ਅਤੇ ਵਿਸ਼ਵ ਕੱਪ ਦੀ ਤਿਆਰੀ ਲਈ ਆਪਣੀ ਪ੍ਰੈਕਟਿਸ ਸ਼ੁਰੂ ਕਰ ਦੇਣਗੇ।

ਉਧਰ ਪੰਜਾਬ ਸਪੋਰਟਸ ਵਿਭਾਗ ਦੇ ਡਾਇਰੈਕਟਰ ਸ. ਪ੍ਰਗਟ ਸਿੰਘ ਦਾ ਆਖਣਾ ਹੈ ਕਿ ਕੋਈ ਵੀ ਫੈਸਲਾ ਲੈਂਦਿਆਂ ਭਾਰਤੀ ਹਾਕੀ ਅਧਿਕਾਰੀਆਂ ਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਦੇਸ਼ ਕੋਲ ਦੂਜੇ ਦਰਜੇ ਦੀ ਕੋਈ ਟੀਮ ਨਹੀਂ ਹੈ ਅਤੇ ਮਾੜੀ ਟੀਮ ਉਤਾਰਨ ਨਾਲ ਦੇਸ਼ ਦੀ ਕੌਮੀ ਖੇਡ ਦਾ ਵੱਕਾਰ ਦਾਅ ‘ਤੇ ਲੱਗ ਜਾਵੇਗਾ।

ਇਸ ਦੌਰਾਨ ਪੰਜਾਬ ਹਾਕੀ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਵਿਸ਼ਵ ਕੱਪ ਦੀ ਤਿਆਰੀ ਲਈ ਕੌਮੀ ਹਾਕੀ ਟੀਮ ਦਾ ਖਰਚਾ ਚੁੱਕਣ ਦੀ ਪੇਸ਼ਕਸ਼ ਕੀਤੀ ਹੈ। ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੇ ਵੀ ਕੌਮੀ ਹਾਕੀ ਟੀਮ ਦਾ ਵਿਸ਼ਵ ਕੱਪ ਦੀ ਤਿਆਰੀ ਵਾਸਤੇ ਖਰਚਾ ਚੁੱਕਣ ਦੀ ਪੇਸ਼ਕਸ਼ ਕੀਤੀ ਹੈ। ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਕੌਮੀ ਹਾਕੀ ਟੀਮ ਦਾ ਸਾਰਾ ਖਰਚਾ ਝੱਲਣ ਲਈ ਤਿਆਰ ਹੈ ਬਸ਼ਰਤੇ ਹਾਕੀ ਇੰਡੀਆ ਸਿਖਲਾਈ ਕੈਂਪ ਸੂਬੇ ਵਿਚ ਲਾਵੇ। ਬਠਿੰਡਾ ਵਿਖੇ ਆਪਣੀ ਪਤਨੀ ਤੇ ਸੰਸਦ ਮੈਂਬਰ ਹਰਸਿਮਰਤ ਕੌਰ ਨਾਲ ਝੀਲਾਂ ‘ਤੇ ਸੈਰਗਾਹ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਆਏ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਕੌਮੀ ਹਾਕੀ ਖਿਡਾਰੀਆਂ ਵਲੋਂ ਉਨ੍ਹਾਂ ਨੂੰ ਮਿਲਦੀਆਂ ਨਾਂਮਾਤਰ ਵਿੱਤੀ ਸੁਵਿਧਾਵਾਂ ਕਾਰਨ ਰੋਸ ਪ੍ਰਗਟਾਉਣਾ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਖਿਡਾਰੀਆਂ ਨੂੰ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਕੌਮੀ ਸਿਖਲਾਈ ਕੈਂਪ ਪੰਜਾਬ ਵਿਚ ਲਾਉਣ ਦੀ ਚਾਹਵਾਨ ਹੈ। ਇਹ ਹੁਣ ਹਾਕੀ ਇੰਡੀਆ ‘ਤੇ ਨਿਰਭਰ ਕਰਦਾ ਹੈ ਕਿ ਉਹ ਇਸ ਪੇਸ਼ਕਸ਼ ਨੂੰ ਕਿੰਨੀ ਕੁ ਸੁਹਿਰਦਤਾ ਨਾਲ ਸਵੀਕਾਰ ਕਰਦੇ ਹਨ।

ਇਸ ਦੌਰਾਨ ਹਾਕੀ ਇੰਡੀਆ ਵਲੋਂ ਹਾਕੀ ਪੰਜਾਬ ਨੂੰ ਮਾਨਤਾ ਦੇ ਦਿੱਤੇ ਜਾਣ ‘ਤੇ ਵੀ ਸੁਖਬੀਰ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਯਾਦ ਰਹੇ ਹਾਕੀ ਖਿਡਾਰੀ ਮੰਗ ਕਰ ਰਹੇ ਹਨ ਕਿ ਦੇਸ਼ ਵਿਚ ਖਿਡਾਰੀਆਂ ਦੇ ਸੰਬੰਧ ਵਿਚ ਗਰੇਡ ਸਿਸਟਮ ਲਾਗੂ ਕੀਤਾ ਜਾਵੇ ਅਤੇ ਇਸ ਦੇ ਤਹਿਤ ਖਿਡਾਰੀਆਂ ਨੂੰ ਸਾਢੇ 4 ਲੱਖ ਰੁਪਏ ਉਨ੍ਹਾਂ ਦੇ ਬਕਾਏ ਜਾਰੀ ਕੀਤੇ ਜਾਣ। ਦੂਜੇ ਪਾਸੇ ਹਾਕੀ ਇੰਡੀਆ ਦਾ ਆਖਣਾ ਹੈ ਕਿ ਉਸ ਕੋਲ ਖਿਡਾਰੀਆਂ ਨੂੰ ਦੇਣ ਲਈ ਇੰਨੀ ਰਕਮ ਉਪਲਬਧ ਨਹੀਂ ਹੈ।

ਇਸ ਦੌਰਾਨ ਫ਼ਿਲਮ ਸਟਾਰ ਸ਼ਾਹਰੁਖ਼ ਖ਼ਾਨ, ਪ੍ਰਸਿੱਧ ਪਾਕਿਸਤਾਨੀ ਫ਼ਿਲਮ ਅਭਿਨੇਤਰੀ ਸਲਮਾ ਆਗਾ ਅਤੇ ਅਮਿਤਾਭ ਬੱਚਨ ਜਿਹੀਆਂ ਪ੍ਰਸਿੱਧ ਹਸਤੀਆਂ ਨੇ ਹਾਕੀ ਖਿਡਾਰੀਆਂ ਦਾ ਪੱਖ ਪੂਰਿਆ ਹੈ। ਇਸ ਤੋਂ ਇਲਾਵਾ ਸਾਬਕਾ ਹਾਕੀ ਖਿਡਾਰੀ ਅਤੇ ਕਪਤਾਨ ਬਲਬੀਰ ਸਿੰਘ ਸਮੇਤ ਬਹੁਤ ਸਾਰੇ ਓਲੰਪੀਅਨ ਵੀ ਹਾਕੀ ਖਿਡਾਰੀਆਂ ਦੀ ਪਿੱਠ ‘ਤੇ ਆ ਗਏ ਹਨ। ਫ਼ਿਲਮੀ ਸਿਤਾਰਿਆਂ ਦਾ ਆਖਣਾ ਹੈ ਕਿ ਕੌਮੀ ਖੇਡ ਦੀ ਹਮਾਇਤ ਲਈ ਉਹ ਹਰ ਸੰਭਵ ਯਤਨ ਕਰ ਸਕਦੇ ਹਨ। ਸ੍ਰੀ ਅਮਿਤਾਭ ਬੱਚਨ ਨੇ ਕਿਹਾ ਕਿ ਉਹ ਹਾਕੀ ਟੀਮ ਦੀ ਮੱਦਦ ਕਰਨ ਲਈ ਤਿਆਰ ਹਨ।

ਇਸ ਦੌਰਾਨ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਖਿਡਾਰੀਆਂ ਦੀ ਆਰਥਿਕ ਮਦਦ ਦਾ ਭਰੋਸਾ ਦਿੱਤਾ ਹੈ। ਨਵੀਂ ਪੈਦਾ ਹੋਈ ਸਥਿਤੀ ਉਪਰ ਅਫਸੋਸ ਜ਼ਾਰ ਕਰਦਿਆਂ ਕੇਂਦਰੀ ਖੇਡ ਮੰਤਰੀ ਸ਼੍ਰੀ ਮਨੋਹਰ ਸਿੰਘ ਗਿੱਲ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਹਾਕੀ ਖਿਡਾਰੀਆਂ ਨੂੰ ਮੈਦਾਨ ਵਿਚ ਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸਾਰੇ ਦੁੱਖ-ਦਰਦ ਅਤੇ ਮੰਗਾਂ ਹੱਲ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ



ਕਿ ਆ ਰਹੇ ਵਿਸ਼ਵ ਕੱਪ ਦੇ ਮੱਦੇਨਜ਼ਰ ਹਾਕੀ ਖਿਡਾਰੀਆਂ ਵਲੋਂ ਅਪਣਾਇਆ ਗਿਆ ਰੋਸ ਦਾ ਢੰਗ ਅਤੇ ਹੜਤਾਲ ਠੀਕ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਆਪਣੀ ਪ੍ਰੈਕਟਿਸ ਸ਼ੁਰੂ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਾਕੀ ਇੰਡੀਆ ਇਕ ਅੰਤ੍ਰਿਮ ਸੰਸਥਾ ਹੈ ਅਤੇ ਚੋਣਾਂ ਤੋਂ ਬਾਅਦ ਸਥਾਈ ਹਾਕੀ ਸੰਸਥਾ ਹੋਂਦ ਵਿਚ ਆਉਣ ਤੋਂ ਬਾਅਦ ਹਾਕੀ ਖਿਡਾਰੀਆਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਖਿਡਾਰੀਆਂ ਨੇ ਆਪਣਾ ਬਕਾਇਆ ਤੇ ਸਨਮਾਨ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਨਾ ਮਿਲਣ ‘ਤੇ ਕੈਂਪ ਦਾ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਹੋਇਆ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਹਾਕੀ ਇੰਡੀਆ ਦੇ ਪ੍ਰਧਾਨ ਏ ਕੇ ਮੱਟੂ ਨੇ ਬੀਤੇ ਸਨਿਚਰਵਾਰ ਦੀ ਰਾਤ ਨੂੰ ਦਿੱਲੀ ‘ਚ ਖਿਡਾਰੀਆਂ ਨਾਲ ਹੋਈ ਮੀਟਿੰਗ ਤੋਂ ਬਾਅਦ ਸਾਰੇ ਮਸਲੇ ਹੱਲ ਹੋ ਜਾਣ ਦਾ ਐਲਾਨ ਕੀਤਾ ਸੀ, ਪਰ ਖਿਡਾਰੀਆਂ ਵਲੋਂ ਕੋਈ ਸਹਿਯੋਗ ਨਾ ਮਿਲਣ ਉਪਰੰਤ ਉਨ੍ਹਾਂ ਬੀਤੇ ਸੋਮਵਾਰ ਖਿਡਾਰੀਆਂ ਨੂੰ ਟੀਮ ‘ਚੋਂ ਕੱਢਣ ਦੀ ਧਮਕੀ ਦੇ ਦਿੱਤੀ। ਖਿਡਾਰੀਆਂ ਨੂੰ ਟੀਮ ਵਿਚੋਂ ਕੱਢਣ ਬਾਰੇ ਸ੍ਰੀ ਮੱਟੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਆਖਰੀ ਬਦਲ ਹੈ ਅਤੇ ਜੇਕਰ ਖਿਡਾਰੀਆਂ ਨੇ ਆਪਣਾ ਮੌਜੂਦਾ ਰਵੱਈਆ ਜਾਰੀ ਰੱਖਿਆ ਤਾਂ ਇਸਨੂੰ ਇਕ ਨਾ ਇਕ ਦਿਨ ਜ਼ਰੂਰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਖਿਡਾਰੀਆਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਭੁਗਤਾਨ ਸਬੰਧੀ ਗੱਲ ਕਰਦਿਆਂ ਸ੍ਰੀ ਮੱਟੂ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਵੀ ਪੈਸੇ ਵਾਲੀ ਪਾਰਟੀ (ਸਪਾਂਸਰ) ਨਹੀਂ ਹੈ ਅਤੇ ਅਜਿਹੇ ਸਮੇਂ ਟੀਮ ਖਿਡਾਰੀਆਂ ਨੂੰ ਪੈਸੇ ਦੇਣਾ ਸੰਭਵ ਨਹੀਂ ਹੈ। ਹਾਲਾਂ ਕਿ ਧਮਕੀ ਦੇਣ ਦੇ ਬਾਵਜੂਦ ਹਾਕੀ ਇੰਡੀਆ ਨੇ ਇਸ ਮਸਲੇ ਨੂੰ ਹੱਲ ਕਰਨ ਤੋਂ ਟਾਲਾ ਨਹੀਂ ਵੱਟਿਆ ਹੈ। ਖਿਡਾਰੀਆਂ ਵਲੋਂ ਬਾਈਕਾਟ ਦੇ ਬਾਵਜੂਦ ਹਾਕੀ ਇੰਡੀਆ ਨੇ ਗੱਲਬਾਤ ਲਈ ਇਕਰਾਮ ਖਾਨ ਨੂੰ ਉਨ੍ਹਾਂ ਕੋਲ ਭੇਜਿਆ। ਹਾਕੀ ਇੰਡੀਆ ਦੇ ਇਸ ਕਦਮ ਤੋਂ ਉਸ ਦੀ ਘਬਰਾਹਟ ਦਾ ਵੀ ਪਤਾ ਲੱਗਦਾ ਹੈ।

ਜਾਣਕਾਰੀ ਮੁਤਾਬਕ ਭੁਗਤਾਨ ਸਬੰਧੀ ਦੋ ਪੱਤਰਾਂ ਦਾ ਹਾਕੀ ਇੰਡੀਆ ਵਲੋਂ ਕੋਈ ਜਵਾਬ ਨਾ ਮਿਲਣ ਤੋਂ ਬਾਅਦ ਖਿਡਾਰੀਆਂ ਨੇ ਇਹ ਫੈਸਲਾ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟੀਮ ਦੇ ਕਪਤਾਨ ਰਾਜਪਾਲ ਸਿੰਘ ਨੇ ਕਿਹਾ ਕਿ ਜਦੋਂ ਤੱਕ ਸਾਨੂੰ ਪੂਰੀ ਰਕਮ ਨਹੀਂ ਮਿਲੇਗੀ, ਅਸੀਂ ਬਾਈਕਾਟ ਜਾਰੀ ਰਖਾਂਗੇ। ਉਨ੍ਹਾਂ ਦੱਸਿਆ ਕਿ ਬੀਤੇ ਐਤਵਾਰ ਦੀ ਰਾਤ ਸਮੂਹ ਖਿਡਾਰੀਆਂ ਨੇ ਇੱਕ ਮੀਟਿੰਗ ਵਿਚ ਇਹ ਫੈਸਲਾ ਮੁੜ ਲਿਆ ਹੈ। ਰਾਜਪਾਲ ਨੇ ਦੱਸਿਆ ਕਿ ਪਹਿਲਾਂ ਸਾਨੂੰ ਹਰ ਟੂਰਨਾਮੈਂਟ ਤੋਂ ਬਾਅਦ ਪੈਸਾ ਮਿਲਦਾ ਸੀ, ਪਰ ਹੁਣ ਅਜਿਹਾ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਕਈ ਵਾਰ ਇਸ ਸਬੰਧੀ ‘ਹਾਕੀ ਇੰਡੀਆ’ ਦੇ ਅਧਿਕਾਰੀਆਂ ਨਾਲ ਗੱਲ ਕਰ ਚੁੱਕੇ ਹਾਂ ਪਰ ਉਨ੍ਹਾਂ ਵਲੋਂ ਸਾਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਤੇ ਹੁਣ ਅਸੀਂ ਉਦੋਂ ਹੀ ਕੈਂਪ ਵਿਚ ਜਾਵਾਂਗੇ, ਜਦੋਂ ਸਾਨੂੰ ਪੂਰੀ ਰਕਮ ਮਿਲੇਗੀ। ਹਾਕੀ ਖਿਡਾਰੀਆਂ ਵਲੋਂ ਲਏ ਇਸ ਫੈਸਲੇ ਨੂੰ ਭਾਰਤੀ ਹਾਕੀ ਲਈ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਟੀਮ ਦੇ ਇਸ ਫੈਸਲੇ ਨਾਲ 13 ਫਰਵਰੀ ਤੋਂ 28 ਮਾਰਚ ਤੱਕ ਹੋਣ ਵਾਲੇ ਟੂਰਨਾਮੈਂਟ ਵਿਚ ਇਸ ਦਾ ਅਸਰ ਪਵੇਗਾ। ਇਹ ਵੀ ਦੱਸਣਾ ਬਣਦਾ ਹੈ ਕਿ ਖਿਡਾਰੀਆਂ ਨੇ ‘ਹਾਕੀ ਇੰਡੀਆ’ ਨੂੰ ਇੱਕ ਪੱਤਰ ਲਿਖ ਕੇ 7 ਦਿਨਾਂ ਦੇ ਅੰਦਰ-ਅੰਦਰ ਭੁਗਤਾਨ ਕਰਨ ਲਈ ਕਿਹਾ ਸੀ। ਇਸ ਪੱਤਰ ਵਿਚ ਬਾਈਕਾਟ ਦੀ ਕੋਈ ਧਮਕੀ ਨਹੀਂ ਸੀ, ਪਰ ਸੂਤਰਾਂ ਦਾ ਕਹਿਣਾ ਹੈ ਕਿ ਉਸ ਸਮੇਂ ਵੀ ਹਾਕੀ ਖਿਡਾਰੀਆਂ ਵਿਚ ਇਸ ਗੱਲ ਨੂੰ ਆਮ ਸਹਿਮਤੀ ਸੀ ਕਿ ਜੇਕਰ ਭੁਗਤਾਨ ਨਹੀਂ ਹੁੰਦਾ ਤਾਂ ਉਹ ਬਾਈਕਾਟ ਕਰ ਦੇਣਗੇ।

ਦੂਜੇ ਪਾਸੇ ਭਾਰਤੀ ਹਾਕੀ ਸੰਘ ਦੇ ਪ੍ਰਧਾਨ ਕੇ ਪੀ ਐਸ ਗਿੱਲ ਨੇ ਇਸ ਮਾਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਜਲਦ ਸੁਲਝਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਮਤਭੇਦਾਂ ਨੂੰ ਭੁਲਾ ਕੇ ਖਿਡਾਰੀਆਂ ਨੂੰ ਕੈਂਪ ਵਿਚ ਵਾਪਸ ਲਿਆਉਣ ਲਈ ਕਦਮ ਚੁੱਕਣ। ਯਾਦ ਰਹੇ ਖਿਡਾਰੀ 3.5 ਲੱਖ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਪਿਛਲੇ ਬਕਾਏ ਮੰਗ ਰਹੇ ਹਨ ਜਿਸ ਵਿਚ 25000 ਰੁਪਏ ਪ੍ਰਤੀ ਕੌਮਾਂਤਰੀ ਟੂਰਨਾਮੈਂਟ ਫੀਸ ਅਤੇ ਹੋਰ ਇਨਸੈਂਟਿਵ ਸ਼ਾਮਲ ਹਨ। ਇਸ ਤੋਂ ਇਲਾਵਾ ਖਿਡਾਰੀਆਂ ਵਲੋਂ ਆਪਣੇ ਬੀਮੇ ਦੀ ਵੀ ਮੰਗ ਕੀਤੀ ਜਾ ਰਹੀ ਹੈ। ਨਵੀਂ ਸਥਿਤੀ ਵਿਚ ਇੰਟਰਨੈਸ਼ਨਲ ਹਾਕੀ ਫੈਡਰੇਸ਼ਨ, ਸੀਨੀਅਰ ਹਾਕੀ ਖਿਡਾਰੀਆਂ ਅਤੇ ਭਾਰਤੀ ਕੋਚ ਨੇ ਹਾਕੀ ਖਿਡਾਰੀਆਂ ਨੂੰ ਆਪਣੀ ਪ੍ਰੈਕਟਸ ਮੁੜ ਸ਼ੁਰੂ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦੀਆਂ ਮੰਗਾਂ ਜਾਇਜ਼ ਹਨ ਪਰ ਮੰਗਾਂ ਮਨਾਵਾਉਣ ਦਾ ਇਹ ਢੰਗ ਗਲਤ ਹੈ।

ਇਸ ਦੌਰਾਨ ਕਾਂਗਰਸ ਦੇ ਮੁੱਖ ਸਕੱਤਰ ਦਿਗਵਿਜੇ ਸਿੰਘ ਨੇ ਅਦਾਇਗੀ ਦੀ ਮੰਗ ਉਠਾਉਣ ਵਾਲੇ ਹਾਕੀ ਖਿਡਾਰੀਆਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕ੍ਰਿਕਟਰਾਂ ਨੂੰ ਜਿੱਥੇ ਕਰੋੜਾਂ ਰੁਪਏ ਮਿਲਦੇ ਹਨ ਉਥੇ ਹਾਕੀ ਖਿਡਾਰੀਆਂ ਨੂੰ ਸਿਰਫ ਮੂੰਗਫਲੀ ਖਾਣ ਦੇ ਹੀ ਪੈਸੇ ਮਿਲਦੇ ਹਨ। ਉਨ੍ਹਾਂ ਕਿਹਾ ਕਿ ਹਾਕੀ ਖਿਡਾਰੀਆਂ ਦੇ ਭੱਤਿਆਂ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਵਧੀਆ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

**ਚੋਣ 7 ਫਰਵਰੀ ਨੂੰ:** ਹਾਕੀ ਇੰਡੀਆ ਦੀ ਚੋਣ ਹੁਣ 29 ਜਨਵਰੀ ਦੀ ਥਾਂ 7 ਫਰਵਰੀ ਨੂੰ ਹੋਵੇਗੀ। ਹਾਕੀ ਇੰਡੀਆ ਦੇ ਮੁਖੀ ਅਸ਼ੋਕ ਮੱਟੂ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਦਿੱਲੀ ਤੇ ਪੰਜਾਬ ਦੇ ਹਾਕੀ ਸੰਘਾਂ ਨੂੰ ਮਾਨਤਾ ਦੇ ਦਿੱਤੀ ਗਈ ਹੈ। ਸ੍ਰੀ ਮੱਟੂ ਨੇ ਇਸ ਮਹੀਨੇ ਐਲਾਨ ਕੀਤਾ ਸੀ ਕਿ ਹਾਕੀ ਇੰਡੀਆ ਦੀ ਚੋਣ 29 ਜਨਵਰੀ ਨੂੰ ਹੋਵੇਗੀ ਪਰ ਇਸ ਲਈ 21 ਦਿਨ ਦਾ ਨੋਟਿਸ ਨਾ ਦਿੱਤੇ ਜਾਣ ਕਾਰਨ ਚੋਣਾਂ ਦੀ ਤਰੀਕ ਵਧਾ ਕੇ 7 ਫਰਵਰੀ ਕਰ ਦਿੱਤੀ ਗਈ ਹੈ। 28 ਫਰਵਰੀ ਤੋਂ ਦਿੱਲੀ ਵਿਚ ਹਾਕੀ ਵਿਸ਼ਵ ਕੱਪ ਦਾ ਆਗਾਜ਼ ਵੀ ਹੋਣ ਜਾ ਰਿਹਾ ਹੈ।ਇਸ ਦੌਰਾਨ ਹਾਕੀ ਇੰਡੀਆ ਨੇ ਪੰਜਾਬ ਹਾਕੀ ਨੂੰ ਮਾਨਤਾ ਦੇ ਦਿੱਤੀ ਹੈ।

ਕੌਮੀ ਹਾਕੀ ਖਿਡਾਰੀਆਂ ਦੀ ਬਗਾਵਤ ਨੂੰ ਸਹੀ ਕਦਮ ਕਰਾਰ ਦਿੰਦਿਆਂ ਸਾਬਕਾ ਓਲੰਪੀਅਨ ਧਨਰਾਜ ਪਿੱਲੇ ਨੇ ਖੁਲਾਸਾ ਕੀਤਾ ਕਿ ਉਸ ਨੇ ਵੀ ਅਧਿਕਾਰੀਆਂ ਵਿਰੁੱਧ ਖੜ੍ਹੇ ਹੋਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੂੰ ਪੂਰਾ ਸਮਰਥਨ ਨਹੀਂ ਮਿਲਿਆ ਸੀ। ਪਿੱਲੇ ਨੇ ਇਥੇ ਪੱਤਰਕਾਰਾਂ ਨੂੰ ਕਿਹਾ ਕਿ ਜੋ ਵੀ ਹੋਇਆ, ਸਹੀ ਹੋਇਆ। ਬਗਾਵਤ ਦੇਰ ਨਾਲ ਹੋਈ ਪਰ ਇਹ ਸਹੀ ਕਦਮ ਹੈ। ਜੇ ਹਾਕੀ ਪ੍ਰਸ਼ਾਸਨ ਵਿਦੇਸ਼ੀ ਕੋਚ ‘ਤੇ ਲੱਖਾਂ ਰੁਪਏ ਖਰਚ ਕਰ ਸਕਦਾ ਹੈ ਤਾਂ ਫਿਰ ਭਾਰਤੀ ਖਿਡਾਰੀਆਂ ਨੂੰ ਉਨ੍ਹਾਂ ਦਾ ਭੁਗਤਾਨ ਕਿਉਂ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਮੈਂ ਵੀ ਆਪਣੇ ਕੈਰੀਅਰ ਦੌਰਾਨ ਪ੍ਰਸ਼ਾਸਕਾਂ ਵਿਰੁਧ ਬਗਾਵਤ ਦੀ ਕੋਸ਼ਿਸ਼ ਕੀਤੀ ਸੀ ਪਰ ਮੈਨੂੰ ਪੂਰ ਸਮਰਥਨ ਨਹੀਂ ਸੀ ਮਿਲਿਆ।

## ਭਾਰਤ ਤੋਂ ਜ਼ਿਆਦਾ ਅਮੀਰ ਹੈ ਪਾਕਿਸਤਾਨ ਦੀ ਹਾਕੀ

**ਚੰਡੀਗੜ੍ਹ:** ਪਾਕਿਸਤਾਨ ਦਾ ਇਕ ਸੀਨੀਅਰ ਹਾਕੀ ਖਿਡਾਰੀ ਜਿਥੇ ਹਰ ਮਹੀਨੇ ਡੇਢ ਲੱਖ ਤੋਂ ਜਿਆਦਾ ਕਮਾਈ ਕਰਦਾ ਹੈ, ਉਥੇ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਨੂੰ ਆਪਣੇ ਇਨਸੈਂਟਿਵ ਹਾਸਿਲ ਕਰਨ ਦੇ ਲਈ ਵਿਦ੍ਰੋਹ ਕਰਨਾ ਪੈਂਦਾ ਹੈ। ਇਹ ਸਚਾਈ ਹੈ ਕਿ ਪਾਕਿਸਤਾਨੀ ਹਾਕੀ ਭਾਰਤ ਤੋਂ ਜ਼ਿਆਦਾ ਅਮੀਰ ਹੈ। ਇਸਦੇ ਲਈ ਪਾਕਿਸਤਾਨ ਹਾਕੀ ਫੈਡਰੇਸ਼ਨ (ਪੀ ਐਚ ਐਫ) ਨੇ ਕ੍ਰਿਕਟ ਦਾ ਫਾਰਮੂਲਾ ਹਾਕੀ ਵਿਚ ਲਾਗੂ ਕਰਕੇ ਆਪਣੇ ਖਿਡਾਰੀਆਂ ਨੂੰ ਮਾਲਾਮਾਲ ਕਰ ਦਿੱਤਾ। ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਸਕੱਤਰ ਮੁਹੰਮਦ ਆਸਿਫ ਬਾਜਵਾ ਨੇ ਦੱਸਿਆ ਕਿ ਪੀ ਐਚ ਐਫ ਨੇ ਕ੍ਰਿਕੇਟ ਦੀ ਤਰ੍ਹਾਂ ਹਾਕੀ ਵਿਚ ਗ੍ਰੇਡ ਸਿਸਟਮ ਲਾਗੂ ਕਰ ਰੱਖਿਆ ਹੈ। ਗ੍ਰੇਡ-ਏ ਜਿਸ ਵਿਚ ਸੀਨੀਅਰ ਖਿਡਾਰੀ ਆਉਂਦੇ ਹਨ ਉਨ੍ਹਾਂ ਨੂੰ 50 ਹਜ਼ਾਰ, ਬੀ-ਗ੍ਰੇਡ ਨੂੰ 40 ਹਜ਼ਾਰ ਅਤੇ ਸੀ-ਗ੍ਰੇਡ ਵਿਚ ਸ਼ਾਮਿਲ ਖਿਡਾਰੀਆਂ ਨੂੰ 30 ਹਜ਼ਾਰ ਹਰੇਕ ਮਹੀਨੇ ਮਿਲਦੇ ਹਨ। ਇਹੀ ਨਹੀਂ ਖਿਡਾਰੀਆਂ ਨੂੰ ਸਾਫ ਤੌਰ ਤੇ ਬੋਲਿਆ ਗਿਆ ਹੈ ਕਿ ਵਧੀਆ ਪ੍ਰਦਰਸ਼ਨ ਕਰੋ ਅਤੇ ਆਪਣਾ ਗ੍ਰੇਡ ਵਧਵਾਉਂਦੇ ਰਹੋ। ਇਸਦੇ ਇਲਾਵਾ ਪਾਕਿਸਤਾਨੀ ਖਿਡਾਰੀਆਂ ਨੂੰ ਸਮੇਂ-ਸਮੇਂ ‘ਤੇ ਟੂਰਨਾਮੈਂਟ ਜਿੱਤਣ ਜਾਂ ਕੋਈ ਪੋਜੀਸ਼ਨ ਹਾਸਿਲ ਕਰਨ ਤੇ ਇਨਸੈਂਟਿਵ ਵੀ ਦਿੱਤਾ ਜਾਂਦਾ ਹੈ। ਸਾਰੇ ਖਿਡਾਰੀ ਆਪਣੇ ਡਿਪਾਰਟਮੈਂਟ ਵਲੋਂ ਵੀ ਚੰਗੀ ਸੈਲਰੀ ਪਾਉਂਦੇ ਹਨ ਲਿਹਾਜ਼ਾ ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਬਾਜਵਾ ਨੇ ਦੱਸਿਆ ਕਿ ਜੂਨੀਅਰ ਲੈਵਲ ਤੇ ਵੀ ਅਸੀਂ ਆਪਣੇ ਖਿਡਾਰੀਆਂ ਨੂੰ ਪੈਸੇ ਦੇਂਦੇ ਹਾਂ। ਪਾਕਿਸਤਾਨ ਵਿਚ ਕੁਲ 18 ਹਾਕੀ ਅਕਾਦਮੀਆਂ ਹਨ ਜਿਥੇ ਅੰਡਰ 14 ਅਤੇ ਅੰਡਰ 16 ਲੈਵਲ ਦੇ ਖਿਡਾਰੀਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ। ਪੀਐਚਐਫ ਨੇ ਇਨਾਂ ਸਾਰਿਆਂ ਨੂੰ ਇਨਸੈਂਟਿਵ ਦੇਣ ਦਾ ਪ੍ਰਾਵਧਾਨ ਰਖਿਆ ਹੋਇਆ ਹੈ। ਨਾਲ ਹੀ ਕੋਚਾਂ ਅਤੇ ਸਹਾਇਕ ਸਟਾਫ ਨੂੰ ਵੀ ਪੈਸਾ ਦਿੱਤਾ ਜਾਂਦਾ ਹੈ। ਬਾਜਵਾ ਦਾ ਮੰਨਣਾ ਹੈ ਕਿ ਜਦ ਤਕ ਤੁਸੀਂ ਪੈਸੇ ਨਹੀਂ ਦੇਵੋਗੇ ਕੌਣ ਇਸ ਖੇਡ ਵਿਚ ਆਉਣਾ ਚਾਹੇਗਾ। ਅੱਜ ਦੀ ਤਾਰੀਖ ਵਿਚ ਪਾਕਿਸਤਾਨ ਦੇ ਲੋਕਾਂ ਵਿਚ ਕ੍ਰਿਕੇਟ ਅਤੇ ਹਾਕੀ ਵਿਚ ਬਰਾਬਰ ਦਾ ਕ੍ਰੇਜ ਹੈ।

**ਇਨਾਂ ਨੂੰ 20 ਤਾਂ ਉਥੇ 100 ਡਾਲਰ :** ਭਾਰਤੀ ਹਾਕੀ ਟੀਮ ਨੂੰ ਵਿਦੇਸ਼ੀ ਦੌਰੇ ਦੇ ਦੌਰਾਨ 20 ਡਾਲਰ ਹਰੇਕ ਦਿਨ ਦੇ ਹਿਸਾਬ ਨਾਲ ਭੱਤਾ ਦਿੱਤਾ ਜਾਂਦਾ ਹੈ। ਦੂਜੇ ਪਾਸੇ ਪਾਕਿਸਤਾਨੀ ਖਿਡਾਰੀਆਂ ਨੂੰ 100 ਡਾਲਰ ਹਰੇਕ ਦਿਨ ਦੇ ਹਿਸਾਬ ਨਾਲ ਮਿਲਦੇ ਹਨ। ਬਾਜਵਾ ਦੇ ਮੁਤਾਬਿਕ ਵਿਦੇਸ਼ ਵਿਚ ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੋਵੇਗੀ ਇਸ ਲਈ ਪੀ ਐਚ ਐਫ ਨੇ ਖਿਡਾਰੀਆਂ ਦੇ 100 ਡਾਲਰ ਭੱਤਾ ਪੱਕਾ ਕੀਤਾ ਹੋਇਆ ਹੈ। ਜਦ ਅਸੀਂ ਆਪਣੇ ਖਿਡਾਰੀਆਂ ਨੂੰ ਸਾਰੀਆਂ ਸਹੂਲਤਾਂ ਦੇਵਾਂਗੇ ਤਾਂ ਉਹ ਆਪਣੇ ਆਪ ਦੇਸ਼ ਨੂੰ ਗੋਲਡ ਦਿਵਾਉਣ ਦੇ ਲਈ ਕਰੜੀ ਮਿਹਨਤ ਕਰਨਗੇ। ਉਨ੍ਹਾਂ ਨੂੰ ਅਹਿਸਾਸ ਰਹਿੰਦਾ ਹੈ ਕਿ ਅਸੀਂ ਆਪਣੇ ਦੇਸ਼ ਨੂੰ ਹਰ ਹਾਲ ਵਿਚ ਜਿੱਤ ਹੀ ਦਿਵਾਉਣੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਹਰਿਆਣਾ 'ਚ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਰੱਦ ਹੋਣ-ਨਲਵੀ

**ਚੰਡੀਗੜ੍ਹ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਨੇ ਸੂਬੇ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਰਾਜ ਸਰਕਾਰ ਗੁਰਦੁਆਰਿਆਂ ਦੇ ਸਬੰਧ ਵਿਚ ਸਿੱਖ ਗੁਰਦੁਆਰਾ ਐਕਟ 1925 ਜਾਂ ਪੰਜਾਬ ਪੁਨਰਗਠਨ ਐਕਟ 1966 ਦੋਵਾਂ ਵਿਚੋਂ ਕਿਸੇ ਇਕ ਨੂੰ ਪ੍ਰਵਾਨ ਕਰਕੇ ਰਾਜ ਦੇ ਸਿੱਖਾਂ ਨਾਲ ਲੰਮੇ ਅਰਸੇ ਤੋਂ ਹੋ ਰਹੇ ਧੱਕੇ ਨੂੰ ਦੂਰ ਕਰੇ। ਰਾਜ ਵਿਚ 1925 ਦੇ ਐਕਟ ਤਹਿਤ ਚੋਣਾਂ ਕਰਵਾਉਣ ਦੇ ਅਮਲ ਨੂੰ ਰੱਦ ਕੀਤਾ ਜਾਵੇ ਤੇ ਹਰਿਆਣਾ ਵਿਚ ਵੱਖਰੀ ਕਮੇਟੀ ਬਨਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।

ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਵਰਕਿੰਗ ਪ੍ਰਧਾਨ ਅਤੇ ਜਨਰਲ ਸਕੱਤਰ ਦੀਦਾਰ ਸਿੰਘ ਨਲਵੀ ਨੇ ਕਿਹਾ ਹੈ ਕਿ ਪੰਜਾਬ ਪੁਨਰਗਠਨ ਐਕਟ ਤਹਿਤ ਹਰਿਆਣਾ ਬਣਿਆ ਸੀ ਤੇ ਇਸ ਐਕਟ ਦੇ ਸੈਕਸ਼ਨ 72 ਤਹਿਤ ਰਾਜ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਉਣ ਦੀ ਵਿਵਸਥਾ ਕੀਤੀ ਗਈ ਹੈ ਪਰ ਸਰਕਾਰ ਵੱਖਰੀ ਕਮੇਟੀ ਬਨਾਉਣ ਦੀ ਥਾਂ ਰਾਜ ਦੇ ਸਿੱਖਾਂ ਦੇ ਮਾਮਲਿਆਂ ਸਬੰਧੀ 1925 ਦੇ ਐਕਟ ਨੂੰ ਲਾਗੂ ਕਰਕੇ ਰਾਜ ਦੇ ਸਿੱਖਾਂ ਨਾਲ ਧੱਕਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਸੈਕਸ਼ਨ 72 ਤਹਿਤ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਤੇ ਅਕਾਦਮਿਕ ਯੂਨੀਵਰਸਿਟੀ ਕੁਰੂਕਸ਼ੇਤਰ ਵਿਚ ਬਣਾ ਲਈ ਪਰ ਇਸੇ ਐਕਟ ਤਹਿਤ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਬਣਾਉਣੀ ਸੀ ਪਰ ਉਸਨੂੰ ਬਨਾਉਣ ਲਈ ਲੰਮੇ ਅਰਸੇ ਵਿਚ ਬਹੁਤਾ ਕੁਝ ਨਹੀਂ ਕੀਤਾ ਗਿਆ। ਜਦੋਂਕਿ ਇਹ ਤਿੰਨੇ ਅਦਾਰੇ ਇਕੋ ਸਮੇਂ ਬਣਨੇ ਚਾਹੀਦੇ ਸਨ।

ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਵਿਚ ਵੱਖ-ਵੱਖ ਸੂਬਾਈ ਤੇ ਕੌਮੀ ਆਗੂਆਂ ਨਾਲ ਮੀਟਿੰਗਾਂ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕੱਲੀ ਹੀ ਸਿੱਖ ਪੰਥ ਦੀ ਵਾਰਸ ਹੈ। ਇਸ ਤੋਂ ਇਲਾਵਾ ਸਿੱਖਾਂ ਦੇ ਹੋਰ ਅਦਾਰਿਆਂ ਦਾ ਮਹੱਤਵ ਘੱਟ ਸਮਝਿਆ ਜਾਂਦਾ ਹੈ ਤੇ ਇਸੇ ਆਧਾਰ 'ਤੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਉਣ ਦੀ ਮੰਗ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

ਇਹ ਦਲੀਲ ਦਿੱਤੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖਰੀ ਕਮੇਟੀ ਬਨਾਉਣ ਦਾ ਵਿਰੋਧ ਕਰਦੀ ਹੈ। ਉਨ੍ਹਾਂ ਸੁਆਲ ਕੀਤਾ ਹੈ ਕਿ ਕੀ ਪੰਜਾਬੀ ਸੂਬਾ ਅਤੇ ਹਰਿਆਣਾ ਦੇ ਵੱਖਰਾ ਸੂਬਾ ਬਣ ਜਾਣ ਤੋਂ ਬਾਅਦ ਕੀ ਅਸੀਂ ਪੁਨਰਗਠਨ ਐਕਟ ਦੇ ਸੈਕਸ਼ਨ 72 ਨੂੰ ਇਕਤਰਫਾ ਤੌਰ ਤੇ ਰੱਦ ਕਰ ਸਕਦੇ ਹਾਂ? ਨਹੀਂ। ਜੇ ਹਰਿਆਣਾ ਨੂੰ ਵੱਖਰਾ ਸੂਬਾ ਪ੍ਰਵਾਨ ਕਰ ਲਿਆ ਹੈ ਤਾਂ ਰਾਜ ਨੂੰ ਵੱਖਰੀ ਕਮੇਟੀ ਦੇਣ ਵਿਚ ਕੀ ਇਤਰਾਜ਼ ਹੈ। ਹਰਿਆਣਾ ਸਰਕਾਰ ਵਿਰੁਧ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਰਾਜ ਵਿਚਲੀਆਂ ਘੱਟ ਗਿਣਤੀਆਂ ਤੇ ਖਾਸ ਤੌਰ 'ਤੇ ਸਿੱਖਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰ ਤੇ ਹੱਕ ਨਾ ਦੇ ਕੇ ਮਾਣ ਮਹਿਸੂਸ ਕਰਦੀ ਹੈ ਤੇ ਉਂਜ ਆਪਣੇ ਆਪ ਨੂੰ ਧਰਮ ਨਿਰਪੱਖ ਤੇ ਜਮਹੂਰੀ ਸਰਕਾਰ ਕਹਾਉਂਦੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦੀ ਅਕਾਲੀ ਦਲ ਬਾਦਲ ਦੀ ਯੋਗਤਾ ਤੇ ਸਵਾਲੀਆ ਨਿਸ਼ਾਨ ਲੱਗਾ

**ਚੰਡੀਗੜ੍ਹ:** ਇਸੇ ਸਾਲ ਜੁਲਾਈ ਅਗਸਤ ਤਕ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਫ਼ਾਰਮ ਜਿਵੇਂ ਜਿਵੇਂ ਛਪ ਕੇ ਜ਼ਿਲ੍ਹਿਆਂ ਵਿਚ ਜਾਈ ਜਾ ਰਹੇ ਹਨ, ਉਸ ਤੋਂ ਜਾਗਰੂਕ ਹੋ ਕੇ ਸਿੱਖ ਜਥੇਬੰਦੀਆਂ ਸਾਬਤ ਸੂਰਤ ਸਿੱਖ ਵੋਟਰ ਦੇ ਹੱਕ ਵਿਚ ਅੱਗੇ ਆ ਰਹੀਆਂ ਹਨ।

ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੀਆਂ 120 ਸੀਟਾਂ ਤੋਂ 170 ਮੈਂਬਰ ਚੁਣ ਕੇ ਬਣੀ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਨੇ ਧਰਮ ਪ੍ਰਚਾਰ 'ਚ ਮੋਹਰੀ ਕੰਮ ਕਰਨਾ ਹੁੰਦਾ ਹੈ, ਇਸ ਕਰ ਕੇ ਮੌਜੂਦਾ ਸਿਆਸਤਦਾਨਾਂ ਦੀ ਸਰਦਾਰੀ ਤੋਂ ਤੰਗ ਆ ਕੇ ਪੰਥਕ ਜਥੇਬੰਦੀਆਂ ਨੇ ਇਸ ਵਾਰ ਸ਼੍ਰੋਮਣੀ ਕਮੇਟੀ ਦੀ ਆਜ਼ਾਦ ਹਸਤੀ ਕਾਇਮ ਕਰਨ ਦਾ ਤਹਈਆ ਕੀਤਾ ਹੋਇਆ ਹੈ। ਸ਼੍ਰੋਮਣੀ ਪੰਥਕ ਕੌਂਸਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਪੰਚ ਪ੍ਰਧਾਨੀ, ਲੌਂਗੋਵਾਲ ਅਕਾਲੀ ਦਲ, ਅਕਾਲੀ ਦਲ 1920 ਅਤੇ ਹੋਰ ਸਿੱਖ ਜਥੇਬੰਦੀਆਂ ਨੇ ਗੁਰਦਵਾਰਾ ਚੋਣ ਕਮਿਸ਼ਨ ਤਕ ਪਹੁੰਚ ਕਰਨੀ ਸ਼ੁਰੂ ਕਰ ਦਿਤੀ ਹੈ ਤਾਂ ਕਿ ਚੋਣ ਪ੍ਰਬੰਧਾਂ ਬਾਰੇ ਪੂਰੀ ਜਾਣਕਾਰੀ ਲਈ ਜਾ ਸਕੇ। ਗੁਰਦਵਾਰਾ ਚੋਣ ਕਮਿਸ਼ਨ ਦੇ ਸੂਤਰਾਂ ਅਨੁਸਾਰ ਕਮਿਸ਼ਨ ਵੀ ਆਉਂਦੇ ਦਿਨਾਂ 'ਚ ਸਿੱਖ ਧਾਰਮਕ ਜਥੇਬੰਦੀਆਂ ਨਾਲ ਬੈਠਕ ਕਰ ਕੇ ਸੁਝਾਅ ਲੈਂਦਾ ਰਹੇਗਾ ਤਾਕਿ ਵੋਟਾਂ ਪੁਆਉਣ ਦਾ ਕੰਮ ਨਿਰਪੱਖ ਢੰਗ ਨਾਲ ਹੋ ਸਕੇ।

ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਦਸਿਆ ਕਿ ਉਹ ਸਾਬਤ ਸੂਰਤ ਸਿੱਖ ਵੋਟਰ ਦੇ ਮੁੱਦੇ ਨੂੰ ਲੈ ਕੇ ਦਿੱਲੀ ਤੋਂ ਸ. ਪਰਮਜੀਤ ਸਿੰਘ ਸਰਨਾ ਸਮੇਤ ਲੌਂਗੋਵਾਲ ਦਲ ਦੇ ਆਗੂ ਬਲਦੇਵ ਸਿੰਘ ਮਾਨ ਨੂੰ ਨਾਲ ਲੈ ਕੇ 19 ਜਨਵਰੀ ਨੂੰ ਚੀਫ਼ ਕਮਿਸ਼ਨਰ ਗੁਰਦਵਾਰਾ ਚੋਣ ਕਮਿਸ਼ਨਰ ਸ. ਹਰਫੂਲ ਸਿੰਘ ਬਰਾੜ ਨਾਲ ਮੁਲਾਕਾਤ ਕਰਨਗੇ। ਸ. ਕਲਕੱਤਾ ਨੇ ਦਸਿਆ ਕਿ ਉਨ੍ਹਾਂ ਦੀ ਜਥੇਬੰਦੀ ਇਸ ਮੁੱਦੇ 'ਤੇ ਜ਼ੋਰ ਪਾਏਗੀ ਕਿ ਸਿਰਫ਼ ਸਾਬਤ ਸੂਰਤ ਸਿੱਖ ਬੰਦੇ ਅਤੇ ਸਿੱਖ ਬੀਬੀਆਂ ਹੀ ਵੋਟਰ ਬਣਨ ਤੇ ਵੋਟਰ ਫ਼ਾਰਮ 'ਤੇ ਸਿੱਖੀ ਦੇ ਸਬੂਤ ਦੀ ਤਸਵੀਰ ਵੀ ਲੱਗੇ। ਫ਼ਾਰਮ ਦੀ ਤਸਦੀਕ ਕਰਨ ਵਾਲੇ ਪਟਵਾਰੀ ਜਾਂ ਮਿਊਂਸਪਲ ਮੁਲਾਜ਼ਮਾਂ ਵਿਰੁਧ ਅਣਗਹਿਲੀ ਦੀ ਹਾਲਤ ਵਿਚ ਸਖ਼ਤ ਐਕਸ਼ਨ ਲੈਣ 'ਤੇ ਵੀ ਜ਼ੋਰ ਦਿਤਾ ਜਾਵੇ।

ਅਕਾਲੀ ਦਲ ਬਾਦਲ ਵਲੋਂ ਇਕ ਧਾਰਮਕ ਅਤੇ ਦੂਜਾ ਸੈਕੂਲਰ ਵਿਧਾਨ, ਭਾਰਤ ਦੇ ਚੋਣ ਕਮਿਸ਼ਨ ਅਤੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਵੱਖ-ਵੱਖ ਦੇਣ ਸਬੰਧੀ ਸ. ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਇਸ ਅਹਿਮ ਨੁਕਤੇ ਬਾਰੇ ਵੀ ਚੀਫ਼ ਕਮਿਸ਼ਨਰ ਨਾਲ ਗੱਲਬਾਤ ਕਰ ਕੇ ਅਪਣਾ ਇਤਰਾਜ਼ ਦਰਜ ਕਰਵਾਵਾਂਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਦੀ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦੀ ਯੋਗਤਾ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਖ਼ੁਦ ਜੱਜ ਰਹੇ ਸ. ਹਰਫੂਲ ਸਿੰਘ ਬਰਾੜ 'ਤੇ ਸਾਨੂੰ ਭਰੋਸਾ ਹੈ ਕਿ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਆਜ਼ਾਦ ਤਰੀਕੇ ਨਾਲ ਨੇਪਰੇ ਚਾੜ੍ਹੀਆਂ ਜਾਣਗੀਆਂ।

# ਤੇਲੰਗਾਨਾ ਮੁੱਦੇ 'ਤੇ ਸਰਬ ਪਾਰਟੀ ਮੀਟਿੰਗ ਬੇਸਿੱਟਾ

**ਨਵੀਂ ਦਿੱਲੀ** : ਤੇਲੰਗਾਨਾ ਮੁੱਦੇ ਬਾਰੇ ਲੰਘੀ 5 ਜਨਵਰੀ ਨੂੰ ਹੋਈ ਸਰਬ ਪਾਰਟੀ ਮੀਟਿੰਗ ਵਿਚ ਵੱਖਰਾ ਸੂਬਾ ਬਣਾਉਣ ਨੂੰ ਲੈ ਕੇ ਸਿਆਸੀ ਪਾਰਟੀਆਂ ਦਰਮਿਆਨ ਮਤਭੇਦ ਖ਼ਤਮ ਨਹੀਂ ਹੋ ਸਕੇ ਅਤੇ ਇਸ ਗੱਲ ਦੇ ਸੰਕੇਤ ਮਿਲੇ ਹਨ ਕਿ ਮੁੱਦੇ ਉਤੇ ਮੁੜ ਚਰਚਾ ਹੋ ਸਕਦੀ ਹੈ।

ਵੱਖਰੇ ਤੇਲੰਗਾਨਾ ਸੂਬੇ ਦੀ ਮੰਗ ਕਰ ਰਹੇ ਤੇਲੰਗਾਨਾ ਰਾਸ਼ਟਰ ਸੰਮਤੀ ਦੇ ਆਗੂ ਕੇ. ਚੰਦਰਸ਼ੇਖ਼ਰ ਰਾਓ ਅਤੇ ਭਾਜਪਾ ਦੇ ਬੰਡਾਰੂ ਦੱਤਾਤ੍ਰੇਆ ਨੇ ਮੰਗ ਕੀਤੀ ਕਿ ਕੇਂਦਰ ਵੱਖਰੇ ਸੂਬੇ ਦੇ ਗਠਨ ਲਈ ਤੁਰਤ ਕਦਮ ਚੁੱਕੇ। ਉਥੇ ਹੀ ਪ੍ਰਜਾ ਰਾਜਯਮ ਪਾਰਟੀ ਦੇ ਮੁਖੀ ਚਿਰੰਜੀਵੀ ਨੇ ਸਾਫ਼ ਕਰ ਦਿਤਾ ਕਿ ਉਨ੍ਹਾਂ ਦੀ ਪਾਰਟੀ ਇਕਜੁੱਟ ਆਂਧਰਾ ਪ੍ਰਦੇਸ਼ ਦੇ ਹੱਕ ਵਿਚ ਹੈ। ਫ਼ਿਲਮਾਂ ਦੇ ਮੈਦਾਨ ਵਿਚੋਂ ਸਿਆਸਤ ਦੇ ਅਖਾੜੇ 'ਚ ਆਏ ਚਿਰੰਜੀਵੀ ਨੇ ਇਕ ਕਮੇਟੀ ਗਠਿਤ ਕਰਨ ਦਾ ਸਮਰਥਨ ਕੀਤਾ ਜਿਸ ਵਿਚ ਇਸ ਮੁੱਦੇ ਬਾਰੇ ਵਿਚਾਰ ਲਈ ਸਾਰੇ ਸਮੂਹਾਂ ਨੂੰ ਸ਼ਾਮਲ ਕੀਤਾ ਜਾਵੇ। ਰਾਓ ਨੇ ਕਿਹਾ ਕਿ ਉਹ ਕੇਂਦਰ ਦੇ ਜਵਾਬ ਦੀ ਉਡੀਕ ਕਰ ਰਹੇ ਹਨ। ਆਂਧਰਾ ਪ੍ਰਦੇਸ਼ ਦੀਆਂ 8 ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਚਾਰ ਘੰਟੇ ਤਕ ਚਲੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਗ੍ਰਿਹ ਮੰਤਰੀ ਪੀ. ਚਿਦੰਬਰਮ ਨੇ ਮੰਨਿਆ ਕਿ ਪਾਰਟੀਆਂ ਇਸ ਮੁੱਦੇ 'ਤੇ ਵੰਡੀਆਂ ਹੋਈਆਂ ਹਨ। ਉਨ੍ਹਾਂ ਕਿਹਾ, "ਮੈਨੂੰ ਲਗਦਾ ਹੈ ਕਿ ਕੋਈ ਵੀ ਹੋਰ ਸਮੂਹਾਂ ਅਤੇ ਭਾਈਵਾਲਾਂ ਨਾਲ ਅਗਲੀ ਗੱਲਬਾਤ ਦੇ ਵਿਰੁਧ ਨਹੀਂ ਹੈ। ਜੇ ਇਸ ਤਰ੍ਹਾਂ ਦੀ ਕੋਈ ਗੱਲ ਹੁੰਦੀ ਤਾਂ ਉਹ ਇਹ ਜ਼ਰੂਰ ਕਹਿੰਦੇ ਕਿ ਨਿਰਧਾਰਤ ਸਮਾਂ ਹੱਦ ਅੰਦਰ ਕੰਮ ਪੂਰਾ ਕੀਤਾ ਜਾਵੇ।" ਮੀਟਿੰਗ ਦੌਰਾਨ ਪੀ. ਚਿੰਦਬਰਮ ਨੇ ਆਂਧਰਾ ਪ੍ਰਦੇਸ਼ ਦੇ ਸਾਰੇ ਸਿਆਸੀ ਦਲਾਂ ਦੇ ਨੇਤਾਵਾਂ ਨੂੰ ਸ਼ਾਂਤੀ, ਭਾਈਚਾਰਾ ਅਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਦੀ ਅਪੀਲ ਕੀਤੀ।

ਅਪਣੇ ਸ਼ੁਰੂਆਤੀ ਭਾਸ਼ਣ 'ਚ ਪੀ. ਚਿਦੰਬਰਮ ਨੇ ਸੰਕੇਤ ਦਿਤਾ ਕਿ ਜੇ ਮਸਲਾ ਹੱਲ ਨਾ ਹੋਇਆ ਤਾਂ ਮਾਓਵਾਦੀ ਖ਼ੁਸ਼ ਹੋ ਜਾਣਗੇ। ਆਂਧਰਾ ਪ੍ਰਦੇਸ਼ ਦੀਆਂ 8 ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨਾਲ ਹੋਈ ਇਹ ਬੈਠਕ ਕਿਸੇ ਫ਼ੈਸਲੇ ਤਕ ਨਹੀਂ ਪਹੁੰਚ ਸਕੀ। ਭਾਜਪਾ ਦੇ ਸੂਬਾ ਪ੍ਰਧਾਨ ਬੰਡਾਰੂ ਨੇ ਕਿਹਾ ਕਿ ਕਾਂਗਰਸ ਨੂੰ ਤੇਲੰਗਾਨਾ ਮੁੱਦੇ 'ਤੇ ਅਪਣਾ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ।

# ਕਾਮਰੇਡ ਬਾਸੂ ਦਾ ਹਾਲ-ਚਾਲ ਪੁੱਛਣ ਗਏ ਮਨਮੋਹਨ ਸਿੰਘ

**ਕੋਲਕਾਤਾ:** ਨਮੂਨੀਆ ਪੀੜਤ 95 ਸਾਲਾ ਬਜ਼ੁਰਗ ਕਮਿਊਨਿਸਟ ਆਗੂ ਕਾਮਰੇਡ ਜਯੋਤੀ ਬਾਸੂ ਦੀ ਹਾਲਤ ਅਜੇ ਵੀ ਗੰਭੀਰ ਬਣੀ ਹੋਈ ਹੈ ਤੇ ਉਨ੍ਹਾਂ ਨੂੰ ਬਨਾਉਟੀ ਸਾਹ ਪ੍ਰਣਾਲੀ 'ਤੇ ਰੱਖਿਆ ਗਿਆ ਹੈ। ਕਾਮਰੇਡ ਬਾਸੂ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖ਼ੁਦ ਹਸਪਤਾਲ ਜਾ ਕੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਪ੍ਰਧਾਨ ਮੰਤਰੀ ਨੇ ਉਨ੍ਹਾਂ ਦਾ ਇਲਾਜ ਕਰ ਰਹੇ ਡਾਕਟਰਾਂ ਤੋਂ ਕਾਮਰੇਡ ਬਾਸੂ ਦੀ ਸਿਹਤ ਬਾਰੇ ਜਾਣਕਾਰੀ ਲਈ।

ਇਸ ਦੌਰਾਨ ਪ੍ਰਧਾਨ ਮੰਤਰੀ ਨੇ ਹਸਪਤਾਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਜੇਕਰ ਕਾਮਰੇਡ ਬਾਸੂ ਦੇ ਇਲਾਜ ਲਈ ਦੇਸ਼ ਦੇ ਕਿਸੇ ਹੋਰ ਡਾਕਟਰ ਦੀ ਲੋੜ ਹੈ ਤਾਂ ਸਰਕਾਰ ਇਸ ਦਾ ਇੰਤਜ਼ਾਮ ਕਰਨ ਲਈ ਤਿਆਰ ਹੈ। ਸੂਤਰਾਂ ਮੁਤਾਬਕ ਪ੍ਰਧਾਨ ਮੰਤਰੀ ਨੇ ਕਾਮਰੇਡ ਬਾਸੂ ਦੇ ਪੁੱਤਰ ਚੰਦਨ ਨਾਲ ਗੱਲਬਾਤ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ। ਗੰਭੀਰ ਰੂਪ ਵਿਚ ਬਿਮਾਰ ਕਾਮਰੇਡ ਬਾਸੂ ਦਾ ਹਾਲ-ਚਾਲ ਪੁੱਛਣ ਸਮੇਂ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ, ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ ਤੇ ਸੂਬਾ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਪਰਦੀਪ ਭੱਟਾਚਾਰੀਆ ਵੀ ਪ੍ਰਧਾਨ ਮੰਤਰੀ ਨਾਲ ਗਏ। ਪ੍ਰਧਾਨ ਮੰਤਰੀ ਕਰੀਬ 20 ਮਿੰਟਾਂ ਤੱਕ ਹਸਪਤਾਲ 'ਚ ਰਹੇ।

ਇਸ ਤੋਂ ਇਲਾਵਾ ਸੀਪੀਆਈ ਐਮ ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ, ਸੀਨੀਅਰ ਆਗੂ ਸੀਤਾਰਾਮ ਯੇਚੁਰੀ, ਮਾਨਿਕ ਸਰਕਾਰ, ਬਿਮਾਨ ਬੋਸ, ਸੀਪੀਆਈ ਆਗੂ ਏ ਬੀ ਬਰਧਨ ਤੇ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਨੇ ਵੀ ਕਾ. ਬਾਸੂ ਦਾ ਹਾਲ ਚਾਲ ਪੁੱਛਿਆ।

# ਕ੍ਰਿਕਟ ਨੂੰ ਛੱਡ ਕੇ ਹੋਰ ਸਾਰੀਆਂ ਖੇਡਾਂ ਗਰਦਿਸ਼ 'ਚ

**ਅਹਿਮਦਾਬਾਦ:** ਕ੍ਰਿਕੇਟ ਤੇ ਹਾਕੀ ਦੇ ਖਿਡਾਰੀਆਂ ਦੇ ਮਿਹਨਤਾਨੇ-ਸੁਵਿਧਾਵਾਂ ਦੀ ਆਪਸ ਵਿਚ ਤੁਲਨਾ ਕਰਨਾ ਸਾਡੇ ਰਾਸ਼ਟਰੀ ਖੇਡ ਦਾ ਅਪਮਾਨ ਜਿਹਾ ਹੈ। ਮਿਹਨਤੀ ਭੁਗਤਾਨ ਵਿਚ ਦੇਰੀ ਦੇ ਖੁਲਾਸੇ ਨੇ ਹਾਕੀ ਦੇ ਪ੍ਰਤੀ ਸਾਡੀ ਗੰਭੀਰਤਾ ਦੀ ਪੋਲ ਹੋਰ ਖੋਲ ਦਿੱਤੀ ਹੈ।

ਕ੍ਰਿਕੇਟ ਨੂੰ ਛੱਡਕੇ ਹਾਕੀ, ਟੈਨਿਸ, ਬਾਸਕੇਟਬਾਲ, ਫੁਟਬਾਲ, ਬੈਡਮਿੰਟਨ ਸਮੇਤ ਹੋਰ ਸਾਰੀਆਂ ਖੇਡਾਂ ਦੇ ਖਿਡਾਰੀਆਂ ਦੀ ਹਾਲਤ ਤਰਸਯੋਗ ਹੈ। ਗੁਜਰਾਤ ਵਿਚ ਰਾਸ਼ਟਰੀ ਸੱਤਰ ਦਾ ਟੂਰਨਾਮੈਂਟ ਖੇਡਣ ਵਾਲੇ ਹਾਕੀ ਖਿਡਾਰੀਆਂ ਨੂੰ ਇਕ ਦਿਨ ਦਾ ਭੱਤਾ ਮਹਿਜ 40 ਰੁਪਏ ਦਿੱਤਾ ਜਾਂਦਾ ਹੈ। ਉਥੇ, ਰਣਜੀ ਸੱਤਰ ਦੇ ਕ੍ਰਿਕੇਟਰ ਨੂੰ ਸਵਾ ਲੱਖ ਰੁਪਏ ਮਿਲਦੇ ਹਨ। ਹਾਕੀ ਕੋਚ ਜੇ. ਸੈਮੂਅਲ ਕਹਿੰਦੇ ਹਨ ਕਿ ਯਾਤਰਾ ਤੇ ਨਿਵਾਸ ਭੱਤੇ ਦੇ ਇਲਾਵਾ ਹਾਕੀ ਖਿਡਾਰੀਆਂ ਨੂੰ ਕੁਝ ਖਾਸ ਨਹੀਂ ਦਿੱਤਾ ਜਾਂਦਾ ਹੈ। ਰਣਜੀ ਕ੍ਰਿਕੇਟਰ ਨੂੰ ਸਵਾ ਲੱਖ ਰੁਪਏ ਮਿਹਨਤਾਨਾ ਤੇ 500 ਰੁਪਏ ਦਾ ਦੈਨਿਕ ਭੱਤਾ ਮਿਲਦਾ ਹੈ। ਨਾਲ ਹੀ ਥ੍ਰੀ ਸਟਾਰ ਹੋਟਲ ਵਿਚ ਰਹਿਣ ਅਤੇ ਹਵਾਈ ਯਾਤਰਾ ਦੀ ਸਹੂਲਤ ਵੀ ਮਿਲਦੀ ਹੈ।

**ਮੁਫਤ ਦਾ ਉਛਲ ਕੁਦ :** ਬਾਸਕੇਟਬਾਲ ਦੇ ਖਿਡਾਰੀ ਇਥੇ ਮੁਫ਼ਤ ਵਿਚ ਖੇਡਦੇ ਹਨ। ਰਾਜ ਪੱਧਰ ਤੇ ਖੇਡਣ ਤੇ ਇਨ੍ਹਾਂ ਨੂੰ ਇਕ ਪੈਸੇ ਦਾ ਲਾਭ ਨਹੀਂ ਹੁੰਦਾ। ਅੰਤਰਰਾਸ਼ਟਰੀ ਪੱਧਰ ਤੇ ਬਾਸਕੇਟਬਾੱਲ ਖੇਡ ਚੁੱਕੇ ਦਿਸ਼ਾਂਤ ਸ਼ਾਹ ਕਹਿੰਦੇ ਹਨ, 'ਅਸੀਂ ਖਿਡਾਰੀਆਂ ਨੂੰ ਤਾਂ ਪ੍ਰਤੀਯੋਗਿਤਾ ਦੇ ਲਈ ਆਉਣ ਜਾਣ ਦੇ ਖਰਚ ਦੀ ਜੁਗਾੜ ਵੀ ਖੁਦ ਹੀ (ਆਪਣੀ ਜੇਬ 'ਚੋਂ) ਕਰਨਾ ਪੈਂਦਾ ਹੈ।'

**ਖੇਡ ਦੇ ਬਾਅਦ ਵੀ :** ਪਹਿਲੀ ਸ਼੍ਰੇਣੀ ਕ੍ਰਿਕੇਟ ਖੇਡਣ ਦੇ ਬਾਅਦ ਤਾਂ ਖਿਡਾਰੀ ਦੀ ਕਿਸਮਤ ਖੁਲ ਜਾਂਦੀ ਹੈ। ਇਨਾਂ ਨੂੰ ਪ੍ਰਤੀ ਮੈਚ ਚੰਗੀ ਖਾਸੀ ਰਕਮ ਤਾਂ ਮਿਲਦੀ ਹੀ ਹੈ, ਫਿਰ ਰਿਟਾਇਰਮੈਂਟ ਦੇ ਬਾਅਦ ਪੈਂਸ਼ਨ ਵੀ ਮਿਲਦੀ ਹੈ। ਰਣਜੀ ਤੇ ਦਿਲੀਪ ਟ੍ਰਾਫੀ ਖੇਡ ਚੁੱਕੇ ਖਿਡਾਰੀਆਂ ਦੀ ਪੈਂਸ਼ਨ ਰਾਸ਼ੀ 12 ਤੋਂ 35 ਹਜ਼ਾਰ ਰੁਪਏ ਤੱਕ ਹੈ। ਦੂਜੇ ਪਾਸੇ, ਹਾਕੀ, ਫੁੱਟਬਾਲ, ਬੈਡਮਿੰਟਨ ਸਹਿਤ ਹੋਰ ਖੇਡਾਂ ਦੇ ਸਟਾਰ ਖਿਡਾਰੀਆਂ ਨੂੰ ਨੌਕਰੀ ਦੇ ਲਈ ਖਾਕ ਛਾਨਣੀ ਪੈਂਦੀ ਹੈ। ਪੈਂਸ਼ਨ ਤਾਂ ਦੂਰ ਦੀ ਗੱਲ ਹੈ।

**ਇਕ ਮੈਚ 800 ਰੁਪੇ ਦਾ :** ਟੈਨਿਸ ਦੇ ਰਾਸ਼ਟਰੀ ਮੁਕਾਬਲੇ ਵਿਚ ਖੇਡਣ ਵਾਲੇ ਖਿਡਾਰੀ ਨੂੰ ਹਰੇਕ ਮੈਚ 800 ਰੁਪਏ ਦਾ ਭੁਗਤਾਨ ਕੀਤਾ ਜਾਂਦਾ ਹੈ। ਦੇਸ਼ ਵਿਚ ਟੈਨਿਸ ਦੀ ਕਿਸੇ ਵੀ ਰਾਸ਼ਟਰੀ ਪ੍ਰਤੀਯੋਗਿਤਾ ਦੇ ਵਿਜੇਤਾ ਨੂੰ ਜ਼ਿਆਦਾਤਰ 20 ਹਜ਼ਾਰ ਰੁਪਏ ਮਿਲ ਸਕਦੇ ਹਨ।

**ਸ਼ਟਲਰ ਨੂੰ 200 ਰੁਪਏ ਭੱਤਾ :** ਬੈਡਮਿੰਟਨ ਦੀ ਹਾਲਤ ਵੀ ਤਰਸਯੋਗ ਹੀ ਹੈ। ਬੈਡਮਿੰਟਨ ਖਿਡਾਰੀ ਨੂੰ ਹਰੇਕ ਮੈਚ 200 ਰੁਪਏ ਭੱਤਾ ਮਿਲਦਾ ਹੈ। ਰਾਸ਼ਟਰੀ ਸੱਤਰ ਦਾ ਟੂਰਨਾਮੈਂਟ ਜਿੱਤਣ ਤੇ ਵੀ ਉਸਨੂੰ ਜਿਆਦਾਤਰ ਇਕ ਲੱਖ ਰੁਪਏ ਹੀ ਮਿਲ ਜਾਂਦੇ ਹਨ।


Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju

Tel: 773-973-0200

Fax: 773-973-0557

2542 W Devon Ave. Chicago IL 60659



Desi Bazar

916 E. Main Street #118, Greenwood, IN, 46143

Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



ਅਸਾਧ ਰੋਗਾਂ ਦਾ ਕੁਦਰਤੀ ਇਲਾਜ



*ਆਯੂਰਵੈਦ *ਐਕੂਪ੍ਰੈਸ਼ਰ *ਰੇਇਕੀ

ਖਾਨਦਾਨੀ ਵੈਦ ਰਾਜੀਵ ਕੁਮਾਰ ਅਗਰਵਾਲ

ਤਿੰਨ ਪੁਸ਼ਤਾਂ ਦਾ ਖਾਨਦਾਨੀ ਤਜਰਬਾ

Dr. Rajiv K Agarwal

Ayurvadic Practitioner,
Su-jok Accupressure Therapist
and Reiki Grand Master

India Health Today

400 W. Main Street Ste. 204
Executive Center, Gaylord, MI 49735

Also available for consultation in Canton & Plymouth




Swami Ramdev's Divya Products also available.

Ph. 231-360-1435, 231-409-7692

www.indiahealthtoday.com

# ਪ੍ਰੋ. ਦਰਸ਼ਨ ਸਿੰਘ ਪੇਸ਼ ਨਾ ਹੋਏ, 29 ਜਨਵਰੀ ਤੱਕ ਮੋਹਲਤ ਮਿਲੀ

**ਅੰਮ੍ਰਿਤਸਰ:** ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਲੰਘੀ 7 ਜਨਵਰੀ ਨੂੰ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਤਨਖਾਹ ਲਵਾਉਣ ਲਈ ਹਾਜ਼ਰ ਨਹੀਂ ਹੋਏ ਜਦੋਂਕਿ ਦੂਜੇ ਪਾਸੇ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ ਤਨਖਾਹ ਲਾਉਣ ਦੀ ਥਾਂ ਖਿਮਾ-ਯਾਚਨਾ ਲਈ 29 ਜਨਵਰੀ ਤਕ ਇਕ ਹੋਰ ਮੌਕਾ ਦੇ ਦਿਤਾ ਹੈ। ਸਿੰਘ ਸਾਹਿਬਾਨ ਨੇ ਕਿਹਾ ਕਿ ਜੇਕਰ ਉਹ ਨਿਸ਼ਚਿਤ ਸਮੇਂ ਤਕ ਖਿਮਾ-ਯਾਚਨਾ ਨਹੀਂ ਕਰਦੇ ਤਾਂ ਉਨ੍ਹਾਂ ਖਿਲਾਫ ਪੰਥ ਪ੍ਰੰਪਰਾਵਾਂ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਪ੍ਰੋ. ਦਰਸ਼ਨ ਸਿੰਘ ਨੇ ਆਪਣੇ ਏਲਚੀ ਰਾਹੀਂ ਇਕ ਪੱਤਰ ਭੇਜਿਆ, ਜਿਹੜਾ ਉਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੋਲਕ 'ਤੇ ਰੱਖ ਦਿੱਤਾ ਅਤੇ ਇਸ ਪੱਤਰ ਦੀਆਂ ਕਾਪੀਆਂ ਪੰਜ ਸਿੰਘ ਸਾਹਿਬਾਨ ਨੂੰ ਸੌਂਪੀਆਂ।

ਬੀਤੀ 8 ਜਨਵਰੀ ਨੂੰ ਸ਼ਾਮ ਤਕ ਚੱਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਕੱਤਰਤਾ ਦੌਰਾਨ ਆਮ ਪੰਥਕ ਮਾਮਲਿਆਂ ਤੋਂ ਇਲਾਵਾ ਪ੍ਰੋ. ਦਰਸ਼ਨ ਸਿੰਘ ਦਾ ਮਾਮਲਾ ਵਿਚਾਰਿਆ ਗਿਆ। ਉਨ੍ਹਾਂ ਕਿਹਾ ਕਿ ਉਹ ਤਨਖਾਹ ਲਵਾਉਣ ਲਈ ਹਾਜ਼ਰ ਨਹੀਂ ਹੋਏ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਦਿਨ ਪਹਿਲਾਂ ਪੰਜ ਸਾਬਕਾ ਜਥੇਦਾਰਾਂ ਵਲੋਂ ਕੀਤੀ ਗਈ ਅਪੀਲ ਦੇ ਆਧਾਰ ਤੇ ਹੀ ਪ੍ਰੋ. ਦਰਸ਼ਨ ਸਿੰਘ ਨੂੰ ਆਪਣੀ ਭੁੱਲ ਦੀ ਖਿਮਾ-ਯਾਚਨਾ ਕਰਨ ਦਾ ਇਕ ਹੋਰ ਮੌਕਾ ਦਿੱਤਾ ਗਿਆ ਹੈ। ਉਹ 29 ਜਨਵਰੀ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁੱਖ ਪੇਸ਼ ਹੋ ਕੇ ਹੋਈ ਭੁੱਲ ਦੀ ਖਿਮਾ-ਯਾਚਨਾ ਕਰਨ। ਜੇਕਰ ਉਹ ਨਿਸ਼ਚਿਤ ਸਮੇਂ ਤਕ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਖ਼ਿਲਾਫ ਅਗਲੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਰੋਚੈਸਟਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਖਿਲਾਫ ਇਤਰਾਜ਼ਯੋਗ ਟਿੱਪਣੀ ਕਰਨ ਦੇ ਦੋਸ਼ ਹੇਠ ਬੀਤੇ ਸਾਲ 5 ਦਸੰਬਰ ਨੂੰ ਸਪੱਸ਼ਟੀਕਰਨ ਦੇਣ ਲਈ ਬੁਲਾਇਆ ਗਿਆ ਸੀ ਪਰ ਉਹ ਨਿਮਾਣੇ ਸਿੱਖ ਵਜੋਂ ਪੰਜ ਸਿੰਘ ਸਾਹਿਬਾਨ ਦੇ ਸਨਮੁੱਖ ਪੇਸ਼ ਨਹੀਂ ਹੋਏ। ਉਨ੍ਹਾਂ ਦੋਸ਼ ਲਾਇਆ ਕਿ ਸਾਬਕਾ ਜਥੇਦਾਰ ਹਉਮੈ ਦਾ ਸ਼ਿਕਾਰ ਹੋ ਕੇ ਸੰਗਤਾਂ ਵਿਚ ਦੁਬਿਧਾ ਪੈਦਾ ਕਰਨ ਲਈ ਝੂਠਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਪ੍ਰੋ. ਦਰਸ਼ਨ ਸਿੰਘ ਵਲੋਂ ਭੇਜੇ ਗਏ ਪੱਤਰ ਵਿਚ "ਤਖ਼ਤਾਂ ਦੇ ਜਥੇਦਾਰਾਂ ਨੂੰ ਮੱਸੇ ਰੰਘੜ ਵਾਂਗ ਤਖ਼ਤਾਂ 'ਤੇ ਕਾਬਜ਼ ਹੋਣ" ਵਰਗੀ ਵਰਤੀ ਗਈ ਸ਼ਬਦਾਵਲੀ 'ਤੇ ਸਖ਼ਤ ਇਤਰਾਜ਼ ਕਰਦਿਆਂ ਕਿਹਾ ਕਿ ਮੀਡੀਆ ਉਨ੍ਹਾਂ ਕੋਲੋਂ ਪੁੱਛੇ ਕਿ ਉਹ ਖੁਦ ਵੀ ਇਸੇ ਹੀ ਤਖ਼ਤ 'ਤੇ ਜਥੇਦਾਰ ਰਹੇ ਹਨ, ਕੀ ਅਜਿਹੀ ਸ਼ਬਦਾਵਲੀ ਵਰਤਣੀ ਉਨ੍ਹਾਂ ਨੂੰ ਸ਼ੋਭਾ ਦਿੰਦੀ ਹੈ? ਉਨ੍ਹਾਂ ਕਿਹਾ ਕਿ ਵਿਅਕਤੀ ਦਾ ਜੀਵਨ ਜਿਸ ਤਰ੍ਹਾਂ ਦਾ ਹੋਵੇ, ਉਸੇ ਤਰ੍ਹਾਂ ਦੇ ਉਸ ਦੇ ਵਿਚਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਦੇ ਬਿਰਧ ਬਾਣੇ ਦਾ ਧਿਆਨ ਰੱਖਦਿਆਂ ਉਨ੍ਹਾਂ ਨੂੰ ਇਕ ਆਖਰੀ ਮੌਕਾ ਦਿੱਤਾ ਗਿਆ ਹੈ। ਇਸਤੋਂ ਪਹਿਲਾਂ ਪ੍ਰੋ. ਦਰਸ਼ਨ ਸਿੰਘ ਦਾ ਪੱਤਰ ਲੈ ਕੇ ਏਲਚੀ ਦੇ ਰੂਪ ਵਿਚ ਪੁੱਜੇ ਖਾਲਸਾ ਪੰਚਾਇਤ ਦੇ ਆਗੂ ਚਰਨਜੀਤ ਸਿੰਘ ਖਾਲਸਾ ਅਤੇ ਸੁਖਵਿੰਦਰ ਸਿੰਘ ਨੇ ਅਰਦਾਸ ਕਰਕੇ ਇਹ ਪੱਤਰ ਅਕਾਲ ਤਖ਼ਤ ਸਾਹਿਬ ਦੀ ਗੋਲਕ 'ਤੇ ਰੱਖ ਦਿੱਤਾ। ਇਥੇ ਇਹ ਜ਼ਿਕਰਯੋਗ ਹੈ ਕਿ 5 ਦਸੰਬਰ ਨੂੰ ਪ੍ਰੋ. ਦਰਸ਼ਨ ਸਿੰਘ ਵੀ ਆਪਣੇ ਸਪੱਸ਼ਟੀਕਰਨ ਦੇ ਦਸਤਾਵੇਜ਼ਾਂ ਦੀ ਫਾਈਲ ਇਸੇ ਗੋਲਕ 'ਤੇ ਰੱਖ ਕੇ ਚਲੇ ਗਏ ਸਨ। ਇਸ ਪੱਤਰ ਦੀਆਂ ਕਾਪੀਆਂ ਏਲਚੀਆਂ ਨੇ ਪੰਜ ਸਿੰਘ ਸਾਹਿਬਾਨ ਨੂੰ ਸਕੱਤਰੇਤ ਵਿਖੇ ਜਾ ਕੇ ਵੀ ਦਿੱਤੀਆਂ। ਇਸ ਪੱਤਰ ਨੂੰ ਖੋਲ੍ਹ ਕੇ ਪੜ੍ਹਨ ਮਗਰੋਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਹ ਪੱਤਰ ਪ੍ਰੋ. ਦਰਸ਼ਨ ਸਿੰਘ ਵਲੋਂ ਸਿੰਘ ਸਾਹਿਬਾਨ ਦੀ ਥਾਂ ਗੁਰੂ ਸਾਹਿਬ ਨੂੰ ਸੰਬੋਧਨ ਹੋ ਕੇ ਲਿਖਿਆ ਗਿਆ ਹੈ, ਇਸ ਲਈ ਇਹ ਪੱਤਰ ਵੀ ਪਹਿਲਾਂ ਵਾਂਗ ਸ੍ਰੀ ਅਕਾਲ ਤਖ਼ਤ 'ਤੇ ਰੱਖ ਦਿਓ। ਇਸੇ ਦੌਰਾਨ ਸ੍ਰੀ ਚਰਨਜੀਤ ਸਿੰਘ ਨੇ ਆਪਣੇ ਵਲੋਂ ਵੀ ਇਕ ਪੱਤਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤਾ। ਇਸ ਪੱਤਰ ਵਿਚ ਉਨ੍ਹਾਂ ਅਪੀਲ ਕੀਤੀ ਕਿ ਸਿੰਘ ਸਾਹਿਬਾਨ ਇਹ ਫੈਸਲਾ ਕਰਨ ਤੋਂ ਪਹਿਲਾਂ ਉਸਦੇ ਸਿੱਟਿਆਂ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਕਰ ਲੈਣ। ਉਨ੍ਹਾਂ ਕਿਹਾ ਕਿ ਇਸ ਨਾਜ਼ੁਕ ਸਮੇਂ ਪੰਥ ਨੂੰ ਬੇਲੋੜੇ ਵਿਵਾਦ ਵਿਚੋਂ ਕੱਢਣ ਦੀ ਲੋੜ ਹੈ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਿੰਘ ਸਾਹਿਬਾਨ ਗੁਰਮਤਿ ਦੀ ਰੌਸ਼ਨੀ ਵਿਚ ਧੜੇਬਾਜ਼ੀ ਤੇ ਪੱਖਪਾਤ ਤੋਂ ਉਪਰ ਉਠ ਕੇ ਹੀ ਕੋਈ ਫੈਸਲਾ ਕਰਨ। 7 ਜਨਵਰੀ ਦੀ ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਸਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ ਸ਼ਾਮਲ ਸਨ।

## ਸਿੰਘ ਸਾਹਿਬਾਨ ਅੱਗੇ ਪੇਸ਼ ਨਹੀਂ ਹੋਵਾਂਗਾ:ਦਰਸ਼ਨ ਸਿੰਘ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਪੰਜ ਸਿੰਘ ਸਾਹਿਬਾਨ ਵਲੋਂ ਉਨ੍ਹਾਂ ਨੂੰ ਖਿਮਾ-ਯਾਚਨਾ ਕਰਨ ਦੇ ਦਿੱਤੇ ਗਏ ਇਕ ਮੌਕੇ ਬਾਰੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਖਿਮਾ-ਯਾਚਨਾ ਉਹ ਤਾਂ ਹੀ ਕਰਨ, ਜੇਕਰ ਉਨ੍ਹਾਂ ਨੇ ਕੋਈ ਗੁਨਾਹ ਕੀਤਾ ਹੋਵੇ। ਸਿੰਘ ਸਾਹਿਬਾਨ ਪਹਿਲਾਂ ਉਨ੍ਹਾਂ ਦਾ ਗੁਨਾਹ ਤਾਂ ਸਾਬਤ ਕਰਨ।

ਟੈਲੀਫੋਨ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਿੰਘ ਸਾਹਿਬਾਨ ਵਲੋਂ ਦਿੱਤੀ ਗਈ ਇਹ ਧਮਕੀ ਕਿ ਇਹ ਆਖਰੀ ਮੌਕਾ ਹੈ, ਤੋਂ ਨਹੀਂ ਡਰਦੇ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤਕ ਉਨ੍ਹਾਂ ਦਾ ਗੁਨਾਹ ਸਾਬਤ ਨਹੀਂ ਹੁੰਦਾ, ਉਹ ਮੁਆਫੀ ਕਿਉਂ ਮੰਗਣ, ਇਸ ਲਈ ਉਹ ਖਿਮਾ-ਯਾਚਨਾ ਕਰਨ ਲਈ 29 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰ ਕਰਨ ਲਈ ਤਾਂ ਹੀ ਜਾਣਗੇ, ਜੇਕਰ ਸਿੰਘ ਸਾਹਿਬਾਨ ਤਨਖਾਹੀਆ ਕਰਾਰ ਦੇਣ ਵਾਲਾ ਪੱਤਰ ਪਹਿਲਾਂ ਵਾਪਸ ਲੈ ਲੈਣ। ਉਨ੍ਹਾਂ ਇਹ ਵੀ ਸ਼ਰਤ ਰੱਖੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਖ਼ਤ ਹਜ਼ੂਰ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਦੇ ਸਿੰਘ ਸਾਹਿਬਾਨ ਨੂੰ ਇਕੱਤਰਤਾ ਵਿਚ ਸ਼ਾਮਲ ਨਾ ਕੀਤਾ ਜਾਵੇ ਕਿਉਂਕਿ ਜਿਹੜੇ ਸਿੰਘ ਸਾਹਿਬਾਨ ਸ੍ਰੀ ਅਕਾਲ ਤਖ਼ਤ ਦੀ ਮਰਿਯਾਦਾ ਅਤੇ ਫੈਸਲਿਆਂ ਨੂੰ ਨਹੀਂ ਮੰਨਦੇ, ਉਹ ਉਨ੍ਹਾਂ ਨੂੰ ਸਿੰਘ ਸਾਹਿਬਾਨ ਹੀ ਨਹੀਂ ਮੰਨਦੇ। ਇਸ ਲਈ, ਉਨ੍ਹਾਂ ਨਾਲ ਬੈਠ ਕੇ ਵਿਚਾਰ ਕਰਨਾ ਉਹ ਜਾਇਜ਼ ਨਹੀਂ ਸਮਝਦੇ। ਪ੍ਰੋ. ਦਰਸ਼ਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਏਲਚੀ ਰਾਹੀਂ ਭੇਜੇ ਆਪਣੇ ਪੱਤਰ ਵਿਚ ਸਿੰਘ ਸਾਹਿਬਾਨ ਦੀ ਥਾਂ ਗੁਰੂ ਸਾਹਿਬ ਨੂੰ ਸੰਬੋਧਨ ਕੀਤਾ ਹੈ।

# ਸਰਹੱਦ 'ਤੇ ਮੁਕਾਬਲੇ 'ਚ ਇੱਕ ਘੁਸਪੈਠੀਆ ਹਲਾਕ

**ਅੰਮ੍ਰਿਤਸਰ :** ਹਿੰਦ-ਪਾਕਿ ਦੀ ਸਰਹੱਦ 'ਤੇ ਪਿੰਡ ਰਾਜੇਤਾਲ ਨੇੜੇ ਬੀਤੀ 5 ਜਨਵਰੀ ਦੀ ਰਾਤ ਨੂੰ ਬੀ ਐਸ ਐਫ਼ ਦੇ ਜਵਾਨਾਂ ਅਤੇ ਘੁਸਪੈਠੀਆਂ ਵਿਚਕਾਰ ਹੋਏ ਮੁਕਾਬਲੇ ਦੌਰਾਨ ਇੱਕ ਘੁਸਪੈਠੀਏ ਦੇ ਮਾਰੇ ਜਾਣ ਅਤੇ ਹੈਰੋਇਨ, ਜਾਅਲੀ ਕਰੰਸੀ ਤੇ ਹਥਿਆਰ ਬਰਾਮਦ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਬੀ ਐਸ ਐਫ਼ ਦੇ ਡੀ ਆਈ ਜੀ ਜਨਾਬ ਮੁਹੰਮਦ ਅਕੀਲ ਕੁਰੈਸ਼ੀ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਚਾਰ ਜਨਵਰੀ ਦੀ ਰਾਤ ਨੂੰ ਧੁੰਦ ਦਾ ਲਾਹਾ ਲੈਂਦਿਆਂ ਪਿੰਡ ਰਾਜੇਤਾਲ ਨੇੜੇ ਪਾਕਿਸਤਾਨ ਵਲੋਂ ਕੁਝ ਘੁਸਪੈਠੀਏ 30 ਫੁੱਟ ਦੀ ਲੰਮੀ ਪਾਈਪ ਰਾਹੀਂ ਕੁਝ ਸਾਮਾਨ ਭੇਜਣ ਦੀ ਯੋਜਨਾ ਨੂੰ ਅੰਜਾਮ ਦੇ ਰਹੇ ਸਨ। ਉਨ੍ਹਾਂ ਦੱਸਿਆ ਕਿ ਜਦੋਂ ਸੁਰੱਖਿਆ ਜਵਾਨਾਂ ਨੇ ਉਨ੍ਹਾਂ ਨੂੰ ਵੰਗਾਰਿਆ ਤਾਂ ਘੁਸਪੈਠੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਡੀ ਆਈ ਜੀ ਜਨਾਬ ਕੁਰੈਸ਼ੀ ਨੇ ਦੱਸਿਆ ਕਿ ਜਵਾਬੀ ਗੋਲੀਬਾਰੀ ਵਿਚ ਇੱਕ ਘੁਸਪੈਠੀਆ ਮਾਰਿਆ ਗਿਆ, ਜਦਕਿ ਬਾਕੀ ਪਾਕਿ ਵਲ ਭੱਜ ਨਿਕਲੇ। ਉਨ੍ਹਾਂ ਦੱਸਿਆ ਕਿ ਮਾਰੇ ਗਏ ਘੁਸਪੈਠੀਏ ਤੋਂ 27 ਕਰੋੜ ਦੀ ਹੈਰੋਇਨ, 20 ਲੱਖ ਰੁਪਏ ਦੀ ਜਾਅਲੀ ਕਰੰਸੀ ਤੇ ਹਥਿਆਰ ਬਰਾਮਦ ਕੀਤੇ ਗਏ ਹਨ। ਡੀ ਆਈ ਜੀ ਜਨਾਬ ਕੁਰੈਸ਼ੀ ਨੇ ਦੱਸਿਆ ਕਿ ਗੋਲੀਬਾਰੀ ਦੌਰਾਨ ਮਾਰੇ ਗਏ ਵਿਅਕਤੀ ਦੀ ਅਜੇ ਤੱਕ ਸ਼ਨਾਖਤ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ ਅਸੀਂ ਪਾਕਿਸਤਾਨ ਦੇ ਰੇਂਜਰਾਂ ਨਾਲ ਗੱਲਬਾਤ ਕਰਕੇ ਮਾਰੇ ਗਏ ਘੁਸਪੈਠੀਏ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਾਂਗੇ। ਡੀ ਆਈ ਜੀ ਨੇ ਦੱਸਿਆ ਕਿ ਸਾਨੂੰ ਸੂਚਨਾ ਮਿਲੀ ਸੀ ਕਿ ਧੁੰਦ ਦਾ ਲਾਹਾ ਲੈਂਦਿਆਂ ਪਾਕਿ 'ਚੋਂ ਘੁਸਪੈਠ ਹੋ ਸਕਦੀ ਹੈ। ਡੀ ਆਈ ਜੀ ਨੇ ਦੱਸਿਆ ਕਿ ਅਸੀਂ ਇਸ ਗੋਲੀਬਾਰੀ ਤੇ ਬਰਾਮਦਗੀ ਸਬੰਧੀ ਉਚ ਪੱਧਰ 'ਤੇ ਸੂਚਨਾ ਭੇਜ ਦਿੱਤੀ ਹੈ।

ਇਥੇ ਜ਼ਿਕਰਯੋਗ ਹੈ ਕਿ ਲੰਘੀ 8 ਜਨਵਰੀ ਨੂੰ ਵਿਸ਼ੇਸ਼ ਨਾਰਕੋਟਿਕਸ ਸੈਲ ਨੇ ਇੱਕ ਨਾਈਜ਼ੀਰੀਅਨ ਤੋਂ 40 ਕਰੋੜ ਦੀ ਹੈਰੋਇਨ ਬਰਾਮਦ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਸੀ। ਫੜੀ ਗਈ ਹੈਰੋਇਨ ਬਾਰੇ ਜਾਣਕਾਰੀ ਦਿੰਦਿਆਂ ਸਟੇਟ ਸਪੈਸ਼ਲ ਅਪਰੇਸ਼ਨ ਸੈਲ ਪੰਜਾਬ ਦੀ ਇਕਾਈ ਅੰਮ੍ਰਿਤਸਰ ਦੇ ਮੁਖੀ ਪੀ ਕੇ ਰਾਏ ਨੇ ਇੱਕ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਵੱਡੀ ਖੇਪ ਫਿਲਿਕਸ ਓਡੀਮੋਲ ਉਰਫ਼ ਸੈਮ ਪੁੱਤਰ ਓਡੀਮੋਲ ਵਾਸੀ ਨਾਈਜ਼ੀਰੀਆ, ਜੋ ਕਿ ਅੱਜ ਕੱਲ੍ਹ ਦਿੱਲੀ ਵਿਖੇ ਰਹਿੰਦਾ ਹੈ, ਤੋਂ ਬਰਾਮਦ ਕੀਤੀ ਗਈ ਹੈ। ਸ੍ਰੀ ਰਾਏ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਇਹ ਵਿਅਕਤੀ ਹੈਰੋਇਨ ਦੀ ਵੱਡੀ ਖੇਪ ਲੈ ਕੇ ਦਿੱਲੀ ਨੂੰ ਜਾ ਰਿਹਾ ਹੈ। ਇਸ ਉਪਰੰਤ ਵਿਸ਼ੇਸ਼ ਨਾਕਾਬੰਦੀ ਦੌਰਾਨ ਉਸ ਨੂੰ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਦਬੋਚਿਆ ਗਿਆ। ਉਨ੍ਹਾਂ ਦੱਸਿਆ ਕਿ ਇਹ ਹੈਰੋਇਨ ਇੱਕ-ਇੱਕ ਕਿਲੋ ਵਾਲੇ ਪਾਲੀਥੀਨ ਦੇ 8 ਲਿਫ਼ਾਫਿਆਂ ਵਿਚ ਪਾਈ ਹੋਈ ਸੀ, ਜੋ ਦਿੱਲੀ ਪਹੁੰਚਾਉਣੀ ਸੀ। ਦੋਸ਼ੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸੈਮ ਨਾਂ ਦਾ ਇਹ ਵਿਅਕਤੀ ਅੱਜ ਕੱਲ੍ਹ ਈ-14, ਸ਼ਾਂਤੀਘਰ ਤਿਲਕ ਨਗਰ ਦਿੱਲੀ ਵਿਖੇ ਰਹਿੰਦਾ ਹੈ ਤੇ ਇਹ ਇਥੇ 2004 'ਚ ਸਟੂਡੈਂਟ ਵੀਜ਼ੇ 'ਤੇ ਆਇਆ ਸੀ। ਸ੍ਰੀ ਰਾਏ ਨੇ ਦੱਸਿਆ ਕਿ 2006 ਵਿਚ ਵੀਜ਼ੇ ਦੀ ਮਿਆਦ ਖਤਮ ਹੋਣ ਦੇ ਬਾਵਜੂਦ ਉਹ ਇਥੋਂ ਨਹੀਂ ਗਿਆ। ਪੁਲਿਸ ਮੁਤਾਬਕ ਸੈਮ ਦੇ ਪਾਕਿਸਤਾਨ ਅੰਦਰ ਰਹਿੰਦੇ ਵੱਡੇ ਤਸਕਰਾਂ ਨਾਲ ਵੀ ਸਬੰਧ ਹਨ।


**Easy Travel Inc.**

7191 Camelot Drive, Canton, MI 48187 Fax: 866-908-6663
www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ

*Please call us for the lowest fare from your city to india*



Tel: 734-451-9526, Toll Free 866-51-INDIA

**SUPER TRAVEL**

847-676-9090

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250

**SYAN VIDEO PRODUCTION, INC.**

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

SV PRODUCTION

**ਪੰਜਾਬੀ ਢਾਬਾ**

**Punjabi Dhaba**

**North Shore Banquet**

Fine Indian Cuisine
Restaurant& Banquet Hall
2525 W. Devon Ave., Chicago IL 60659

**Lunch & Dinner Buffet**

ਆਪਣੀ ਅਗਲੀ ਪਾਰਟੀ ਬੁਕ ਕਰਾਉਣ ਅਤੇ ਬਿਹਤਰੀਨ ਸੇਵਾ ਲਈ ਦੇਵ ਜਾਂ ਸੋਹਣ ਸਿੰਘ ਨੂੰ ਕਾਲ ਕਰੋ

773-262-2080, 773-764-9392



ਅਸੀਂ ਨਾਨ ਅਤੇ ਤੰਦੂਰੀ ਚਿਕਨ ਤੰਦੂਰ ਤੋਂ ਸਿੱਧਾ ਤੁਹਾਡੇ ਟੇਬਲ ਤੇ ਪਰੋਸਦੇ ਹਾਂ

*Loose Weight Feel Great !*

*Natural *Guaranteed *Doctor Recommended

**ਮੋਟਾਪਾ**

ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ

ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਕਾਲ ਕਰੋ

IQBAL KAUR
Ph: 708-444-0554

ੴ ਸਤਿਗੁਰ ਪ੍ਰਸਾਦਿ॥

# ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥19॥

**ਗੁਰੂ ਪਿਆਰੀ ਸਾਧ-ਸੰਗਤ ਜੀਓ !**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥**

**ਗੁਰੂਦੁਆਰਾ ਸਾਹਿਬ ਦੇ ਮੌਜੂਦਾ ਅਪਾਹਜ ਬੋਰਡ ਨੇ ਨਵੇਂ ਪ੍ਰਾਜੈਕਟ ਵਾਸਤੇ 500,000 ਡਾਲਰ ਦਾ ਕਰਜ਼ਾ ਲੈਣ ਹਿਤ ਰੈਫ਼ਰੈਂਡਮ ਕਰਵਾਉਣ ਦੀ ਤਾਰੀਕ ਮਿਥੀ ਹੈ। ਅਸੀਂ ਆਪ ਜੀ ਦੇ ਸਨਮੁਖ ਕੁਝ ਗੰਭੀਰ ਤੱਥ ਸਾਂਝੇ ਕਰ ਰਹੇ ਹਾਂ ਤਾਂ ਕਿ ਆਪ ਜੀ ਸੋਝੀ ਭਰਿਆ ਨਿਰਨਾ ਕਰ ਸਕੋ:**

**1. ਆਰਥਕ:** ਐਸ. ਆਰ. ਐਸ. ਦਾ ਖਰਚਾ ਆਮਦਨ ਨਾਲੋਂ ਪਹਿਲਾਂ ਹੀ ਜ਼ਿਆਦਾ ਹੈ। ਜੇਕਰ ਸੰਗਤ ਇਸ ਪ੍ਰਾਜੈਕਟ ਨੂੰ ਨੇਪਰੇ ਚੜਾਉਣ ਦੀ ਖਾਹਸ਼ਮੰਦ ਹੈ ਤਾਂ ਸੰਗਤ ਇਸ ਵਾਸਤੇ ਲੋੜੀਂਦੀ ਰਾਸ਼ੀ ਇਕੱਠੀ ਕਰਨ ਦੀ ਸਮਰੱਥਾ ਰਖਦੀ ਹੈ। ਕਰਜ਼ਾ ਚੁਕਣ ਦੀ ਕੋਈ ਜ਼ਰੂਰਤ ਨਹੀਂ।

**2. ਸੰਵਿਧਾਨਕ:** ਐਸ. ਆਰ. ਐਸ. ਬੋਰਡ ਅਪਾਹਜ (Dysfunctional) ਹੈ, ਮੱਤਦਾਨ ਕਰਵਾਉਣ ਦੀ ਕਾਰਜਸ਼ੈਲੀ ਗ਼ੈਰ-ਸੰਵਿਧਾਨਕ ਹੈ। 30 ਦਿਨ ਦਾ ਬਾਕਾਇਦਾ ਨੋਟਿਸ ਨਹੀਂ ਦਿੱਤਾ ਗਿਆ। ਆਮਦਨ ਦੇ 30% ਤੋਂ ਜ਼ਿਆਦਾ ਕਰਜ਼ਾ ਚੁੱਕਣ ਦੀ ਸੰਵਿਧਾਨਕ ਪ੍ਰਵਾਨਗੀ ਨਹੀਂ ਹੈ।

**3. ਸੰਗਤ ਦੀ ਸਲਾਹ:** ਸੰਗਤ ਨਾਲ ਇਸ ਪ੍ਰਾਜੈਕਟ ਹਿਤ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ।

**4. ਸਖਸ਼ੀ ਜ਼ਿੰਮੇਵਾਰੀ:** ਇਹ ਮਤਦਾਨ ਗ਼ੈਰ-ਸੰਵਿਧਾਨਕ ਹੈ। ਇਸ ਗ਼ੈਰ-ਕਾਨੂੰਨੀ ਕਾਰਵਾਈ ਸਦਕਾ ਹੋਣ ਵਾਲੇ ਸਾਰੇ ਨੁਕਸਾਨ ਦੇ ਜ਼ਿੰਮੇਵਾਰ ਰੈਫ਼ਰੈਂਡਮ ਦੀ ਮੰਗ ਕਰਨ ਵਾਲੇ ਐਸ. ਆਰ. ਐਸ. ਦੇ ਬੋਰਡ ਮੈਂਬਰ ਅਤੇ ਇਸ ਰੈਫ਼ਰੈਂਡਮ ਨੂੰ ਸੰਵਿਧਾਨ ਮੁਤਾਬਕ ਸਹੀ ਸਾਬਤ ਕਰਨ ਵਾਲੇ ਸੀ. ਆਈ. ਸੀ. ਦੇ ਮੈਂਬਰ ਹੋਣਗੇ।

**ਹੁਣ ਅਸੀਂ ਇਨ੍ਹਾਂ ਸਾਰਿਆਂ ਮੁੱਦਿਆਂ ਨੂੰ ਇਕ ਇਕ ਕਰਕੇ ਵਿਸਤਾਰ ਵਿਚ ਵਿਚਾਰਦੇ ਹਾਂ**

## ਆਰਥਕ

ਆਪ ਜੀ ਨੇ ਨੋਟ ਕੀਤਾ ਹੋਵੇਗਾ ਕਿ ਐਸ. ਆਰ. ਐਸ. ਬੋਰਡ ਤੇ ਕਾਬਜ਼ ਕਮੇਟੀ ਨੇ ਇਸ ਸਾਲ ਵਿੱਤੀ ਵੇਰਵੇ ਦੇਣ ਵਾਲੇ ਕੇਵਲ ਦੋ ਖ਼ਬਰਨਾਮੇ ਸੰਗਤ ਨੂੰ ਭੇਜੇ ਹਨ। ਸੰਵਿਧਾਨ ਮੁਤਾਬਕ ਇਹ ਵੇਰਵਾ ਹਰ ਮਹੀਨੇ ਖ਼ਬਰਨਾਮੇ ਰਾਹੀਂ ਭੇਜਣਾ ਲਾਜ਼ਮੀ ਹੈ। ਫੇਰ ਵੀ ਇਨ੍ਹਾਂ ਦੋ ਖ਼ਬਰਨਾਮਿਆਂ ਰਾਹੀਂ ਪ੍ਰਾਪਤ ਵਿਤੀ ਵੇਰਵੇ ਤੋਂ ਖਤਰੇ ਦਾ ਘੁੱਗੂ ਬੋਲ ਜਾਂਦਾ ਹੈ।

1 ਹੁਣੇ ਹੁਣੇ ਪ੍ਰਾਪਤ ਹੋਏ ਦਸੰਬਰ 2009 ਵਿਚ ਜੁਲਾਈ ਤੋਂ ਸਤੰਬਰ ਤਕ ਦੇ ਤਿੰਨ ਮਹੀਨਿਆਂ ਸੰਨ 2009 ਦੀ ਵਿੱਤੀ ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਤਿੰਨ ਮਹੀਨਿਆਂ ਵਿਚ ਗੁਰਦੁਆਰਾ ਸਾਹਿਬ ਨੂੰ 53,596 ਡਾਲਰ ਦਾ ਘਾਟਾ ਪਿਆ ਹੈ। ਧਿਆਨ ਦੇਵੋਂ ਦਸੰਬਰ 2009 ਦਾ ਨਿਊਜ਼ ਲੈਟਰ ਘੱਟੋ-ਘੱਟ ਦੋ ਮਹੀਨੇ ਲੇਟ ਹੈ। ਤੁਹਾਡੀ ਤਰ੍ਹਾਂ ਅਸੀਂ ਵੀ ਹੈਰਾਨ ਤੇ ਪ੍ਰੇਸ਼ਾਨ ਹਾਂ ਕਿ ਜੇ ਤਿੰਨ ਮਹੀਨਿਆਂ ਅੰਦਰ ਇਹ ਘਾਟੇ ਦਾ ਚੰਦ ਚੜ੍ਹਿਆ ਹੈ ਤਾਂ ਬਾਰਾਂ ਮਹੀਨਿਆਂ ਵਿਚ ਘਾਟੇ ਦਾ ਹੋਰ ਕਿੰਨਾ ਵੱਡਾ ਗ੍ਰਹਿਣ ਲੱਗਾ ਹੋਵੇਗਾ।

2 ਆਪ ਨੇ ਇਹ ਵੀ ਨੋਟ ਕੀਤਾ ਹੋਵੇਗਾ ਕਿ ਇਸ ਵੱਡੇ ਘਾਤਕ ਘਾਟੇ ਨੂੰ ਛੁਪਾਉਣ ਲਈ ਅਗਸਤ 2009 ਨੂੰ ਚਲਾਕੀ ਨਾਲ ਗੁਰਦੁਆਰਾ ਸਾਹਿਬ ਦੇ ਮਨੀਮਾਰਕੀਟ ਅਕਾਊਂਟ ਵਿਚੋਂ ਹੀ 25,000 ਡਾਲਰ ਨੂੰ ਸਟੇਟਮੈਂਟ ਵਿਚ ਗੁਰਦੁਆਰਾ ਸਾਹਿਬ ਦੀ ਆਮਦਨ ਵਿਖਾਇਆ ਗਿਆ ਹੈ। ਸੰਗਤ ਜੀ ਪੁੱਛੋ ਇਨ੍ਹਾਂ ਕਾਰਕੁਨਾਂ ਨੂੰ "ਇੰਨਾ ਵੱਡਾ ਕੁਫ਼ਰ ਤੇ ਝੂਠ ਕਿਉਂ?" ਹੈ ਕੋਈ ਹੈਰਾਨੀ ਵਾਲੀ ਗੱਲ ਕਿ ਲਗਾਤਾਰ ਪੈ ਰਹੇ ਘਾਟੇ ਨੂੰ ਛੁਪਾਉਣ ਖਾਤਰ ਹੀ ਖ਼ਬਰਨਾਮਾ ਹਰ ਮਹੀਨੇ ਨਹੀਂ ਭੇਜਿਆ ਜਾਂਦਾ! ਪਹਿਲਾਂ ਹੀ ਪੈ ਰਹੇ ਘਾਟੇ ਦੇ ਬਾਵਜੂਦ ਹੋਰ ਕਰਜ਼ਾ ਚੁਕਣ ਦੀ ਪ੍ਰਵਾਨਗੀ ਮੰਗੀ ਜਾ ਰਹੀ ਹੈ?

3 ਪਹਿਲੇ ਫੇਜ਼ ਦੀ ਉਸਾਰੀ ਲਈ Financial Commitment ਘੱਟੋ-ਘੱਟ 250,000 ਡਾਲਰ ਸੀ। ਸੰਗਤ ਨੂੰ ਇਸ ਪ੍ਰਤੀ ਕੋਈ ਖਬਰ ਨਹੀਂ ਹੈ ਕਿ ਇਸ ਰਕਮ ਦਾ ਕਿੰਨਾ ਭੁਗਤਾਨ ਹੋ ਚੁੱਕਾ ਹੈ ਅਤੇ ਕਿੰਨਾ ਹੋਰ ਦੇਣਾ ਬਾਕੀ ਹੈ?

4 ਗੁਰੂ ਘਰ ਲਈ 6.5% ਦੇ ਸਾਲਾਨਾ ਵਿਆਜ ਨਾਲ 500,000 ਡਾਲਰ ਦਾ ਕਰਜ਼ਾ ਲੈਣ ਨਾਲ ਮਾਰਟਗੇਜ਼ ਦੀ ਮਹੀਨਾਵਾਰ ਕਿਸ਼ਤ 4355 ਡਾਲਰ ਹੋਵੇਗੀ ਜੋ ਪੰਦਰਾਂ ਸਾਲ ਚੱਲੇਗੀ। ਗੁਰੂਘਰ ਪਹਿਲਾਂ ਹੀ ਹਰ ਮਹੀਨੇ 8237 ਡਾਲਰ ਦੀ ਕਿਸ਼ਤ ਦੇ ਰਿਹਾ ਹੈ। ਇਸ ਤਰ੍ਹਾਂ ਕੁਲ ਮਿਲਾ ਕੇ ਮਹੀਨਾਵਾਰੀ ਕਿਸ਼ਤ 8237+4355= 12582 ਡਾਲਰ ਬਣ ਜਾਵੇਗੀ। ਐਸ. ਆਰ. ਐਸ. ਸੰਵਿਧਾਨ ਦੀ ਧਾਰਾ 11 (7) ਸੀ-3 ਮੁਤਾਬਕ ਮਾਰਟਗੇਜ਼ ਦੀ ਕੁਲ ਕਿਸ਼ਤ ਆਮਦਨ ਦੇ 30% ਤੋਂ ਜ਼ਿਆਦਾ ਨਹੀਂ ਹੋ ਸਕਦੀ। ਅੰਦਾਜ਼ੇ ਮੁਤਾਬਕ ਮੌਜੂਦਾ ਗੁਰੂਘਰ ਨੂੰ ਸਾਲਾਨਾ ਆਮਦਨ 300,000 ਡਾਲਰ ਹੈ ਅਤੇ ਇਸ ਹਿਸਾਬ ਨਾਲ 30% ਕੇਵਲ 90,000 ਡਾਲਰ ਸਾਲਾਨਾ ਰਕਮ ਬਣਦੀ ਹੈ ਜੋ ਕਿ ਪ੍ਰਤੀ ਮਹੀਨਾ 7500 ਡਾਲਰ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ, ਪਰ ਗੁਰੂਘਰ ਪਹਿਲਾਂ ਹੀ ਹਰ ਮਹੀਨੇ 8237 ਡਾਲਰ ਦੀ ਕਿਸ਼ਤ ਅਦਾ ਕਰ ਰਿਹਾ ਹੈ। ਸਪਸ਼ਟ ਹੈ ਕਿ ਗੁਰਦੁਆਰਾ ਸਾਹਿਬ ਦਾ ਸੰਵਿਧਾਨ ਕਿਸੇ ਵੀ ਹਾਲਤ ਵਿਚ ਇਕ ਡਾਲਰ ਦਾ ਵੀ ਹੋਰ ਕਰਜ਼ਾ ਲੈਣ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਉਹ ਵੀ ਜਦੋਂ ਗੁਰੂਘਰ ਪਹਿਲਾਂ ਹੀ ਘਾਟੇ ਵਿਚ ਜਾ ਰਿਹਾ ਹੋਵੇ।

## ਸੰਵਿਧਾਨਕ

1 ਗੁਰਦੁਆਰਾ ਸਾਹਿਬ ਦੇ ਸੰਵਿਧਾਨ ਦੀ ਸਹੀ ਤਰੀਕੇ ਨਾਲ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਜਾ ਰਹੀ। ਸੰਵਿਧਾਨ ਮੁਤਾਬਕ 30 ਦਿਨਾਂ ਦਾ ਅਗੇਤਾ ਨੋਟਿਸ ਸਮੂਹ ਸੰਗਤ ਮੈਂਬਰਾਂ ਨੂੰ ਨਹੀਂ ਭੇਜਿਆ ਗਿਆ।

2 ਮੌਜੂਦਾ ਗੁਰੂਘਰ ਦਾ ਪ੍ਰਬੰਧਕੀ ਬੋਰਡ ਅਪਾਹਜ ਹੋ ਚੁੱਕਾ ਹੈ ਕਿਉਂਕਿ ਪ੍ਰਬੰਧਕੀ ਬੋਰਡ ਕੋਲ ਇਸ ਵਕਤ 9 ਮੈਂਬਰਾਂ ਵਿਚੋਂ ਪੰਜ ਹੀ ਮੈਂਬਰ ਬਾਕੀ ਰਹਿ ਗਏ ਹਨ ਜਦਕਿ ਕਿਸੇ ਵੀ ਫ਼ੈਸਲੇ ਲਈ 7 ਮੈਂਬਰਾਂ ਦਾ ਕੋਰਮ ਹੋਣਾ ਜ਼ਰੂਰੀ ਹੈ। ਸ. ਨਰਿੰਦਰਪਾਲ ਸਿੰਘ ਮਾਰਵਾਹ ਅਤੇ ਬੀਬੀ ਸੁਰਿੰਦਰ ਕੌਰ ਸੰਘਾ ਛੇ ਮਹੀਨੇ ਪਹਿਲਾਂ ਹੀ ਆਪਣਾ ਤਿਆਗ ਪੱਤਰ ਦੇ ਚੁਕੇ ਹਨ। ਗੁਰੂਘਰ ਦੇ ਪ੍ਰਬੰਧਕੀ ਬੋਰਡ ਦਾ ਪ੍ਰਧਾਨ ਜਸਪ੍ਰੀਤ ਸਿੰਘ ਅਟਵਾਲ ਆਪਣਾ ਘਰ 11/4/2009 ਨੂੰ ਵੇਚ ਕੇ ਕੈਲੀਫ਼ੋਰਨੀਆ ਚਲਾ ਗਿਆ ਹੈ। ਗੁਰੂਘਰ ਦੇ ਸੰਵਿਧਾਨ ਮੁਤਾਬਕ ਬੋਰਡ ਮੈਂਬਰ ਦਾ ਇਲੀਨਾਇਸ ਦਾ ਵਸਨੀਕ ਹੋਣਾ ਜ਼ਰੂਰੀ ਹੈ। ਡਾ. ਹਰਗੁਰਮੁਖਪਾਲ ਸਿੰਘ ਗੁਰੂਘਰ ਦੇ ਸੰਵਿਧਾਨ ਦੀਆਂ ਸ਼ਰਤਾਂ ਪੂਰੀਆਂ ਨਾ ਕਰਦਾ ਹੋਣ ਦਾ ਅਹਿਸਾਸ ਕਰਨ ਮਗਰੋਂ ਆਪਣਾ ਨੈਤਿਕ ਫ਼ਰਜ਼ ਸਮਝਦਾ ਹੋਇਆ ਵਿਅਕਤੀਗਤ ਪੱਧਰ 'ਤੇ ਆਪਣਾ ਤਿਆਗ ਪੱਤਰ (ਜਤਿੰਦਰ ਸਿੰਘ ਗਰੇਵਾਲ ਅਤੇ ਸੀ. ਆਈ. ਸੀ. ਮੈਂਬਰ ਹਰਵਿੰਦਰਪਾਲ ਸਿੰਘ ਲੈਲ) ਨੂੰ 1/9/2010 ਨੂੰ ਦੇ ਚੁੱਕਾ ਹੈ। ਉਹ 2008 ਵਿਚ ਗੁਰੂਘਰ ਦੇ ਮੈਂਬਰ ਨਹੀਂ ਸਨ ਜੋ ਕਿ ਗੁਰੂਘਰ ਦੇ ਸੰਵਿਧਾਨ ਮੁਤਾਬਕ ਜ਼ਰੂਰੀ ਹੈ। ਸੰਗਤ ਉਨ੍ਹਾਂ ਦੇ ਇਸ ਫ਼ੈਸਲੇ ਦੀ ਸ਼ਲਾਘਾ ਕਰਦੀ ਹੈ ਅਤੇ ਸਪਸ਼ਟ ਕਰਦੀ ਹੈ ਕਿ ਉਨ੍ਹਾਂ ਦੇ ਦਸਤਖ਼ਤਾਂ ਦੇ ਥੱਲੇ ਕੀਤੀ ਗਈ ਕਿਸੇ ਵੀ ਕਾਰਵਾਈ ਨੂੰ ਸੰਵਿਧਾਨਕ ਤੌਰ 'ਤੇ ਪ੍ਰਵਾਨ ਨਹੀ ਕਰਦੀ ਹੈ ਕਿਉਂਕਿ ਇਹ ਨਿਯੁਕਤੀ ਹੀ ਗ਼ੈਰ-ਸੰਵਿਧਾਨਕ ਸੀ।

## ਸੰਗਤ ਨਾਲ ਨਾ ਕੋਈ ਸਲਾਹ ਤੇ ਨਾ ਕੋਈ ਮਸ਼ਵਰਾ

ਮੌਜੂਦਾ ਗੁਰੂਘਰ ਦੇ ਅਪਾਹਜ ਬੋਰਡ ਵਲੋਂ ਇਸ ਕਿਸਮ ਦਾ ਵਰਤਾਰਾ ਉਨ੍ਹਾਂ ਵਲੋਂ ਸੰਗਤ ਵਿਚ ਪਾਏ ਦੁਫ਼ਾੜ ਅਤੇ ਸੰਗਤ ਨੂੰ ਗੁਰੂਘਰ ਦੇ ਕਿਸੇ ਵੀ ਵੱਡੇ ਕੰਮ ਵਿਚ ਭਾਈਵਾਲ ਨਾ ਬਣਾਉਣ ਕਰਕੇ ਆਇਆ ਹੈ। ਉਦਾਹਰਣ ਦੇ ਤੌਰ 'ਤੇ ਗੁਰੂਘਰ ਦੇ ਪਹਿਲੇ ਬੋਰਡ ਵਲੋਂ 26 ਲੱਖ ਡਾਲਰ ਦੀ ਰਾਸ਼ੀ ਦਾਨ ਕਰਨ ਵਾਲੀ ਸੰਗਤ ਨਾਲ ਪੰਜ ਮੀਟਿੰਗਾਂ ਕਰਨ ਮਗਰੋਂ ਸੰਗਤ ਦੇ ਹਰ ਪੱਧਰ ਤੱਕ ਦੀ ਰਾਏ ਬਣਾਉਣ ਮਗਰੋਂ ਹੀ ਨਿਰਣਾ ਕੀਤਾ ਗਿਆ ਸੀ। ਮੌਜੂਦਾ ਸਮੇਂ ਦੇ ਆਰਥਕ ਮੰਦਵਾੜੇ ਦੇ ਹਾਲਾਤ ਵਿਚ ਗੁਰੂਘਰ ਦੇ ਸੰਵਿਧਾਨ ਦੀ ਉਲੰਘਣਾ ਕਰਕੇ 500,000 ਡਾਲਰ ਦਾ ਕਰਜ਼ਾ ਲੈਣਾ ਕਿਹੜੀ ਸਿਆਣਪ ਵਾਲੀ ਗੱਲ ਹੈ?

## ਸੁਖਸੀ ਜ਼ਿੰਮੇਵਾਰੀ

ਗ਼ੈਰ-ਸੰਵਿਧਾਨਕ ਤੌਰ 'ਤੇ ਸੰਵਿਧਾਨ ਤੋਂ ਬਾਹਰੇ ਹੋ ਕੇ, ਆਰਥਕ ਪੱਖੋਂ ਹੋਰ ਕਰਜ਼ਾ ਚੁੱਕਣ ਦੀ ਸਮਰੱਥਾ ਨਾ ਹੋਣ ਅਤੇ ਸੰਗਤ ਦੀ ਰਾਏ ਤੋਂ ਬਿਨਾ ਜੇਕਰ ਫੇਰ ਵੀ ਗੁਰੂਘਰ ਦੇ ਬੋਰਡ ਮੈਂਬਰ ਇਸ ਕਿਸਮ ਦੇ ਅਧੂਰੇ ਰੈਫ਼ਰੈਂਡਮ ਨੂੰ ਆਪਣੇ ਕੁਝ ਸਮਰਥਕਾਂ ਵਲੋਂ ਪਾਸ ਕਰਵਾਉਣ ਦੀ ਜ਼ਿੱਦ ਕਰਦੇ ਹਨ ਤਾਂ ਇਸ ਆਰਥਕ ਨੁਕਸਾਨ ਦੇ ਜ਼ਿੰਮੇਵਾਰ ਮੌਜੂਦਾ ਬੋਰਡ ਦੇ ਮੈਂਬਰ ਅਤੇ ਇਸ ਗ਼ੈਰ-ਸੰਵਿਧਾਨਕ ਰੈਫ਼ਰੈਂਡਮ ਨੂੰ ਸੰਵਿਧਾਨਕ ਤੌਰ 'ਤੇ ਸਹੀ ਕਹਿਣ ਵਾਲੀ ਗੁਰੂਘਰ ਦੀ ਸੀ. ਆਈ. ਸੀ. ਕਮੇਟੀ ਦੇ ਮੌਜੂਦਾ ਦੋਵੇਂ ਮੈਂਬਰ ਸ਼ਖਸੀ ਤੌਰ 'ਤੇ ਜ਼ਿੰਮੇਵਾਰ ਹੋਣਗੇ।

## ਨਿਰਣਾ

**ਗੁਰੂ ਪਿਆਰੀ ਸਾਧ-ਸੰਗਤ ਜੀਓ !**

**ਆਓ ਆਪਣੇ ਭਵਿੱਖ ਨੂੰ ਗਿਰਵੀ ਨਾ ਰੱਖੀਏ। ਚਾਦਰ ਵੇਖ ਕੇ ਪੈਰ ਪਸਾਰੀਏ।**

**ਗੁਰੂਘਰ ਦੀ ਆਮਦਨ ਜਦੋਂ ਗੁਰੂਘਰ ਦੇ ਮੌਜੂਦਾ ਖਰਚਿਆਂ ਨੂੰ ਹੀ ਪੂਰਾ ਕਰਨ ਦੇ ਕਾਬਲ ਨਹੀ ਤਾਂ ਅਜਿਹੇ ਹਾਲਾਤ ਵਿਚ ਗੁਰੂਘਰ ਸਿਰ ਹੋਰ ਕਰਜ਼ਾ ਚੜ੍ਹਾਉਣਾ ਕਿਥੋਂ ਦੀ ਸਿਆਣਪ ਹੈ?**

**ਸਿੱਖ ਸੰਗਤ ਸ਼ਿਕਾਗੋ ਗੁਰੂਘਰ ਦੀ ਕਿਸੇ ਵੀ ਤਰ੍ਹਾਂ ਦੀ ਡਿਵੈਲਪਮੈਂਟ ਬਿਨਾ ਕਿਸੇ ਕਰਜ਼ੇ ਤੋਂ ਮੁਕੰਮਲ ਕਰਨ ਲਈ ਵਚਨਬੱਧ ਹੈ। ਜੇਕਰ ਭਵਿੱਖ ਵਿਚ ਗੁਰੂਘਰ ਦਾ ਮੌਜੂਦਾ ਬੋਰਡ ਸੰਵਿਧਾਨ ਦੇ ਮੁਤਾਬਕ ਬਿਨਾ ਕੋਈ ਕਰਜ਼ਾ ਲਏ ਤੋਂ ਕਿਸੇ ਵੀ ਕਿਸਮ ਦਾ ਸੰਗਤ ਦੀ ਰਾਏ ਨਾਲ ਗੁਰੂਘਰ ਦੀ ਉਸਾਰੀ ਲਈ ਰੈਫ਼ਰੈਂਡਮ ਪੇਸ਼ ਕਰੇਗਾ ਤਾਂ ਸਮੂਹ ਸੰਗਤ ਇਸ ਦਾ ਸਵਾਗਤ ਵੀ ਕਰੇਗੀ ਅਤੇ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਆਪਣਾ ਪੂਰਨ ਸਹਿਯੋਗ ਵੀ ਦੇਵੇਗੀ।**

**Sikh Sangat Chicago**

**www.sikhsangatchicago.org**

Paid Advt.

# ਮੱਕੜ ਦੀ ਕਾਰ 'ਤੇ ਸੰਘੀਆਂ ਵਾਲੀਆਂ ਨਿੱਕਰਾਂ ਸੁੱਟ ਕੇ ਪ੍ਰਦਰਸ਼ਨ

**ਪੰਜਾਬ ਟਾਈਮਜ਼ ਬਿਊਰੋ**

**ਕਰਨਾਲ :** ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕੀਤੇ ਜਾਣ ਕਾਰਨ ਗੁੱਸੇ ਵਿਚ ਆਏ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਲੰਘੀ 10 ਜਨਵਰੀ ਨੂੰ ਘਿਰਾਉ ਕੀਤਾ ਅਤੇ ਉਨ੍ਹਾਂ ਦੀ ਕਾਰ 'ਤੇ ਆਰ ਐਸ ਐਸ ਮਾਰਕਾ ਨਿੱਕਰ ਸੁੱਟ ਦਿੱਤੀ। ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਾਰਕੁਨਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਦੀ ਗੱਡੀ ਉਤੇ ਵਿਰੋਧ ਵਜੋਂ ਆਰ ਐਸ ਐਸ ਦਾ ਚਿੰਨ੍ਹ ਬਣੀ ਖਾਕੀ ਨਿੱਕਰ ਸੁੱਟੀ ਤੇ ਨਾਹਰੇ ਲਗਾਏ। ਸ. ਅਵਤਾਰ ਸਿੰਘ ਮੱਕੜ ਸਥਾਨਕ ਰਾਮ ਨਗਰ ਵਿਖੇ ਗੁਰਦਵਾਰਾ ਸਾਹਿਬ ਦੀ ਇਮਾਰਤ ਦਾ ਨੀਂਹ-ਪੱਥਰ ਰੱਖਣ ਆਏ ਸਨ। ਇਸ ਤੋਂ ਪੁਲਿਸ ਨਾਲ ਹੋਈਆਂ ਝੜਪਾਂ ਵਿਚ ਸ. ਜਗਦੀਸ਼ ਸਿੰਘ ਝੀਂਡਾ ਜ਼ਖ਼ਮੀ ਹੋ ਗਏ। ਹਰਿਆਣਾ ਕਮੇਟੀ ਦੇ ਕਾਰਕੁਨ ਮੱਕੜ ਨੂੰ ਇਕ ਯਾਦ-ਪੱਤਰ ਦੇਣ ਜਾ ਰਹੇ ਸਨ ਪਰ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਚੇਤੇ ਰਹੇ ਕਿ ਹਰਿਆਣਾ ਕਮੇਟੀ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਸੀ ਕਿ ਮੱਕੜ ਵਲੋਂ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕੀਤੇ ਜਾਣ ਦੇ ਰੋਸ ਵਜੋਂ ਮੱਕੜ ਨੂੰ ਨਿੱਕਰਾਂ ਵਿਖਾ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਲੰਘੀ 10 ਜਨਵਰੀ ਨੂੰ ਬਾਅਦ ਦੁਪਹਿਰ ਜਿਵੇਂ ਹੀ ਸ. ਮੱਕੜ ਲਿਬਰਟੀ ਚੌਕ ਪੁੱਜੇ ਤਾਂ ਸ਼੍ਰੋਮਣੀ ਕਮੇਟੀ ਦੇ ਉਪ ਪ੍ਰਧਾਨ ਸ. ਰਘੁਜੀਤ ਸਿੰਘ ਵਿਰਕ ਨੇ ਉਨ੍ਹਾਂ ਦਾ ਸਵਾਗਤ ਕੀਤਾ। ਕਾਫ਼ਲੇ ਨਾਲ ਉਹ ਗੁਰਦਵਾਰਾ ਸਿੰਘ ਸਭਾ ਰਾਮ ਨਗਰ ਵਿਖੇ ਪੁੱਜੇ। ਦੂਜੇ ਪਾਸੇ ਮੱਕੜ ਦੇ ਵਿਰੋਧ ਵਿਚ ਹਰਿਆਣਾ ਕਮੇਟੀ ਦੇ ਸਮਰਥਕ ਮਾਲ ਰੋਡ 'ਤੇ ਇਕੱਤਰ ਹੁੰਦੇ ਰਹੇ, ਜਿਥੇ ਐਸ.ਡੀ.ਐਮ. ਨੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਯਕੀਨ ਦਿਵਾਇਆ ਸੀ ਕਿ ਮੱਕੜ ਨੂੰ ਯਾਦ-ਪੱਤਰ ਦੇਣ ਦਾ ਪੂਰਾ ਮੌਕਾ ਦਿਤਾ ਜਾਵੇਗਾ। ਜਦੋਂ ਪ੍ਰਸ਼ਾਸਨ ਵਲੋਂ ਦੂਜੇ ਰਸਤਿਉਂ ਮੱਕੜ ਨੂੰ ਪ੍ਰੋਗਰਾਮ ਵਾਲੀ ਥਾਂ 'ਤੇ ਭੇਜ ਦਿਤਾ ਗਿਆ ਤਾਂ ਮਾਲ ਰੋਡ 'ਤੇ ਇਕੱਤਰ ਹਰਿਆਣਾ ਕਮੇਟੀ ਦੇ ਕਾਰਕੁਨ ਗੁੱਸੇ ਵਿਚ ਆ ਗਏ ਅਤੇ ਉਹ ਪ੍ਰੋਗਰਾਮ ਵਾਲੀ ਥਾਂ ਵਲ ਤੁਰ ਪਏ। ਪੁਲੀਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪੁਲਿਸ ਨਾਲ ਹੋਈਆਂ ਝੜਪਾਂ ਵਿਚ ਸ. ਜਗਦੀਸ਼ ਸਿੰਘ ਝੀਂਡਾ ਜ਼ਖ਼ਮੀ ਹੋ ਗਏ। ਪਤਾ ਲੱਗਾ ਹੈ ਕਿ ਪ੍ਰੋਗਰਾਮ ਸ਼ੁਰੂ ਹੋਣ ਸਮੇਂ ਮੱਕੜ ਦੀ ਸਟੇਜ 'ਤੇ ਪਾਣੀ ਵੀ ਸੁਟਿਆ ਗਿਆ। ਪਤਾ ਨਹੀਂ ਲੱਗ ਸਕਿਆ ਕਿ ਪਾਣੀ ਕਿਸ ਨੇ ਸੁਟਿਆ। ਦੂਜੇ ਪਾਸੇ ਜਦੋਂ ਸ. ਮੱਕੜ ਪ੍ਰੋਗਰਾਮ ਵਿਚੋਂ ਸ਼ਿਰਕਤ ਕਰ ਕੇ ਵਾਪਸ ਜਾਣ ਲੱਗੇ ਤਾਂ ਰਸਤੇ ਵਿਚ ਬੈਠੇ ਹਰਿਆਣਾ ਕਮੇਟੀ ਦੇ ਕਾਰਕੁਨਾਂ ਨੇ ਇਕ ਨਿੱਕਰ ਉਨ੍ਹਾਂ ਦੀ ਗੱਡੀ 'ਤੇ ਸੁੱਟ ਦਿਤੀ। ਬਾਦਲ ਧੜੇ ਦੇ ਬੰਦਿਆਂ ਨੇ ਨਿੱਕਰ ਸੁੱਟਣ ਵਾਲਿਆਂ ਦਾ ਰੱਜ ਕੇ ਕੁਟਾਪਾ ਕੀਤਾ। ਮੱਕੜ ਸਾਹਿਬ ਨੇ ਦੋਸ਼ ਲਾਇਆ ਕਿ ਇਹ ਸਭ ਕੁਝ ਸਰਕਾਰ ਦੇ ਇਸ਼ਾਰੇ 'ਤੇ ਕੀਤਾ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸ. ਝੀਂਡਾ, ਉਨ੍ਹਾਂ ਦੇ ਭਤੀਜੇ ਅਤੇ ਕੁਲਦੀਪ ਸਿੰਘ ਖ਼ਾਲਸਾ ਵਿਰੁਧ ਮਾਮਲਾ ਦਰਜ ਕੀਤਾ ਜਾਵੇ।

ਯਾਦ ਰਹੇ, ਭਾਵੇਂ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਵਾਰ ਵਾਰ ਬਹੁਸੰਮਤੀ ਦਾ ਫ਼ੈਸਲਾ ਦਸਿਆ ਜਾ ਰਿਹਾ ਹੈ ਪਰ ਸਚਾਈ ਇਹ ਹੈ ਕਿ ਮੱਕੜ ਸਮੇਤ ਬਹੁਗਿਣਤੀ ਮੈਂਬਰ ਇਸ ਹੱਕ ਵਿਚ ਨਹੀਂ ਸਨ ਕਿ ਕੈਲੰਡਰ ਵਿਚ ਸੋਧਾਂ ਕੀਤੀਆਂ ਜਾਣ। ਸੂਤਰਾਂ ਅਨੁਸਾਰ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਕੋਈ ਨਹੀਂ ਚਾਹੁੰਦਾ ਸੀ ਕਿ ਕੈਲੰਡਰ ਮਾਮਲੇ ਵਿਚ ਉਹ ਵਿਰੋਧੀ ਸੁਰ ਵਿਚ ਗੱਲ ਕਰੇ। ਮੱਕੜ ਵੀ ਇਸ ਹੱਕ ਵਿਚ ਨਹੀਂ ਸਨ ਕਿ ਉਹ ਕੈਲੰਡਰ ਵਿਚ ਸੋਧਾਂ ਕਰ ਕੇ ਅਪਣਾ ਇਤਿਹਾਸ ਕਾਲੇ ਅੱਖਰਾਂ 'ਚ ਲਿਖਾਉਣ। ਮਜ਼ਬੂਰੀ ਵੱਸ ਮੱਕੜ ਨੇ ਖ਼ੁਦ ਹੀ ਗੁਰਦਵਾਰਾ ਐਕਟ ਅਨੁਸਾਰ 72 ਘੰਟੇ ਦਾ ਨੋਟਿਸ ਦੇ ਕੇ ਮੀਟਿੰਗ ਸੱਦੀ। ਕੈਲੰਡਰ ਵਿਚ ਸੋਧਾਂ ਸਬੰਧੀ ਗੱਲ ਛਿੜੀ ਤਾਂ 11 ਮੈਂਬਰੀ ਅੰਤਰਿੰਗ ਕਮੇਟੀ ਅਤੇ 4 ਅਹੁਦੇਦਾਰਾਂ 'ਚੋਂ 8 ਮੈਂਬਰ ਇਸ ਗੱਲ 'ਤੇ ਬਜ਼ਿਦ ਹੋ ਗਏ ਕਿ ਕੀ ਕਾਹਲੀ ਵਿਚ ਲਿਆ ਜਾਣ ਵਾਲਾ ਫ਼ੈਸਲਾ ਕੌਮ ਪ੍ਰਵਾਨ ਨਹੀਂ ਕਰੇਗੀ? ਮਜਬੂਰ ਮੱਕੜ ਨੇ ਇਸ ਮੀਟਿੰਗ ਵਿਚ ਦਲੀਲ ਪੇਸ਼ ਕਰਦਿਆਂ ਕਿਹਾ ਕਿ ਸੋਧਾਂ ਦਾ ਵਿਰੋਧ ਕਰਨ ਵਾਲਿਆਂ ਪਿਛੇ ਡੇਢ ਬੰਦਾ ਵੀ ਨਹੀਂ, ਆਪਾਂ ਕਿਉਂ ਉਨ੍ਹਾਂ ਦੇ ਵਿਰੋਧ ਨੂੰ ਧਿਆਨ ਵਿਚ ਰੱਖ ਰਹੇ ਹਾਂ? ਇਸ ਦੇ ਜਵਾਬ ਵਿਚ ਗਰਮ ਸੁਰ ਰੱਖਣ ਵਾਲੇ ਇਕ ਅੰਤਰਿੰਗ ਕਮੇਟੀ ਮੈਂਬਰ ਨੇ ਕੈਲੰਡਰ ਦੇ ਸਭ ਤੋਂ ਵੱਡੇ ਵਿਰੋਧੀ ਧੁੰਮਾ ਦੀ ਅਸਲੀਅਤ ਹਾਊਸ ਸਾਹਮਣੇ ਰੱਖ ਦਿਤੀ। ਉਸ ਅਨੁਸਾਰ ਜਦ ਧੁੰਮਾ ਨੇ ਫ਼ਤਿਹਗੜ੍ਹ ਸਾਹਿਬ ਵਿਖੇ ਪ੍ਰੋਗਰਾਮ ਉਲੀਕੇ ਸਨ ਤਾਂ ਉਦੋਂ ਉਸ ਪਿਛੇ ਵੀ 100 ਕੁ ਬੰਦਾ ਹੀ ਸੀ ਤੇ ਉਨ੍ਹਾਂ 'ਚੋਂ ਵੀ ਬਹੁਤੇ ਮੇਲਾ ਵੇਖਣ ਵਾਲੇ ਹੀ ਸਨ। ਕੋਈ ਹੀਲਾ ਨਾ ਚਲਦਾ ਵੇਖ ਕੇ ਮੱਕੜ ਨੇ ਇਕੱਲੇ ਇਕੱਲੇ ਮੈਂਬਰ ਦੀ ਰਾਏ ਲੈਣੀ ਸ਼ੁਰੂ ਕੀਤੀ। ਸੰਤ ਟੇਕ ਸਿੰਘ ਧਨੌਲਾ ਨੇ ਕੈਲੰਡਰ ਦੇ ਪੱਖ ਵਿਚ ਡਟਵਾਂ ਸਟੈਂਡ ਲਿਆ। ਉਨ੍ਹਾਂ ਸਾਫ਼ ਕਿਹਾ ਕਿ ਜੇ ਅੱਜ ਅਸੀਂ ਕੈਲੰਡਰ ਬਦਲ ਦਿਤਾ ਤਾਂ ਕੱਲ੍ਹ ਨੂੰ ਕੋਈ ਹੋਰ ਮੰਗ ਸਾਹਮਣੇ ਆ ਗਈ ਤਾਂ ਫਿਰ ਅਸੀਂ ਕੀ ਕਰਾਂਗੇ? ਇਹ ਸੁਣ ਕੇ ਕੇਵਲ ਸਿੰਘ ਬਾਦਲ ਦੇ ਖ਼ੂਨ ਵਿਚ ਵੀ ਉਬਾਲਾ ਆ ਗਿਆ ਤੇ ਉਨ੍ਹਾਂ ਸੋਧਾਂ ਦੇ ਮਾਮਲੇ 'ਤੇ ਵਿਚਾਰ ਕਰਨ ਲਈ ਕਿਹਾ। ਸੁਖਦੇਵ ਸਿੰਘ ਭੌਰ, ਕਰਨੈਲ ਸਿੰਘ ਪੰਜੋਲੀ, ਸੁਰਜੀਤ ਸਿੰਘ ਗੜ੍ਹੀ, ਬੀਬੀ ਭਜਨ ਕੌਰ ਡੋਗਰਾਂ ਵਾਲਾ ਤੇ ਬੀਬੀ ਰਵਿੰਦਰ ਕੌਰ ਆਦਿ ਦੇ ਮੂੰਹੋਂ ਵਿਰੋਧੀ ਸੁਰ ਸੁਣ ਕੇ ਮੱਕੜ ਦੇ ਮੂੰਹ 'ਤੇ ਠੰਡੀ ਤਰੇਲੀ ਆ ਗਈ। ਉਨ੍ਹਾਂ ਮੌਕਾ ਸੰਭਾਲਦੇ ਹੋਏ ਕਿਹਾ ਕਿ ਹੁਣ ਦਲੀਲ ਅਪੀਲ ਛੱਡੋ, ਇਹ ਕੋਰ ਕਮੇਟੀ ਦਾ ਫ਼ੈਸਲਾ ਤੇ ਪਾਰਟੀ ਪ੍ਰਧਾਨ ਦਾ ਹੁਕਮ ਹੈ, ਜਿਸ ਨੂੰ ਆਪਾਂ ਨੂੰ ਮੰਨਣਾ ਹੀ ਪੈਣਾ ਹੈ। ਇਹ ਸੁਣ ਦੇ ਸਾਰੇ ਮੈਂਬਰ ਥਾਂ 'ਤੇ ਹੀ ਬੈਠ ਗਏ, ਜਦਕਿ ਪੰਜੋਲੀ ਤੇ ਭੌਰ ਵਾਕਆਊਟ ਕਰ ਗਏ।



ਜਿਉਂ ਹੀ ਅੰਤਰਿੰਗ ਕਮੇਟੀ ਦੇ ਹੁਕਮ ਪੁਜਾਰੀਆਂ ਕੋਲ ਪੁੱਜੇ ਤਾਂ ਉਨ੍ਹਾਂ ਦੇ ਹੱਥ ਪੈਰ ਫੁੱਲ ਗਏ। ਕਮੇਟੀ ਦਾ ਇਲਾਹੀ ਹੁਕਮ ਸੀ ਕਿ ਸੋਧਿਆ ਕੈਲੰਡਰ ਤੁਰਤ ਲਾਗੂ ਕਰੋ। ਬਾਕੀ ਜਥੇਦਾਰਾਂ ਨੇ ਤਾਂ ਸੱਤ ਜਨਵਰੀ ਦੀ ਮੀਟਿੰਗ ਵਿਚ ਆਉਣ ਲਈ ਹਾਮੀ ਭਰੀ ਸੀ ਪਰ ਗਿਆਨੀ ਗੁਰਬਚਨ ਸਿੰਘ ਅਪਣੇ ਹੱਥ ਆਇਆ ਸੁਨਹਿਰੀ ਮੌਕਾ ਕਿਸੇ ਵੀ ਕੀਮਤ 'ਤੇ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੇ ਸਨ। ਗਿਆਨੀ ਗੁਰਬਚਨ ਸਿੰਘ ਨੇ ਪੰਜ ਜਥੇਦਾਰਾਂ ਦਾ ਕੋਰਮ ਪੂਰਾ ਕਰਨ ਲਈ ਦਰਬਾਰ ਸਾਹਿਬ ਤੋਂ ਸਾਰੇ ਹੀ ਗ੍ਰੰਥੀ ਬੁਲਾਵੇ ਭੇਜੇ ਤਾਂ ਕਿ ਕੌਮਘਾਤ ਵਿਚ ਉਹ ਵੀ ਉਨ੍ਹਾਂ ਦੇ ਭਾਈਵਾਲ ਬਣ ਸਕਣ। ਗਿਆਨੀ ਗੁਰਬਚਨ ਸਿੰਘ ਨੇ ਸਭ ਤੋਂ ਪਹਿਲਾਂ ਅਪਣੇ ਗੁਆਂਢੀ ਗਿਆਨੀ ਜਗਤਾਰ ਸਿੰਘ ਨੂੰ ਅਪਣੇ ਨਾਲ ਰਲਾਉਣਾ ਚਾਹਿਆ ਪਰ ਗਿਆਨੀ ਜਗਤਾਰ ਸਿੰਘ ਦੇ ਵਾਰ ਵਾਰ ਤਰਕ ਦੇਣ ਤੋਂ ਔਖੇ ਗਿਆਨੀ ਗੁਰਬਚਨ ਸਿੰਘ ਨੇ ਕਥਾਵਾਚਕ ਤੋਂ ਗ੍ਰੰਥੀ ਬਣੇ ਗਿਆਨੀ ਜਸਵੰਤ ਸਿੰਘ ਭੂਰਾ ਨੂੰ ਅਪਣੇ ਨਾਲ ਰਲਾਉਣਾ ਚਾਹਿਆ। ਗਿਆਨੀ ਜਸਵੰਤ ਸਿੰਘ ਵਲੋਂ ਵੀ ਪੈਰ ਨਾ ਲਾਏ ਜਾਣ 'ਤੇ, ਗਿਆਨੀ ਜਸਵਿੰਦਰ ਸਿੰਘ, ਗਿਆਨੀ ਰਵੇਲ ਸਿੰਘ, ਗਿਆਨੀ ਮਲ ਸਿੰਘ, ਗਿਆਨੀ ਸੁਖਜਿੰਦਰ ਸਿੰਘ ਨੂੰ ਨਾਲ ਬਿਠਾ ਕੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦੇ ਪਾਠ ਦਾ ਜਾਪ ਕਰਨ ਤੋਂ ਬਾਅਦ ਗਿਆਨੀ ਗੁਰਬਚਨ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਨੂੰ ਧੁੰਮਾਸ਼ਾਹੀ ਕੈਲੰਡਰ ਵਿਚ ਬਦਲਣ ਦਾ ਐਲਾਨ ਕਰ ਦਿਤਾ।

## *ਮੱਕੜ 'ਤੇ ਹਮਲੇ ਬਾਰੇ ਝੀਂਡਾ ਨੂੰ ਤਲਬ ਕਰਨ ਸੰਬੰਧੀ ਹੋ ਸਕਦੈ ਵਿਚਾਰ:ਜਥੇਦਾਰ ਗੁਰਬਚਨ ਸਿੰਘ*

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹਰਿਆਣਾ ਦੇ ਸ਼ਹਿਰ ਕਰਨਾਲ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ 'ਤੇ ਹੋਏ ਹਮਲੇ ਲਈ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਗਦੀਸ਼ ਸਿੰਘ ਝੀਂਡਾ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਝੀਂਡਾ ਨੂੰ ਇਸ ਬੱਜਰ ਗ਼ਲਤੀ ਦੇ ਦੋਸ਼ ਵਿਚ ਅਕਾਲ ਤਖ਼ਤ 'ਤੇ ਤਲਬ ਕਰਨ ਲਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਵਿਚਾਰ ਕੀਤੀ ਜਾਵੇਗੀ।

ਆਪਣੇ ਨਿਵਾਸ ਅਸਥਾਨ 'ਤੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਝੀਂਡਾ ਦੀ ਕਾਰਵਾਈ ਅਰਾਜਕਤਾ ਫੈਲਾਉਣ ਵਾਲੀ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੋਈ ਸਧਾਰਨ ਵਿਅਕਤੀ ਨਹੀਂ, ਸਗੋਂ ਸਿੱਖਾਂ ਦੀਆਂ ਵੋਟਾਂ ਨਾਲ ਚੁਣੇ ਹੋਏ ਮੈਂਬਰਾਂ ਦੁਆਰਾ ਚੁਣਿਆ ਹੋਇਆ ਆਗੂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸਮੁੱਚੇ ਸਿੱਖ ਜਗਤ ਦੀ ਨੁਮਾਇੰਦਗੀ ਕਰਦਾ ਹੈ, ਇਸ ਲਈ ਹਰੇਕ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਪ੍ਰਧਾਨ ਦਾ ਪੰਥਕ ਮਰਿਆਦਾ ਵਿੱਚ ਰਹਿ ਕੇ ਮਾਣ-ਸਨਮਾਨ ਬਣਾਈ ਰੱਖੇ। ਉਨ੍ਹਾਂ ਕਿਹਾ ਕਿ ਪ੍ਰਧਾਨ ਉੱਪਰ ਕਾਤਲਾਨਾ ਹਮਲਾ ਕਰਨਾ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਪਿਛਲੇ ਲੰਮੇ ਸਮੇਂ ਪੰਥ ਵਿੱਚ ਫੁੱਟ ਪਾਉਣ ਦੀਆਂ ਕਾਰਵਾਈਆਂ ਕਰ ਰਿਹਾ ਹੈ, ਜਿਨ੍ਹਾਂ ਨੂੰ ਤਖਤ ਤੋਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਸਗੋਂ ਝੀਂਡਾ ਖਿਲਾਫ ਅਕਾਲ ਤਖਤ ਤੋਂ ਮਰਿਆਦਾ ਅਨੁਸਾਰ ਕਾਰਵਾਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰ ਉਪਰੰਤ ਹੀ ਕੀਤੀ ਜਾਵੇਗੀ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜਿਸ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਸੋਧਾਂ ਦਾ ਬਹਾਨਾ ਬਣਾ ਕੇ ਅਵਤਾਰ ਸਿੰਘ ਮੱਕੜ 'ਤੇ ਝੀਂਡਾ ਤੇ ਉਸ ਦੇ ਸਾਥੀਆਂ ਵੱਲੋਂ ਨੰਗੀਆਂ ਕਿਰਪਾਨਾਂ ਨਾਲ ਲੈਸ ਹੋ ਕੇ ਹਮਲਾ ਕੀਤਾ ਗਿਆ ਹੈ, ਉਨ੍ਹਾਂ ਸੋਧਾਂ ਦਾ ਐਲਾਨ ਅਕਾਲ ਤਖਤ ਤੋਂ ਕੀਤਾ ਗਿਆ ਹੈ, ਇਸ ਲਈ ਝੀਂਡਾ ਤੇ ਉਸਦੇ ਸਾਥੀਆਂ ਨੂੰ ਜੇਕਰ ਇਨ੍ਹਾਂ ਸੋਧਾਂ ਵਿੱਚ ਤਰੁੱਟੀਆਂ ਨਜ਼ਰ ਆਉਂਦੀਆਂ ਹਨ, ਤਾਂ ਉਹ ਅਕਾਲ ਤਖਤ 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਮੌਕੇ 'ਤੇ ਮੌਜੂਦਾ ਸਰਕਾਰੀ ਅਧਿਕਾਰੀਆਂ ਨੂੰ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।







ੴ ਸਤਿਗੁਰ ਪ੍ਰਸਾਦਿ॥

# Sikh Religious Society (Chicago)

1280 Winnetka Street, Palatine, IL 60067

Phone: (847) 358-1117 Fax: (847) 358-1701 Hukamnaama: (847) 358-9230

# NOTICE

**Invitation To Application for Bid for the Construction Phase 2 Project at Sikh Religious Society**

**FOR CURRENTLY CERTIFIED CONTRACTORS ONLY**

## This "Invitation to Application Bid" is limited to participation by current certified "Contractors" that have been certified and Listed as General Contractors in Illinois by the January 31st 2010

**ADV. NO. : 15JAN10** **DATE OF INVITATION: Jan 11, 2010**

**SEALED APPLICATIONS SHALL BE ADDRESSED TO "THE BIDDING COMMITTEE", SIKH RELIGIOUS SOCIETY, 1280 WINNETKA STREET, PALATINE, IL 60067 FOR:**

**Project Title:Construction Phase 2 Project, Sikh Religious Society, 1280 Winnetka Street, IL 60067**
**Project Number: Phase2-01-10**

**The following criteria as approved by the board will be use in selecting a General Contractor for the above project**

1. The prospective General Contractor must be currently engaged in at least three construction projects and be listed as a General Contractor for in the State of Illinois



2. Please provide the list of address of the projects.

3. The prospective General Contractor must have done at least five projects at a least two projects at a value of $500,000 or more within the last two years and must be listed as a General Contractor in the city where these projects have been completed. Please provide the addresses of the projects.

4. The Prospective General Contractor must carry General Liability and Workmen's Compensation Insurance.

5. The architectural drawings will be provided to prospective bidders at a cost of $150/- for each set if selected to bid on.

**Application to Bids will be received at the Sikh Religious Society, 1280 Winnetka Street, IL 60067 in the office UNTIL 1:00 P.M. Feb 1st 2010. For more information you can also contact us at building@srschicago.com** This Project was approved by SRS Board on Nov 21 2009 and is subject to approval of Referendum by SRS Members.

**After applications are reviewed, selected contractors will be invited to bid on the project.**

**President**
**Jaspreet Singh Atwal**

**January 11, 2010**

# ਪੰਜਾਬ ਟਾਈਮਜ਼

ਸਨਿਚਰਵਾਰ, 16 ਜਨਵਰੀ 2010


*ਅਣਜਾਣ ਲੋਕਾਂ ਲਈ ਸਮੱਸਿਆ ਦਾ ਹੱਲ ਦੱਸਣਾ ਆਸਾਨ ਹੁੰਦਾ ਹੈ-ਮੈਲਕਮ ਫੋਰਬਸ*

## ਹਾਕੀ ਖਿਡਾਰੀਆਂ ਦੀ ਬਗਾਵਤ

ਭਾਵੇਂ ਕਿ ਹਾਲ ਹੀ ਵਿਚ ਅਰਜਨਟੀਨਾ 'ਚ ਹੋਏ ਚੈਂਪੀਅਨ ਚੈਲੰਜ ਟੂਰਨਾਮੈਂਟ ਵਿਚ ਭਾਰਤੀ ਹਾਕੀ ਟੀਮ ਫਾਈਨਲ ਵਿਚ ਪਹੁੰਚਦੀ-ਪਹੁੰਚਦੀ ਰਹਿ ਗਈ ਸੀ ਅਤੇ ਪਾਕਿਸਤਾਨ ਨੇ ਉਸ ਨੂੰ 6 ਦੇ ਮੁਕਾਬਲੇ 3 ਗੋਲਾਂ ਨਾਲ ਹਰਾ ਕੇ ਮੁਕਾਬਲੇ 'ਚੋਂ ਬਾਹਰ ਕਰ ਦਿੱਤਾ ਸੀ ਅਤੇ ਇਸ ਤੋਂ ਪਿਛੋਂ ਉਹ ਅਰਜਨਟੀਨਾ ਦੀ ਟੀਮ ਨੂੰ ਹਰਾ ਕੇ ਤੀਜੇ ਸਥਾਨ 'ਤੇ ਰਹੀ, ਇਸ ਦੇ ਬਾਵਜੂਦ ਹਾਕੀ ਟੀਮ ਨੂੰ ਹਾਕੀ ਇੰਡੀਆ ਨੇ ਉਸ ਦੇ ਬਣਦੇ ਬਕਾਏ ਨਹੀਂ ਦਿੱਤੇ। ਖਿਡਾਰੀਆਂ ਅਨੁਸਾਰ ਪਿਛਲੇ 3 ਸਾਲਾਂ ਤੋਂ ਹਰ ਟੂਰਨਾਮੈਂਟ ਤੋਂ ਪਹਿਲਾਂ ਪ੍ਰਤੀ ਖਿਡਾਰੀ 25 ਹਜ਼ਾਰ ਰੁਪਏ ਦਿੱਤੇ ਜਾਂਦੇ ਸਨ ਪਰ ਇਸ ਵਾਰ ਇਹ ਪੈਸੇ ਅਰਜਨਟੀਨਾ ਵਾਲਾ ਟੂਰਨਾਮੈਂਟ ਖ਼ਤਮ ਹੋਣ ਤੋਂ ਬਾਅਦ ਵੀ ਨਹੀਂ ਦਿੱਤੇ ਗਏ। ਇਹ ਅਦਾਇਗੀਆਂ ਨਾ ਕੀਤੇ ਜਾਣ ਦੇ ਸਿੱਟੇ ਵਜੋਂ ਭਾਰਤੀ ਹਾਕੀ ਟੀਮ ਦੇ ਖਿਡਾਰੀ ਬਗਾਵਤ ਕਰਨ ਲਈ ਮਜਬੂਰ ਹੋ ਗਏ ਹਨ ਅਤੇ ਉਨ੍ਹਾਂ ਨੇ ਸਮੂਹਕ ਰੂਪ ਵਿਚ ਆਖ ਦਿੱਤਾ ਹੈ ਕਿ ਉਨ੍ਹਾਂ ਨੂੰ ਜੇ ਪਿਛਲੇ ਬਕਾਏ ਦਿੱਤੇ ਜਾਣਗੇ, ਤਦ ਹੀ ਉਹ ਵਿਸ਼ਵ ਕੱਪ ਲਈ ਚੱਲ ਰਹੇ ਕੈਂਪ ਵਿਚ ਹਿੱਸਾ ਲੈਣਗੇ।

ਯਾਦ ਰਹੇ, ਕਪਤਾਨ ਰਾਜਪਾਲ ਸਮੇਤ ਹਾਕੀ ਖਿਡਾਰੀਆਂ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ 8 ਜਨਵਰੀ ਤੱਕ ਉਨ੍ਹਾਂ ਨੂੰ, ਉਨ੍ਹਾਂ ਦੇ ਬਕਾਏ ਦੇ ਦਿੱਤੇ ਜਾਣ, ਨਹੀਂ ਤਾਂ ਉਹ ਵਿਸ਼ਵ ਕੱਪ ਲਈ ਚੱਲ ਰਹੇ ਕੈਂਪ ਵਿਚ ਹਿੱਸਾ ਨਹੀਂ ਲੈਣਗੇ। ਚੈਂਪੀਅਨ ਚੈਲੰਜ ਟੂਰਨਾਮੈਂਟ ਵਿਚ ਅਗਵਾਈ ਕਰਨ ਵਾਲੇ ਰਾਜਪਾਲ ਸਿੰਘ ਨੇ ਕਿਹਾ ਹੈ ਕਿ ਬਕਾਏ ਬਾਰੇ ਦੋ ਚਿੱਠੀਆਂ ਦਾ ਇੰਡੀਅਨ ਹਾਕੀ ਫੈਡਰੇਸ਼ਨ ਤੋਂ ਕੋਈ ਜਵਾਬ ਨਾ ਮਿਲਣ ਤੋਂ ਬਾਅਦ ਹੀ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ। ਯਾਦ ਰਹੇ, ਖਿਡਾਰੀਆਂ ਵਲੋਂ ਉਦੋਂ ਇਹ ਕਦਮ ਚੁੱਕਿਆ ਗਿਆ ਹੈ, ਜਦੋਂ ਵਿਸ਼ਵ ਹਾਕੀ ਕੱਪ ਲਈ ਕੈਂਪ ਸ਼ੁਰੂ ਹੋਣ ਵਾਲਾ ਸੀ ਅਤੇ ਇਹ ਵਿਸ਼ਵ ਕੱਪ ਨਵੀਂ ਦਿੱਲੀ ਵਿਚ 28 ਫਰਵਰੀ ਤੋਂ 13 ਮਾਰਚ ਤੱਕ ਹੋਣ ਵਾਲਾ ਹੈ। ਇਸ ਤੋਂ ਇਲਾਵਾ 29 ਜਨਵਰੀ ਨੂੰ ਹਾਕੀ ਇੰਡੀਆ ਦੀਆਂ ਚੋਣਾਂ ਵੀ ਹੋ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਪੰਜਾਬ, ਮੁੰਬਈ, ਤਾਮਿਲਨਾਡੂ ਅਤੇ ਝਾਰਖੰਡ ਸਮੇਤ ਕੁਝ ਰਾਜਾਂ ਨੂੰ ਹਾਕੀ ਇੰਡੀਆ ਵਲੋਂ ਮਾਨਤਾ ਨਹੀਂ ਦਿੱਤੀ ਗਈ। ਕੇ. ਪੀ. ਐਸ. ਗਿੱਲ ਦੀ ਅਗਵਾਈ ਵਾਲੀ ਹਾਕੀ ਫੈਡਰੇਸ਼ਨ ਦੀ ਮੁਅੱਤਲੀ ਤੋਂ ਬਾਅਦ ਦੇਸ਼ ਵਿਚ ਹਾਕੀ ਦੀ ਖੇਡ ਦੀ ਮੈਨੇਜਮੈਂਟ ਲਈ ਐਡਹਾਕ ਕਮੇਟੀ ਹੋਂਦ ਵਿਚ ਆਈ ਸੀ ਅਤੇ ਇਸ ਤੋਂ ਪਿਛੋਂ ਭਾਰਤੀ ਓਲੰਪਿਕ ਐਸੋਸੀਏਸ਼ਨ ਵਲੋਂ ਹਾਕੀ ਇੰਡੀਆ ਨਾਂ ਦੀ ਰਜਿਸਟਰਡ ਬਾਡੀ ਕਾਇਮ ਕੀਤੀ ਗਈ ਸੀ। ਇਸ ਸੰਸਥਾ ਵਿਚ ਵੀ ਪਿਛਲੇ ਕਾਫੀ ਸਮੇਂ ਤੋਂ ਖਿੱਚੋਤਾਣ ਅਤੇ ਸਿਆਸਤ ਚੱਲਦੀ ਆ ਰਹੀ ਹੈ। ਇਸ ਦੇ ਸਿੱਟੇ ਵਜੋਂ ਹਾਕੀ ਇੰਡੀਆ ਦੇ ਇਕ ਅਹੁਦੇਦਾਰ ਅਸਲਮ ਸ਼ੇਰ ਖ਼ਾਨ ਨੇ ਅਸਤੀਫ਼ਾ ਵੀ ਦੇ ਦਿੱਤਾ।

ਅਸਲ ਵਿਚ ਹਾਕੀ ਇੰਡੀਆ ਉਪਰ ਏ. ਕੇ. ਮੱਟੂ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੁਰੇਸ਼ ਕਲਮਾਡੀ ਆਪਣਾ ਗਲਬਾ ਬਣਾਉਣਾ ਚਾਹੁੰਦੇ ਹਨ। ਜੇ ਵੱਖ-ਵੱਖ ਰਾਜਾਂ ਦੀਆਂ ਹਾਕੀ ਫੈਡਰੇਸ਼ਨਾਂ ਦੀ ਸਮੂਹਕ ਰੂਪ ਵਿਚ ਰਜਿਸਟ੍ਰੇਸ਼ਨ ਹੁੰਦੀ ਹੈ ਅਤੇ ਹਾਕੀ ਇੰਡੀਆ ਦੀਆਂ ਚੋਣਾਂ ਪਾਰਦਰਸ਼ੀ ਢੰਗ ਨਾਲ ਹੁੰਦੀਆਂ ਹਨ ਤਾਂ ਸੰਭਾਵਨਾ ਹੈ ਕਿ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਕਲਮਾਡੀ ਅਤੇ ਮੱਟੂ ਦਾ ਗਲਬਾ ਉਖੜ ਜਾਵੇ। ਅਸਲ ਵਿਚ ਜਿਨ੍ਹਾਂ ਰਾਜਾਂ ਦੀਆਂ ਹਾਕੀ ਫੈਡਰੇਸ਼ਨਾਂ ਕਲਮਾਡੀ ਅਤੇ ਉਨ੍ਹਾਂ ਦੇ ਜੋਟੀਦਾਰਾਂ ਦੇ ਖਿਲਾਫ਼ ਹਨ, ਉਨ੍ਹਾਂ ਨੂੰ ਹੀ ਹਾਕੀ ਇੰਡੀਆ ਦੇ ਤਾਣੇ-ਬਾਣੇ ਤੋਂ ਬਾਹਰ ਰੱਖਣ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਇਸ ਮਕਸਦ ਲਈ ਹਾਕੀ ਮੈਨੇਜਮੈਂਟ ਵਲੋਂ ਚੋਣ ਅਮਲ ਵਿਚ ਵੀ ਭੰਨ-ਤੋੜ ਕੀਤੀ ਜਾ ਰਹੀ ਹੈ। ਹਾਕੀ ਇੰਡੀਆ ਵਲੋਂ ਕੀਤੀ ਜਾ ਰਹੀ ਇਸ ਤੋੜ-ਮਰੋੜ ਦੀ ਕੌਮਾਂਤਰੀ ਹਾਕੀ ਫੈਡਰੇਸ਼ਨ ਅਤੇ ਭਾਰਤ ਦੇ ਖੇਡ ਮੰਤਰਾਲੇ ਵਲੋਂ ਤਿੱਖੀ ਆਲੋਚਨਾ ਕੀਤੀ ਗਈ ਹੈ। ਇਸ ਸਥਿਤੀ ਵਿਚ ਇਹ ਧਮਕੀ ਵੀ ਦਿੱਤੀ ਗਈ ਹੈ ਕਿ ਅਜਿਹੀਆਂ ਹਾਲਤਾਂ ਵਿਚ ਭਾਰਤ ਵਿਚੋਂ ਸੰਸਾਰ ਕੱਪ ਬਾਹਰ ਵੀ ਲਿਜਾਇਆ ਜਾ ਸਕਦਾ ਹੈ।

ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਜਿਨ੍ਹਾਂ ਖਿਡਾਰੀਆਂ ਤੋਂ ਦੇਸ਼ ਸੋਨ ਤਮਗੇ ਜਿੱਤਣ ਦੀ ਆਸ ਰੱਖਦਾ ਹੈ, ਉਨ੍ਹਾਂ ਦੀ ਹਾਲਤ ਕਿੰਨੀ ਤਰਸਯੋਗ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਰਤੀ ਹਾਕੀ ਫੈਡਰੇਸ਼ਨ ਵਲੋਂ ਪਾਕਿਸਤਾਨੀ ਹਾਕੀ ਫੈਡਰੇਸ਼ਨ ਨਾਲੋਂ ਵੀ ਖਿਡਾਰੀਆਂ ਨੂੰ ਘੱਟ ਪੈਸੇ ਦਿੱਤੇ ਜਾਂਦੇ ਹਨ। ਪਾਕਿਸਤਾਨ ਵਲੋਂ ਵੱਡੇ ਟੂਰਨਾਮੈਂਟਾਂ ਦੌਰਾਨ ਖਿਡਾਰੀਆਂ ਨੂੰ 100 ਡਾਲਰ ਰੋਜ਼ ਦੀ ਰਕਮ ਦਿੱਤੀ ਜਾਂਦੀ ਹੈ ਜਦੋਂਕਿ ਭਾਰਤੀ ਹਾਕੀ ਫੈਡਰੇਸ਼ਨ ਵਲੋਂ ਖਿਡਾਰੀਆਂ ਨੂੰ 20 ਡਾਲਰ ਰੋਜ਼ ਦੇ ਦਿੱਤੇ ਜਾਂਦੇ ਹਨ। ਇਹ ਬਹੁਤ ਵੱਡਾ ਫਰਕ ਹੈ। ਇਸ ਦੇ ਬਾਵਜੂਦ ਕਿ ਭਾਰਤ ਦੀ ਕੌਮੀ ਆਰਥਿਕਤਾ ਪਾਕਿਸਤਾਨ ਨਾਲੋਂ ਕਿਤੇ ਚੰਗੀ ਹੈ। ਭਾਰਤੀ ਖਿਡਾਰੀਆਂ ਨੇ ਇਹ ਵੀ ਜਤਾਇਆ ਹੈ ਕਿ ਅਜਿਹੇ ਫਰਕਾਂ ਕਰਕੇ ਹੀ ਸਾਰੇ ਦੇਸ਼ ਦੀ ਨੌਜਵਾਨ ਪੀੜ੍ਹੀ ਕ੍ਰਿਕਟ ਵਲ ਭੱਜੀ ਹੋਈ ਹੈ। ਉਨ੍ਹਾਂ ਦਾ ਆਖਣਾ ਹੈ ਕਿ ਜੂਨੀਅਰ ਪੱਧਰ 'ਤੇ ਵੀ ਕ੍ਰਿਕਟ ਦੇ ਖਿਡਾਰੀਆਂ ਨੂੰ ਹਾਕੀ ਖਿਡਾਰੀਆਂ ਨਾਲੋਂ ਕਿਤੇ ਜ਼ਿਆਦਾ ਪੈਸੇ ਮਿਲਦੇ ਹਨ। ਇਸ ਹਾਲਤ ਵਿਚ ਕੌਣ ਇਸ ਕੌਮੀ ਖੇਡ ਵੱਲ ਆਵੇਗਾ?

ਜਦੋਂ ਕੇ. ਪੀ. ਐਸ. ਗਿੱਲ ਵਾਲੀ ਹਾਕੀ ਫੈਡਰੇਸ਼ਨ ਨੂੰ ਮੁਅੱਤਲ ਕੀਤਾ ਗਿਆ ਸੀ ਤਾਂ ਦੇਸ਼ ਦੇ ਲੋਕਾਂ ਨੇ ਆਸ ਕੀਤੀ ਸੀ ਕਿ ਹੁਣ ਭਾਰਤੀ ਹਾਕੀ ਦਾ ਕਾਰੋਬਾਰ ਸਹੀ ਲੀਹਾਂ 'ਤੇ ਆ ਜਾਵੇਗਾ ਪਰ ਅਜਿਹੀ ਆਸ ਹੁਣ ਇਕ ਵਾਰ ਫਿਰ ਟੁੱਟਦੀ ਵਿਖਾਈ ਦੇ ਰਹੀ ਹੈ। ਅਸਲ ਤੱਥ ਇਹ ਹੈ ਕਿ ਦੇਸ਼ ਵਿਚ ਸਿਆਸਤ ਵਾਂਗ ਹੀ ਖੇਡਾਂ ਵਿਚ ਵੀ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਘਰ ਕਰ ਗਿਆ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸੁਰੇਸ਼ ਕਲਮਾਡੀ ਦਾ ਆਪਣਾ ਆਰ-ਪਰਿਵਾਰ ਭਾਰਤੀ ਓਲੰਪਿਕ ਐਸੋਸੀਏਸ਼ਨ ਉਪਰ ਕਾਬਜ਼ ਹੋ ਗਿਆ ਹੈ। ਐਨ ਉਸੇ ਤਰ੍ਹਾਂ, ਜਿਵੇਂ ਕਾਂਗਰਸ ਅਤੇ ਅਕਾਲੀ ਦਲ ਜਿਹੀਆਂ ਰਾਜਨੀਤਕ ਪਾਰਟੀਆਂ ਉਪਰ ਵਿਸ਼ੇਸ਼ ਪਰਿਵਾਰ ਕਾਬਜ਼ ਹੋ ਗਏ ਹਨ। ਪਰਿਵਾਰਕ ਕਬਜ਼ੇ ਲਈ ਅਸੂਲ ਛਿੱਕੇ ਟੰਗੇ ਜਾਣ ਲੱਗੇ ਹਨ ਅਤੇ ਭ੍ਰਿਸ਼ਟਾਚਾਰ ਸਰਬਵਿਆਪਕ ਹੋ ਗਿਆ ਹੈ। ਬਿਲਕੁਲ ਇਹੋ ਹਾਲਤ ਹਾਕੀ ਮੈਨੇਜਮੈਂਟ ਦੇ ਖੇਤਰ ਵਿਚ ਬਣੀ ਹੋਈ ਹੈ। ਇਸ ਹਾਲਤ ਵਿਚ ਫਰਵਰੀ ਦੇ ਅਖ਼ੀਰ ਵਿਚ ਹੋਣ ਵਾਲਾ ਵਿਸ਼ਵ ਕੱਪ ਹੋ ਵੀ ਸਕੇਗਾ ਜਾਂ ਨਹੀਂ, ਇਸ ਬਾਰੇ ਵੀ ਅਨਿਸ਼ਚਿਤਤਾ ਹਵਾ ਵਿਚ ਹੈ ਕਿਉਂਕਿ ਸਾਰੀ ਦੁਨੀਆਂ ਅਤੇ ਵਿਸ਼ਵ ਹਾਕੀ ਫੈਡਰੇਸ਼ਨ, ਭਾਰਤੀ ਖਿਡਾਰੀਆਂ ਦੀ ਦੁਰਦਸ਼ਾ ਸਪੱਸ਼ਟ ਰੂਪ ਵਿਚ ਵੇਖ ਰਹੀ ਹੈ। ਪੈਦਾ ਹੋਈ ਨਵੀਂ ਹਾਲਤ ਦਾ ਕੇ. ਪੀ. ਐਸ. ਗਿੱਲ, ਸਾਬਕਾ ਕੋਚ ਕਾਰਵੈਲੋ ਤੇ ਅਸਲਮ ਸ਼ੇਰ ਖਾਨ ਲਾਭ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਮ-ਕ੍ਰੋਧ ਦੇ ਡੰਗ!*

*ਦੇਖ ਦੇਖ ਕੇ ਸੱਚ ਲਾਚਾ ਹੁੰਦਾ,*
*ਮੂੰਹ ਕਰ ਲਿਆ ਬੰਦ ਸਚਿਆਰਿਆਂ ਨੇ।*
*ਗੱਲ ਗਿਆਨ ਦੀ ਸੁਣੀ-ਅਣਸੁਣੀ ਕੀਤੀ,*
*ਰੀਤਾਂ ਤੋਰੀਆਂ ਆਪ-ਮੁਹਾਰਿਆਂ ਨੇ।*
*ਜੀਣਾ ਭਲਿਆਂ ਦਾ ਕੀਤਾ ਮੁਹਾਲ ਇਥੇ,*
*ਜਾਇਦਾਦ ਦੇ ਲੋਭੀ ਹੰਕਾਰਿਆਂ ਨੇ।*
*ਚਕਾ-ਚੌਂਧ ਨੇ ਦਿਲੋਂ ਵਿਸਾਰ ਦਿੱਤਾ,*
*ਇਕ ਦਿਨ ਵੱਜਣਾ ਕਾਲ ਨਗਾਰਿਆਂ ਨੇ।*
*ਤਮ੍ਹਾਂ ਹਿਰਸ ਦੀ ਅੱਗ ਦੇ ਸਾੜਿਆਂ ਨੂੰ,*
*ਕਰਨਾ ਸ਼ਾਂਤ ਕੀ ਠੰਡੇ ਫੁਹਾਰਿਆਂ ਨੇ।*
*ਕਰਕੇ ਰੱਖ'ਤੀ ਜਾਣੋ ਬੇਹੋਸ਼ ਦੁਨੀਆਂ,*
*ਕਾਮ-ਕ੍ਰੋਧ ਦੇ ਜ਼ਹਿਰੀ ਫੁੰਕਾਰਿਆਂ ਨੇ!*

# ਕਿਹੋ ਜਿਹਾ ਹੋਵੇ ਪੰਜਾਬ ਦਾ ਵਿਰਾਸਤੀ ਪਿੰਡ?

**ਡਾ. ਸਰਬਜੀਤ ਸਿੰਘ ਚਾਹਲ**

ਕੋਪਨਹੇਗਨ ਵਿਚ ਵਿਜ਼ਿਟਿੰਗ ਸਾਇੰਟਿਸਟ ਵਜੋਂ ਕੰਮ ਕਰਦਿਆਂ ਇੰਸਟੀਚਿਊਟ ਦੇ ਨਿਰਦੇਸ਼ਕ ਨੇ ਇਕ ਦਿਨ ਮੈਨੂੰ ਪੁੱਛਿਆ ਕਿ ਇੰਸਟੀਚਿਊਟ ਤੋਂ ਬਾਹਰ ਤੁਸੀਂ ਕੁਝ ਦੇਖਣਾ ਚਾਹੋਗੇ। ਮੈਂ ਦੋ ਗੱਲਾਂ ਦਾ ਪ੍ਰਗਟਾਵਾ ਕੀਤਾ। ਇਕ ਕਿ ਮੈਂ ਪੂਰਾ ਇਕ ਦਿਨ ਕਿਸੇ ਕਿਸਾਨ ਪਰਿਵਾਰ ਨਾਲ ਗੁਜ਼ਾਰਨਾ ਚਾਹਾਂਗਾ ਅਤੇ ਦੂਜਾ ਇਥੇ ਦੀ ਸਭਿਅਤਾ ਦਾ ਅਜਾਇਬਘਰ ਦੇਖਣਾ ਚਾਹਾਂਗਾ। ਇਸ ਤਰ੍ਹਾਂ ਮੈਨੂੰ ਉਹ ਅਜਾਇਬਘਰ ਦੇਖਣ ਦਾ ਮੌਕਾ ਮਿਲਿਆ ਜਿਸਨੂੰ ਦੇਖ ਕੇ ਡਾ. ਐਮ. ਐਸ. ਰੰਧਾਵਾ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਪੰਜਾਬ ਦੀ ਪੇਂਡੂ ਸਭਿਅਤਾ ਦਾ ਅਜਾਇਬਘਰ ਸਥਾਪਤ ਕੀਤਾ। ਕੋਪਨਹੇਗਨ ਦੇ ਉਸ ਅਜਾਇਬ ਘਰ ਵਿਚ ਦੇਖਿਆ ਕਿ ਲੁਹਾਰ ਆਪਣੀ ਧੌਂਕਣੀ 'ਤੇ ਬੈਠਾ ਗਰਮ ਸਲਾਖ ਦੀ ਦਾਤਰੀ ਬਣਾ ਰਿਹਾ ਹੈ ਅਤੇ ਜਨਾਨੀ ਉਸ 'ਤੇ ਵਦਾਨ ਨਾਲ ਸੱਟ ਮਾਰਦੀ ਹੈ। ਹੋਰ ਕਈ ਇਸ ਤਰ੍ਹਾਂ ਦੀਆਂ ਝਾਕੀਆਂ ਦੇਖੀਆਂ ਤਾਂ ਮਹਿਸੂਸ ਹੋਇਆ ਕਿ ਜਿਨ੍ਹਾਂ ਕੌਮਾਂ ਨੂੰ ਅੱਜ ਅਸੀਂ ਅਮੀਰ ਅਤੇ ਸਨਅਤੀ ਦੇਸ਼ ਕਹਿੰਦੇ ਹਾਂ, ਇਹ ਵੀ ਇਸ ਦੌਰ ਵਿਚੋਂ ਗੁਜ਼ਰੀਆਂ ਹਨ। ਇਨ੍ਹਾਂ ਨੇ ਆਪਣਾ ਵਿਰਸਾ ਕਿਵੇਂ ਸੁਹਿਰਦਤਾ ਨਾਲ ਸੰਭਾਲ ਕੇ ਰੱਖਿਆ ਹੋਇਆ ਹੈ।

ਪੰਜਾਬ ਨੂੰ ਭਾਵੇਂ ਭਾਰਤ ਦੇ ਅਮੀਰ ਸੂਬਿਆਂ ਵਿਚੋਂ ਗਿਣਿਆ ਜਾਂਦਾ ਹੈ ਅਤੇ ਦੇਸ਼ ਦੀ ਅਨਾਜ ਕੋਠੜੀ ਹੈ ਪਰ ਇਸਨੂੰ ਆਪਣਾ ਅਮੀਰ ਵਿਰਸਾ ਸੰਭਾਲਣ ਲਈ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਸਰਕਾ ਦੁਆਲੇ ਵੱਡੀਆਂ ਛੋਟੀਆਂ ਹਵੇਲੀਆਂ, ਸੰਦਲੀ ਦਰਵਾਜ਼ੇ, ਸਾਂਝੇ ਚੁੱਲ੍ਹੇ ਆਦਿ ਬਣਾ ਕੇ ਵਪਾਰਕ ਮਨਸ਼ਾ ਨਾਲ ਲੋਕਾਂ ਦੀਆਂ ਭਾਵਨਾਵਾਂ ਨਾਲ ਬਹੁਤ ਖਿਲਵਾੜ ਕੀਤਾ ਗਿਆ ਹੈ। ਅੱਜ-ਕੱਲ ਵਿਆਹ-ਸ਼ਾਦੀਆਂ ਵਿਚ 'ਲੇਡੀਜ਼ ਸੰਗੀਤ' ਜਿਸ ਵਿਚ ਆਦਮੀ ਜ਼ਿਆਦਾ ਹੁੰਦੇ ਹਨ ਅਤੇ ਗਾਉਂਦਾ ਸਿਰਫ ਡੀ. ਜੇ. ਹੀ ਹੈ, ਦੇਖ ਕੇ ਅਚੰਭਾ ਹੁੰਦਾ ਹੈ ਕਿ ਅਸਲੀ ਅਪਣੱਤ ਨਾਲ ਗਾਉਣਾ-ਵਜਾਉਣਾ ਤੇ ਸੰਗੀਤ ਜੋ ਵਿਆਹ ਤੋਂ ਹਫਤਾ ਹਫਤਾ ਪਹਿਲਾਂ ਚਲਦਾ ਸੀ, ਸਾਡੀ ਅੱਜ-ਕੱਲ ਦੀ ਪੀੜ੍ਹੀ ਨੂੰ ਕੀ ਪਤਾ?

ਫਿਰ ਵੀ ਆਪਣੇ ਵਿਰਸੇ ਦੀ ਸੰਭਾਲ ਲਈ ਪਿੱਛੇ ਜਿਹੇ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ। ਪੰਜਾਬ ਸਰਕਾਰ ਨੇ ਇਕ ਅਜਿਹਾ ਪੰਜਾਬੀ ਪੇਂਡੂ ਵਿਰਸਾ ਅਜਾਇਬਘਰ (ਹੈਰੀਟੇਜ ਵਿਲੇਜ) ਸਥਾਪਤ ਕਰਨ ਦਾ ਕਦਮ ਪੁੱਟਿਆ। ਇਸ ਵਾਸਤੇ ਅੰਮ੍ਰਿਤਸਰ ਤੋਂ ਵਾਘਾ ਬਾਰਡਰ ਜਾਂਦਿਆਂ ਸੜਕ 'ਤੇ ਨਾਲ ਲੱਗਦਿਆਂ ਤਕਰੀਬਨ 12 ਏਕੜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਜ਼ਮੀਨ ਦੀ ਚੋਣ ਕੀਤੀ ਗਈ। ਜ਼ਿਲਾ ਕਮਿਸ਼ਨਰ ਨੇ ਬਹੁਤ ਦਿਲਚਸਪੀ ਲਈ ਅਤੇ ਯੂਨੀਵਰਸਿਟੀ ਅਧਿਕਾਰੀਆਂ ਨੇ ਵੀ ਬੜੀ ਸੋਚ ਵਿਚਾਰ ਪਿਛੋਂ ਇਸ ਲਈ ਹਾਂ ਕਰ ਦਿੱਤੀ। ਸ਼ਰਤ ਹੈ ਕਿ ਸਰਕਾਰ ਇਸ ਨੂੰ ਬਣਾ ਕੇ ਯੂਨੀਵਰਸਿਟੀ ਨੂੰ ਦੇ ਦੇਵੇਗੀ ਜੋ ਇਸ ਦੀ ਦੇਖ-ਰੇਖ ਕਰੇਗੀ। ਫਿਰ ਸਵਾਲ ਉਠਿਆ ਕਿ ਇਸ ਦੀ ਬਣਤਰ, ਰੂਪ-ਰੇਖਾ ਅਤੇ ਸਰੂਪ ਕਿਸ ਤਰ੍ਹਾਂ ਦਾ ਹੋਵੇ ਤਾਂ ਕਿ ਇਸਨੂੰ ਸੁਚਾਰੂ ਢੰਗ ਨਾਲ ਤਿਆਰ ਕੀਤਾ ਜਾਵੇ। ਯੂਨੀਵਰਸਿਟੀ ਵਲੋਂ ਇਕ ਸੈਮੀਨਾਰ ਕਰਵਾ ਕੇ ਉੱਘੀਆਂ ਸ਼ਖਸੀਅਤਾਂ ਦੇ ਸੁਝਾਅ ਲਏ ਗਏ ਅਤੇ ਇਕ ਖਰੜਾ-ਤਿਆਰ ਕੀਤਾ ਗਿਆ। ਇਸਨੂੰ ਅਸਲੀ ਰੂਪ ਦੇਣ ਲਈ ਢਾਂਚਾ ਬਣਾਉਣ ਲਈ ਸਰਕਾਰ ਨੇ ਇਕ ਦਿੱਲੀ ਦੀ ਫਰਮ ਨੂੰ ਸਲਾਹਕਾਰ ਵਜੋਂ ਰੱਖਿਆ। ਜਦ ਉਸਦਾ ਤਿਆਰ ਕੀਤਾ ਹੋਇਆ ਤਿੱਖੇ ਤਿਕੋਨੇ ਤੇ ਚੌਰਸ, ਚੰਡੀਗੜ੍ਹ ਨਮੂਨੇ ਦਾ ਪ੍ਰਗਟਾਵਾ ਕਰਦਾ ਸ਼ਹਿਰੀਨੁਮਾ ਨਕਸ਼ਾ ਪੇਸ਼ ਕੀਤਾ ਗਿਆ ਤਾਂ ਬਹੁਤ ਨਿਰਾਸ਼ਾ ਹੋਈ। ਪੁੱਛਣ 'ਤੇ ਪਤਾ ਲੱਗਿਆ ਕਿ ਆਰਕੀਟੈਕਟ ਜਿਸ ਨੇ ਇਹ ਬਣਾਇਆ ਉਸਨੇ ਕਦੀ ਪਿੰਡ ਵੇਖਿਆ ਹੀ ਨਹੀਂ ਸੀ। ਇਥੋਂ ਤਕ ਕਿ ਹੋਰ ਤਾਂ ਕੀ ਉਸਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਪੇਂਡੂ ਸਭਿਅਤਾ ਦਾ ਅਜਾਇਬਘਰ ਵੀ ਨਹੀਂ ਸੀ ਦੇਖਿਆ ਜਿਸ ਦੀ ਉਸ ਨੂੰ ਹਦਾਇਤ ਕੀਤੀ ਗਈ। ਪੂਰੇ ਸੰਕਲਪ ਨੂੰ ਜ਼ਿਹਨ 'ਚ ਵਸਾ ਕੇ ਢਾਂਚਾ ਬਣਾਉਣ ਦੀ ਲੋੜ ਹੈ, ਨਹੀਂ ਤਾਂ ਇੰਨੀ ਕੀਤੀ ਹਿੰਮਤ ਦਾ ਨਤੀਜਾ ਅਸਲੀਅਤ ਤੋਂ ਕਿਤੇ ਪਰ੍ਹੇ ਹੋਣ ਦਾ ਅੰਦੇਸ਼ਾ ਹੈ। ਇਹ ਗੱਲ ਵਰਣਨਯੋਗ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਇਸ ਵਿਸ਼ੇ 'ਤੇ ਬਹੁਤ ਸ਼ਲਾਘਾਯੋਗ ਕੰਮ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਖੋਜ ਨਤੀਜਿਆਂ ਦਾ ਪੂਰਾ-ਪੂਰਾ ਲਾਭ ਲੈਣਾ ਚਾਹੀਦਾ ਹੈ। ਪਹਿਲੀ ਗੱਲ ਕਿ ਅਜਿਹੇ ਨਕਸ਼ੇ ਜਾਂ ਰੂਪ-ਰੇਖਾ ਦੀ ਬਜਾਏ ਇਸ ਵਿਰਾਸਤੀ ਪਿੰਡ ਦੀ ਨੁਹਾਰ ਅਜਿਹੀ ਹੋਣੀ ਚਾਹੀਦੀ ਹੈ ਕਿ ਅੰਦਰ ਜਾਂਦਿਆਂ ਹੀ ਮਹਿਸੂਸ ਹੋਵੇ ਕਿ ਪੰਜ ਦਰਿਆਵਾਂ ਦੀ ਧਰਤੀ ਵਿਚ ਪ੍ਰਵੇਸ਼ ਕੀਤਾ ਹੈ।

ਵਿਰਾਸਤੀ ਪਿੰਡ ਦਾ ਸੰਕਲਪ ਅਜਿਹਾ ਨਹੀਂ ਕਿ ਇਸ ਵਿਚ ਪੁਰਾਣੇ ਜਾਂ ਆਧੁਨਿਕ ਕਿਸੇ ਜਾਂ ਅਜਿਹੇ ਖਾਸ ਸਮੇਂ ਦੇ ਪਿੰਡ ਦਾ ਨਿਰਮਾਣ ਕਰਨਾ ਹੈ। ਸਗੋਂ ਇਸਨੂੰ ਇਕ ਪੰਜਾਬ ਦੇ ਵਿਰਸੇ ਦੇ ਕੇਂਦਰ ਵਜੋਂ ਇਕ ਸੋਹਣੀ ਅਤੇ ਸੁਚੱਜੀ ਨੀਤੀ ਨਾਲ ਤਿਆਰ ਕਰਨ ਦੀ ਜ਼ਰੂਰਤ ਹੈ ਜਿਸ ਵਿਚ ਸਮੇਂ-ਸਮੇਂ ਆਈ ਤਬਦੀਲੀ ਦਾ ਪ੍ਰਗਟਾਵਾ ਹੋਵੇ। ਜੋ ਸਮੁੱਚੇ ਪੰਜਾਬ ਦੇ ਵਿਰਸੇ ਸਬੰਧੀ ਹੋਵੇ ਅਤੇ ਸਾਰੇ ਮਾਲਵੇ ਅਤੇ ਦੁਆਬੇ ਦੀ ਨੁਮਾਇੰਦਗੀ ਕਰੇ। ਇਸਨੂੰ ਨੇਪਰੇ ਚਾੜ੍ਹਨ ਅਤੇ ਇਸਦੇ ਨਿਰਮਾਣ ਲਈ ਇਕ ਸਲਾਹਕਾਰ ਕਮੇਟੀ ਦਾ ਹੋਣਾ ਲਾਜ਼ਮੀ ਹੈ।

ਇਸ ਕੇਂਦਰ ਵਿਚ ਇਕ ਪੇਂਡੂ ਡਿਉਢੀ ਵਾਲਾ ਘਰ ਬਣਾਇਆ ਜਾ ਸਕਦਾ ਹੈ ਜਿਸ ਦੇ ਉਸੇ ਹੀ ਖਾਸ ਤਰ੍ਹਾਂ ਦੇ ਬੂਹੇ, ਬਾਰੀਆਂ, ਕੰਧਾਂ ਵਿਚ ਆਲੇ, ਅੰਦਰ ਅੰਗੀਠੀ, ਚੌਂਕਾ-ਚੁੱਲ੍ਹਾ, ਛਿੱਕੂ ਦੀ ਵਰਤੋਂ, ਦੁੱਧ ਰਿੜਕਣ ਦਾ ਦ੍ਰਿਸ਼, ਦਰੀਆਂ ਬੁਣਨ ਦਾ ਦ੍ਰਿਸ਼, ਨਾਲੇ ਬੁਣਨ ਦੀ ਵਿਧੀ ਅਤੇ ਚਰਖਾ ਕੱਤਦੀ ਮੁਟਿਆਰ ਦਾ ਦ੍ਰਿਸ਼ ਆਦਿ ਦਰਸਾਏ ਜਾ ਸਕਦੇ ਹਨ। ਇਸਦੇ ਇਕ ਕੋਨੇ ਵਿਚ ਪੁਰਾਣੇ ਪਿੱਤਲ ਦੇ ਭਾਂਡੇ ਜਿਵੇਂ ਗਾਗਰ, ਵਲਟੋਹੀ, ਦੇਗ ਵਲਟੋਹੀ, ਛੰਨਾ, ਬਾਟੀ, ਛੰਨਾ ਵਾਲਾ ਗਿਲਾਸ, ਜੱਗ ਆਦਿ ਅਤੇ ਵਿਹੜੇ ਵਿਚ ਪੇਂਡੂ ਬੱਚਿਆਂ ਦੇ ਲੱਕੜ ਦੇ ਗੱਡੇ ਅਤੇ ਗੁਲੇਲਾਂ ਵਰਗੇ ਹੋਰ ਖਿਡੌਣੇ ਰੱਖੇ ਜਾ ਸਕਦੇ ਹਨ। ਇਕ ਕਮਰੇ ਵਿਚ ਦਾਣਿਆਂ ਵਾਲੀ ਕੋਠੀ, ਪੈਂਦ ਵਾਲੇ ਮੰਜੇ, ਪੁਰਾਣੇ ਗੋਲ ਵੱਡੇ ਪਾਵਿਆਂ ਵਾਲੇ ਮੰਜੇ, ਪੀੜ੍ਹੀਆਂ, ਪੱਖੀਆਂ, ਪੱਖੇ ਰੱਖ ਕੇ ਪੇਂਡੂ ਸਭਿਅਤਾ ਦਾ ਪ੍ਰਤੀਬਿੰਬ ਤਿਆਰ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਇਕ ਪਾਸੇ ਉੱਖਲੀ ਵਿਚ ਚੌਲ ਛੜਨ, ਛੱਜ ਨਾਲ ਦਾਣੇ ਛੱਟਣ ਅਤੇ ਹੱਥ ਚੱਕੀ ਨਾਲ ਦਾਣੇ ਪੀਹਣ ਦੇ ਦ੍ਰਿਸ਼ਾਂ ਨੂੰ ਉਸਾਰਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਢੁਕਵੇਂ ਹਿੱਸਿਆਂ ਵਿਚ ਹੋਰ ਪੇਂਡੂ ਝਲਕੀਆਂ ਜਿਵੇਂ ਕਿ ਭੱਠੀ 'ਤੇ ਦਾਣੇ ਭੁੰਨਣਾ, ਕੋਹਲੂ, ਖਰਾਸ, ਲੱਜ ਬਾਲਟੀ ਨਾਲ ਭੌਣੀ ਵਾਲੀ ਖੂਹੀ 'ਚੋਂ ਪਾਣੀ ਭਰਨਾ। ਟਿੰਡਾਂ ਵਾਲਾ ਖੂਹ, ਮਸ਼ਕਾ, ਹੱਥ ਖੱਡੀ ਅਜੇ ਕਈ ਹੋਰ ਅਜਿਹੀਆਂ ਵਸਤਾਂ ਅਜੇ ਪਿੰਡਾਂ ਵਿਚ ਮਿਲ ਸਕਦੀਆਂ ਹਨ ਜੋ ਇਕੱਠੀਆਂ ਕਰਕੇ ਰੱਖੀਆਂ ਜਾ ਸਕਦੀਆਂ ਹਨ। ਪੇਂਡੂ ਸਭਿਅਤਾ ਨਾਲ ਗੁੜ੍ਹੀਆਂ ਸਬੰਧਤ ਪ੍ਰਕਿਰਿਆਵਾਂ ਜਿਵੇਂ ਕਿ ਫੁਲਕਾਰੀ ਕੱਢਣਾ, ਤ੍ਰਿੰਜਣ, ਖੇਤਾਂ ਨੂੰ ਭੱਤਾ (ਰੋਟੀ) ਲੈ ਕੇ ਜਾਣਾ, ਇਕ ਦਰੱਖਤ ਹੇਠ ਬੈਠੇ ਪੇਂਡੂ ਬਜ਼ੁਰਗਾਂ ਦਾ ਤਾਸ਼ ਅਤੇ ਬਾਰਾਂ ਟਹਿਣੀ ਖੇਡਣਾ, ਪੇਂਡੂ ਬੱਚਿਆਂ ਦਾ ਤਖ਼ਤੀ ਅਤੇ ਸਲੇਟ ਦੀ ਵਰਤੋਂ, ਵਣਜਾਰੇ ਦਾ ਹੋਕਾ ਅਤੇ ਮੁਟਿਆਰਾਂ ਦਾ ਚੂੜੀਆਂ ਚੜ੍ਹਾਉਣਾ ਆਦਿ ਸਾਡੇ ਵਿਰਸੇ ਦਾ ਅਟੁੱਟ ਅੰਗ ਹਨ ਜਿਨ੍ਹਾਂ ਨੂੰ ਇਸ ਕੇਂਦਰ ਵਿਚ ਢੁਕਵੀਂ ਜਗ੍ਹਾ ਮਿਲਣੀ ਚਾਹੀਦੀ ਹੈ। ਵਿਆਹ ਸ਼ਾਦੀਆਂ ਦੇ ਰੀਤੀ ਰਿਵਾਜ਼ਾਂ ਨਾਲ ਸਬੰਧਤ ਪੇਂਡੂ ਭਾਈਚਾਰੇ ਨੂੰ ਝਲਕਾਉਂਦੇ ਭਾਂਤ-ਭਾਂਤ ਦੇ ਦ੍ਰਿਸ਼ ਜਿਵੇਂ ਬਰਾਤੀਆਂ ਲਈ ਮੰਜੇ, ਬਿਸਤਰੇ, ਇਕੱਠੇ ਕਰਨਾ ਅਤੇ ਉਨ੍ਹਾਂ 'ਤੇ ਨੰਬਰ ਲਾਉਣੇ, ਵਟਣਾ ਮਲਣਾ, ਬਰਾਤ ਆਉਣੀ, ਸਿੱਠਣੀਆਂ ਦੀ ਬੁਛਾੜ, ਨੋਕ-ਝੋਕ, ਡੋਲੀ ਦਾ ਦ੍ਰਿਸ਼, ਗਾਨੇ ਖਿਡਾਉਣੇ, ਘੁੰਡ ਚੁਕਾਈ ਆਦਿ ਦਾ ਹੋਣਾ ਵੀ ਜ਼ਰੂਰੀ ਹੈ।

ਪੇਂਡੂ ਮੇਲਾ ਅਤੇ ਛਿੰਜ, ਪਸ਼ੂਆਂ ਦਾ ਸਾਜ਼ੋ-ਸਾਮਾਨ, ਹਾਰ ਸ਼ਿੰਗਾਰ, ਇਸੇ ਤਰ੍ਹਾਂ ਵੱਖੋ-ਵੱਖਰੇ ਭਾਗਾਂ ਵਿਚ ਪੁਰਾਣੇ ਪਹਿਰਾਵੇ ਲਹਿੰਗਾ, ਪਰਾਂਦੀਆਂ, ਕੰਘੀਆਂ, ਗਹਿਣਿਆਂ ਦੇ ਨਮੂਨੇ, ਕੈਂਠਾ, ਕੋਕਾ, ਨੱਥ ਆਦਿ, ਨਾਚ ਗਾਣਿਆਂ ਸਬੰਧਤ ਗਿੱਧਾ, ਤੀਆਂ, ਭੰਗੜਾ, ਮਲਵਈ ਭੰਗੜਾ ਆਦਿ ਦੇ ਦ੍ਰਿਸ਼ਾਂ ਦੇ ਨਾਲ-ਨਾਲ ਸੰਗੀਤ ਦਾ ਸਾਮਾਨ, ਸਾਜ਼, ਅਲਗੋਜ਼ੇ, ਛੈਣੇ, ਚਿਮਟਾ, ਢੋਲਕੀ, ਢੱਡ ਸਰੰਗੀ, ਡਮਰੂ ਅਤੇ ਇੰਜ ਹੀ ਮਿੱਟੀ ਦੇ ਭਾਂਡੇ, ਭਾਂਡੇ ਘੜਨ ਵਾਲੇ ਚੱਕ ਦਾ ਦ੍ਰਿਸ਼, ਦੀਵਿਆਂ ਅਤੇ ਲੈਂਪਾਂ ਦੇ ਨਮੂਨੇ, ਪੇਚਾਂ ਵਾਲੇ ਅਤੇ ਰੋਪੜੀ ਜਿੰਦਰੇ, ਟਕੂਏ ਕਿਰਪਾਨਾਂ ਇਕੱਠੇ ਕਰਕੇ ਰੱਖਣਾ ਸੁਭਾਵਕ ਹੋਵੇਗਾ।

ਹਰੇਕ ਪ੍ਰਕਿਰਿਆ ਨਾਲ ਸੰਖੇਪ ਗਿਣੇ ਮਿੱਥੇ ਸ਼ਬਦਾਂ ਵਿਚ ਹਰ ਵਸਤ ਬਾਰੇ ਅਤੇ ਉਸਦੀ ਵਰਤੋਂ ਦਾ ਵਰਨਣ ਹੋਣਾ ਆਪ ਮੁਹਾਰਾ ਹੋਵੇਗਾ। ਕੁਝ ਦੁਰਲੱਭ ਵਸਤਾਂ ਅਤੇ ਪ੍ਰਕਿਰਿਆਵਾਂ ਨੂੰ ਤਸਵੀਰਾਂ ਅਤੇ ਪੋਸਟਰਾਂ ਰਾਹੀਂ ਵੀ ਅੰਕਿਤ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਇਕ ਹਾਲ ਵਿਚ ਰੋਸ਼ਨੀ ਅਤੇ ਆਵਾਜ਼ ਰਾਹੀਂ ਪੰਜਾਬੀ ਸਭਿਅਤਾ ਅਤੇ ਸਭਿਆਚਾਰ ਨੂੰ ਪ੍ਰਗਟਾਉਂਦੀਆਂ ਦਸਤਾਵੇਜ਼ੀ ਫਿਲਮਾਂ ਦਾ ਪ੍ਰਦਰਸ਼ਨ, ਯੋਜਨਾਬੱਧ ਤਰੀਕੇ ਨਾਲ ਆਯੋਜਿਤ ਕਰਨਾ ਉਚਿਤ ਹੋਵੇਗਾ। ਸ਼ਹਿਰੀ ਕੰਟੀਨ ਦੀ ਬਜਾਏ ਪੇਂਡੂ ਢਾਬਾ, ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਲੱਸੀ ਅਤੇ ਹੋਰ ਪੇਂਡੂ ਪਕਵਾਨ, ਪੇਂਡੂ ਵਾਤਾਵਰਨ ਪੈਦਾ ਕਰਨ ਵਿਚ ਸਹਾਈ ਹੋਣਗੇ।

ਜ਼ਰੂਰੀ ਹੋਵੇਗਾ ਕਿ ਇਸ ਵਿਚ ਇਕ ਖੁੱਲ੍ਹੇ ਥੀਏਟਰ ਦੀ ਸਥਾਪਨਾ ਕਰਨਾ ਕਿਉਂਕਿ ਦੂਰਦਰਸ਼ੀ ਅੰਦੇਸ਼ੇ ਅਨੁਸਾਰ ਸਾਲ ਵਿਚ ਇਕ ਜਾਂ ਦੋ ਵਾਰੀ ਸਕੂਲ ਕਾਲਜੀ ਛੁੱਟੀਆਂ ਮੌਕੇ 4-5 ਰੋਜ਼ਾ ਮੇਲਾ ਲਗਾਉਣਾ ਇਸ ਵਿਰਾਸਤੀ ਪਿੰਡ ਦੀ ਜਿੰਦ-ਜਾਨ ਹੋਵੇਗਾ। ਇਸ ਮੇਲੇ ਰਾਹੀਂ ਪੰਜਾਬੀ ਕਲਾਵਾਂ ਜਿਵੇਂ ਕਿ ਭੰਡ, ਮਰਾਸੀਆਂ ਦੇ ਤਿੱਖੇ ਸਮਾਜ ਸੁਧਾਰਕ ਕਟਾਖਸ਼, ਗਤਕਾ ਅਤੇ ਢਾਡੀ ਵਾਰਾਂ ਨੂੰ ਦਰਸਾ ਕੇ ਜਵਾਨ ਦਿਲਾਂ ਨਾਲ ਵਿਰਸੇ ਦੀ ਸਾਂਝ ਨੂੰ ਕਾਇਮ ਕੀਤਾ ਜਾ ਸਕਦਾ ਹੈ। ਅਤਿ ਜ਼ਰੂਰੀ ਹੈ ਇਥੇ ਹੀ ਵਿਰਾਸਤੀ ਪਿੰਡ ਵਿਚ ਇਕ ਖੋਜ ਕੇਂਦਰ ਦਾ ਹੋਣਾ ਜ਼ਰੂਰੀ ਹੈ। ਇਸ ਕੇਂਦਰ ਰਾਹੀਂ ਇਹ ਜਾਣਨਾ ਕਿ ਕਿਹੜੇ ਸਮੇਂ ਵਿਚ ਕਿਹੜੀ ਪਰੰਪਰਾ ਪ੍ਰਚਲਤ ਸੀ, ਕਿਸ ਚੀਜ਼ ਦੀ ਉਪਜ ਜਾਂ ਵਿਸਤਾਰ ਕਿਵੇਂ ਹੋਇਆ। ਮਿਸਾਲ ਵਜੋਂ ਬੂਹੇ ਬਾਰੀਆਂ ਦੀ ਬਣਤਰ ਅਤੇ ਆਕਾਰ ਵਿਚ ਕਿਵੇਂ ਕਿਵੇਂ ਤੇ ਕਦੋਂ-ਕਦੋਂ ਤਬਦੀਲੀ ਆਈ ਆਦਿ ਦੀ ਜ਼ਰੂਰਤ ਪੂਰਾ ਕਰੇਗੀ। ਇਸੇ ਹੀ ਲੜੀ ਵਿਚ ਇਕ ਲਾਇਬ੍ਰੇਰੀ ਦੀ ਸਥਾਪਨਾ ਵੀ ਸੋਨੇ 'ਤੇ ਸੁਹਾਗੇ ਦਾ ਕੰਮ ਕਰੇਗੀ, ਜਿਸ ਵਿਚ ਕੋਈ ਖੋਜਾਰਥੀ ਆ ਕੇ ਖੋਜ ਵੀ ਕਰ ਸਕਣਗੇ। ਜਿਸ ਜਗ੍ਹਾ ਦੀ ਚੋਣ ਕੀਤੀ ਗਈ ਹੈ ਕਿ ਉਹ ਇਸ ਗੱਲ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ ਕਿ ਬਹੁਤ ਸੈਲਾਨੀ ਵਾਘਾ ਬਾਰਡਰ ਨੂੰ ਜਾਂਦੇ ਇਥੇ ਠਹਿਰਨਗੇ। ਪਰ ਕੀ ਕੁਝ ਕੁ ਸੈਲਾਨੀ ਜੋ ਭਾਰਤੀ ਸਫਰ ਮੁਕਾਉਣ ਉਪਰੰਤ ਵਾਘਾ ਬਾਰਡਰ ਨੂੰ ਭੱਜੇ ਜਾਂਦੇ ਹੋਏ ਜਾਂ ਵਾਘਿਓਂ ਪ੍ਰਵੇਸ਼ ਕਰਦੇ ਸਮੇਂ ਕਾਹਲੀ ਨਾਲ ਆਪਣੀ ਮੰਜ਼ਲ ਵਲ ਜਾਂਦੇ ਹੋਏ ਇਥੇ ਰੁਕਣਗੇ? ਇਹ ਜਗ੍ਹਾ ਹਵਾਈ ਅੱਡੇ ਦੇ ਰਾਹ ਵਿਚ ਵੀ ਨਹੀਂ ਹੈ। ਪੰਜਾਬ ਦੇ ਇਕ ਕੋਨੇ ਵਿਚ ਹੈ। ਕੀ ਕੋਈ ਹੋਰ ਜਗ੍ਹਾ ਜ਼ਿਆਦਾ ਢੁਕਵੀਂ ਨਹੀਂ ਹੋਵੇਗੀ? ਜਿਥੇ ਸਕੂਲ, ਕਾਲਜ ਦੇ ਵਿਦਿਆਰਥੀ ਤੇ ਸੈਲਾਨੀ ਆਸਾਨੀ ਨਾਲ ਆ ਜਾ ਸਕਣ? ਕੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੇਂਡੂ ਸਭਿਅਤਾ ਦੇ ਅਜਾਇਬਘਰ ਦਾ ਹੀ ਅੱਗੇ ਵਿਸਥਾਰ ਨਹੀਂ ਕੀਤਾ ਜਾ ਸਕਦਾ। ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

# ਸਨਅਤੀ ਸੰਸਾਰ ਤੇ ਪੰਜਾਬ ਦੇ ਅਰਥਚਾਰੇ ਦਾ ਵਿੰਗਾ ਟੇਢਾ ਤਵਾਜ਼ਨ

**ਡਾ. ਸ. ਛੀਨਾ**

ਕਿਸੇ ਵਿਕਸਤ ਅਤੇ ਖੁਸ਼ਹਾਲ ਅਰਥਚਾਰੇ ਵਿਚ ਸਭ ਤੋਂ ਜ਼ਿਆਦਾ ਵਸੋਂ ਉਦਯੋਗਾਂ ਵਿਚ ਅਤੇ ਉਸ ਤੋਂ ਬਾਅਦ ਸੇਵਾਵਾਂ ਅਤੇ ਤੀਸਰੇ ਨੰਬਰ 'ਤੇ ਖੇਤੀ ਵਿਚ ਲੱਗੀ ਹੋਣੀ ਚਾਹੀਦੀ ਹੈ। ਉਨ੍ਹਾਂ ਖੇਤਰਾਂ ਦਾ ਕੁੱਲ ਉਤਪਾਦਨ ਵਿਚ ਹਿੱਸਾ ਵੀ ਇਸੇ ਹੀ ਅਨੁਪਾਤ ਨਾਲ ਹੋਣਾ ਚਾਹੀਦਾ ਹੈ। ਪੰਜਾਬ ਦੀ ਆਰਥਿਕਤਾ ਵਿਚ ਅਸੰਤੁਲਨ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਹੈ ਅਤੇ ਅਜੇ ਕੁਝ ਸਮੇਂ ਤਕ ਇਸ ਵਿਚ ਸੁਧਾਰ ਹੋਣਾ ਵੀ ਸੰਭਵ ਨਹੀਂ ਲੱਗਦਾ। 1950 ਤੋਂ ਪਹਿਲਾਂ ਖੇਤੀ ਦਾ ਖੇਤਰ ਜਿੱਥੇ 75 ਫੀਸਦੀ ਵਸੋਂ ਲਈ ਰੁਜ਼ਗਾਰ ਦਾ ਸਾਧਨ ਸੀ, ਉਥੇ ਕੁੱਲ ਉਤਪਾਦਨ ਵਿਚ ਵੀ ਇਸ ਦਾ ਹਿੱਸਾ 56 ਫੀਸਦੀ ਸੀ। ਬਾਅਦ ਵਿਚ ਕੁੱਲ ਉਤਪਾਦਨ ਵਿਚ ਤਾਂ ਇਸ ਦਾ ਹਿੱਸਾ ਘਟਦਾ ਗਿਆ, ਪਰ ਵਸੋਂ ਵਿਚ ਕੋਈ ਕਮੀ ਨਾ ਆਈ। 1990-91 ਵਿਚ ਜਦੋਂ ਆਰਥਿਕ ਸੁਧਾਰ ਸ਼ੁਰੂ ਹੋਏ ਤਾਂ ਪੰਜਾਬ ਦੀ 65 ਫੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਸੀ, ਪਰ ਸੂਬੇ ਦੇ ਕੁੱਲ ਉਤਪਾਦਨ ਵਿਚ ਇਸ ਦਾ ਹਿੱਸਾ 37.54 ਫੀਸਦੀ ਤੱਕ ਰਹਿ ਗਿਆ ਸੀ। ਇਸੇ ਸਮੇਂ ਵਿਚ ਉਦਯੋਗਾਂ ਵਿਚ 22.75 ਫੀਸਦੀ ਹਿੱਸਾ ਪਾਉਂਦੀ ਸੀ, ਪਰ ਸੇਵਾਵਾਂ ਦੇ ਖੇਤਰ ਵਿਚ 25 ਫੀਸਦੀ ਵਸੋਂ ਵਲੋਂ 39.71 ਫੀਸਦੀ ਹਿੱਸਾ ਪਾਇਆ ਜਾਂਦਾ ਸੀ। ਇਸ ਦਾ ਅਰਥ ਇਹ ਸੀ ਕਿ ਖੇਤੀ ਵਿਚ ਜ਼ਿਆਦਾ ਵਸੋਂ ਸੀ, ਪਰ ਘੱਟ ਕਮਾਈ ਜਦੋਂਕਿ ਸੇਵਾਵਾਂ ਅਤੇ ਉਦਯੋਗਾਂ ਦੇ ਖੇਤਰ ਵਿਚ ਘੱਟ ਵਸੋਂ, ਪਰ ਜ਼ਿਆਦਾ ਕਮਾਈ ਸੀ। ਚਾਹੀਦਾ ਸੀ ਕਿ ਆਰਥਕ ਸੁਧਾਰਾਂ ਨਾਲ ਉਦਯੋਗਾਂ ਦੀ ਭੂਮਿਕਾ ਵਧਦੀ ਅਤੇ ਆਰਥਕਤਾ ਵਿਚ ਸੰਤੁਲਨ ਆਉਂਦਾ, ਪਰ ਇਹ ਅਸੰਤੁਲਨ ਸਗੋਂ ਹੋਰ ਵਧਦਾ ਗਿਆ।

ਦਸ ਸਾਲਾਂ ਬਾਅਦ 2001-02 ਵਿਚ ਖੇਤੀ ਖੇਤਰ ਦੀ ਕਮਾਈ ਹੋਰ ਘਟ ਕੇ 36.24 ਫੀਸਦੀ ਰਹਿ ਗਈ। ਉਦਯੋਗਾਂ ਦੀ ਕਮਾਈ ਵੀ ਹੋਰ ਘਟ ਕੇ 22.22 ਫੀਸਦੀ ਹੋ ਗਈ, ਪਰ ਸੇਵਾਵਾਂ ਦੇ ਖੇਤਰ ਵਿਚ ਵਾਧਾ ਹੋ ਕੇ ਇਸ ਖੇਤਰ ਦੀ ਕਮਾਈ 41.54 ਫੀਸਦੀ ਹੋ ਗਈ। ਭਾਰਤ ਵਾਂਗ ਹੀ ਪੰਜਾਬ ਵਿਚ ਬੇਰੁਜ਼ਗਾਰੀ ਦੀ ਵੱਡੀ ਸਮੱਸਿਆ ਕਾਰਨ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਵਲੋਂ ਸਵੈ-ਰੁਜ਼ਗਾਰ ਨੂੰ ਵਧਾਉਣ ਦੇ ਯਤਨ ਕੀਤੇ ਗਏ, ਕਿਉਂ ਜੋ ਸੰਗਠਿਤ ਖੇਤਰ ਵਿਚ ਰੁਜ਼ਗਾਰ ਪੈਦਾ ਕਰਨਾ ਇੰਨਾ ਆਸਾਨ ਨਹੀਂ ਸੀ। ਸਵੈ-ਰੁਜ਼ਗਾਰ ਦੀਆਂ ਜ਼ਿਆਦਾਤਰ ਸਕੀਮਾਂ ਖੇਤੀ 'ਤੇ ਆਧਾਰਤ ਸਨ। ਇਸ ਲਈ ਖੇਤੀ ਵਿਚ ਰੁਜ਼ਗਾਰ ਲਈ ਨਿਰਭਰਤਾ ਹੋਰ ਵਧਦੀ ਗਈ। ਇਹ ਠੀਕ ਹੈ ਕਿ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰ ਵਿਚ ਪ੍ਰਤੀ ਵਿਅਕਤੀ ਜ਼ਿਆਦਾ ਕਮਾਈ ਹੈ, ਪਰ ਇਨ੍ਹਾਂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਨਾ ਵਧ ਸਕੇ। ਇਸ ਲਈ ਖੇਤੀ ਜੋ ਪਹਿਲਾਂ ਹੀ ਵਸੋਂ ਦੇ ਭਾਰ ਥੱਲੇ ਦਬੀ ਹੋਈ ਸੀ, ਰੁਜ਼ਗਾਰ ਲਈ ਵਧਦੀ ਹੋਈ ਵਸੋਂ ਨੂੰ ਵੀ ਉਸ ਹੀ ਖੇਤਰ ਵਿਚ ਕੰਮ ਕਰਨ ਲਈ ਨਿਰਭਰ ਕਰਨਾ ਪਿਆ। ਇਸ ਕਰਕੇ ਖੇਤੀ ਖੇਤਰ ਦੀ ਕਮਾਈ ਇਕ ਪਾਸੇ ਅਤੇ ਪ੍ਰਤੀ ਵਿਅਕਤੀ ਕਮਾਈ ਦੂਜੇ ਪਾਸੇ ਘਟਦੀ ਗਈ। ਉਸ ਤਰ੍ਹਾਂ ਵੀ ਹਰੇ ਇਨਕਲਾਬ ਕਾਰਨ ਜਿੰਨਾ ਉਤਪਾਦਨ 1966 ਤੋਂ ਬਾਅਦ ਵਧਿਆ ਸੀ, ਉਸ ਵਿਚ ਖੜੋਤ ਆ ਗਈ। ਓਨਾ ਹੀ ਉਤਪਾਦਨ ਲੈਣ ਲਈ ਪਹਿਲਾਂ ਤੋਂ ਜ਼ਿਆਦਾ ਲਾਗਤ ਲਾਉਣੀ ਪਈ ਜਿਸ ਨਾਲ ਉਸ ਖੇਤਰ ਵਿਚ ਲੱਗੀ ਹੋਈ ਵਸੋਂ ਦੀ ਲਾਭ ਦੀ ਦਰ ਵਿਚ ਕਮੀ ਆ ਗਈ।

ਉਦਯੋਗਿਕ ਖੇਤਰ ਦਾ ਅਸੰਤੁਲਨ ਇਸ ਗੱਲ ਤੋਂ ਨਜ਼ਰ ਆਉਂਦਾ ਹੈ ਕਿ ਵੱਡੇ ਅਤੇ ਮੱਧਮ ਦਰਜੇ ਦੀਆਂ 358 ਇਕਾਈਆਂ ਵਿਚ 24,518 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ, ਪਰ ਇੰਨੇ ਵੱਡੇ ਨਿਵੇਸ਼ ਨਾਲ ਇਹ ਸਿਰਫ 2 ਲੱਖ 4 ਹਜ਼ਾਰ ਵਿਅਕਤੀਆਂ ਨੂੰ ਹੀ ਰੁਜ਼ਗਾਰ ਪ੍ਰਦਾਨ ਕਰਦੀਆਂ ਹਨ। ਦੂਜੇ ਪਾਸੇ ਛੋਟੇ ਪੈਮਾਨੇ ਦੀਆਂ 1 ਲੱਖ 65 ਹਜ਼ਾਰ 378 ਇਕਾਈਆਂ ਵਿਚ ਸਿਰਫ 5,750 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ, ਪਰ ਇਹ 9 ਲੱਖ 39 ਹਜ਼ਾਰ ਲੋਕਾਂ ਨੂੰ ਰੁਜ਼ਗਾਰ ਦਿੰਦੀਆਂ ਹਨ। ਇਸ ਦਾ ਅਰਥ ਇਹ ਹੈ ਕਿ ਵੱਡੇ ਅਤੇ ਮੱਧਮ ਦਰਜੇ ਦੀਆਂ ਇਕਾਈਆਂ ਵਿਚ ਛੋਟੇ ਪੈਮਾਨੇ ਦੀਆਂ ਇਕਾਈਆਂ ਤੋਂ 4 ਗੁਣਾਂ ਜ਼ਿਆਦਾ ਨਿਵੇਸ਼ ਹੋਇਆ ਹੈ ਪਰ ਛੋਟੇ ਪੈਮਾਨੇ ਦੀਆਂ ਇਕਾਈਆਂ ਵੱਡੇ ਪੈਮਾਨੇ ਤੋਂ 4 ਗੁਣਾਂ ਜ਼ਿਆਦਾ ਰੁਜ਼ਗਾਰ ਪੈਦਾ ਕਰਦੀਆਂ ਹਨ। ਛੋਟੇ ਪੈਮਾਨੇ ਦੇ ਉਦਯੋਗਾਂ ਵਿਚ ਇਕ ਹੋਰ ਰੁਚੀ ਇਹ ਪੈਦਾ ਹੋਈ ਹੈ ਕਿ 2008-09 ਤਕ ਇਸ ਦੀਆਂ ਇਕਾਈਆਂ ਦੀ ਗਿਣਤੀ ਘਟ ਕੇ 1,59,140 ਹੋ ਗਈ ਹੈ ਅਤੇ ਰੁਜ਼ਗਾਰ ਵਧ ਕੇ 9,60,000 ਹੋ ਗਿਆ ਹੈ। ਉਤਪਾਦਨ ਵਿਚ ਵੱਡੇ ਪੈਮਾਨੇ ਦੀਆਂ ਇਕਾਈਆਂ 43 ਹਜ਼ਾਰ ਕਰੋੜ ਰੁਪਏ ਦਾ ਉਤਪਾਦਨ ਕਰਦੀਆਂ ਸਨ ਜਦੋਂਕਿ ਛੋਟੇ ਪੈਮਾਨੇ ਦੀਆਂ ਇਕਾਈਆਂ ਦਾ ਉਤਪਾਦਨ ਸਿਰਫ 35000 ਕਰੋੜ ਰੁਪਏ ਸੀ।



ਵੱਡੇ ਪੈਮਾਨੇ ਅਤੇ ਮੱਧਮ ਦਰਜੇ ਦੀਆਂ ਉਦਯੋਗਿਕ ਇਕਾਈਆਂ ਦਾ ਰੁਜ਼ਗਾਰ ਸੰਗਠਿਤ ਖੇਤਰ ਦੇ ਰੁਜ਼ਗਾਰ ਵਿਚ ਆਉਂਦਾ ਹੈ। ਇਸ ਵਿਚ ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਜਿਸ ਵਿਚ ਪ੍ਰਾਵੀਡੈਂਟ ਫੰਡ, ਬੀਮਾ, ਮੁਆਵਜ਼ਾ, ਮੁਫਤ ਡਾਕਟਰੀ ਸਹੂਲਤਾਂ ਆਦਿ ਮਿਲਦੀਆਂ ਹਨ। ਛੋਟੇ ਪੈਮਾਨੇ ਦੀਆਂ ਇਕਾਈਆਂ ਵਿਚ ਕੰਮ ਕਰਨ ਵਾਲੇ ਜ਼ਿਆਦਾਤਰ ਕਿਰਤੀ ਅਸੰਗਠਿਤ ਖੇਤਰ ਵਿਚ ਆਉਂਦੇ ਹਨ ਜਿੱਥੇ ਨਾ ਤਾਂ ਸਮਾਜਿਕ ਸੁਰੱਖਿਆ ਹੈ ਅਤੇ ਨਾ ਹੀ ਨੌਕਰੀ ਯਕੀਨੀ ਹੈ। ਇਹ ਕਾਮੇ ਕਦੇ ਵੀ ਆਪਣੇ ਕੰਮ ਤੋਂ ਵਿਹਲੇ ਕੀਤੇ ਜਾ ਸਕਦੇ ਹਨ। ਪੰਜਾਬ ਦੇ ਜ਼ਿਆਦਾਤਰ ਕਿਰਤੀ ਅਸੰਗਠਿਤ ਖੇਤਰ ਦੇ ਕਿਰਤੀ ਹਨ ਜੋ ਕਿਸੇ ਵੀ ਪ੍ਰਕਾਰ ਦੀ ਸਮਾਜਿਕ ਸੁਰੱਖਿਆ ਤੋਂ ਵਾਂਝੇ ਹਨ। ਇਹੋ ਹਾਲ ਉਸ 65 ਫੀਸਦੀ ਖੇਤੀ 'ਤੇ ਨਿਰਭਰ ਵਸੋਂ ਦਾ ਹੈ, ਜੋ ਅਸੰਗਠਿਤ ਖੇਤਰ ਦਾ ਵੱਡਾ ਹਿੱਸਾ ਹੈ, ਇਨ੍ਹਾਂ ਨੂੰ ਨਾਮਾਤਰ ਹੀ ਸਮਾਜਿਕ ਸੁਰੱਖਿਆ ਮਿਲਦੀ ਹੈ। ਭਾਵੇਂ ਪੰਜਾਬ, ਭਾਰਤ ਦਾ ਉਹ ਸੂਬਾ ਹੈ ਜਿੱਥੇ ਗਰੀਬੀ ਤੋਂ ਥੱਲੇ ਰਹਿ ਗਈ ਵਸੋਂ ਸਿਰਫ 65 ਫੀਸਦੀ ਦੇ ਕਰੀਬ ਹੈ, ਪਰ ਜੇ ਕੁੱਲ ਗਿਣਤੀ ਵਿਚ ਇਸ ਦਾ ਮਾਪ ਕਰੀਏ ਤਾਂ ਇਹ 1950 ਤੋਂ ਬਾਅਦ ਤਿੰਨ ਗੁਣਾਂ ਵਧ ਚੁੱਕੀ ਹੈ ਜਿਸਦਾ ਅਰਥ ਸਪਸ਼ਟ ਹੈ ਕਿ ਘਟਦੀ ਹੋਈ ਕਮਾਈ। ਜੇ ਇਸ ਵਸੋਂ ਨੂੰ ਉਦਯੋਗਾਂ ਜਾਂ ਸੇਵਾਵਾਂ ਦੇ ਖੇਤਰ ਵਲ ਨਾ ਬਦਲਿਆ ਗਿਆ ਤਾਂ ਇਹ ਕਮਾਈ ਹੋਰ ਘਟ ਜਾਵੇਗੀ।

ਪੰਜਾਬ ਦੀ ਆਰਥਕਤਾ ਤੇ ਅਸੰਤੁਲਨ ਵਿਚ ਹੋਰ ਪੱਖ ਹੈ ਸੇਵਾਵਾਂ ਦੇ ਖੇਤਰ ਦਾ ਦੂਜੇ ਦੋਵਾਂ ਖੇਤਰਾਂ ਤੋਂ ਜ਼ਿਆਦਾ ਤੇਜ਼ੀ ਨਾਲ ਹੋਇਆ ਵਿਕਾਸ। 1950 ਵਿਚ ਇਸ ਵਿਚ ਵਾਧਾ ਹੋ ਕੇ ਇਹ ਵਸੋਂ 22 ਫੀਸਦੀ ਹੋ ਗਈ। ਇਨ੍ਹਾਂ ਦੀ ਕਮਾਈ ਜਾਂ ਇਸ ਖੇਤਰ ਦਾ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ 39.71 ਫੀਸਦੀ ਸੀ ਅਤੇ ਉਸ ਤੋਂ ਬਾਅਦ ਇਸ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਗਿਆ। ਇਹ 2001-02 ਵਿਚ 41.54 ਫੀਸਦੀ, 2004-05 ਵਿਚ 42.67 ਫੀਸਦੀ ਅਤੇ 2007-08 ਵਿਚ 43.16 ਫੀਸਦੀ ਹੋ ਗਿਆ। ਇਸ ਦਾ ਅਰਥ ਇਹ ਹੈ ਕਿ ਸੇਵਾਵਾਂ ਦੇ ਖੇਤਰ ਵਿਚ ਪ੍ਰਤੀ ਇਕਾਈ ਉਤਪਾਦਨ ਜਾਂ ਕਮਾਈ ਦੂਜੇ ਦੋਵਾਂ ਖੇਤਰਾਂ ਤੋਂ ਜ਼ਿਆਦਾ ਹੈ। ਉਦਯੋਗਿਕ ਖੇਤਰ ਵਿਚ ਸੁਸਤ ਵਿਕਾਸ ਕਰਕੇ, ਸੇਵਾਵਾਂ ਦਾ ਖੇਤਰ ਵੀ ਉਸ ਰਫਤਾਰ ਨਾਲ ਨਹੀਂ ਵਧਿਆ। ਜੇ ਉਦਯੋਗਿਕ ਖੇਤਰ ਵਿਚ ਹੋਰ ਤੇਜ਼ੀ ਨਾਲ ਵਾਧਾ ਹੁੰਦਾ ਅਤੇ ਖੇਤੀ 'ਤੇ ਨਿਰਭਰ ਜ਼ਿਆਦਾ ਵਸੋਂ ਉਦਯੋਗਿਕ ਖੇਤਰ ਵਲ ਬਦਲਦੀ ਜਾਂਦੀ ਤਾਂ ਸੇਵਾਵਾਂ ਦੇ ਖੇਤਰ ਵਿਚ ਹੋਰ ਜ਼ਿਆਦਾ ਵਾਧਾ ਹੋਣਾ ਸੀ। ਖੇਤੀ ਵਿਚੋਂ ਵੀ ਵਸੋਂ ਨੂੰ ਰੁਜ਼ਗਾਰ ਮਿਲਣਾ ਸੀ। ਆਧੁਨਿਕ ਯੁੱਗ ਵਿਚ ਉਦਯੋਗਿਕ ਵਿਕਾਸ, ਸਮੁੱਚੇ ਵਿਕਾਸ ਦਾ ਆਧਾਰ ਹੈ ਜਿਸ 'ਤੇ ਖੇਤੀ ਅਤੇ ਸੇਵਾਵਾਂ ਦੋਵਾਂ ਖੇਤਰਾਂ ਦਾ ਵਿਕਾਸ ਨਿਰਭਰ ਕਰਦਾ ਹੈ। ਬੈਂਕ, ਆਵਾਜਾਈ, ਹੋਟਲ, ਟੂਰਿਜ਼ਮ, ਬੀਮਾ ਆਦਿ ਸਭ ਤੇਜ਼ ਉਦਯੋਗਿਕ ਵਿਕਾਸ 'ਤੇ ਨਿਰਭਰ ਕਰਦੇ ਹਨ, ਪਰ ਉਦਯੋਗਿਕ ਵਿਕਾਸ ਵਿਚ ਧੀਮੀ ਗਤੀ ਦਾ ਵਿਕਾਸ ਹੋ ਰਿਹਾ ਹੈ ਜਿਸ ਕਰਕੇ ਖੇਤੀ ਵਿਚੋਂ ਵਸੋਂ ਇਸ ਖੇਤਰ ਵਲ ਬਦਲ ਨਹੀਂ ਰਹੀ ਜੋ ਇਸ ਸਮੇਂ ਦੀ ਵੱਡੀ ਲੋੜ ਹੈ।

ਆਮ ਤੌਰ 'ਤੇ ਸੇਵਾਵਾਂ ਦੇ ਖੇਤਰ ਦੇ ਵਧਣ ਨਾਲ ਉਦਯੋਗਿਕ ਵਿਕਾਸ ਵਿਚ ਤੇਜ਼ੀ ਆਉਣੀ ਸੁਭਾਵਿਕ ਹੁੰਦੀ ਹੈ ਜਿਸ ਤਰ੍ਹਾਂ ਬੈਂਕਾਂ, ਤਕਨੀਕੀ ਸੰਸਥਾਵਾਂ, ਵਪਾਰ ਆਦਿ ਨੇ ਉਦਯੋਗਿਕ ਵਿਕਾਸ ਵਿਚ ਤੇਜ਼ੀ ਲਿਆਉਣੀ ਹੁੰਦੀ ਹੈ, ਪਰ ਇਸ ਤਰ੍ਹਾਂ ਨਹੀਂ ਹੋ ਰਿਹਾ। ਸੇਵਾਵਾਂ ਦੇ ਖੇਤਰ ਨੂੰ ਖੇਤੀ ਖੇਤਰ ਵਿਚੋਂ ਜ਼ਿਆਦਾ ਕਰ ਕੇ ਅਤੇ ਉਦਯੋਗਿਕ ਖੇਤਰ ਵਿਚੋਂ ਕੁਝ ਹੱਦ ਤਕ ਮਦਦ ਮਿਲ ਰਹੀ ਹੈ। ਅਜੇ ਵੀ ਪੰਜਾਬ ਦੀ ਖੇਤੀ ਦਾ ਸੂਬੇ ਦੇ ਕੁੱਲ ਘਰੇਲੂ ਉਤਪਾਦਨ ਵਿਚ 31.09 ਫੀਸਦੀ ਹਿੱਸਾ ਹੈ ਜਦੋਂਕਿ ਕੌਮੀ ਪੱਧਰ 'ਤੇ ਇਹ ਹਿੱਸਾ ਹੁਣ 19 ਫੀਸਦੀ ਰਹਿ ਗਿਆ ਹੈ ਜੋ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪੰਜਾਬ ਵਿਚ ਪ੍ਰਤੀ ਏਕੜ ਅਤੇ ਪ੍ਰਤੀ ਵਿਅਕਤੀ ਕਮਾਈ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਡੇਢ ਗੁਣਾਂ ਤੋਂ ਵੀ ਜ਼ਿਆਦਾ ਹੈ। ਇਸ ਹਾਲਤ ਵਿਚ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਸੀ ਕਿ ਪੰਜਾਬ ਦੇ ਖੇਤੀ ਆਧਾਰਤ ਉਦਯੋਗਾਂ ਵਿਚ ਜ਼ਿਆਦਾ ਤੇਜ਼ੀ ਨਾਲ ਵਾਧਾ ਹੋਵੇਗਾ ਅਤੇ ਆਰਥਿਕਤਾ ਦਾ ਆਧਾਰ ਬਣੇਗਾ ਜਿਸ ਨਾਲ ਸੂਬੇ ਦੀ ਖੁਸ਼ਹਾਲੀ ਵਿਚ ਵਾਧਾ ਹੋਵੇਗਾ, ਪਰ ਇਹ ਅਸੰਤੁਲਨ ਅਜੇ ਵੀ ਉਸ ਤਰ੍ਹਾਂ ਹੀ ਹੈ। ਆਰਥਕਤਾ ਦੀ ਖੇਤਰੀ ਵੰਡ ਵਿਚ ਆਏ ਅਸੰਤੁਲਨ ਦੀ ਵਜ੍ਹਾ ਕਰਕੇ ਪੰਜਾਬ ਦੀ ਵਸੋਂ ਦੀ ਆਮਦਨ ਵਿਚ ਵੀ ਵੱਡਾ ਅਸੰਤੁਲਨ ਹੈ। ਸੇਵਾਵਾਂ ਦੇ ਖੇਤਰ ਵਿਚ ਲੱਗੇ ਵਿਅਕਤੀਆਂ ਦੀ ਕਮਾਈ, ਕਿਰਤੀ ਵਰਗ ਦੀ ਕਮਾਈ ਅਤੇ ਖੇਤੀ 'ਤੇ ਆਧਾਰਤ ਵਸੋਂ ਦੀ ਕਮਾਈ ਤੋਂ ਬਹੁਤ ਜ਼ਿਆਦਾ ਹੈ। ਇਨ੍ਹਾਂ ਵਿਚੋਂ ਵਪਾਰੀ ਵਰਗ ਦੀ ਕਮਾਈ, ਕਿਰਤੀ ਵਰਗ ਅਤੇ ਉਤਪਾਦਕ ਵਰਗਾਂ ਤੋਂ ਜ਼ਿਆਦਾ ਹੈ। ਵਪਾਰੀ ਵਰਗ ਵਸਤੂਆਂ ਅਤੇ ਸੇਵਾਵਾਂ ਨੂੰ ਉਧਾਰ ਖਰੀਦ ਕੇ ਨਕਦ ਵੇਚਦਾ ਹੈ। ਪਿਛਲੇ ਸਮੇਂ ਵਿਚ ਕੀਮਤਾਂ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ ਹੈ ਜਿਸ ਕਰਕੇ ਵਪਾਰੀ ਵਰਗ ਨੇ ਸਸਤੀਆਂ ਕੀਮਤਾਂ 'ਤੇ ਜੋ ਵਸਤੂਆਂ ਅਤੇ ਸੇਵਾਵਾਂ ਖਰੀਦੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਕੀਮਤਾਂ ਵਧਣ ਨਾਲ ਵੱਡੇ ਲਾਭ ਮਿਲਦੇ ਹਨ ਜਦੋਂਕਿ ਬੱਧੀ ਆਮਦਨ ਵਾਲੇ ਵਰਗ ਨੂੰ ਕੀਮਤਾਂ ਤੇ ਵਧਣ ਨਾਲ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਹੋਰ ਅਸੰਤੁਲਨ ਜੋ ਇਸ ਆਰਥਿਕਤਾ ਵਿਚ ਪੈਦਾ ਹੋਇਆ ਹੈ, ਉਹ ਹੈ ਕਰਜ਼ੇ ਦੀ ਵੱਡੀ ਮਾਤਰਾ, ਪਹਿਲਾਂ ਹੀ ਵੱਧ ਸਾਧਨਾਂ ਕੋਲ ਹੈ। ਕੀਮਤਾਂ ਵਿਚ ਵੱਡੇ ਵਾਧੇ ਹੋਣ ਕਰਕੇ ਨਕਦੀ ਦੀ ਕੀਮਤ ਬਹੁਤ ਘਟ ਗਈ ਹੈ। ਇਸ ਕਰਕੇ ਕਰਜ਼ਾ ਲੈਣ ਵਾਲੇ ਲੋਕਾਂ ਨੇ ਅਸਲ ਵਿਚ ਓਨੀ ਮੁੱਲ ਦਾ ਕਰਜ਼ਾ ਵਾਪਸ ਨਹੀਂ ਕਰਨਾ, ਜਿੰਨਾ ਉਨ੍ਹਾਂ ਲਿਆ ਸੀ, ਉਸ ਕਰਜ਼ੇ ਨਾਲ ਲਈ ਪੂੰਜੀ ਦਾ ਮੁੱਲ ਬਹੁਤ ਵਧ ਚੁੱਕਿਆ ਹੈ।

# ਭਾਰਤ ਅਤੇ ਰੂਸ ਦੀ ਰਣਨੀਤਕ ਹਿੱਸੇਦਾਰੀ ਵਧਾਉਣ ਦੀਆਂ ਸੰਭਾਵਨਾਵਾਂ

**ਪਰੇਮ ਸਿੰਘ (ਡਾ.)**

ਭਾਰਤ ਅਤੇ ਰੂਸ ਵਿਚਕਾਰ ਰਣਨੀਤਕ ਹਿੱਸੇਦਾਰੀ ਦਾ ਅਮਲ ਢੇਰ ਸਾਰੀ ਠੋਸ ਪ੍ਰਗਤੀ ਕਰ ਚੁੱਕਾ ਹੈ। ਬੀਤੇ ਮੰਗਲਵਾਰ ਵਾਲੇ ਦਿਨ ਰੂਸੀ ਪ੍ਰਧਾਨ ਮੰਤਰੀ ਵਲਾਦੀਮੀਰ ਪੂਤਿਨ ਵਲੋਂ ਪੂਰਬੀ ਸਾਇਬੇਰੀਆ-ਸ਼ਾਂਤ ਮਹਾਂਸਾਗਰ ਤੇਲ ਪਾਈਪ ਲਾਈਨ ਦੇ ਉਦਘਾਟਨ ਨਾਲ ਇਸ ਵਿਚ ਇਕ ਨਵੇਂ ਕਾਂਡ ਦਾ ਵਾਧਾ ਹੋਇਆ ਹੈ। ਇਸ ਪ੍ਰਾਜੈਕਟ ਦੀ ਸਫਲਤਾ ਲਈ 16 ਲੱਖ ਬੈਰਲ ਜਾਂ ਦੋ ਲੱਖ ਵੀਹ ਹਜ਼ਾਰ ਟਨ ਤੇਲ ਰੋਜ਼ਾਨਾ ਸਾਇਬੇਰੀਆ ਤੋਂ ਰੂਸ ਦੇ ਦੂਰ ਪੂਰਬ ਵਿਚ ਅਤੇ ਫੇਰ ਅੱਗੇ ਚੀਨ ਵਿਚ ਅਤੇ ਏਸ਼ੀਆ-ਸ਼ਾਂਤ ਮਹਾਂਸਾਗਰ ਖੇਤਰ ਵਿਚ ਭੇਜਿਆ ਜਾਇਆ ਕਰੇਗਾ। ਪਹਿਲੇ ਪੜਾਅ ਵਿਚ ਪਾਈਪ ਲਾਈਨ ਦੀ ਉਸਾਰੀ 2757 ਕਿਲੋਮੀਟਰ ਹੋਵੇਗੀ। ਇਸੇ ਦੀ ਸਮਰੱਥਾ 22 ਕਰੋੜ 5 ਲੱਖ ਟਨ ਸਾਲਾਨਾ ਹੋਵੇਗੀ। ਦੂਜੇ ਪੜਾਅ 'ਚ ਪਾਈਪ ਲਾਈਨ 2100 ਕਿਲੋਮੀਟਰ ਲੰਮੀ ਹੋਵੇਗੀ। ਪ੍ਰਧਾਨ ਮੰਤਰੀ ਪੂਤਿਨ ਨੇ ਕਿਹਾ ਕਿ ਇਹ 'ਰਣਨੀਤਕ ਪ੍ਰਾਜੈਕਟ ਹੈ, ਜਿਸ ਨਾਲ ਅਸੀਂ ਏਸ਼ੀਆ-ਸ਼ਾਂਤ ਮਹਾਂਸਾਗਰ ਖਿੱਤੇ ਵਿਚ ਦਾਖਲ ਹੋ ਸਕਾਂਗੇ। ਇਥੇ ਸਾਡੀ ਮੌਜੂਦਗੀ ਕਾਫੀ ਨਹੀਂ ਸੀ।'' ਪ੍ਰਾਜੈਕਟ ਦੇ ਪਹਿਲੇ ਹਿੱਸੇ 'ਤੇ 12 ਅਰਬ ਅਤੇ ਦੂਜੇ ਹਿੱਸੇ 'ਤੇ ਦੋ ਅਰਬ ਡਾਲਰ ਹੀ ਰਕਮ ਖਰਚ ਹੋਵੇਗੀ।

ਇਹ ਗੱਲ ਧਿਆਨਯੋਗ ਹੈ ਕਿ ਸੰਸਾਰ ਵਿਆਪੀ ਮਾਲੀ ਸੰਕਟ ਦੇ ਬਾਵਜੂਦ ਪ੍ਰਾਜੈਕਟ ਦਾ ਪਹਿਲਾ ਪੜਾਅ ਪੰਜ ਸਾਲਾਂ ਵਿਚ ਪੂਰਾ ਕਰ ਲਿਆ ਗਿਆ ਹੈ। ਪਾਈਪ ਲਾਈਨ ਪ੍ਰਾਜੈਕਟ ਦੋਹਾਂ ਦੇਸ਼ਾਂ ਵਿਚ ਲਗਾਤਾਰ ਫੈਲ ਰਹੇ ਦੋ ਪਾਸੀ ਖਿਤਈ ਅਤੇ ਕੌਮਾਂਤਰੀ ਰਿਸ਼ਤਿਆਂ ਨੂੰ ਸਾਕਾਰ ਕਰਦਾ ਹੈ। ਇਹ ਰਿਸ਼ਤੇ ਮਾਸਕੋ ਵਿਚ ਥੋੜ੍ਹੇ ਦਿਨ ਪਹਿਲਾਂ ਹੋਈ ਸਿਖਰ ਵਾਰਤਾ ਸਮੇਂ ਪੂਰੀ ਤਰ੍ਹਾਂ ਉਘੜ ਕੇ ਸਾਹਮਣੇ ਆਏ ਹਨ। ਇਹ ਦੋਹਾਂ ਦੇਸ਼ਾਂ ਵਿਚਕਾਰ ਇਸ ਸਾਲ ਹੋਣ ਵਾਲੀ ਤੀਜੀ ਮੀਟਿੰਗ ਸੀ। ਜੇ ਪ੍ਰਧਾਨ ਮੰਤਰੀ ਡਾ. ਮਨਮੋਹਨਸਿੰਘ ਦੇ ਇਸ ਪਦ 'ਤੇ ਆਉਣ ਦੇ ਸਮੇਂ ਨੂੰ ਸਾਹਮਣੇ ਰੱਖਿਆ ਜਾਵੇ ਤਾਂ ਇਹ ਛੇਵੀਂ ਮੀਟਿੰਗ ਸੀ। ਵੱਡੀ ਗੱਲ ਇਹ ਵੀ ਹੈ ਕਿ ਆਮ ਸਿਖਰ ਵਾਰਤਾਵਾਂ ਵਾਂਗ ਇਨ੍ਹਾਂ ਵਿਚ ਕਿਸੇ ਤਰ੍ਹਾਂ ਦੀਆਂ ਗਲਤ ਫਹਿਮੀਆਂ ਵੇਖਣ ਵਿਚ ਨਹੀਂ ਆਈਆਂ। ਇਸ ਵਾਰ ਮਾਸਕੋ ਜਾਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਵਾਸ਼ਿੰਗਟਨ ਗਏ ਸਨ ਤੇ ਉਥੇ ਵੀ ਇਨ੍ਹਾਂ ਸਿਖਰ ਵਾਰਤਾ ਬਰਾਕ ਓਬਾਮਾ ਨਾਲ ਕੀਤੀ ਸੀ, ਪਰ ਦੋਵਾਂ ਦੇ ਸਿੱਟੇ ਵੱਖਰੇ-ਵੱਖਰੇ ਸਨ। ਵਾਸ਼ਿੰਗਟਨ ਵਾਲੀ ਮਿਲਣੀ ਵਿਚ ਠੋਸ ਪ੍ਰਾਪਤੀਆਂ ਘੱਟ ਸਨ, ਸ਼ੋਰ ਸ਼ਰਾਬਾ ਅਤੇ ਚਮਕ-ਦਮਕ ਵਾਧੂ ਸੀ।

ਮਾਸਕੋ ਵਾਲੀ ਸਿਖਰ ਵਾਰਤਾ ਵਿਚ ਕੁਲ ਛੇ ਦਸਤਾਵੇਜ਼ਾਂ ਉਤੇ ਸਹੀ ਪਾਈ ਗਈ। ਇਨ੍ਹਾਂ ਵਿਚੋਂ ਦੋ ਦਸਤਾਵੇਜ਼ਾਂ ਦਾ ਸੰਬੰਧ ਨਾਗਰਿਕ ਨਿਊਕਲੀਆਈ ਅਤੇ ਰੱਖਿਆ ਮਿਲਵਰਤਨ ਦਾ ਹੈ। ਇਹੋ ਹੀ ਸਭ ਤੋਂ ਵੱਧ ਮਹੱਤਵਪੂਰਨ ਹਨ। ਨਿਊਕਲੀਆਈ ਮਿਲਵਰਤਨ ਅਧੀਨ ਭਾਰਤ ਵਿਚ ਵਧੇਰੇ ਨਿਊਕਲਿਆਈ ਰੀਐਕਟਰ ਉਸਾਰੇ ਜਾਣਗੇ।

ਨਿਊਕਲਿਆਈ ਟੈਕਨਾਲੋਜੀ ਭਾਰਤ ਨੂੰ ਮਿਲੇਗੀ ਅਤੇ ਨਿਊਕਲਿਆਈ ਬਾਲਣ ਦੀ ਅਟੁੱਟ ਸਪਲਾਈ ਮੁਹੱਈਆ ਹੋਵੇਗੀ। ਅਗਲੀ ਪੀੜ੍ਹੀ ਦੇ ਨਿਊਕਲਿਆਈ ਰੀਐਕਟਰ ਵਿਕਸਤ ਕਰਨ ਲਈ ਸਾਂਝੀ ਖੋਜ ਦੀ ਵਿਵਸਥਾ ਵੀ ਇਸ ਦਸਤਾਵੇਜ਼ ਅਨੁਸਾਰ ਹੋ ਸਕੇਗੀ। ਭਾਰਤ ਨੂੰ ਆਪਣੇ ਤੌਰ 'ਤੇ ਨਿਊਕਲੀਆਈ ਬਾਲਣ ਨੂੰ ਦੁਬਾਰਾ ਭਰਪੂਰ ਕਰਨ ਦਾ ਹੱਕ ਵੀ ਹੋਵੇਗਾ। ਇਸ ਖੇਤਰ ਵਿਚ ਰੂਸ ਦੀ ਵਿਕਸਤ ਟੈਕਨਾਲੋਜੀ ਕਾਰਨ ਭਾਰਤ ਨੂੰ ਖਰਚ ਵੀ ਮੁਕਾਬਲਤਨ ਘੱਟ ਕਰਨਾ ਪਵੇਗਾ। ਅਮਰੀਕਾ ਨਾਲ ਭਾਰਤ ਵਲੋਂ ਕੀਤੀ ਗਈ ਸੰਧੀ, ਜਿਸ ਨੂੰ 123 ਸੰਧੀ ਵੀ ਕਿਹਾ ਜਾਂਦਾ ਹੈ, ਵਿਚ ਇਕ ਅਜਿਹੀ ਸ਼ਰਤ ਹੈ ਜਿਹੜੀ ਸਪੱਸ਼ਟ ਰੂਪ ਵਿਚ ਭਾਰਤ ਦੀ ਖੁਦਮੁਖਤਾਰੀ ਨੂੰ ਕਮਜ਼ੋਰ ਕਰਦੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੇਕਰ ਨਿਊਕਲਿਆਈ ਮਿਲਵਰਤਨ ਖਤਮ ਕੀਤੀ ਗਈ ਤਾਂ ਅਮਰੀਕਾ ਵਲੋਂ ਸਪਲਾਈ ਕੀਤਾ ਗਿਆ ਸਮਾਨ ਅਤੇ ਬਾਲਣ ਉਸ ਨੂੰ ਵਾਪਸ ਕੀਤਾ ਜਾਵੇਗਾ। ਇਸ ਦੇ ਉਲਟ ਮਾਸਕੋ ਵਿਚ ਕੀਤਾ ਗਿਆ ਇਕਰਾਰਨਾਮਾ ਆਪਸੀ ਵਿਸ਼ਵਾਸ ਅਤੇ ਸਦਭਾਵਨਾ ਨੂੰ ਸਾਕਾਰ ਕਰਦਾ ਹੈ। ਇਸ ਪੱਖ ਦੀ ਪੁਸ਼ਟੀ ਖੁਦ ਰੂਸੀ ਰਾਸ਼ਟਰਪਤੀ ਮੇਦਵੇਦੇਵ ਨੇ ਕੀਤੀ ਹੈ। ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਜੀ-8 ਦੇ ਵਿਕਸਤ ਦੇਸ਼ਾਂ ਦੇ ਇਕ ਪ੍ਰਸਤਾਵ ਪਾਸ ਕੀਤਾ ਹੈ, ਜਿਸ ਅਨੁਸਾਰ ਨਿਊਕਲਿਆਈ ਅਪਸਾਰ ਸੰਧੀ 'ਤੇ ਦਸਤਖਤ ਨਾ ਕਰਨ ਵਾਲੇ ਦੇਸ਼ ਨੂੰ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਨਿਊਕਲੀਆਈ ਟੈਕਨਾਲੋਜੀ ਨਹੀਂ ਦਿੱਤੀ ਜਾ ਸਕਦੀ। ਫੇਰ ਰੂਸ ਭਾਰਤ ਨੂੰ ਅਜਿਹੀ ਟੈਕਨਾਲੋਜੀ ਕਿਵੇਂ ਦੇ ਸਕਦਾ ਹੈ? ਜਵਾਬ ਵਿਚ ਰੂਸੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਬਾਵਜੂਦ ਇਸ ਪ੍ਰਸਤਾਵ ਦੇ ਸਾਡੀ ਮਿਲਵਰਤਨ ਜਾਰੀ ਰਹੇਗੀ।

ਮਾਸਕੋ ਵਾਰਤਾ ਵਿਚ ਪ੍ਰਵਾਨ ਕੀਤੀ ਗਈ ਦੂਜੀ ਦਸਤਾਵੇਜ਼ ਰੱਖਿਆ ਮਿਲਵਰਤਨ ਬਾਰੇ ਹੈ। ਇਹ ਰਣਨੀਤਕ ਹਿੱਸੇਦਾਰੀ ਦਾ ਡਾਢਾ ਮਹੱਤਵਪੂਰਨ ਪੱਖ ਹੈ। ਇਸ ਦੇ ਨਤੀਜੇ ਵਜੋਂ ਦੋਹਾਂ ਦੇਸ਼ਾਂ ਦੀ ਰੱਖਿਆ ਮਿਲਵਰਤਨ ਦੇ ਖੇਤਰ ਵਿਚ ਸਾਂਝੀ ਖੋਜ, ਵਿਕਾਸ ਅਤੇ ਉਸਾਰੀਆਂ ਦਾ ਪ੍ਰਬੰਧ ਕੀਤਾ ਜਾਵੇਗਾ। ਉਪਰੰਤ ਸਾਡੀ ਆਪਸੀ ਰੱਖਿਆ ਮਿਲਵਰਤਨ ਨੂੰ ਇਕ ਨਵਾਂ ਪਾਸਾਰ ਪ੍ਰਾਪਤ ਹੋਵੇਗਾ। ਵੱਖ-ਵੱਖ ਤਰ੍ਹਾਂ ਦੇ ਲੜਾਕੇ ਹਵਾਈ ਜਹਾਜ਼ ਅਤੇ ਮਿਜ਼ਾਈਲਾਂ ਬਣਾਈਆਂ ਜਾਣਗੀਆਂ। ਇਸ ਦਸਤਾਵੇਜ਼ ਅਨੁਸਾਰ ਇਹ ਮਿਲਵਰਤਨ 2020 ਤੱਕ ਜਾਰੀ ਰਹੇਗੀ।

ਰੂਸ ਵਲੋਂ ਭਾਰਤ ਨੂੰ ਤੇਲ ਸਪਲਾਈ ਕਰਨਾ ਇਸ ਮਿਲਵਰਤਨ ਦਾ ਇਕ ਹੋਰ ਅਹਿਮ ਹਿੱਸਾ ਹੈ। ਭਾਰਤ ਵਲੋਂ ਰੂਸ ਦੇ ਸਖਾਲਿਨ ਤੇਲ ਅਤੇ ਗੈਸ ਪ੍ਰਾਜੈਕਟ ਵਿਚ 2 ਅਰਬ ਸੱਤਰ ਕਰੋੜ ਡਾਲਰ ਦੀ ਪੂੰਜੀ ਲਾਈ ਹੋਈ ਹੈ। ਇਹ ਭਾਰਤ ਵਲੋਂ ਕਿਸੇ ਬਾਹਰੇ ਦੇਸ਼ ਲਈ ਲਾਈ ਗਈ ਪੂੰਜੀ ਵਿਚੋਂ ਸਭ ਤੋਂ ਵੱਧ ਹੈ। ਸਖਾਲਿਨ ਦੇ ਇਕ ਹੋਰ ਪ੍ਰਾਜੈਕਟ ਵਿਚ ਭਾਰਤ ਦੀ ਹਿੱਸੇਦਾਰੀ ਦੀ ਸੰਭਾਵਨਾ ਵੀ ਵਧ ਗਈ ਹੈ।

ਇਹ ਗੱਲ ਭਾਰਤ ਲਈ ਵੀ ਵਿਸ਼ੇਸ਼ ਅਹਿਮੀਅਤ ਰੱਖਦੀ ਹੈ ਕਿ ਮਾਸਕੋ ਵਾਰਤਾ ਵਿਚ ਦਹਿਸ਼ਤਗਰਦੀ ਵਿਰੁਧ ਵੀ ਇਕ ਸਾਂਝੀ ਪਹੁੰਚ ਅਖਤਿਆਰ ਕੀਤੀ ਗਈ ਸੀ। ਇਸ ਤੋਂ ਵੀ ਜ਼ਾਹਰ ਹੈ ਕਿ ਦੁਵੱਲੀ ਮਿਲਵਰਤਨ ਨੂੰ ਕੇਵਲ ਆਰਥਿਕ ਸਹਿਯੋਗ ਸਮਝਣਾ ਗਲਤ ਹੋਵੇਗਾ। ਦੋਹਾਂ ਦੇਸ਼ਾਂ ਨੇ ਕੌਮਾਂਤਰੀ ਦਹਿਸ਼ਤਗਰਦੀ ਬਾਰੇ ਇਕ ਸਰਵਾਂਗੀ ਕਨਵੈਨਸ਼ਨ ਤਿਆਰ ਕੀਤੇ ਜਾਣ ਦੀ ਮੰਗ ਕੀਤੀ ਹੈ। ਦੋਵੇਂ ਦੇਸ਼ ਇਕ-ਦੂਜੇ ਦੇ ਖੇਤਰ ਨਾਲ ਸੰਬੰਧਤ ਗੁਪਤਚਰ ਜਾਣਕਾਰੀ ਵੀ ਸਾਂਝੀ ਕਰਨਗੇ। ਦੋਹਾਂ ਦੇਸ਼ਾਂ ਨੇ ਅਫਗਾਨਿਸਤਾਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਹੈ। ਇਸ ਗੱਲ ਬਾਰੇ ਸਹਿਮਤੀ ਹੈ ਕਿ ਅਲਕਾਇਦਾ ਅਤੇ ਤਾਲਿਬਾਨ ਨੂੰ ਠੱਲ੍ਹ ਪਾਉਣੀ ਬਹੁਤ ਜ਼ਰੂਰੀ ਹੈ ਅਤੇ ਇਨ੍ਹਾਂ ਨੇ ਉਸ ਦੇਸ਼ ਵਿਚ ਹੁਣ ਤਕ ਹੋਈ ਪ੍ਰਗਤੀ ਨੂੰ ਨਸ਼ਟ ਕਰਕੇ ਰੱਖ ਦਿੱਤਾ ਹੈ। ਦੋਹਾਂ ਦੇਸ਼ਾਂ ਨੇ ਇਕ ਜਮਹੂਰੀ ਅਤੇ ਸਥਿਰ ਅਫਗਾਨਿਸਤਾਨ ਬਾਰੇ ਆਪਣੀ ਵਚਨਬੱਧਤਾ ਪ੍ਰਗਟਾਈ ਹੈ। ਇਹ ਅਫਗਾਨਿਸਤਾਨ ਕਿਸੇ ਇਕ ਰਾਜਸੀ ਪਾਰਟੀ ਦੇ ਗਲਬੇ ਵਾਲਾ ਦੇਸ਼ ਨਹੀਂ ਹੋਵੇਗਾ। ਇਸ ਵਿਚ ਸਭਨਾਂ ਰਾਜਸੀ ਧਿਰਾਂ ਨੂੰ ਸੱਤਾ ਵਿਚ ਹਿੱਸੇਦਾਰੀ ਦਾ ਮੌਕਾ ਮਿਲੇਗਾ।

ਰੂਸ ਨੇ ਭਾਰਤ ਦੀ ਸ਼ੰਘਾਈ ਮਿਲਵਰਤਨ ਜਥੇਬੰਦੀ ਦੀ ਪੂਰੀ ਮੈਂਬਰਸ਼ਿਪ ਦੀ ਹਮਾਇਤ ਕੀਤੀ ਹੈ। ਚੀਨ ਇਸ ਤਜਵੀਜ਼ ਦਾ ਵਿਰੋਧ ਕਰ ਰਿਹਾ ਹੈ। ਪਰ ਹੁਣ ਕਿਉਂਕਿ ਤੇਲ ਸਪਲਾਈ ਦੇ ਮਾਮਲੇ ਵਿਚ ਰੂਸ ਅਤੇ ਚੀਨ ਬਹੁਤ ਨੇੜੇ ਹਨ ਤੇ ਚੀਨ ਦੀ ਬਹੁਤ ਵੱਡੀ ਨਿਰਭਰਤਾ ਰੂਸ 'ਤੇ ਹੈ, ਆਉਣ ਵਾਲੇ ਸਮੇਂ ਵਿਚ ਚੀਨ ਦਾ ਇਹ ਵਿਰੋਧ ਘਟਣ ਦੀ ਸੰਭਾਵਨਾ ਹੈ। ਇਹ ਤੱਥ ਵੀ ਇਥੇ ਪ੍ਰਸੰਗਿਕ ਹੈ ਕਿ ਚਾਰ ਦੇਸ਼ ਬਰਾਜ਼ੀਲ, ਰੂਸ, ਭਾਰਤ ਅਤੇ ਚੀਨ ਇਕ ਪੱਧਰ 'ਤੇ ਆਪਸੀ ਮਿਲਵਰਤਨ ਵਿਚ

(ਬਾਕੀ ਸਫਾ 19 'ਤੇ)

# ਸਰਨਾ, ਮੱਕੜ ਤੇ ਮਿਰਜ਼ਾ ਗ਼ਾਲਿਬ !

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਤਿੰਨ ਨਾਮਵਰ ਹਸਤੀਆਂ ਦੇ ਤਖ਼ੱਲਸ ਹਨ ਜੋ ਉਪਰੋਕਤ ਸਿਰਲੇਖ ਵਿਚ ਅੰਕਿਤ ਕੀਤੇ ਗਏ ਹਨ। ਇਸ਼ਤਿਹਾਰਬਾਜ਼ੀ ਦੇ ਇਸ ਦੌਰ-ਦੌਰੇ ਦੀ ਇਹ ਵੀ ਇਕ ਖਾਸੀਅਤ ਬਣ ਗਈ ਹੈ ਕਿ ਮੀਡੀਏ ਵਿਚ ਚਰਚਿਤ ਰਹਿਣ ਵਾਲੇ ਵਿਸ਼ੇਸ਼ ਵਿਅਕਤੀਆਂ ਦੇ ਅਸਲ ਨਾਵਾਂ ਦੀ ਜਗ੍ਹਾ ਉਨ੍ਹਾਂ ਦੇ ਤਖ਼ੱਲਸ ਜ਼ਿਆਦਾ ਮਸ਼ਹੂਰ ਹੋ ਜਾਂਦੇ ਹਨ। ਜਿਵੇਂ ਇਸ ਲਿਖਤ ਦੇ ਸਿਰਲੇਖ ਦੀ ਗੱਲ ਲੈ ਲਉ। ਸਰਨਾ ਸਾਹਿਬ ਦਾ ਨਾਮ ਸੁਣਦਿਆਂ ਸਾਰ ਅਸੀਂ ਝੱਟ ਸਮਝ ਜਾਂਦੇ ਹਾਂ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਜਥੇਦਾਰ ਪਰਮਜੀਤ ਸਿੰਘ ਦੀ ਗੱਲ ਹੋ ਰਹੀ ਹੈ। ਜੇ ਮਾਨਯੋਗ ਮੱਕੜ ਸਾਹਿਬ ਦਾ ਜ਼ਿਕਰ ਚੱਲੇ ਤਾਂ ਸੁਣਨ ਵਾਲਿਆਂ ਦੀ ਸੁਰਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਹੋਰਾਂ 'ਤੇ ਜਾ ਟਿਕਦੀ ਹੈ। ਭਲਾ ਜੇ ਮਿਰਜ਼ਾ ਅਬਦੁੱਲਾ ਖਾਂ ਅਸਦ ਦੇ ਨਾਮ ਨਾਲ 'ਗਾਲਿਬ' ਨਾ ਜੋੜਿਆ ਜਾਵੇ ਤਾਂ ਕੌਣ ਜਾਣ ਸਕੇਗਾ ਕਿ ਇਹ ਅਬਦੁੱਲਾ ਖਾਂ ਕੌਣ ਸਨ?

ਨਾਵਾਂ ਨਾਲ ਜੁੜੇ ਤਖ਼ੱਲਸਾਂ ਦੀ ਮਸ਼ਹੂਰੀ ਬਾਰੇ ਇੰਨਾ ਕੁ ਪੜ੍ਹ ਕੇ ਪਾਠਕਾਂ ਦੇ ਮਨ ਵਿਚ ਇਹ ਸਵਾਲ ਅੰਗੜਾਈਆਂ ਲੈ ਰਿਹਾ ਹੋਵੇਗਾ ਕਿ ਗੁਰਦੁਆਰਿਆਂ ਦੀਆਂ ਦੋ ਪ੍ਰਬੰਧਕੀ ਕਮੇਟੀਆਂ ਦੇ ਪ੍ਰਧਾਨਾਂ ਦੇ ਜ਼ਿਕਰ ਵਿਚ ਉਰਦੂ ਸ਼ਾਇਰ ਗਾਲਿਬ ਕਿਵੇਂ ਆ ਟਪਕਿਆ। ਕਿੱਥੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਸਮਕਾਲੀ ਮਿਰਜ਼ਾ ਗਾਲਿਬ ਅਤੇ ਕਿੱਥੇ ਸਿੱਖ ਪੰਥ ਦੇ ਦੋ ਅਜੋਕੇ ਜਥੇਦਾਰ! ਤਿੱਖੀ ਸੋਚਣੀ ਵਾਲੇ ਪਾਠਕਾਂ ਨੇ ਇਹ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਗਾਲਿਬ ਅਤੇ ਜਥੇਦਾਰ ਸਰਨਾ ਸਾਹਿਬ ਦੀ ਸ਼ਾਇਦ ਕੋਈ ਸਾਂਝ ਬਣਦੀ ਹੋਵੇ? ਕਿਉਂਕਿ ਜਿਸ ਦਿੱਲੀ ਸ਼ਹਿਰ ਦੇ ਸਿੱਖਾਂ ਦੀ ਤਰਜ਼ਮਾਨੀ ਸਰਨਾ ਸਾਹਿਬ ਲੰਬੇ ਅਰਸੇ ਤੋਂ ਧੜੱਲੇਦਾਰ ਢੰਗ ਨਾਲ ਕਰਦੇ ਆ ਰਹੇ ਨੇ, ਉਸੇ ਦਿੱਲੀ ਵਿਚ ਮਿਰਜ਼ਾ ਗਾਲਿਬ ਵੀ ਸ਼ਾਇਰੀ ਦੀਆਂ ਮਹਿਫ਼ਲਾਂ ਲੁੱਟਦਾ ਰਿਹਾ। ਨਜ਼ਮੁ-ਦੌਲਾ, ਦਬੀਰੁਲ-ਮੁਲਕ ਅਤੇ ਨਿਜ਼ਾਮੇ-ਜੰਗ ਜਿਹੇ ਲਕਬ ਪਾਉਣ ਵਾਲੇ ਗਾਲਿਬ ਦੀ 'ਸਾਂਝ' ਕਿਉਂ, ਕਿਦਾਂ ਅਤੇ ਕਿਹਦੇ ਨਾਲ ਪਈ ਜਾ ਰਹੀ ਹੈ? ਇਹ ਨਿਰਣਾ ਪਾਠਕਾਂ 'ਤੇ ਹੀ ਛੱਡ ਕੇ, ਗੱਲ ਅੱਗੇ ਤੋਰਦਾ ਹਾਂ।

'ਪਹਿਲਾਂ ਆਉ ਪਹਿਲਾਂ ਪਾਉ' ਦੇ ਅਸੂਲ ਮੁਤਾਬਿਕ ਜਥੇਦਾਰ ਸਰਨਾ ਦਾ ਨਾਂ ਸਿਰਲੇਖ ਵਿਚ ਪਹਿਲਾਂ ਆਉਣ ਕਰਕੇ, ਉਨ੍ਹਾਂ ਨਾਲ ਆਪਣੀ ਗੁਜਾਰੇ ਜੋਗੀ ਨਿਜੀ ਸਾਂਝ, ਹੋਰਾਂ ਤੋਂ ਪਹਿਲਾਂ ਵਰਨਣ ਕਰ ਰਿਹਾ ਹਾਂ। ਬਾ-ਹੈਸੀਅਤ ਸ਼੍ਰੋਮਣੀ ਕਮੇਟੀ ਮੈਂਬਰ ਮੈਂ ਅਤੇ ਜਥੇਦਾਰ ਹਰਬੰਸ ਸਿੰਘ ਮੰਝਪੁਰ, ਦਿੱਲੀ ਕਮੇਟੀ ਦੇ ਇਕ ਬੰਦ ਕਮਰੇ ਵਿਚ ਜਥੇਦਾਰ ਸਰਨਾ ਨਾਲ ਕੁਝ ਵਿਚਾਰਾਂ ਕਰ ਰਹੇ ਸਾਂ। ਪੰਥ ਦੇ ਇਕ ਕੌਮੀ ਮਸਲੇ ਬਾਰੇ ਚਰਚਾ ਕਰਦਿਆਂ ਸਰਨਾ ਸਾਹਿਬ ਇਨੇ ਭਾਵੁਕ ਹੋ ਗਏ ਕਿ ਉਨ੍ਹਾਂ ਦੀਆਂ ਅੱਖਾਂ ਵਿਚੋਂ ਤ੍ਰਿੱਪ ਤ੍ਰਿੱਪ ਹੰਝੂ ਵਗਣ ਲਗ ਪਏ। ਉਨ੍ਹਾਂ ਦਾ ਇੰਨਾ ਗੱਚ ਭਰ ਆਇਆ ਕਿ ਉਸ ਵੇਲੇ ਗੱਲ ਵੀ ਨਹੀਂ ਸੀ ਹੋ ਰਹੀ ਉਨ੍ਹਾਂ ਕੋਲੋਂ! ਖਾਲਸਾ ਪੰਥ ਲਈ ਏਸ ਤਰ੍ਹਾਂ ਦਾ ਪਿਘਲਦਾ ਦਰਦ, ਅੱਜ ਤੱਕ ਮੈਂ ਕਿਸੇ ਹੋਰ ਸਿੱਖ ਆਗੂ ਵਿਚ ਨਹੀਂ ਦੇਖਿਆ। ਇਸ ਤੋਂ ਬਾਅਦ ਸੰਨ 2007 ਵਿਚ ਦਿੱਲੀ ਕਮੇਟੀ ਵਲੋਂ ਕਰਵਾਏ ਗਏ ਇਕ ਅੰਤਰਰਾਸ਼ਟਰੀ ਸੈਮੀਨਾਰ ਵਿਚ ਸ਼ਮੂਲੀਅਤ ਕਰਦਿਆਂ ਮੈਂ ਸਰਨਾ ਸਾਹਿਬ ਨੂੰ ਦੂਸਰੀ ਵਾਰ ਨੇੜਿਉਂ ਤੱਕਿਆ ਸੀ। ਉਦੋਂ ਉਨ੍ਹਾਂ ਨੇ ਸੌਦਾ ਸਾਧ ਵਾਲੇ ਮਸਲੇ 'ਤੇ ਸਿੱਖਾਂ ਵਿਚ ਚੇਤਨਾ ਪੈਦਾ ਕਰਨ ਲਈ ਸਾਰਥਕ ਰੋਲ ਨਿਭਾਇਆ ਸੀ। ਉਨ੍ਹਾਂ ਦੇ ਸਿਆਸੀ ਵਿਚਾਰਾਂ ਬਾਰੇ ਆਪਾਂ ਸਾਰੇ ਜਾਣਦੇ ਹਾਂ ਕਿ ਉਹ ਬਾਦਲ ਦਲ ਨੂੰ ਸਿੱਖ ਪੰਥ ਦੇ ਦਰਖ਼ਤ 'ਤੇ ਛਾਈ ਹੋਈ ਪੀਲੀ ਵੇਲ ਸਮਝਦੇ ਹਨ ਜੋ ਹੌਲੀ ਹੌਲੀ ਵਧਦੀ ਫੁਲਦੀ ਆਪ ਤਾਂ ਵਿਰਾਟ ਰੂਪ ਧਾਰਨ ਕਰ ਲੈਂਦੀ ਹੈ, ਪਰ ਦਰਖ਼ਤ ਨੂੰ ਖੜ-ਸੁੱਕ ਬਣਾ ਛੱਡਦੀ ਹੈ। ਪੰਥਕ ਮਾਮਲਿਆਂ ਦੇ ਨਿਰਣੇ ਸਮੇਂ ਜਾਂ ਕਿਸੇ ਇਲੈਕਸ਼ਨ ਮੌਕੇ ਬਾਦਲ ਦਲ ਜਾਂ ਉਸਦੇ ਭਗਵੇਂ ਸਹਿਯੋਗੀਆਂ ਨਾਲ ਆਢਾ ਲਾਉਣਾ ਜਥੇਦਾਰ ਸਰਨਾ 'ਪਰਮ ਧਰਮ' ਸਮਝਦੇ ਹਨ।

ਸਿਰਲੇਖ ਅਨੁਸਾਰ ਦੂਸਰੀ ਪ੍ਰਮੁੱਖ ਸ਼ਖਸੀਅਤ ਹਨ ਜਥੇਦਾਰ ਅਵਤਾਰ ਸਿੰਘ ਮੱਕੜ। ਉਨ੍ਹਾਂ ਨਾਲ ਮੇਰੀ ਨੇੜਤਾ ਉਦੋਂ ਬਣੀ ਜਦੋਂ ਉਹ ਆਪਣੇ ਮਹੱਲੇ ਦੇ ਇਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁਖੀ ਸਨ। ਇਸ ਦੇ ਨਾਲ ਨਾਲ ਅਕਾਲੀ ਸਿਆਸਤ ਵਿਚ ਵੀ ਸਰਗਰਮ ਸਨ। ਲੁਧਿਆਣੇ ਵਿਖੇ ਹੋਈ ਅਕਾਲੀ ਪਾਰਟੀ ਦੀ ਇਕ ਬਹੁਤ ਵੱਡੀ ਰੈਲੀ ਦੀਆਂ ਤਿਆਰੀਆਂ ਦੌਰਾਨ ਮੇਰਾ ਉਨ੍ਹਾਂ ਨਾਲ ਮੇਲ-ਮਿਲਾਪ ਹੋਇਆ। ਉਨ੍ਹਾਂ ਦੇ ਬੇਹੱਦ ਸਾਊ ਸੁਭਾਅ ਅਤੇ ਹਲੀਮੀ ਭਰੇ ਵਿਹਾਰ ਸਦਕਾ ਮੇਰੀ ਸ. ਮੱਕੜ ਹੋਰਾਂ ਨਾਲ ਚੰਗੀ ਦੋਸਤੀ ਹੋ ਗਈ। ਉਹ ਗੱਲਬਾਤ ਕਰਨ ਸਮੇਂ ਇੰਨੀ ਸ਼ਾਇਸਤਗੀ ਨਾਲ ਮਿੱਠੇ ਬਚਨ ਬੋਲਦੇ ਸਨ ਕਿ ਸੁਣਨ ਵਾਲਾ ਉਨ੍ਹਾਂ ਦਾ ਕਾਇਲ ਹੋ ਜਾਂਦਾ। ਉਮਰ ਪੱਖੋਂ ਭਾਵੇਂ ਉਹ ਮੇਰੇ ਨਾਲੋਂ ਵੱਡੇ ਸਨ, ਪਰ ਮੇਰੀ ਮੈਂਬਰੀ ਕਾਰਣ ਉਹ ਮੇਰਾ ਸਤਿਕਾਰ ਬਹੁਤ ਕਰਦੇ ਸਨ। ਜਿਵੇਂ ਕਿ ਅਕਾਲੀ ਸਿਆਸਤ ਵਿਚ ਧੜਿਆਂ ਅੰਦਰ ਗਰੁੱਪਬਾਜ਼ੀ ਦੀ ਆਪਸੀ ਟੱਕਰ ਹਰੇਕ ਥਾਂ ਚਲਦੀ ਰਹਿੰਦੀ ਹੈ, ਇਵੇਂ ਹੀ ਸ. ਮੱਕੜ ਆਪਣੇ ਵਿਰੋਧੀ ਗਰੁੱਪ ਨਾਲ ਬਰਾਬਰ ਮੜਿੱਕਣ ਲਈ ਪਾਰਟੀ ਪ੍ਰਧਾਨ ਪਾਸੋਂ ਜ਼ਿਲਾ ਜਥੇਦਾਰੀ ਦੀ ਮੰਗ ਕਰ ਰਹੇ ਸਨ।

ਕੁਝ ਅਰਸੇ ਬਾਅਦ ਉਨ੍ਹਾਂ ਦੀ ਧਰਮ ਪਤਨੀ ਸਦੀਵੀ ਵਿਛੋੜਾ ਦੇ ਗਈ। ਦੋਸਤੀ ਨਾਤੇ ਮੈਂ ਜਥੇਦਾਰ ਮੱਕੜ ਨੂੰ ਅਫਸੋਸ ਵਜੋਂ ਲੰਬਾ ਖ਼ਤ ਲਿਖਿਆ। ਇਹ ਖਤ ਇੰਨੇ ਦ੍ਰਵੇ ਮਨ ਨਾਲ ਲਿਖਿਆ ਹੋਇਆ ਸੀ ਕਿ ਮੱਕੜ ਸਾਹਿਬ ਨੇ ਮੇਰੇ ਘਰ ਫੋਨ ਕਰਕੇ ਉਸ ਹਮਦਰਦੀ ਭਰੇ ਖ਼ਤ ਲਈ ਸ਼ੁਕਰੀਆ ਅਦਾ ਕੀਤਾ। ਇਸ ਤੋਂ ਬਾਅਦ ਵੀ ਅਸੀਂ ਅਕਸਰ ਇੱਕ ਦੂਜੇ ਨੂੰ ਫੋਨ ਰਾਹੀਂ ਸੁੱਖ-ਸਾਂਦ ਪੁੱਛਦੇ ਰਹਿੰਦੇ ਸਾਂ। ਮੇਰੀ ਬੇਨਤੀ 'ਤੇ ਉਨ੍ਹਾਂ ਨੇ ਇੱਕ ਹੋਰ ਕੰਮ ਵਿਚ ਬਹੁਤ ਵਧੀਆ ਰੋਲ ਨਿਭਾਇਆ। ਉਹ ਇਹ ਕਿ ਸਾਡੇ ਪਿੰਡਾਂ ਕੋਲ ਦਾ ਇਕ ਗਜ਼ਟਿਡ ਪੋਸਟ 'ਤੇ ਲੱਗਾ ਹੋਇਆ ਮੁੰਡਾ ਲੁਧਿਆਣੇ ਭਾਈ ਰਣਧੀਰ ਸਿੰਘ ਨਗਰ ਵਿਆਹਿਆ ਗਿਆ। ਕੁਝ ਚਿਰ ਮਗਰੋਂ ਇਨ੍ਹਾਂ ਦੇ ਆਪਸੀ ਝਗੜੇ ਇੰਨੇ ਵਧੇ ਕਿ ਠਾਣਿਆਂ ਕਚਹਿਰੀਆਂ ਤੱਕ ਨੌਬਤ ਪਹੁੰਚ ਗਈ। ਮੇਰਾ ਫੋਨ-ਸੁਨੇਹਾ ਸੁਣਕੇ ਹੀ ਸ. ਮੱਕੜ ਨੇ ਲੁਧਿਆਣਾ ਦੇ ਐਸ. ਐਸ. ਪੀ. ਨੂੰ ਮਿਲ ਕੇ ਦੋਨਾਂ ਪਾਰਟੀਆਂ ਦਾ ਲੰਬਾ ਚੌੜਾ ਝਗੜਾ ਨਿਪਟਾਇਆ। ਫੈਸਲਾ ਹੋ ਜਾਣ ਬਾਅਦ ਉਹ ਕੁੜੀ ਆਪਣੇ ਬਾਪ ਨੂੰ ਨਾਲ ਲੈ ਕੇ ਮੇਰੇ ਘਰ ਧੰਨਵਾਦ ਕਰਨ ਲਈ ਆਈ। ਰੱਬ ਜਾਣੇ ਉਸ ਪੜ੍ਹੀ ਲਿਖੀ ਲੜਕੀ ਨੂੰ ਉਸ ਦੇ ਸਹੁਰਾ ਪਰਿਵਾਰ ਨੇ ਕਿੰਨਾ ਕੁ ਦੁਖੀ ਕੀਤਾ ਹੋਵੇਗਾ ਕਿ ਉਸ ਨੇ ਹੱਥ ਜੋੜ ਕੇ ਰੱਬ ਨੂੰ ਧਿਆਉਂਦਿਆਂ ਮੱਕੜ ਸਾਹਿਬ ਨੂੰ ਇੰਨੀਆਂ ਅਸੀਸਾਂ ਦਿੱਤੀਆਂ ਕਿ ਮੈਨੂੰ ਹੁਣ ਜਾਪਦਾ ਹੈ ਕਿ ਮੱਕੜ ਸਾਹਿਬ, ਉਸੇ ਕੁੜੀ ਦੇ ਹਿਰਦੇ 'ਚੋਂ ਨਿਕਲੀਆਂ ਅਸੀਸਾਂ ਸਦਕਾ, ਅੱਜ ਵਾਲੇ ਅਹੁਦੇ 'ਤੇ ਬਿਰਾਜਮਾਨ ਹੋਏ ਹੋਣਗੇ!



ਅਵਤਾਰ ਸਿੰਘ ਮੱਕੜ



ਪਰਮਜੀਤ ਸਿੰਘ ਸਰਨਾ



ਮਿਰਜ਼ਾ ਗਾਲਿਬ

ਹਾਲਾਤ ਨੇ ਐਸੇ ਕਰਵਟ ਬਦਲੇ, ਜ਼ਿਲਾ ਜਥੇਦਾਰੀ ਦੀ ਚਾਹਤ ਰੱਖਣ ਵਾਲੇ ਸ. ਮੱਕੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਾ ਦਿੱਤੇ ਗਏ। ਉਨ੍ਹਾਂ ਦੇ ਮਿੱਠ-ਬੋਲੜੇ ਸੁਭਾਅ ਤੋਂ ਵਾਕਿਫ ਹੋਰ ਲੋਕਾਂ ਵਾਂਗ ਮੈਨੂੰ ਵੀ ਬੇਅੰਤ ਖੁਸ਼ੀ ਹੋਈ ਕਿ ਉਹ ਇਸ ਮਾਣ-ਮੱਤੇ ਅਹੁਦੇ ਦੀ ਸ਼ਾਨ ਨੂੰ ਚਾਰ ਚੰਨ ਲਾਉਣਗੇ ਪ੍ਰੰਤੂ ਅਜਿਹਾ ਸੋਚਣ ਵਾਲਿਆਂ ਦੀਆਂ ਆਸਾਂ-ਉਮੰਗਾਂ ਸੀਨਿਆਂ ਵਿਚ ਹੀ ਦੱਬੀਆਂ ਰਹਿ ਗਈਆਂ। ਹਰੇਕ ਪੰਥਕ ਮੁੱਦੇ 'ਤੇ ਉਨ੍ਹਾਂ ਨੂੰ ਲਿਫ ਲਿਫ ਕੇ ਦੂਹਰੇ-ਤੀਹਰੇ ਹੁੰਦਿਆਂ ਦੇਖ ਕੇ, ਚੇਤੰਨ ਵਰਗ ਵਲੋਂ ਸ. ਮੱਕੜ ਨੂੰ 'ਬਿਨਾ ਰੀੜ੍ਹ ਦੀ ਹੱਡੀ ਵਾਲਾ ਪ੍ਰਧਾਨ' ਕਿਹਾ ਜਾਣ ਲੱਗ ਪਿਆ ਹੈ। ਕਿਸੇ ਗ੍ਰੰਥਕਾਰ ਦਾ ਕਥਨ ਹੈ ਕਿ ਜਦੋਂ ਕੋਈ ਵਿਅਕਤੀ ਕਿਸੇ ਦੀ ਅਧੀਨਗੀ ਕਬੂਲਦਾ ਹੈ ਤਾਂ ਉਸ ਦੇ ਅੱਧੇ ਗੁਣ ਨਸ਼ਟ ਹੋ ਜਾਂਦੇ ਹਨ। ਕਈ ਵਰ੍ਹਿਆਂ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਾਂ ਵਾਲੀ ਪਰਚੀ, ਕੌਣ, ਕਿਵੇਂ ਅਤੇ ਕਿਹੋ ਜਿਹੀ 'ਯੋਗਤਾ' ਨੂੰ ਮੁੱਖ ਰੱਖ ਕੇ ਲਿਫਾਫਿਆਂ ਵਿਚ ਠੋਸਦਾ ਹੈ? ਇਹਦੇ ਬਾਰੇ ਵਿਚਾਰ ਕਰਨੀ ਇਥੇ ਬੇ-ਮਾਇਨਾ ਹੀ ਹੈ।

ਸਿੱਖ ਸਿਧਾਂਤਾਂ ਤੋਂ ਲੱਖਾਂ ਕੋਹਾਂ ਦੂਰ ਇਸ ਪਰੰਪਰਾ 'ਚੋਂ ਨਿਕਲੇ ਹੋਏ ਮੱਕੜ ਜੀ ਐਸੇ 'ਪ੍ਰਧਾਨ' ਸਾਬਤ ਹੋਏ ਹਨ, ਜੋ ਹਰ ਵਕਤ 'ਪ੍ਰਧਾਨ ਸਾਹਿਬ' ਦੇ ਫਰਕਦੇ ਬੁੱਲ੍ਹਾਂ ਤੋਂ ਹੁਕਮ ਸਾਦਰ ਹੋਣ ਦੀ ਉਡੀਕ ਵਿਚ ਉਧਰ ਹੀ ਟਿਕਟਿਕੀ ਲਾਈ ਰੱਖਦੇ ਹਨ। 'ਇੰਦਰਾ ਗਾਂਧੀ' 'ਤੇ ਜ਼ੋਰ ਪਾ ਕੇ ਅਕਾਲ ਤਖਤ ਉਪਰ ਹਮਲਾ ਅਸੀਂ ਕਰਵਾਇਆ ਸੀ। ਜਿਹੇ ਦੁਰਵਾਕ, ਹਿੱਕ ਠੋਕ-ਠੋਕ ਕੇ ਕਹਿਣ ਵਾਲੇ ਅਡਵਾਨੀ ਨੂੰ ਤਾਂ ਮੱਕੜ ਸਾਹਿਬ ਜੀ ਮੁਸਕਰਾਉਂਦਿਆਂ ਹੋਇਆਂ ਨਿਵ-ਨਿਵ ਕੇ ਸਿਰੋਪਿਆਂ ਨਾਲ ਨਿਵਾਜਦੇ ਹਨ ਪਰ ਬਾਦਲ ਪਰਿਵਾਰ ਦੀ ਈਨ ਨਾ ਮੰਨਣ ਵਾਲੇ ਭਾਵੇਂ ਕੋਈ ਨਿੱਤਨੇਮੀ ਪ੍ਰੇਮੀ ਸਿੱਖ ਹੀ ਹੋਣ, ਉਨ੍ਹਾਂ ਉਪਰ ਉਹ ਝਈਆਂ ਲੈ ਲੈ ਕੇ ਪੈਂਦੇ ਹਨ।

ਵੈਸੇ ਤਾਂ ਉਹ ਮਾਨ, ਬਿੱਟੂ, ਖਾਲਸਾ ਪੰਚਾਇਤ, ਦਲ ਖਾਲਸਾ ਵਰਗੀਆਂ ਐਂਟੀ-ਬਾਦਲ ਜਥੇਬੰਦੀਆਂ ਦੇ ਆਗੂਆਂ ਨੂੰ ਤੱਤੀਆਂ-ਠੰਢੀਆਂ ਸੁਣਾਉਂਦੇ ਹੀ ਰਹਿੰਦੇ ਹਨ, ਪਰ ਦਿੱਲੀ ਵਾਲੇ ਜਥੇਦਾਰ ਪਰਮਜੀਤ ਸਿੰਘ ਸਰਨਾ ਨਾਲ ਮੱਕੜ ਜੀ ਦਾ ਕੁਝ ਡਾਢਾ ਹੀ 'ਮੋਹ' ਜਾਪਦਾ ਹੈ। ਸ਼ਾਇਦ ਹੀ ਕੋਈ ਦਿਨ 'ਸੁੱਕਾ' ਲੰਘਦਾ ਹੋਵੇ ਜਿਸ ਦਿਨ ਉਨ੍ਹਾਂ ਨੇ ਸਰਨੇ ਨੂੰ 'ਕਾਂਗਰਸ ਦਾ ਏਜੰਟ' ਜਾਂ 'ਪੰਥ ਦੋਖੀ' ਦਾ ਵਿਸ਼ੇਸ਼ਣ ਨਾ ਬਖਸ਼ਿਆ ਹੋਵੇ! ਜਥੇਦਾਰ ਸਰਨੇ ਨੂੰ ਆਪਣਾ ਸ਼ਿਕਾਰ ਬਣਾਉਣਾ ਉਨ੍ਹਾਂ ਦਾ ਮਨ ਭਾਉਂਦਾ ਸ਼ੁਗਲ ਬਣ ਚੁੱਕਿਆ ਹੋਇਆ ਹੈ। ਜਿਵੇਂ ਸਾਡੇ ਕੇਂਦਰੀ ਆਗੂਆਂ ਨੂੰ ਦੇਸ਼ ਦੇ ਕਿਸੇ ਹਿੱਸੇ ਵਿਚ ਵੀ ਹੋਈ ਭੰਨ-ਤੋੜ ਪਿੱਛੇ ਹਮੇਸ਼ਾ 'ਪਾਕਿਸਤਾਨੀ ਹੱਥ' ਦਿਖਾਈ ਦਿੰਦਾ ਰਹਿੰਦਾ ਹੈ, ਇਵੇਂ ਹੀ ਸਿੱਖਾਂ ਨਾਲ ਸਬੰਧਤ ਕਿਸੇ ਵੀ ਮਸਲੇ 'ਤੇ ਬੋਲਣ ਲੱਗਿਆਂ ਮੱਕੜ ਸਾਹਿਬ, ਜਥੇਦਾਰ ਸਰਨਾ ਨੂੰ ਰੱਜ ਕੇ ਭੰਡਦੇ ਹਨ। ਜਥੇਦਾਰ ਮੱਕੜ ਦਾ ਇਹ ਰੂਪ ਦੇਖ ਕੇ ਮੈਨੂੰ ਉਨ੍ਹਾਂ ਦਾ ਲੁਧਿਆਣੇ ਵਾਲਾ 'ਉਹ ਰੂਪ' ਯਾਦ ਆ ਜਾਂਦਾ ਹੈ। ਮਾਖਿਉਂ ਜਿਹੀ ਮਿੱਠੀ ਬੋਲੀ-ਗਜ਼ਬ ਦੀ ਨਿਮਰਤਾ! ਇਹ ਸਾਰਾ ਕੁਝ ਕਠੋਰਤਾ ਵਿਚ ਕਿਵੇਂ ਤੇ ਕਿਉਂ ਬਦਲ ਗਿਆ? ਲਉ ਇਸ 'ਕਿਵੇਂ' ਤੇ 'ਕਿਉਂ' ਦਾ ਅਰਥ ਜਾਨਣ ਲਈ ਜਨਾਬ ਗਾਲਿਬ ਦਾ ਥੋੜਾ ਜਿਹਾ ਜ਼ਿਕਰ ਸੁਣ ਲਉ:

ਉਰਦੂ ਸ਼ਾਇਰੀ ਵਿਚ ਮਿਰਜ਼ਾ ਗਾਲਿਬ ਦਾ ਮੁਕਾਮ ਬਹੁਤ ਉੱਚਾ ਹੈ ਪਰ ਬਹੁਤੇ ਕਵੀਆਂ-ਲੇਖਕਾਂ ਵਾਂਗ ਉਹ ਸਾਰੀ ਉਮਰ ਫਾਕਾ ਮਸਤੀ ਨਾਲ ਜੂਝਦਾ ਰਿਹਾ। ਉਸ ਦੇ ਮਲੰਗਪੁਣੇ ਦੀਆਂ ਬਹੁਤ ਸਾਰੀਆਂ ਦਿਲਚਸਪ ਕਥਾਵਾਂ ਪ੍ਰਚਲਤ ਹਨ ਕਿ ਕਿਵੇਂ ਉਹ ਬੇਚਾਰਗੀ ਤੇ ਲਾਚਾਰਗੀ ਨਾਲ ਘੁਲਦਾ ਰਿਹਾ। ਦਿੱਲੀ ਵਿਚ ਇਕ ਆਮ ਮੁਸਲਮਾਨ ਵਾਂਗ ਦਿਨ ਕਟੀ ਕਰ ਰਿਹਾ ਸੀ। ਅਚਾਨਕ ਉਸ ਦੇ ਭਾਗ ਜਾਗੇ। ਕੁਝ ਅਦੀਬਾਂ ਨੇ ਇਕੱਠੇ ਹੋ ਕੇ ਬਾਦਸ਼ਾਹ ਬਹਾਦਰ ਸ਼ਾਹ ਤੱਕ ਪਹੁੰਚ ਕੀਤੀ। ਬਾਦਸ਼ਾਹ ਨੇ ਤਰਸ ਕਰਕੇ ਗਾਲਿਬ ਦੇ ਨਾਂ ਮਾਹਵਾਰ ਪੈਨਸ਼ਨ ਮੁੱਕਰਰ ਕਰ ਦਿੱਤੀ। ਲਾਲ ਕਿਲੇ ਵਿਚ ਉਸ ਦਾ ਆਉਣ-ਜਾਣ ਖੁੱਲ੍ਹ ਗਿਆ। ਦਿੱਲੀ ਵਾਸੀਆਂ ਦੀਆਂ ਅੱਖਾਂ ਵਿਚ ਉਹ ਹੁਣ ਮਸਤ-ਮੌਲਾ ਗਾਲਿਬ ਨਹੀਂ ਸੀ ਰਿਹਾ। ਹੁਣ ਉਹ ਸਮੇਂ ਦੇ ਹਾਕਮ ਦੀ ਨਜ਼ਰੇ ਇਨਾਇਤ ਬਣ ਗਿਆ। ਗੁਮਨਾਮ ਜਿਹੇ ਮੁਸਲਮਾਨ ਕਵੀ ਵਜੋਂ ਸੜਕਾਂ 'ਤੇ ਤੁਰਿਆ ਫਿਰਨ ਵਾਲਾ ਗਾਲਿਬ, ਹੁਣ ਮਿਰਜ਼ਾ ਅਬਦੁੱਲਾ ਖਾਂ ਗਾਲਿਬ ਬਣ ਗਿਆ ਸੀ। ਸਰਕਾਰੇ-ਦਰਬਾਰੇ ਉਸਦੀ ਸਿਫਾਰਸ਼ ਵੀ ਮਾੜੀ ਮੋਟੀ ਚੱਲਣ ਲੱਗ ਪਈ ਹੋਵੇਗੀ। ਆਪਣੇ ਆਪ ਵਿਚ 'ਤਬਦੀਲੀ' ਆਈ ਦੇਖ ਕੇ ਉਸ ਨੇ ਇਕ 'ਸ਼ਿਅਰ' ਆਖਿਆ:

ਹੂਆ ਹੈ ਸ਼ਾਹ ਕਾ ਮੁਸਾਹਿਬ, ਫਿਰੇ ਹੈ ਇਤਰਾਤਾ
ਵਰਨਾ ਸ਼ਹਿਰ ਮੇਂ 'ਗਾਲਿਬ' ਕੀ ਆਬਰੂ ਕਿਆ ਹੈ!

(ਭਾਵ-ਮੈਨੂੰ ਬਾਦਸ਼ਾਹ ਨੇ ਆਪਣਾ ਵਿਸ਼ਵਾਸ਼ ਪਾਤਰ ਬਣਾ ਲਿਆ ਹੈ, ਇਸੇ ਕਰਕੇ ਮੈਂ ਹੁਣ ਸ਼ਹਿਰ ਵਿਚ ਛਾਤੀ ਚੌੜੀ ਕਰਕੇ ਘੁੰਮਦਾ ਫਿਰ ਰਿਹਾ ਹਾਂ, ਵਰਨਾ ਮੈਨੂੰ ਇੱਥੇ ਕੌਣ ਪੁੱਛਦਾ ਸੀ!) ਤਿੰਨੇ ਤਖ਼ੱਲਸਾਂ ਦੀ ਕਹਾਣੀ ਤਾਂ ਮੁੱਕ ਗਈ ਹੈ, ਪਰ ਲਗਦੇ ਹੱਥ ਇਹ ਵੀ ਦੱਸਦਾ ਜਾਵਾਂ ਕਿ ਸਿੱਖ ਸਿਆਸਤ ਵਿਚ ਕਾਂਗਰਸੀ ਜਾਂ ਕਾਂਗਰਸ ਦਾ ਏਜੰਟ ਬਣ ਜਾਣ ਦਾ 'ਲੇਬਲ' ਕੌਣ, ਕਿਹਦੇ 'ਤੇ ਲਗਾਉਂਦਾ ਹੁੰਦਾ ਹੈ? ਸੁਣਿਆ ਹੈ ਕਿ ਨੈਸ਼ਨਲ ਪ੍ਰੋਫੈਸਰ ਆਫ ਸਿਖਿਇਜ਼ਮ ਸਿਰਦਾਰ ਕਪੂਰ ਸਿੰਘ ਕਿਹਾ ਕਰਦੇ ਸਨ ਕਿ ਵੈਸੇ ਤਾਂ ਅਕਾਲੀ ਆਗੂਆਂ ਦੀ ਅਕਲ ਗਿੱਟਿਆਂ ਵਿਚ ਹੀ ਨਿਵਾਸ ਕਰਦੀ ਹੈ ਲੇਕਿਨ ਜੇ ਕਿਤੇ ਗੁਰੂ ਮਿਹਰ ਸਦਕਾ ਕਿਸੇ ਆਗੂ ਦੇ ਦਿਲ ਵਿਚ ਕੁਰਸੀ ਦੀ ਬਜਾਇ ਸਿੱਖੀ ਦਾ ਪਿਆਰ ਜਾਗ ਪਵੇ ਤਾਂ ਉਸ ਦੀ ਮੱਤ ਅਸਲ ਥਾਂ ਆ ਜਾਂਦੀ ਹੈ। ਪਰ ਅਜਿਹੇ ਕਰਮਾਂ ਵਾਲੇ ਆਗੂ ਨੂੰ, ਬਾਕੀ ਦੇ ਸਾਰੇ ਜਣੇ ਹਥਲੇ ਕੰਮ ਛੱਡ ਕੇ, ਉੱਚੀ ਉੱਚੀ ਭੰਡਦੇ ਹੋਏ 'ਕਾਂਗਰਸ ਦਾ ਏਜੰਟ' ਜਾਂ ਕਾਂਗਰਸੀ ਕਹਿਣ ਲੱਗ ਜਾਂਦੇ ਨੇ। ਸੂਰਜ ਵਤ ਰੌਸ਼ਨ ਦਿਮਾਗ ਸਿਰਦਾਰ ਸਾਹਿਬ ਦੇ ਇਸ ਕਥਨ ਮੁਤਾਬਿਕ ਮਾਣਯੋਗ ਮੱਕੜ ਜੀ, ਅੱਜ ਕੱਲ੍ਹ ਇਹ ਹੀ ਡਿਊਟੀ ਨਿਭਾਅ ਰਹੇ ਜਾਪਦੇ ਨੇ।

# ਖ਼ਬਰ ਲੈਣ ਵਾਲੇ

**ਜਸਵਿੰਦਰ ਕੌਰ ਜਟਾਣਾ**

ਭੈਣ ਦੇ ਗੁਆਂਢ ਵਿਚ ਇਕ ਵੱਡੀ ਸਾਰੀ ਕੋਠੀ ਦੇ ਬਾਹਰ ਇਕ ਫੱਟੀ ਲਮਕ ਰਹੀ ਸੀ, ਜਿਸ 'ਤੇ ਲਿਖਿਆ ਸੀ 'ਅਫਸੋਸ ਕਰਨ ਦਾ ਸਮਾਂ ਸਵੇਰੇ 10 ਤੋਂ 12 ਵਜੇ ਤੇ ਸ਼ਾਮੀਂ 5 ਤੋਂ 6.30 ਤੱਕ।' ਮੈਨੂੰ ਪੜ੍ਹ ਕੇ ਹੈਰਾਨੀ ਹੋਈ। ਮੈਂ ਭੈਣ ਨੂੰ ਇਸ ਤਰ੍ਹਾਂ ਲਿਖਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇਸ ਕੋਠੀ ਵਾਲਿਆਂ ਦਾ ਬਜ਼ੁਰਗ ਸਵਰਗ ਸਿਧਾਰ ਗਿਆ, ਨੂੰਹ, ਪੁੱਤਰ ਨੌਕਰੀਪੇਸ਼ਾ ਹਨ, ਮਾਤਾ ਸ਼ੂਗਰ ਦੀ ਮਰੀਜ਼ ਹੈ। ਖੇਚਲ ਨਹੀਂ ਕਰ ਸਕਦੀ, ਵਕਤ ਦੀ ਘਾਟ ਹੈ। ਬੱਚੇ ਪੜ੍ਹਦੇ ਹਨ। ਇਸ ਲਈ ਲੋਕਾਂ ਲਈ ਇਹ ਫੱਟੀ ਲਮਕਾਈ ਹੈ ਤਾਂ ਕਿ ਕੋਈ ਅਫਸੋਸ ਕਰਨ ਆਉਣ ਵਾਲਾ ਉਨ੍ਹਾਂ ਨੂੰ ਬੇਵਕਤ ਤੰਗ ਨਾ ਕਰੇ। ਸੁਣ ਕੇ ਅਫਸੋਸ ਹੋਇਆ ਕਿ ਦੁੱਖ-ਸੁੱਖ ਵੰਡਾਉਣ ਲਈ ਵੀ ਵਕਤ ਦੇ ਪਾਬੰਦ ਰਹਿਣਾ ਜ਼ਰੂਰੀ ਹੈ।

ਵੱਡੇ ਸ਼ਹਿਰਾਂ ਤੋਂ ਤਾਂ ਸਾਡੇ ਨਿੱਕੇ ਸ਼ਹਿਰ ਤੇ ਪਿੰਡ ਹੀ ਚੰਗੇ ਹਨ ਜਿਥੇ ਲੋਕਾਂ ਕੋਲ ਵਕਤ ਦੀ ਕਮੀ ਨਹੀਂ ਹੈ, ਜਿਸ ਘਰ ਮਰਗ ਹੋ ਜਾਵੇ, ਆਂਢ-ਗੁਆਂਢ ਦੀਆਂ ਬੁੜ੍ਹੀਆਂ ਬੰਦੇ ਦਸ ਦਿਨ ਉਸ ਘਰ ਸੱਥਰ 'ਤੇ ਬੈਠਦੇ ਹਨ ਅਤੇ ਰਾਤੀਂ ਵੀ ਉਸ ਘਰ ਸੁੱਤਾ ਜਾਂਦਾ ਹੈ। ਗੱਲਾਂਬਾਤਾਂ ਤੇ ਦਿਲਾਸੇ ਨਾਲ ਘਰ ਦੇ ਜੀਆਂ ਦੇ ਮਨ ਨਹੀਂ ਡੋਲਦੇ ਤੇ ਹੌਲੀ-ਹੌਲੀ ਦੁੱਖ ਸਹਿਣ ਦੀ ਆਦਤ ਹੋ ਜਾਂਦੀ ਹੈ। ਪ੍ਰੰਤੂ ਪਿੰਡਾਂ ਵਿਚ ਕਈ ਵਾਰ ਬਿਮਾਰਾਂ ਦਾ ਪਤਾ ਲੈਣ ਵਾਲੇ ਬਿਮਾਰ ਨੂੰ ਜਿੰਨੀ ਤਕਲੀਫ ਦਿੰਦੇ ਹਨ, ਓਨੀ ਸ਼ਾਇਦ ਬਿਮਾਰੀ ਨਾਲ ਵੀ ਨਹੀਂ ਆਉਂਦੀ।

ਸਾਡੇ ਪਿੰਡ ਪੰਜਾਹ ਕੁ ਸਾਲ ਦੀ ਔਰਤ ਸ਼ਿੰਦਰ ਕੌਰ ਅਧਰੰਗ ਕਰਕੇ ਮੰਜੇ 'ਤੇ ਪੈ ਗਈ। ਪਤਾ ਲੈਣ ਆਈਆਂ ਔਰਤਾਂ ਨੇ ਮੋਢੇ ਹਲੂਣ-ਹਲੂਣ ਹਾਲ ਪੁੱਛਿਆ। ਬੇਚਾਰੀ ਮਸਾਂ ਥੋੜ੍ਹਾ ਮੋਟਾ ਬੋਲ ਸਕਿਆ ਕਰੇ। ਕੁਝ ਕਹਿਣ, ''ਚਲੋ ਜੀਹੋ ਜਿਹੀ ਵਿੰਗੀ ਟੇਢੀ ਆਪਣੇ ਬੱਚਿਆਂ 'ਚ ਬੈਠੀ ਰਹੁ।'' ਕੋਈ ਆਖੇ, ''ਭਾਈ ਜਵਾਕਾਂ ਦੀ ਸੁਣ ਲਈ ਰੱਬ ਨੇ, ਕੋਈ ਦਿੱਤਾ ਲਿਆ ਅੱਗੇ ਆ ਗਿਆ, ਦਰਗਾਹੋਂ ਪੁੱਠੀ ਮੋੜ 'ਤੀ, ਊਂ ਕੋਈ ਕਸਰ ਨਹੀਂ ਰਹੀ।'' ਇਕ ਜਣੀ ਕਹਿੰਦੀ, ''ਐਹੋ ਜਿਹੀ ਬਿਮਾਰੀ ਵਾਲੇ ਜੇ ਥਾਏਂ ਹੀ ਮੁੱਕ ਜਾਣ ਤਾਂ ਠੀਕ, ਨਹੀਂ ਤਾਂ ਲਮਕ-ਲਮਕ ਮਰਦੇ ਐ। ਉਹ ਸਾਡੇ ਪਿੰਡ ਵਾਲੀ ਕੈਲੋ ਸਾਲ ਭਰ ਮਗਰੋਂ ਮੁੱਕਗੀ। ਇਹੀ ਦੌਰਾ ਪਿਆ ਸੀ। ਤੂੰ ਤਾਂ ਭਾਈ ਠੀਕ ਹੋਜੇਂਗੀ।''

ਹਾਲ-ਚਾਲ ਪੁੱਛਣ ਵਾਲੇ ਉਹਨੂੰ ਖਾਣ-ਪੀਣ, ਦਵਾਈ ਲੈਣ ਦਾ ਵਕਤ ਵੀ ਨਾ ਦਿੰਦੇ। ਬੱਚੇ ਚਾਹ, ਪਾਣੀ, ਰੋਟੀ ਬਣਾਉਂਦੇ ਥੱਕ ਜਾਂਦੇ। ਸ਼ਿੰਦਰ ਦੀ ਹਾਲਤ ਠੀਕ ਹੋਣ ਦੀ ਬਜਾਏ ਵਿਗੜ ਗਈ ਕਿਉਂਕਿ ਲੋਕਾਂ ਨੂੰ ਦਿੱਸਣ ਵਾਲੀਆਂ ਬਿਮਾਰੀਆਂ ਸਰੀਰਕ ਤਕਲੀਫ ਦੇ ਨਾਲ-ਨਾਲ ਮਾਨਸਿਕ ਪੀੜ ਜ਼ਿਆਦਾ ਦਿੰਦੀਆਂ ਹਨ।

ਇਸ ਤਰ੍ਹਾਂ ਹੀ ਸੁਖਵੀਰ ਦੀ 80 ਸਾਲਾ ਬੇਬੇ ਬਿਮਾਰ ਹੋ ਗਈ। ਠੀਕ ਹੁੰਦੀ ਨਾ ਵੇਖ ਕੇ ਬੇਬੇ ਦੇ ਪੇਕੇ ਖ਼ਬਰ ਘੱਲ ਦਿੱਤੀ ਤਾਂ ਕਿ ਉਹਦੇ ਦੋ ਭਰਾ ਉਸਨੂੰ ਸ਼ਾਇਦ ਆਖਰੀ ਵਾਰ ਮਿਲ ਜਾਣ। ਪਰ ਬੇਬੇ ਦੇ ਪੇਕੇ ਪਰਿਵਾਰ ਵਿਚ 40-45 ਦੇ ਕਰੀਬ ਜੀਅ ਸਨ ਤੇ ਬੇਬੇ ਦਾ ਹਾਲ-ਚਾਲ ਪੁੱਛਣ ਪੱਚੀ ਦੇ ਕਰੀਬ ਬੁੜ੍ਹੀਆਂ-ਬੰਦੇ ਦੋ ਜੀਪਾਂ ਭਰ ਆ ਧਮਕੇ। ਬੇਬੇ ਦੀ ਨੂੰਹ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਕੀ ਕਰੇ ਕੀ ਨਾ ਕਰੇ। ਨੂੰਹ ਨੇ ਥੋੜੀ ਹਿੰਮਤ ਜੁਟਾਈ। ਮੰਜੇ ਡਾਹੇ, ਪਾਣੀ ਪਿਲਾਇਆ ਤੇ ਔਖੇ-ਸੌਖੇ ਵੇਲਾ ਸੰਭਾਲ ਲਿਆ। ਸਾਰੇ ਜਣੇ ਬੇਬੇ ਦੇ ਗੋਡੀਂ ਹੱਥ ਲਾਉਣ, ਮੱਥਾ ਟੇਕਣ ਤੇ ਬਿਮਾਰ ਮਾਈ ਦਾ ਹੱਥ ਚੁੱਕ-ਚੁੱਕ ਆਪਣੇ ਸਿਰ 'ਤੇ ਰੱਖਣ। ਆਖਣ, ਭੂਆ ਜਾਂਦੀ ਵਾਰੀ ਤਾਂ ਸਿਰ ਪਲੋਸ ਦੇ। ਬੇਬੇ ਦੀ ਨੂੰਹ ਨੂੰ ਲੱਗਿਆ ਅੱਜ ਤਾਂ ਇਹ ਬੇਬੇ ਨੂੰ ਪਾਰ ਬੁਲਾ ਕੇ ਹੀ ਛੱਡਣਗੇ। ਪੱਚੀ ਜਣਿਆਂ ਨੇ ਬੇਬੇ ਅੱਧ ਮਰੀ ਕਰਤੀ। ਇਹ ਸਿਲਸਿਲਾ ਦੋ-ਢਾਈ ਘੰਟੇ ਚਲਦਾ ਰਿਹਾ। ਅੰਤ ਸਭ ਜਾਣ ਲਈ ਉਠ ਖਲੋਤੇ। ਇਕ ਬੁੜ੍ਹੀ ਬੋਲੀ, ''ਸਾਨੂੰ ਤਾਂ ਆਏਂ ਹੋ ਗਿਆ ਬਈ ਘਰੋਂ ਜੀਪਾਂ ਜਾਂਦੀਆਂ ਨੇ, ਚੜ੍ਹ ਚਲੋ, ਕੌਣ ਮਗਰੋਂ ਬੱਸਾਂ 'ਤੇ ਖੱਜਲ ਖੁਆਰ ਹੋਊਗਾ, ਪਿੰਡੋਂ ਕਿਹੜਾ ਬੱਸਾਂ ਸਿੱਧੀਆਂ ਆਉਂਦੀਆਂ ਹਨ? ਸੋਚਿਆ ਚਲੋ ਪਤਾ ਲੈਣ ਦਾ ਕੰਮ ਨਿਬੇੜ ਆਉਂਦੇ ਹਾਂ।'' ਬਿਮਾਰ ਮਾਈ ਦਾ ਹਾਲ-ਚਾਲ ਪੁੱਛਣਾ ਬਸ ਲੋਕ ਵਿਖਾਵਾ ਹੀ ਸੀ। ਮੋਹ-ਮੁਹੱਬਤ ਕੋਈ ਨਹੀਂ।

ਇਕ ਵਾਰ ਮੈਂ ਬਹੁਤ ਬਿਮਾਰ ਹੋ ਗਈ। ਅਸੀਂ ਇਹ ਖ਼ਬਰ ਸਭ ਰਿਸ਼ਤੇਦਾਰਾਂ ਤੋਂ ਲੁਕਾ ਕੇ ਰੱਖੀ ਪਰ ਫਿਰ ਵੀ ਪਤਾ ਲੱਗ ਹੀ ਗਿਆ। ਮੇਰੀ ਦੂਰ ਦੀ ਰਿਸ਼ਤੇਦਾਰੀ 'ਚੋਂ ਲਗਦੀ ਭੈਣ ਦਾ ਰਾਤੀਂ ਫੋਨ ਆਇਆ। ਕਹਿਣ ਲੱਗੀ, 'ਅਸੀਂ ਸਵੇਰੇ ਤੇਰਾ ਪਤਾ ਲੈਣ ਆਵਾਂਗੇ, ਸਾਰਾ ਪਰਿਵਾਰ, ਮਤਲਬ ਛੇ ਜਣੇ।''

ਮੈਂ ਕਿਹਾ, ''ਖੇਚਲ ਦੀ ਲੋੜ ਨਹੀਂ, ਹੁਣ ਮੈਂ ਬਿਲਕੁਲ ਤੰਦਰੁਸਤ ਹਾਂ।'' ਪਰ ਭੈਣ ਕਹਿੰਦੀ ਨਹੀਂ, ਅਸੀਂ ਬਰਾਤ ਵਿਚ ਸ਼ਾਮਲ ਹੋਣਾ ਹੈ, ਸੋਚਿਆ ਲੰਘਦੇ ਤੇਰਾ ਪਤਾ ਵੀ ਲੈ ਹੀ ਜਾਵਾਂਗੇ। ਜਿੰਨੀ ਦੇਰ ਤੈਨੂੰ ਵੇਖ ਨਹੀਂ ਲੈਂਦੀ, ਮੇਰੇ ਮਨ ਨੂੰ ਚੈਨ ਨਹੀਂ ਆਉਣਾ। ਮੈਂ ਸੋਚੀਂ ਪੈ ਗਈ। ਘਰ 'ਚ ਕੌਣ ਬਣਾਏਗਾ ਉਨ੍ਹਾਂ ਦਾ ਨਾਸ਼ਤਾ। ਮੇਰੀ ਨਿੱਕੀ ਜਿਹੀ ਬੇਟੀ ਜਾਂ ਉਹਦੇ ਪਾਪਾ?

ਹਾਲ-ਚਾਲ ਪੁੱਛਣ ਵਾਲਿਆਂ ਵਿਚ ਕਈ ਅਜਿਹੇ ਭਲੇ ਪੁਰਸ਼ ਵੀ ਆਉਂਦੇ ਹਨ ਜੋ ਕੰਮ-ਧੰਦੇ ਵਿਚ ਜਾਂ ਪੈਸਿਆਂ ਦੀ ਮਦਦ ਵੀ ਕਰਦੇ ਹਨ। ਕਈ ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਹਸਪਤਾਲਾਂ ਵਿਚ ਦੂਸਰਿਆਂ ਲਈ ਔਖਿਆਈ ਦੀਆਂ ਰਾਤਾਂ ਕੱਟਦੇ ਨੇ। ਉਨ੍ਹਾਂ ਨੂੰ ਬਿਨਾ ਕਿਸੇ ਸਵਾਰਥ ਤੋਂ ਕਿਸੇ ਦੂਸਰੇ ਦੀ ਮਦਦ ਕਰਕੇ ਅਥਾਹ ਖੁਸ਼ੀ ਮਿਲਦੀ ਹੈ। ਅਜਿਹੇ ਲੋਕ ਕੁਝ ਕੁ ਪ੍ਰਤੀਸ਼ਤ ਹੀ ਹੁੰਦੇ ਹਨ। ਤੰਗ ਕਰਨ ਵਾਲੇ ਜ਼ਿਆਦਾ ਹੁੰਦੇ ਹਨ।

ਕਈ ਅਪਣੱਤ ਨਾਲ ਆ ਕੇ ਦੁੱਖ ਤਾਂ ਵੰਡਾਉਣਾ ਚਾਹੁੰਦੇ ਹਨ ਪਰ ਉਹ ਸਮਝ ਨਹੀਂ ਪਾਉਂਦੇ ਕਿ ਕੀ ਬੋਲਣ ਤੇ ਕੀ ਨਾ? ਸਾਡੇ ਪਿੰਡਾਂ ਵਿਚ ਬਹੁਤੇ ਲੋਕ ਇਸ ਲਈ ਗੁੱਸੇ ਹੋ ਜਾਂਦੇ ਹਨ ਕਿ ਫਲਾਣਾ ਬੰਦਾ ਉਨ੍ਹਾਂ ਦਾ ਪਤਾ ਲੈਣ ਨਹੀਂ ਆਇਆ।

# ਸੰਤ ਬਾਬਾ ਮਾਨ ਸਿੰਘ ਨੇ ਮਿਸ਼ਵਾਕਾ 'ਚ ਕੀਤਾ ਅੰਮ੍ਰਿਤ ਸੰਚਾਰ

**ਮਿਸ਼ਵਾਕਾ-ਸਾਊਥ ਬੈਂਡ (ਇੰਡੀਆਨਾ):** ਬਹੁਤ ਛੋਟੀ ਸਿੱਖ ਵਸੋਂ ਵਾਲੇ ਇੰਡੀਆਨਾ ਦੇ ਇਸ ਨਗਰ ਵਿਚ ਲੰਘੇ ਸ਼ੁਕਰ ਤੇ ਸਨਿਚਰਵਾਰ ਸਿੱਖ ਸੰਗਤਾਂ ਨੇ ਬੜੇ ਉਤਸ਼ਾਹ ਤੇ ਉਮਾਹ ਨਾਲ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ। ਸੰਤ ਬਾਬਾ ਮਾਨ ਸਿੰਘ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਅੰਮ੍ਰਿਤ ਸੰਚਾਰ ਅਤੇ ਕਥਾ-ਕੀਰਤਨ ਦਾ ਪ੍ਰਵਾਹ ਚਲਾ ਕੇ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ। ਇੰਡੀਆਨਾ, ਇਲੀਨਾਏ, ਵਿਸਕਾਨਸਿਨ ਅਤੇ ਮਿਸ਼ੀਗਨ ਤੋਂ ਵੀ ਵਡੀ ਗਿਣਤੀ ਵਿਚ ਸੰਗਤਾਂ ਇਸ ਸਮਾਗਮ ਵਿਚ ਪਹੁੰਚੀਆਂ ਹੋਈਆਂ ਸਨ। ਜ਼ਿਕਰਯੋਗ ਹੈ ਕਿ ਇਸ ਨਗਰ ਵਿਚ ਇਹ ਗੁਰੂਘਰ ਨਵਾਂ ਹੀ ਬਣਿਆ ਹੈ।

ਸਮਾਗਮਾਂ ਦਾ ਆਰੰਭ 7 ਜਨਵਰੀ ਵੀਰਵਾਰ ਨੂੰ ਅਖੰਡ ਪਾਠ ਦੇ ਅਰੰਭ ਨਾਲ ਹੋਇਆ। ਗੁਰੂਘਰ ਦੀ ਇਮਾਰਤ ਨੂੰ ਸੰਗਤਾਂ ਨੇ ਬੜੇ ਸੁੰਦਰ ਤਰੀਕੇ ਨਾਲ ਫੁੱਲਾਂ ਨਾਲ ਸਜਾਇਆ। ਇਨ੍ਹਾਂ ਤਿੰਨ ਰੋਜ਼ਾ ਸਮਾਗਮਾਂ ਦੌਰਾਨ ਸੰਗਤਾਂ ਵਿਚ ਭਾਰੀ ਉਤਸ਼ਾਹ ਰਿਹਾ। ਸ਼ੁਕਰਵਾਰ ਸ਼ਾਮ ਦੇ ਦੀਵਾਨ ਸਜਾਏ ਗਏ। ਸਭ ਤੋਂ ਪਹਿਲਾਂ ਹਜ਼ੂਰੀ ਰਾਗੀ ਭਾਈ ਅਮਰਜੀਤ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਬਾਬਾ ਮਾਨ ਸਿੰਘ ਨੇ ਕਥਾ-ਵਿਆਖਿਆ ਰਾਹੀਂ ਦਸ਼ਮੇਸ਼ ਪਿਤਾ ਵਲੋਂ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਤੋਂ ਬਾਅਦ ਖੰਡੇ-ਬਾਟੇ ਦੀ ਪਾਹੁਲ ਨਾਲ ਖਾਲਸੇ ਦੀ ਸਿਰਜਣਾ ਰਾਹੀਂ ਰਚਾਏ ਕੌਤਕ ਅਤੇ ਸਰਬੰਸ ਦਾਨ ਦਾ ਅਨੂਠਾ ਇਤਿਹਾਸ ਸਰਵਣ ਕਰਵਾਇਆ। ਦਸ਼ਮੇਸ਼ ਪਿਤਾ ਦੇ ਜੀਵਨ ਅਤੇ ਕੁਰਬਾਨੀ ਦੀ ਦਾਸਤਾਨ ਸੁਣਦਿਆਂ ਸੰਗਤਾਂ ਨੂੰ ਇਹ ਪਤਾ ਹੀ ਨਾ ਲੱਗਾ ਕਿ ਸਮਾਂ ਕਿੰਨਾ ਗੁਜ਼ਰ ਚੁਕਾ ਹੈ।









ਸਨਿਚਰਵਾਰ ਦੇ ਪ੍ਰੋਗਰਾਮ ਦੁਪਹਿਰ ਸਮੇਂ ਅਰੰਭ ਹੋਏ। ਭਾਈ ਅਮਰਜੀਤ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ, ਫਿਰ ਛੋਟੇ-ਛੋਟੇ ਬੱਚਿਆਂ ਨੇ ਸ਼ਬਦ ਕੀਰਤਨ ਰਾਹੀਂ ਆਪਣੀ ਹਾਜਰੀ ਲਵਾਈ। ਉਪਰੰਤ ਸੰਤ ਮਾਨ ਸਿੰਘ ਪਿਹੋਵਾ ਵਾਲਿਆਂ ਨੇ ਲਗਾਤਾਰ ਤਿੰਨ ਘੰਟੇ ਕਥਾ-ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜੀ ਰਖਿਆ। ਮਾਹੌਲ ਕੁਝ ਇਸ ਤਰ੍ਹਾਂ ਦਾ ਬਝ ਗਿਆ ਸੀ ਕਿ ਸੰਗਤ ਇਕ ਅਗੰਮੀ ਵਿਸਮਾਦ ਵਿਚ ਰੰਗੀ ਗਈ ਜਾਪਦੀ ਸੀ। ਕਲਗੀਧਰ ਪਿਤਾ ਦੀਆਂ ਕੁਰਬਾਨੀਆਂ ਦੀ ਵਿਥਿਆ ਸੁਣ ਕੇ ਸੰਗਤਾਂ ਦੀਆਂ ਅੱਖਾਂ ਵਿਚੋਂ ਅੱਥਰੂ ਕਿਰ ਰਹੇ ਸਨ।

ਇਨ੍ਹਾਂ ਗੁਰਮਤਿ ਸਮਾਗਮਾਂ ਦੌਰਾਨ ਸੰਤ ਬਾਬਾ ਮਾਨ ਸਿੰਘ ਦੀ ਪ੍ਰੇਰਣਾ ਨਾਲ 12 ਪ੍ਰਾਣੀਆਂ ਨੇ ਖੰਡੇ-ਬਾਟੇ ਦਾ ਪਾਹੁਲ ਛੱਕ ਕੇ ਗੁਰੂ ਵਾਲੇ ਹੋਣ ਦਾ ਜਸ ਪ੍ਰਾਪਤ ਕੀਤਾ। ਇਨ੍ਹਾਂ ਵਿਚ ਗੁਰਦਵਾਰਾ ਸਾਹਿਬ ਦੇ ਪ੍ਰਧਾਨ ਭਾਈ ਕਿਰਨਜੀਤ ਸਿੰਘ ਬਾਵਾ ਅਤੇ ਉਨ੍ਹਾਂ ਦੀ ਧਰਮ ਪਤਨੀ ਵੀ ਸ਼ਾਮਲ ਹਨ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁਟ ਵਰਤਿਆ। ਗੁਰੂਘਰ ਦੇ ਪ੍ਰਧਾਨ ਭਾਈ ਕਿਰਨਜੀਤ ਸਿੰਘ ਬਾਵਾ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸੇ ਦੌਰਾਨ ਭਾਈ ਕਿਰਨਜੀਤ ਸਿੰਘ ਬਾਵਾ ਦੇ ਗ੍ਰਹਿ ਵਿਖੇ ਸੰਤ ਮਾਨ ਸਿੰਘ ਹੁਰਾਂ ਨਾਲ ਸੰਗਤਾਂ ਨੇ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰੇ ਦੌਰਾਨ ਸੰਤਾਂ ਨੇ ਸ਼ਰਧਾਲੂਆਂ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਅਤੇ ਸਭ ਨੂੰ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਣਾ ਕੀਤੀ।

ਇਹ ਵੀ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਸੰਤ ਬਾਬਾ ਮਾਨ ਸਿੰਘ ਨਿਊ ਯਾਰਕ ਵਿਚ ਗੁਰਦਵਾਰਾ ਸੱਚਖੰਡ ਦਰਬਾਰ, ਮਿਸ਼ੀਗਨ ਵਿਚ ਗੁਰਦਵਾਰਾ ਲੈਂਸਿੰਗ ਤੋਂ ਇਲਾਵਾ ਇੰਡੀਅਨਐਪੋਲਿਸ ਵਿਚ ਵੀ ਗੁਰ ਸ਼ਬਦ ਅਤੇ ਗੁਰੂ ਇਤਿਹਾਸ ਦੀ ਵਿਆਖਿਆ ਦਾ ਪ੍ਰਵਾਹ ਚਲਾ ਕੇ ਸੰਗਤਾਂ ਨੂੰ ਨਿਹਾਲ ਕਰ ਚੁਕੇ ਹਨ। ਇਸ ਸਮਾਗਮ ਸਬੰਧੀ ਹੋਰ ਜਾਣਕਾਰੀ ਭਾਈ ਕਿਰਨਜੀਤ ਸਿੰਘ ਬਾਵਾ ਤੋਂ ਫੋਨ 574-320-3242 ਹਾਸਲ ਕੀਤੀ ਜਾ ਸਕਦੀ ਹੈ।





## ਧੀ 'ਤੇ ਕਾਤਲਾਨਾ ਹਮਲੇ ਦੇ ਦੋਸ਼ 'ਚ 52 ਮਹੀਨਿਆਂ ਦੀ ਕੈਦ

**ਟੋਰਾਂਟੋ:** ਇਕ 46 ਸਾਲਾ ਭਾਰਤੀ ਕੈਨੇਡੀਅਨ ਨੂੰ ਆਪਣੀ ਧੀ ਉਪਰ ਕਾਤਲਾਨਾ ਹਮਲਾ ਕਰਨ ਦੇ ਦੋਸ਼ ਵਿਚ 52 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਇਥੋਂ ਨਜ਼ਦੀਕੀ ਕਸਬੇ ਐਲਿਸਟਨ ਵਿਚ ਰਹਿੰਦੇ ਕਮਲ ਖੰਨਾ ਨਾਂ ਦੇ ਇਸ ਭਾਰਤੀ ਨੇ ਦੋ ਸਾਲ ਪਹਿਲਾਂ ਆਪਣੀ 14 ਸਾਲਾ ਧੀ ਆਸ਼ਨਾ ਉਤੇ ਰਸੋਈ ਵਾਲੇ ਚਾਕੂ ਨਾਲ ਕਈ ਵਾਰ ਕੀਤੇ ਸਨ। 24 ਮਾਰਚ 2008 ਦੀ ਇਸ ਘਟਨਾ ਦੌਰਾਨ ਆਸ਼ਨਾ ਅਜੇ ਸੁੱਤੀ ਹੀ ਪਈ ਸੀ ਜਦੋਂ ਉਸ ਦੇ ਪਿਤਾ ਨੇ ਉਸ ਉਤੇ ਚਾਕੂ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ। ਉਹ ਭੱਜ ਕੇ ਆਪਣੀ ਛੋਟੀ ਭੈਣ ਦੇ ਕਮਰੇ ਵਿਚ ਗਈ ਪਰ ਉਥੇ ਵੀ ਉਸ ਦੇ ਡੈਡੀ ਨੇ ਉਸ ਦਾ ਪਿੱਛਾ ਕਰਕੇ ਉਸ 'ਤੇ ਕਈ ਵਾਰ ਕੀਤੇ। ਇਸ ਉਪਰੰਤ ਛੋਟੀ ਭੈਣ ਨੇ ਗਵਾਂਢੀਆਂ ਦੀ ਮਦਦ ਨਾਲ ਆਸ਼ਨਾ ਨੂੰ ਬਚਾਇਆ।

ਆਪਣੇ ਇਕਬਾਲੀਆ ਬਿਆਨ ਵਿਚ ਕਮਲ ਖੰਨਾ ਨੇ ਆਖਿਆ ਹੈ ਕਿ ਉਹ ਮਾਨਸਿਕ ਦਬਾਓ ਵਿਚੋਂ ਗੁਜਰ ਰਿਹਾ ਸੀ ਜਿਸ ਕਰਕੇ ਇਹ ਸਭ ਕੁਝ ਵਾਪਰਿਆ। ਉਸ ਦੀ ਪਤਨੀ ਉਸ ਨੂੰ ਛੱਡ ਜਾਣ ਦੀਆਂ ਧਮਕੀਆਂ ਦੇ ਰਹੀ ਸੀ ਅਤੇ ਧੀਆਂ ਉਸ ਦੀ ਕੁਝ ਸੁਣ ਨਹੀਂ ਸਨ ਰਹੀਆਂ। ਇਸ ਘਟਨਾ ਤੋਂ ਇਕ ਮਹੀਨਾ ਪਹਿਲਾਂ ਹੀ ਉਹ ਇਕ ਹਾਦਸੇ ਵਿਚ ਮਸੀਂ ਬਚਿਆ ਸੀ। ਇਸ ਤੋਂ ਇਲਾਵਾ ਉਹ ਸਾਇਕੋਫਰੇਨੀਆ ਨਾਂ ਦੀ ਮਾਨਸਿਕ ਬਿਮਾਰੀ ਤੋਂ ਵੀ ਪੀੜਿਤ ਸੀ ਪਰ ਜੱਜ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਇਹ ਸਾਰੀਆਂ ਗੱਲਾਂ ਉਸ ਦੇ ਵਿਹਾਰ ਨੂੰ ਜਾਇਜ਼ ਨਹੀਂ ਠਹਿਰਾਉਂਦੀਆਂ।

ਖੰਨਾ ਪਰਿਵਾਰ 1982 ਵਿਚ ਭਾਰਤ ਤੋਂ ਕੈਨੇਡਾ ਪਹੁੰਚਿਆ ਸੀ। ਕਮਲ ਖੰਨਾ ਐਮ ਬੀ ਏ ਹੈ ਅਤੇ ਇਕ ਬੈਂਕ ਵਿਚ ਕੰਮ ਕਰਦਾ ਸੀ। ਆਸ਼ਨਾ ਕਹਿੰਦੀ ਹੈ ਕਿ ਹੁਣ ਵੀ ਜਦੋਂ ਉਹ ਆਪਣੇ ਜ਼ਖ਼ਮਾਂ ਨੂੰ ਦੇਖਦੀ ਹੈ ਤਾਂ ਉਸ ਨੂੰ ਉਹ ਕਹਿਰ ਭਰੇ ਪਲ ਕੰਬਾ ਦਿੰਦੇ ਹਨ। ਕਮਲ ਖੰਨਾ ਦੀ ਪਤਨੀ ਸੰਗੀਤਾ ਖੰਨਾ ਹੁਣ ਆਪਣੀਆਂ ਬੱਚੀਆਂ ਨਾਲ ਰਹਿੰਦੀ ਹੈ। ਕਮਲ ਨੂੰ ਪਰਿਵਾਰ ਨਾਲ ਸੰਪਰਕ ਕਰਨ ਦਾ ਹੱਕ ਨਹੀਂ ਦਿੱਤਾ ਗਿਆ ਪਰ ਬੱਚੀਆਂ ਦਾ ਆਪਣੇ ਪਿਤਾ ਨਾਲ ਸੰਪਰਕ ਕਰਨ ਦਾ ਹੱਕ ਹੈ। ਸਮਾਜ ਵਿਗਿਆਨੀਆਂ ਦਾ ਖਿਆਲ ਹੈ ਕਿ ਇਹ ਘਟਨਾ ਕੈਨੇਡਾ ਵਿਚ ਵੱਸੇ ਪਰਵਾਸੀਆਂ ਦੀਆਂ ਮਾਲੀ ਮੁਸ਼ਕਲਾਂ, ਪਰਿਵਾਰਕ ਉਲਝਣਾਂ ਅਤੇ ਨਵੀਂ ਪੀੜ੍ਹੀ ਦੀ ਬਾਗੀਆਨਾ ਸੁਰ ਦਾ ਨਤੀਜਾ ਹੈ।




ਵਿਆਹ-ਸ਼ਾਦੀਆਂ ਜਾਂ ਪਾਰਟੀਆਂ
ਅਤੇ ਭੰਗੜਾ ਟੀਮ ਲਈ
ਪੰਜਾਬੀ ਢੋਲ
20 ਸਾਲ ਦਾ ਤਜਰਬਾ
ਫੋਨ ਕਰੋ:ਢੋਲੀ ਮੋਹਨ ਸਿੰਘ
248-982-2036
e-mail: jhand_mohan@yahoo.com
www.punjabidholak.com





ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ



ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ

Fillings, Dentures, Crowns, Bridge, Veneers, Extractions, Cleaning,

Dr. Harjinder Khaira DMD & Associates

Lakestreet Dental
490 W. Lake Street, Suite 107
Roselle, IL 60172
630-894-8008

Lakeland Dental
115 E. State Rd.,
Island Lake, IL 60042
847-526-1920

ਉਤਰੀ ਅਮਰੀਕਾ ਦੀ ਪੰਜਾਬੀ ਪੱਤਰਕਾਰੀ ਵਿਚ
ਆਪਣੀ ਇਕ ਨਿਵੇਕਲੀ ਪਹਿਚਾਣ ਬਣਾ ਚੁੱਕੇ
ਬੇਲਾਗ, ਬੇਬਾਕ ਤੇ ਨਿਧੜਕ ਪੱਤਰਕਾਰੀ ਦੇ ਮੁੱਦਈ

# ਪੰਜਾਬ ਟਾਈਮਜ਼

ਨੂੰ ਬਿਲਾਨਾਗਾ ਪ੍ਰਕਾਸ਼ਨ ਦੇ
10 ਵਰ੍ਹੇ ਪੂਰੇ ਕਰਨ 'ਤੇ

# ਤਹਿ ਦਿਲੋਂ ਨਿੱਘੀ ਵਧਾਈ



ਅਮਨਦੀਪ ਸਿੰਘ ਧਾਰਨੀ
ਫੋਨ:513-515-9178
ਸਿਨਸਿਨੈਟੀ, ਓਹਾਇਓ

# ਰਾਣਾ ਸੋਢੀ ਦੇ ਪਾਕਿਸਤਾਨੀ ਬੀਬੀ ਨਾਲ ਸਬੰਧਾਂ ਦੀ ਚਰਚਾ

*(ਸਫਾ ਇਕ ਦੀ ਬਾਕੀ)*

ਜਨਰਲ ਸਕੱਤਰ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨਾਲ ਉਨ੍ਹਾਂ ਦੇ ਨਿਵਾਸ ਵਿਖੇ ਮੁਲਾਕਾਤ ਕਰਕੇ ਆਪਣੀ ਪਰਿਵਾਰਕ ਮਿੱਤਰ ਪਾਕਿਸਤਾਨੀ ਮਹਿਲਾ ਨਜ਼ਮੀ ਰਿਜ਼ਵੀ ਨਾਲ ਜੈਪੁਰ ਠਹਿਰਨ ਬਾਰੇ ਸਪਸ਼ਟੀਕਰਨ ਦਿੱਤਾ। ਆਪਣੇ ਸਪਸ਼ਟੀਕਰਨ 'ਚ ਖੁਦ ਨੂੰ ਬੇਕਸੂਰ ਦੱਸਦਿਆਂ ਸੋਢੀ ਨੇ ਕਿਹਾ ਕਿ ਗਲਤਫਹਿਮੀ ਕਾਰਨ ਇਹ ਸਾਰਾ ਮਾਮਲਾ ਉਲਝਿਆ ਹੈ ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਪਾਕਿਸਤਾਨੀ ਔਰਤ ਕੋਲ ਜੈਪੁਰ ਦਾ ਵੀਜ਼ਾ ਨਹੀਂ ਹੈ ਤਾਂ ਉਹ ਉਨ੍ਹਾਂ ਨੂੰ ਤੁਰੰਤ ਵਾਪਸ ਜਾਣ ਲਈ ਕਹਿ ਦਿੰਦੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕੋਈ ਵੀ ਦੇਸ਼ ਵਿਰੋਧੀ ਜਾਂ ਅਨੈਤਿਕ ਸਰਗਰਮੀ ਨਹੀਂ ਹੈ। ਰਿਪੋਰਟਾਂ ਅਨੁਸਾਰ ਸੋਢੀ ਨੇ ਮੋਹਸਿਨਾ ਕਿਦਵਈ ਨੂੰ ਜੋ ਸੂਚਨਾ ਮੁਹੱਈਆ ਕਰਵਾਈ ਹੈ ਉਸ ਮੁਤਾਬਕ ਉਨ੍ਹਾਂ ਕਾਂਗਰਸ ਦੇ ਹੀ ਇਕ ਦੋ ਨੇਤਾਵਾਂ 'ਤੇ ਇਸ ਮਾਮਲੇ ਨੂੰ ਉਛਾਲਣ ਦੇ ਦੋਸ਼ ਲਾਏ ਹਨ। ਉਨ੍ਹਾਂ ਮੋਹਸਿਨਾ ਨੂੰ ਇਹ ਵੀ ਦੱਸਿਆ ਕਿ ਉਕਤ ਮਹਿਲਾ ਜੈਪੁਰ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਹੀਂ ਮਿਲੀ।

ਇਹ ਵੀ ਰਿਪੋਰਟਾਂ ਹਨ ਕਿ ਰਾਣਾ ਸੋਢੀ ਨੇ ਦਿੱਲੀ ਵਿਚ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨਾਲ ਵੀ ਮੁਲਾਕਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਸਾਰੇ ਮਾਮਲੇ ਤੋਂ ਜਾਣੂ ਕਰਵਾਇਆ ਹੈ। ਭੱਠਲ ਨਾਲ ਮੁਲਾਕਾਤ ਸਮੇਂ ਰਾਣਾ ਸੋਢੀ ਨੇ ਉਹੀ ਗੱਲਾਂ ਦੁਹਰਾਈਆਂ ਜੋ ਉਨ੍ਹਾਂ ਮੋਹਸਿਨਾ ਕਿਦਵਈ ਨੂੰ ਦੱਸੀਆਂ ਸਨ। ਦੂਜੇ ਪਾਸੇ ਸੋਢੀ ਤੋਂ ਮਿਲੀ ਰਿਪੋਰਟ ਮੋਹਸਿਨਾ ਨੇ ਕਾਂਗਰਸ ਦੀ ਮੁਖੀ ਸੋਨੀਆ ਗਾਂਧੀ ਨੂੰ ਭੇਜ ਦਿੱਤੀ ਹੈ।




ਇਸ ਮਾਮਲੇ ਨਾਲ ਰਾਜਸੀ ਉਥਲ-ਪੁਥਲ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਇਸ ਨਾਲ ਜਿੱਥੇ ਅਕਾਲੀ ਦਲ ਅਤੇ ਭਾਜਪਾ ਨੂੰ ਇਕ ਨਵਾਂ ਸਿਆਸੀ ਮੁੱਦਾ ਮਿਲ ਗਿਆ ਹੈ। ਉਥੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿਚ ਚੱਲ ਰਹੀ ਆਪਸੀ ਲੜਾਈ ਅਤੇ ਠੰਢੀ ਜੰਗ ਜ਼ੋਰ ਫੜ ਗਈ ਜਾਪਦੀ ਹੈ। ਤਾਜ਼ਾ ਬਿਆਨਾਂ 'ਚ ਜਿੱਥੇ ਬੀਬੀ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕੇਂਦਰੀ ਸਿਆਸਤ 'ਚ ਜਾਣ ਦੀ ਸਲਾਹ ਦਿੱਤੀ ਹੈ ਉਥੇ ਕੈਪਟਨ ਨੇ ਬੀਬੀ ਭੱਠਲ ਨੂੰ ਆਪਣੇ ਤੋਂ ਸੀਨੀਅਰ ਆਗੂ ਦੱਸਦਿਆਂ ਉਨ੍ਹਾਂ ਦਾ ਹੱਕ ਬਣਦਾ ਆਖ ਕੇ ਮੋੜਵਾਂ ਜਵਾਬ ਦਿੱਤਾ ਹੈ। ਪੰਜਾਬ ਕਾਂਗਰਸ 'ਚ ਇਸ ਸਮੇਂ ਦੋ ਧੜੇ ਸਰਗਰਮ ਹਨ। ਇਕ ਪਾਸੇ ਬੀਬੀ ਰਜਿੰਦਰ ਕੌਰ ਭੱਠਲ ਅਤੇ ਪ੍ਰਦੇਸ਼ ਪ੍ਰਧਾਨ ਮਹਿੰਦਰ ਸਿੰਘ ਕੇਪੀ ਦਾ ਧੜਾ ਤੇ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦਾ ਧੜਾ ਹੈ। ਰਾਣਾ ਸੋਢੀ ਦਾ ਸੰਬੰਧ ਕੈਪਟਨ ਅਮਰਿੰਦਰ ਸਿੰਘ ਧੜੇ ਨਾਲ ਹੈ।

ਰਾਣਾ ਸੋਢੀ ਤੋਂ ਸਪੱਸ਼ਟੀਕਰਨ ਲੈ ਕੇ ਮੋਹਸਿਨਾ ਕਿਦਵਈ ਨੇ ਉਨ੍ਹਾਂ ਨੂੰ ਇਹ ਕਹਿ ਕੇ ਵਾਪਸ ਕਰ ਦਿੱਤਾ ਕਿ ਅੰਤਿਮ ਫੈਸਲਾ ਸੋਨੀਆ ਗਾਂਧੀ ਹੀ ਕਰਨਗੇ। ਆਪਣੀ ਸਫਾਈ 'ਚ ਰਾਣਾ ਸੋਢੀ ਨੇ ਕਿਹਾ ਕਿ ਰਿਜ਼ਵੀ ਦਾ ਪਾਸਪੋਰਟ ਹੋਟਲ ਪ੍ਰਬੰਧਕ ਨੂੰ ਉਨ੍ਹਾਂ ਖੁਦ ਸੌਂਪਿਆ ਸੀ। ਦੂਜੇ ਪਾਸੇ ਖਬਰਾਂ ਹਨ ਕਿ ਕਾਂਗਰਸ ਹਾਈਕਮਾਨ ਸੀ.ਆਈ.ਡੀ. ਦੀ ਰਿਪੋਰਟ ਆਉਣ ਦੀ ਉਡੀਕ 'ਚ ਹੈ। ਅਜੇ ਤੱਕ ਸੋਨੀਆ ਗਾਂਧੀ ਨੇ ਇਸ ਮਾਮਲੇ ਨੂੰ ਲੈ ਕੇ ਜਨਤਕ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ, ਪਰ ਕਿਆਸ ਇਹ ਲਾਏ ਜਾ ਰਹੇ ਹਨ ਕਿ ਪਾਰਟੀ 'ਚ ਅਨੁਸ਼ਾਸਨ ਬਣਾਈ ਰੱਖਣ ਲਈ ਪਾਰਟੀ ਵਲੋਂ ਸਖਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਸਕਦੇ ਹਨ । ਜ਼ਿਕਰਯੋਗ ਹੈ ਕਿ ਔਰਤਾਂ ਨਾਲ ਸੰਬੰਧਤ ਮਾਮਲੇ ਉਛਲਣ ਪਿੱਛੋਂ ਉਨ੍ਹਾਂ ਆਂਧਰਾ ਪ੍ਰਦੇਸ਼ ਦੇ ਰਾਜਪਾਲ ਦੇ ਅਹੁਦੇ ਤੋਂ ਐਨ.ਡੀ. ਤਿਵਾੜੀ ਨੂੰ ਹਟਵਾ ਦਿੱਤਾ ਸੀ। ਹੁਣ ਦੇਖਣਾ ਇਹ ਹੈ ਕਿ ਇਸ ਮਾਮਲੇ ਵਿਚ ਸੋਨੀਆ ਦਾ ਰਵੱਈਆ ਕੀ ਹੋਵੇਗਾ।

ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਨੂੰ ਲੈ ਕੇ ਆਪਣੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਰਹੇ ਹਨ। ਪਰ ਉਸ ਮਾਮਲੇ 'ਚ ਕਿਸੇ ਕਾਨੂੰਨ ਦੀ ਉਲੰਘਣਾ ਨਹੀਂ ਸੀ ਹੋਈ। ਤਾਜ਼ਾ ਮਾਮਲੇ 'ਚ ਜਿੱਥੇ ਇਮੀਗਰੇਸ਼ਨ ਨਿਯਮਾਂ ਦੀ ਉਲੰਘਣਾ ਹੋਈ ਹੈ, ਉਥੇ ਰਿਜ਼ਵੀ ਦਾ ਕਾਹਲੀ 'ਚ ਪਾਕਿਸਤਾਨ ਪਰਤਣਾ ਮਾਮਲੇ ਨੂੰ ਸ਼ੱਕੀ ਬਣਾਉਂਦਾ ਹੈ। ਨਜ਼ਮੀ ਰਿਜ਼ਵੀ ਦੇ ਸੰਪਰਕ ਅਰੂਸਾ ਆਲਮ ਨਾਲ ਹੋਣ ਕਾਰਨ ਮਾਮਲੇ ਦੀਆਂ ਤੰਦਾਂ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਚਰਚਾ 'ਚ ਲੈ ਆਈਆਂ ਹਨ। ਸੰਗਰੂਰ ਦੇ ਵਿਧਾਇਕ ਅਰਵਿੰਦ ਖੰਨਾ ਦਾ ਮੰਨਣਾ ਹੈ ਕਿ ਪਾਕਿਸਤਾਨ ਤੋਂ ਆਉਣ ਵਾਲੇ ਕਿਸੇ ਵੀ ਸਖਸ਼ ਨੂੰ ਕੈਪਟਨ ਨਾਲ ਜੋੜ ਦੇਣਾ ਗਲਤ ਹੈ। ਭਾਰਤ ਅਤੇ ਪਾਕਿਸਤਾਨ 'ਚ ਸ਼ਹਿਰੀ ਵੀਜ਼ਾ ਪ੍ਰਣਾਲੀ ਲਾਗੂ ਹੈ। ਵੀਜ਼ਾ ਨਿਯਮਾਂ ਦੀ ਉਲੰਘਣਾ ਹੋਣ ਦੀ ਹਾਲਤ 'ਚ ਜ਼ਿਲ੍ਹਾ ਪੁਲਿਸ ਮੁਖੀ ਉਕਤ ਨਾਗਰਿਕ ਅਤੇ ਉਸਦੇ ਮਦਦਗਾਰ ਵਿਰੁਧ ਇੰਡੀਅਨ ਫਾਰਨ ਐਕਟ ਤਹਿਤ ਕਾਨੂੰਨੀ ਕਾਰਵਾਈ ਕਰਦੇ ਹਨ।

## ਧੁੰਮਾ ਦਮਦਮੀ ਟਕਸਾਲ ਤੋਂ ਅਸਤੀਫਾ ਦੇਵੇ-ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਨਾਨਕਸ਼ਾਹੀ ਜੰਤਰੀ ਵਿਚ ਹਾਲ ਹੀ ਵਿਚ ਕੀਤੀਆਂ ਸੋਧਾਂ ਸਿੱਖ ਪੰਥ ਦੀ ਪਛਾਣ ਵਿਰੋਧੀ ਕਰਾਰ ਦੇ ਕੇ ਰੱਦ ਕਰਦਿਆਂ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਅਖਾਉਤੀ ਸੰਤ ਸਮਾਜ ਅਤੇ ਦਮਦਮੀ ਟਕਸਾਲ ਵਲੋਂ ਨਿਭਾਈ ਗਈ ਭੂਮਿਕਾ ਦੀ ਸਖਤ ਨਿਖੇਧੀ ਕੀਤੀ ਹੈ। ਇਥੇ ਜਾਰੀ ਕੀਤੇ ਇਕ ਪ੍ਰੈਸ ਬਿਆਨ ਵਿਚ ਜਥੇਬੰਦੀ ਨੇ ਆਖਿਆ ਹੈ ਕਿ ਜਿਸ ਤਰੀਕੇ ਨਾਲ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਅਕਾਲੀ ਸੁਪਰੀਮੋ ਦੀ ਝੋਲੀ-ਚੁਕੀ ਕੀਤੀ ਹੈ, ਉਸਨੂੰ ਵੇਖਦਿਆਂ ਇਹੋ ਰਾਇ ਦਿੱਤੀ ਜਾ ਸਕਦੀ ਹੈ ਕਿ ਬਿਹਤਰ ਹੋਵੇਗਾ ਕਿ ਉਹ ਬਾਦਲ ਦਾ ਗੜਵਈ ਬਣ ਜਾਵੇ।

ਬਿਆਨ ਵਿਚ ਕਿਹਾ ਗਿਆ ਹੈ ਕਿ ਟਕਸਾਲ ਨੇ ਕੌਮ ਲਈ ਬੜੇ ਹੀ ਸਿਰਲੱਥ ਸੂਰਮੇ ਪੈਦਾ ਕੀਤੇ ਹਨ, ਜਿਨ੍ਹਾਂ ਵਿਚ 20ਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਵੀ ਸ਼ਾਮਲ ਹਨ, ਜਿਨ੍ਹਾਂ ਨੇ ਗਿਣਤੀ ਦੇ ਸਿੰਘਾਂ ਨਾਲ ਜਿਸ ਢੰਗ ਨਾਲ ਹਿੰਦੁਸਤਾਨ ਦੀਆਂ ਫੌਜਾਂ ਨਾਲ ਅਸਾਵੀਂ ਲੜਾਈ ਲੜੀ, ਕੌਮ ਦਾ ਵਡਮੁੱਲਾ ਇਤਿਹਾਸ ਹੈ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹੀਦੀ ਵੀ ਸਿੱਖ ਇਤਿਹਾਸ ਦਾ ਸੁਨਿਹਰੀ ਪੰਨਾ ਹੈ ਪਰ ਮੌਜੂਦਾ ਮੁਖੀ ਭਾਈ ਹਰਨਾਮ ਸਿੰਘ ਧੁੰਮਾ ਬਾਦਲ ਦਾ ਏਜੰਟ ਬਣ ਕੇ ਜਿਸ ਢੰਗ ਨਾਲ ਸਿੱਖ ਸਿਧਾਂਤਾਂ ਅਤੇ ਪੰਥ ਦੋਖੀਆਂ ਵਿਰੁੱਧ ਉਭਰ ਰਹੀਆਂ ਸਿੱਖ ਲਹਿਰਾਂ ਦਾ ਘਾਣ ਕਰ ਰਿਹਾ ਹੈ ਉਹ ਕੌਮ ਲਈ ਬਹੁਤ ਹੀ ਘਾਤਕ ਹੈ ਇਸ ਲਈ ਬੇਹਤਰ ਹੈ ਕਿ ਧੁੰਮਾ ਟਕਸਾਲ ਤੋ ਅਸਤੀਫਾ ਦੇ ਕੇ ਬਾਦਲ ਦਾ ਗੜਵਈ ਹੀ ਬਣ ਜਾਵੇ ਜਿਸ ਨਾਲ ਟਕਸਾਲ ਦਾ ਮਾਣਮੱਤਾ ਇਤਿਹਾਸ ਕਲੰਕਤ ਹੋਣ ਤੋ ਬਚ ਸਕੇ।

ਸ. ਦਵਿੰਦਰ ਸਿੰਘ, ਸੁਰਿੰਦਰ ਸਿੰਘ ਸਰਪੰਚ, ਜਸਦੇਵ ਸਿੰਘ, ਪ੍ਰੋ ਰਾਜਿੰਦਰਪਾਲ ਸਿੰਘ, ਦੀਦਾਰ ਸਿੰਘ, ਬਲਜੀਤ ਸਿੰਘ ਕੈਲੀਫੋਰਨੀਆ, ਸੁਖਦੇਵ ਸਿੰਘ, ਇੰਦਰਪਾਲ ਸਿੰਘ ਸਿਆਟਲ, ਪ੍ਰਿਤਪਾਲ ਸਿੰਘ, ਸੁਰਜੀਤ ਸਿੰਘ, ਸੁਖਵੀਰ ਸਿੰਘ, ਬਲਜਿੰਦਰਪਾਲ ਸਿੰਘ, ਸਤਪ੍ਰਕਾਸ਼ ਸਿੰਘ, ਕਰਨੈਲ ਸਿੰਘ ਸਲੇਮਪੁਰ, ਵਰਿੰਦਰ ਸਿੰਘ, ਲਖਵੀਰ ਸਿੰਘ ਲਾਡੀ, ਚਰਨਜੀਤ ਸਿੰਘ ਸਮਰਾ ਨਿਊ ਯਾਰਕ ਵਲੋਂ ਜਾਰੀ ਇਸ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਅੰਦਰ ਬੈਠ ਕੇ ਧੂਣੇ ਧੁਖਾਉਣ ਵਾਲਾ, ਚਾਲੀਸੇ ਕੱਟਣ ਵਾਲਾ ਅਤੇ ਜੋਤਸ਼ੀਆਂ ਤੋਂ ਟੇਵੇ ਲੁਆਉਣ ਵਾਲਾ ਬਾਬਾ ਧੁੰਮਾ ਕਿਸੇ ਉਦਾਸੀ ਜਾਂ ਸਨਾਤਨੀ ਮੱਤ ਦਾ ਪ੍ਰਚਾਰਕ ਤਾਂ ਹੋ ਸਕਦਾ ਹੈ ਗੁਰਮਤਿ ਦਾ ਨਹੀਂ। ਉਨ੍ਹਾਂ ਕਿਹਾ ਪੰਥਕ ਧਿਰਾਂ ਅੰਦਰ ਫੁੱਟ ਪਾਉਣ ਲਈ ਬਾਦਲਾਂ ਦੇ ਕਹਿਣ ਤੇ ਹੀ ਇਸਨੇ 2003 ਤੋਂ ਲਾਗੂ ਨਾਨਕਸ਼ਾਹੀ ਕੈਲੰਡਰ ਦੀ ਛੇੜ ਉਦੋਂ ਛੇੜੀ ਜਦੋਂ ਪੰਥ ਨੇ ਇੱਕਤਰ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜ ਕੇ ਬਾਦਲ ਦਾ ਬੋਰੀ ਬਿਸਤਰਾ ਗੋਲ ਕਰਨਾ ਸੀ।

ਸਿੱਖ ਆਗੂਆਂ ਨੇ ਕਿਹਾ ਕਿ ਭਾਈ ਧੁੰਮਾ ਦੇ ਮੁੱਖ ਸਲਾਹਕਾਰ ਵੀ ਉਹੀ ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ ਅਤੇ ਪਰਮਜੀਤ ਸਿੰਘ ਖਾਲਸਾ ਹਨ ਜੋ ਕਦੀ ਆਪਣੇ ਆਪ ਨੂੰ ਬਾਬਾ ਜਰਨੈਲ ਸਿੰਘ ਦੀ ਸੱਜੀ ਬਾਂਹ ਦੱਸਦੇ ਸਨ ਤੇ ਅੱਜ ਬਾਦਲ ਦੇ ਤਲਵੇ ਚੱਟ ਰਹੇ ਹਨ।



# ਇਕ ਸਫਲ ਸਾਜ਼ਿੰਦਾ ਅਤੇ ਗੀਤਕਾਰ-ਪੱਪੀ ਭਦੌੜ

**ਮੁਲਾਕਾਤ**

ਕਹਿੰਦੇ ਨੇ ਜੇ ਦੇਵ ਥਰੀਕੇਵਾਲਾ ਨਾ ਹੁੰਦਾ ਤਾਂ ਮਾਣਕ ਨਾ ਹੁੰਦਾ, ਬਾਬੂ ਸਿੰਘ ਮਾਨ ਨਾ ਹੁੰਦਾ ਤਾਂ ਮੁਹੰਮਦ ਸਦੀਕ ਨਾ ਹੁੰਦਾ, ਜੇ ਸ਼ਮਸ਼ੇਰ ਸੰਧੂ ਪਿਛੇ ਨਾ ਹੁੰਦਾ ਤਾਂ ਸ਼ਾਇਦ ਸੁਰਜੀਤ ਬਿੰਦਰਖੀਆ ਵੀ ਉਸ ਉਚਾਈ 'ਤੇ ਨਾ ਪਹੁੰਚ ਸਕਦਾ ਜਿਥੇ ਉਹ ਪਹੁੰਚਿਆ।

**ਮਨਦੀਪ ਮਾਨ**
661-889-1927

ਕੁਝ ਅਜਿਹਾ ਹੀ ਗਾਇਕ ਮੇਜਰ ਰਾਜਸਥਾਨੀ ਤੇ ਪੱਪੀ ਭਦੌੜ ਬਾਰੇ ਵੀ ਕਿਹਾ ਜਾ ਸਕਦਾ ਹੈ ਕਿ ਜੇ ਪੱਪੀ ਭਦੌੜ ਨਾ ਹੁੰਦਾ ਤਾਂ ਮੇਜਰ ਨਾ ਹੁੰਦਾ। ਮੇਜਰ ਰਾਜਸਥਾਨੀ ਦੇ ਲਗਭਗ ਸਾਰੇ ਹੀ ਗੀਤਾਂ ਦੀਆਂ ਧੁਨਾਂ ਪੱਪੀ ਭਦੌੜ ਨੇ ਹੀ ਤਿਆਰ ਕੀਤੀਆਂ ਅਤੇ ਕਾਫੀ ਗੀਤ ਲਿਖ ਕੇ ਰਾਜਸਥਾਨੀ ਨੂੰ ਇਕ ਚੋਟੀ ਦਾ ਗਾਇਕ ਬਣਾ ਦਿੱਤਾ। ਉਂਜ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ਮੇਜਰ ਸਦਾ ਲਈ ਇਸ ਦੁਨੀਆਂ ਤੋਂ ਚਲਿਆ ਗਿਆ।

ਪੱਪੀ ਭਦੌੜ ਦਾ ਜਨਮ 6 ਮਾਰਚ 1973 ਨੂੰ ਜ਼ਿਲਾ ਸੰਗਰੂਰ ਦੇ ਮਸ਼ਹੂਰ ਕਸਬੇ ਭਦੌੜ ਵਿਚ ਮਾਤਾ ਮਾਇਆ ਦੇਵੀ ਦੀ ਕੁੱਖੋਂ ਅਤੇ ਪਿਤਾ ਭਗਵਾਨ ਦਾਸ ਦੇ ਘਰ ਹੋਇਆ। ਸੰਗੀਤ ਨਾਲ ਪੱਪੀ ਦਾ ਲਗਾਓ ਬਚਪਨ ਤੋਂ ਹੀ ਹੈ। ਛੋਟੀ ਉਮਰੇ ਹੀ ਉਸ ਨੇ ਲੋਕ ਸੰਗੀਤ ਮੰਡਲੀ ਭਦੌੜ ਦੇ ਮਾਸਟਰ ਰਾਮ ਕੁਮਾਰ ਨੂੰ ਆਪਣਾ ਉਸਤਾਦ ਧਾਰ ਲਿਆ ਅਤੇ ਸੰਗੀਤ ਦੀ ਬਾਕਾਇਦਾ ਸਿਖਿਆ ਮਾਸਟਰ ਜੀ ਤੋਂ ਲਈ। ਪੱਪੀ ਅਨੁਸਾਰ ਸੰਗੀਤ ਵਿਚ ਉਹ ਜੋ ਕੁਝ ਹੈ ਉਹ ਸਿਰਫ ਮਾਸਟਰ ਰਾਮ ਕੁਮਾਰ ਕਰਕੇ ਹੈ। ਜਿਥੇ ਪੱਪੀ ਇਕ ਵਧੀਆ ਸਾਜ਼ਿੰਦਾ ਹੈ ਉਥੇ ਹੀ ਇਕ ਬੜਾ ਵਧੀਆ ਗੀਤਕਾਰ ਵੀ ਹੈ ਜਿਸ ਦੇ ਲਿਖੇ ਗੀਤ ਕੁਲਦੀਪ ਮਾਣਕ, ਬੱਬੂ ਗੁਰਪਾਲ, ਸੁਰਿੰਦਰ ਛਿੰਦਾ, ਮੇਜਰ ਰਾਜਸਥਾਨੀ, ਬਲਵੀਰ ਮਾਨ ਅਤੇ ਹੋਰ ਅਨੇਕਾਂ ਗਾਇਕਾਂ ਨੇ ਗਾਏ।




*ਗੀਤਕਾਰ ਪੱਪੀ ਭਦੌੜ ਗਾਇਕ ਸੁਰਿੰਦਰ ਛਿੰਦੇ ਨਾਲ*

ਇਸ ਤੋਂ ਇਲਾਵਾ ਪੱਪੀ ਸਕੂਲ ਪੜ੍ਹਨ ਸਮੇਂ ਬੜਾ ਵਧੀਆ ਪਹਿਲਵਾਨ ਵੀ ਰਿਹਾ। ਉਹ ਲਗਾਤਾਰ 6 ਸਾਲ ਆਪਣੇ ਸਕੂਲ ਦਾ ਚੈਂਪੀਅਨ ਰਿਹਾ। ਪੱਪੀ ਨੂੰ ਹਾਰਮੋਨੀਅਮ, ਅਲਗੋਜ਼ੇ, ਬੈਂਜੋ, ਕੀ ਬੋਰਡ ਆਦਿ ਸਾਜ਼ ਵਜਾਉਣ ਵਿਚ ਮੁਹਾਰਤ ਹਾਸਲ ਹੈ ਪਰ ਜ਼ਿਆਦਾਤਰ ਉਹ ਬੈਂਜੋ ਹੀ ਵਜਾਉਂਦਾ ਹੈ। ਉਸ ਦੇ ਖੱਬੇ ਹੱਥ ਦੀਆਂ ਸਿਰਫ ਤਿੰਨ ਉਂਗਲਾਂ ਹੀ ਕੰਮ ਕਰਦੀਆਂ ਹਨ ਪਰ ਫਿਰ ਵੀ ਉਹ ਬੈਂਜੋ ਬੜੀ ਕਮਾਲ ਦੀ ਵਜਾਉਂਦਾ ਹੈ। ਇੰਡੀਆ ਵਿਚ ਉਹ ਕੁਲਦੀਪ ਮਾਣਕ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਕਰਤਾਰ ਰਮਲਾ, ਬਲਕਾਰ ਸਿੱਧੂ ਤੋਂ ਇਲਾਵਾ ਅਨੇਕਾਂ ਹੋਰ ਗਾਇਕਾਂ ਨਾਲ ਸਟੇਜੀ ਪ੍ਰੋਗਰਾਮ ਕਰ ਚੁੱਕਾ ਹੈ।

ਜ਼ਿੰਦਗੀ ਦੇ ਅਨੇਕ ਉਤਰਾਵਾਂ-ਚੜ੍ਹਾਵਾਂ ਵਿਚੋਂ ਹੁੰਦਾ ਹੋਇਆ ਪੱਪੀ ਭਦੌੜ ਅਖੀਰ 1997 ਵਿਚ ਅਮਰੀਕਾ ਆ ਗਿਆ। ਇਥੇ ਉਹ ਰੋਟੀ-ਰੋਜ਼ੀ ਲਈ ਸਖਤ ਮਿਹਨਤ ਕਰ ਰਿਹਾ ਹੈ ਪਰ ਆਪਣੇ ਸੰਗੀਤਕ ਸ਼ੌਕ ਨੂੰ ਉਸ ਨੇ ਮਰਨ ਨਹੀਂ ਦਿੱਤਾ। ਹੁਣ ਵੀ ਜਦ ਪੰਜਾਬ ਤੋਂ ਗਾਇਕ ਆਉਂਦੇ ਹਨ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਦੀ ਮੰਗ ਹੁੰਦੀ ਹੈ ਕਿ ਸੰਗੀਤ ਪੱਪੀ ਭਦੌੜ ਦਾ ਹੋਵੇਗਾ।

ਸ਼ਰਾਬ ਦੀ ਲੋਰ ਵਿਚ ਆਏ ਉਚ ਕੋਟੀ ਦੇ ਇਕ ਗਾਇਕ ਨੇ ਉਸ ਨੂੰ ਅੱਜ ਦਾ ਤਾਨਸੈਨ ਕਿਹਾ ਪਰ ਚਲੋ ਤਾਨਸੈਨ ਤਾਂ ਕਿਸੇ ਨੇ ਕੋਈ ਸਾਜ਼ ਵਜਾਉਂਦਾ ਆਪਣੇ ਅੱਖੀਂ ਨਹੀਂ ਵੇਖਿਆ ਪਰ ਸਟੇਜ ਉਪਰ ਸੰਗੀਤ ਵਜਾਉਂਦਾ ਪੱਪੀ ਭਦੌੜ ਕਿਸੇ ਉਸਤਾਦ ਨਾਲੋਂ ਘੱਟ ਨਹੀਂ ਹੁੰਦਾ। ਲਿਖਣ ਦੇ ਖੇਤਰ ਵਿਚ ਉਹ ਆਪਣਾ ਉਸਤਾਦ ਕਰਨੈਲ ਸਿੱਧੂ 'ਜਲਾਲ' ਨੂੰ ਮੰਨਦਾ ਹੈ। ਪੱਪੀ ਭਦੌੜ ਦੇ ਲਿਖੇ ਕੁਝ ਗੀਤ ਇਸ ਤਰ੍ਹਾਂ ਹਨ:

ਕਦੇ ਹਿੰਮਤ ਨਹੀਂ ਹਾਰਦੇ ਜੋ ਮਰਦ ਕਹਾਉਂਦੇ-ਕੁਲਦੀਪ ਮਾਣਕ

ਮੈਨੂੰ ਕੋਈ ਲੈ ਗਿਆ ਵਿਆਹ ਰਾਂਝਿਆ ਤੇਰੇ ਸਾਹਮਣੇ-ਮੇਜਰ ਰਾਜਸਥਾਨੀ

ਪੱਪੀ ਭਦੌੜ ਉਪਰ ਸੰਤ ਰਾਮ ਉਦਾਸੀ ਦਾ ਵੀ ਕਾਫੀ ਪ੍ਰਭਾਵ ਹੈ ਜਿਸ ਦੀ ਝਲਕ ਉਸ ਦੇ ਗੀਤਾਂ ਵਿਚ ਮਿਲਦੀ ਹੈ। ਜਿਵੇਂ:

ਪੈ ਗਈ ਅੱਜ ਦੁਨੀਆਂ ਕੁਰਾਹੇ ਦੋਸਤੋ
ਉਡ ਜਾ ਵੇ ਕਾਵਾਂ,
ਏਥੇ ਪੇਕਿਆਂ ਦਾ ਪਿੰਡ ਨਹੀਂ
ਪੈਂਦੇ ਵਿਚ ਘਰਾਂ ਦੇ ਡਾਕੇ

ਅੱਜ ਕੱਲ ਪੱਪੀ ਫਰਿਜ਼ਨੋ ਸ਼ਹਿਰ ਵਿਚ ਰਹਿੰਦਾ ਹੈ ਜਿਥੇ ਆਪਣੀ ਨੌਕਰੀ ਤੋਂ ਇਲਾਵਾ ਆਪਣੇ ਸੰਗੀਤਕ ਸ਼ੌਕ ਨੂੰ ਨਿਰੰਤਰ ਬਰਕਰਾਰ ਰੱਖ ਰਿਹਾ ਹੈ। ਪੱਪੀ ਇਕ ਛੁਪਿਆ ਰੁਸਤਮ ਹੈ ਜਿਸ ਦੀ ਕਲਮ ਨੇ ਬੜਾ ਕੁਝ ਲਿਖਿਆ ਹੈ ਅਤੇ ਅਜੇ ਲਿਖਣਾ ਵੀ ਹੈ। ਇਸ ਸਫਲ ਸਾਜ਼ਿੰਦੇ ਬਾਰੇ ਇਕ ਸ਼ੇਅਰ ਯਾਦ ਆਉਂਦਾ ਹੈ:

ਪਰਿੰਦੋਂ ਕੋ ਮੰਜ਼ਿਲ ਮਿਲੇਗੀ ਯਾ ਨਾ
ਯਹ ਫੈਲੇ ਹੁਏ ਉਨ ਕੇ ਪੰਖ ਬੋਲਤੇ ਹੈਂ।
ਵੋ ਲੋਗ ਰਹਿਤੇ ਹੈਂ ਖਾਮੋਸ਼
ਅਕਸਰ ਜ਼ਮਾਨੇ ਮੇ
ਜਿਨ ਕੇ ਹੁਨਰ ਬੋਲਤੇ ਹੈਂ।

ਪੱਪੀ ਭਦੌੜ ਨਾਲ ਫੋਨ 559-470-1238 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚੰਨ ਮਾਤਾ ਗੁਜਰੀ ਦਾ...ਗੀਤ ਲਿਖਣ ਵਾਲਾ ਚਰਨ ਸਿੰਘ ਸਫਰੀ

**ਪਰਮਜੀਤ ਕੌਰ ਪੰਮੀ***

ਸਫਰੀ ਜਿਨ੍ਹਾਂ ਨੇ ਸੀਸ ਤਲੀ 'ਤੇ ਧਰੇ ਨੇ
ਦੇਸ਼ ਦੀ ਆਜ਼ਾਦੀ ਪਿਛੇ ਹੱਸ ਹੱਸ ਮਰੇ ਨੇ
ਇਕ ਨਹੀਂਓਂ ਸੈਂਕੜੇ ਹਜ਼ਾਰਾਂ ਦੀਆਂ ਗੱਲਾਂ,
ਸਿਰ ਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ।

ਇਹ ਸੱਚ ਹੈ ਕਿ ਚਰਨ ਸਿੰਘ ਸਫਰੀ ਦੀ ਕਲਮ ਨੇ ਸਿੱਖ ਧਰਮ ਦੇ ਇਤਿਹਾਸ ਬਾਰੇ ਲੋਕ ਕਵੀ ਹੋਣ ਦੇ ਨਾਤੇ ਆਪਣੇ ਗੀਤਾਂ 'ਚ ਉਹ ਰੂਹ ਫੂਕੀ ਜਿਸ ਨਾਲ ਸੰਸਾਰ ਵਿਚ ਮਾਣ ਸ਼ੋਹਰਤ ਤੇ ਸਿਦਕ ਭਰੋਸਾ ਪ੍ਰਾਪਤ ਹੁੰਦਾ ਹੈ। ਬੜੀ ਖੂਬਸੂਰਤੀ ਨਾਲ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਫਿਲਾਸਫੀ ਨੂੰ ਆਪਣੇ ਗੀਤਾਂ ਰਾਹੀਂ ਸਿੱਖੀ ਸਿਦਕ ਨਿਭਾਉਂਦੇ ਹੋਏ ਅਣਖੀ ਸ਼ਹੀਦਾਂ ਦੀਆਂ ਦਰਦਨਾਕ ਝਾਕੀਆਂ ਹੂਬਹੂ ਲਿਖਣ 'ਚ ਕਮਾਲ ਕੀਤੀ ਹੈ। ਇਸ ਤਰ੍ਹਾਂ ਦੀ ਨਿਪੁੰਨਤਾ ਅਤੇ ਮੁਹਾਰਤ ਬਹੁਤ ਘੱਟ ਕਵੀਆਂ ਦੇ ਹਿੱਸੇ ਆਈ ਹੈ।

ਸ੍ਰੀ ਚਰਨ ਸਿੰਘ ਸਫਰੀ ਦਾ ਜਨਮ 5 ਅਪਰੈਲ 1918 ਨੂੰ ਮਾਤਾ ਇੰਦੀ ਦੀ ਕੁੱਖੋਂ ਪਿਤਾ ਲਾਭ ਸਿੰਘ ਦੇ ਘਰ ਪਿੰਡ ਬੋਦਲਾਂ (ਗਰਨਾ ਸਾਹਿਬ) ਵਿਚ ਹੋਇਆ। ਉਨ੍ਹਾਂ ਦਾ ਵਿਆਹ ਬੀਬੀ ਮੋਹਨ ਕੌਰ ਨਾਲ ਹੋਇਆ ਜੋ ਕਿ ਖੂਬਸੂਰਤੀ ਦੀ ਮਿਸਾਲ ਸਨ। ਗੋਰਾ ਸੋਹਣਾ ਰੰਗ, ਮੋਟੀਆਂ ਮੋਟੀਆਂ ਅੱਖਾਂ ਅੱਜ ਅੱਸੀ ਸਾਲ ਦੀ ਉਮਰੇ ਵੀ ਉਸ ਦੀ ਖੂਬਸੂਰਤੀ ਦਾ ਦਮ ਭਰਦੇ ਹਨ। ਜਦੋਂ ਮੈਂ ਪਹਿਲੀ ਵਾਰ ਸੰਨ 2000 ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਮਿਲੀ, ਮੈਨੂੰ ਆਸਾ ਸਿੰਘ ਮਸਤਾਨਾ ਦਾ ਗਾਇਆ ਸਫਰੀ ਦਾ ਇਹ ਗੀਤ ਚੇਤੇ ਆਇਆ:

ਕੁੰਡਲਾਂ ਨੂੰ ਪੁੱਛ ਗੋਰੀਏ
ਇਨ੍ਹਾਂ ਕਿਹੜੇ ਕਿਹੜੇ ਕਹਿਰ ਗੁਜ਼ਾਰੇ,
ਕਿਨਾ ਕੁ ਪਿਆਰ ਲੱਭਦੇ,
ਇਨ੍ਹਾਂ ਚੁਣ ਕੇ ਕਬੂਤਰ ਮਾਰੇ।
ਨਿੰਮਾ ਨਿੰਮਾ ਤੂੰ ਹੱਸਦੀ
ਕੋਲੇ ਹੋ ਗਈ ਗਵਾਂਢਣ ਸੜ ਕੇ।
ਪੰਡਤ ਪੁਛਦਾ ਫਿਰੇ ਨੀ ਕਿਥੇ
ਸੁਟਿਆ ਦੰਦਾਸਾ ਮਲ ਕੇ।
ਸਫਰੀ ਨੂੰ ਡਰ ਲੱਗਦਾ
ਤੈਥੋਂ ਪੰਜ ਫੁਟੀਏ ਤਲਵਾਰੇ।

ਸਫਰੀ ਦੀ ਪਤਨੀ ਉਨ੍ਹਾਂ ਦੇ ਕੱਦ ਤੋਂ ਚਾਰ ਪੰਜ ਇੰਚ ਲੰਮੀ ਹੈ। ਦੇਖਣ ਵਿਚ ਪਤਲੀ ਪਤਲੀ ਦੇ ਸੀਲ ਸੁਭਾ ਦੀ ਔਰਤ। ਕਲਾਕਾਰਾਂ ਦਾ ਘਰ ਜਮਘਟਾ ਲੱਗਾ ਰਹਿੰਦਾ। ਗਰੀਬੀ ਹੋਣ ਦੇ ਬਾਵਜੂਦ ਉਸ ਕਦੇ ਮੱਥੇ ਵੱਟ ਨਹੀਂ ਸੀ ਪਾਇਆ ਅਤੇ ਹਮੇਸ਼ਾ ਪਿਆਰ ਭਰਿਆ ਸਲੂਕ ਕੀਤਾ। ਸਫਰੀ ਦੀ ਇਕ ਆਵਾਜ਼ 'ਤੇ ਸਾਰਾ ਪਰਿਵਾਰ ਸੇਵਾ ਲਈ ਹਾਜ਼ਰ ਰਹਿੰਦਾ। ਸੁਭਾਵਿਕ ਹੀ ਸਫਰੀ ਦੀ ਆਵਾਜ਼ ਉਚੀ ਹੋਣ ਕਰਕੇ ਜਿਵੇਂ ਪਰਿਵਾਰ ਦੇ ਜੀਅ ਉਨ੍ਹਾਂ ਦੇ ਹੁਕਮ ਵਿਚ ਸਨ। ਸਫਰੀ ਦੇ ਚਾਰ ਲੜਕੇ ਅਤੇ ਦੋ ਲੜਕੀਆਂ ਹਨ ਅਤੇ ਸਾਰੇ ਆਪੋ ਆਪਣੀ ਥਾਈਂ ਖੁਸ਼ ਹਨ।

ਸਫਰੀ ਨੇ ਦਸਾਂ ਗੁਰੂਆਂ ਬਾਰੇ ਚੜ੍ਹਦੀ ਤੋਂ ਚੜ੍ਹਦੀ ਸ਼ਬਦਾਵਲੀ ਵਰਤੀ ਹੈ। ਗੁਰੂ ਨਾਨਕ ਦੇਵ ਜੀ ਨੇ ਜੋ ਦਰਦ ਲੋਕਾਂ ਵਿਚ ਵੇਖਿਆ ਉਸ ਦਰਦ ਨੂੰ ਸਫਰੀ ਨੇ ਇਨ੍ਹਾਂ ਸ਼ਬਦਾਂ ਵਿਚ ਬੰਨ੍ਹਿਆ ਹੈ:

ਨਾਨਕ ਸਭ ਦਾ ਪਿਆਰਾ
ਤੇਰਾ ਤੇਰਾ ਬੋਲਦਾ
ਹੱਥ ਧਰਮ ਤਰਾਜੂ ਫੜ ਕੇ
ਧਰਤੀ ਦੀਆਂ ਪੀੜਾਂ ਤੋਲਦਾ

ਹੋਰ ਦੇਖੋ:

ਬੇਬੇ ਨਾਨਕੀ ਨੂੰ ਆਖੇ ਰੋ ਕੇ ਸੁਲੱਖਣੀ
ਪੈ ਗਈ ਏ ਜੁਦਾਈ ਵਾਲੀ
ਅੱਗ ਸਾਨੂੰ ਚੱਖਣੀ।

...

ਵੱਖਰਾ ਹੈ ਨੂਰ ਉਹਦਾ ਵੱਖਰਾ ਜਲਾਲ ਹੈ
ਲੱਭਦੀ ਮਿਸਾਲ ਨਾ ਮਿਸਾਲ ਬੇਮਿਸਾਲ ਹੈ
ਛੇੜਦਾ ਰਬਾਬ ਜਾਂ ਅਲਾਪਦਾ ਇਲਾਹੀ ਬਾਣੀ
ਸਾਹਾਂ ਵਿਚ ਅੰਮ੍ਰਿਤ ਘੋਲਦਾ
ਗੁਰੂ ਨਾਨਕ ਸਭ ਦਾ ਪਿਆਰਾ...।

ਸ੍ਰੀ ਅੰਮ੍ਰਿਤਸਰ ਬਾਰੇ ਉਨ੍ਹਾਂ ਲਿਖਿਆ ਸੀ:

ਜੁਗ ਜੁਗ ਰਹੇ ਵਸਦੀ
ਰਾਮ ਦਾਸ ਗੁਰੂ ਤੇਰੀ ਨਗਰੀ...

ਇਤਿਹਾਸਕ ਸਾਕਿਆਂ ਬਾਰੇ ਲਿਖੀਆਂ ਉਨ੍ਹਾਂ ਦੀਆਂ ਕਵਿਤਾਵਾਂ ਵੀ ਸੁਣਨ ਵਾਲਿਆਂ ਦੀਆਂ ਅੱਖਾਂ ਵਿਚ ਹੰਝੂ ਲੈ ਆਉਂਦੀਆਂ ਹਨ। ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ ਅਤੇ ਹੋਰ ਸ਼ਹੀਦਾਂ ਦੇ ਨਾਲ ਭਗਤ ਕਬੀਰ ਅਤੇ ਭਗਤ ਰਵਿਦਾਸ ਜਿਹੇ ਭਗਤਾਂ ਨੂੰ ਵੀ ਕਵਿਤਾ 'ਚ ਪ੍ਰਣਾਮ ਕੀਤਾ। ਸਫਰੀ ਦੀ ਪਹਿਲੀ ਕੈਸਿਟ ਸੰਨ 1969 ਵਿਚ ਬੀਬੀ ਨਰਿੰਦਰ ਬੀਬਾ ਦੀ ਆਵਾਜ਼ ਵਿਚ ਆਈ ਜਿਸ ਦਾ ਇਹ ਗੀਤ ਬੇਹੱਦ ਮਕਬੂਲ ਹੋਇਆ:

ਚੰਨ ਮਾਤਾ ਗੁਜਰੀ ਦਾ,
ਸੁੱਤਾ ਕੰਡਿਆਂ ਦੀ ਸੇਜ ਵਿਛਾਈ
ਸੀਨੇ ਨਾਲ ਤੇਗ ਲਾ ਲਈ
ਜਦੋਂ ਯਾਦ ਪੁੱਤਰਾਂ ਦੀ ਆਈ।

ਇਸ ਮਹਾਨ ਗੀਤਕਾਰ ਨੇ ਕੋਈ ਡੇਢ ਦਰਜਨ ਪੁਸਤਕਾਂ ਲਿਖੀਆਂ ਅਤੇ ਉਨ੍ਹਾਂ ਦੀ ਪਹਿਲੀ ਪੁਸਤਕ 1948 ਵਿਚ ਸਫਰਨਾਮਾ ਨਾਂ ਹੇਠ ਮਾਰਕਿਟ ਵਿਚ ਆਈ। ਪੰਜਾ ਗੁਰਾਂ ਨੇ ਪਹਾੜ ਵਿਚ ਲਾਇਆ, ਸਾਕਾ ਸਰਹੰਦ, ਨੌਵੇਂ ਪਿਤਾ ਜਦ ਕਤਲਗਾਹ ਵਿਚ ਆਏ, ਤੇਗ ਦੀ ਧਾਰ ਉਤੇ ਨੱਚ ਓਏ ਖਾਲਸਾ, ਸਿੱਖੀ ਦੀਆਂ ਵਾਟਾਂ, ਸੱਚ ਦੀਆਂ ਵਾਟਾਂ ਆਦਿ ਉਨ੍ਹਾਂ ਵਿਚੋਂ ਕੁਝ ਹੋਰ ਹਨ।

ਸਫਰੀ ਹੋਰਾਂ ਨਾਲ ਮੇਰੀ ਪਹਿਲੀ ਮੁਲਾਕਾਤ ਸੰਨ 1973 ਵਿਚ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਮਿਆਣੀ ਵਿਚ ਲੱਗਦੇ ਮੇਲੇ ਵਿਚ ਹੋਈ। ਮੇਰੀ ਉਮਰ ਉਦੋਂ ਮਸਾਂ 21 ਸਾਲ ਸੀ ਅਤੇ ਵਿਆਹ ਤੋਂ ਬਾਅਦ ਕਲਾਕਾਰ ਦੇ ਤੌਰ 'ਤੇ ਮੇਰੀ ਇਹ ਪਹਿਲੀ ਸਟੇਜ ਸੀ। ਇਹ ਪ੍ਰੋਗਰਾਮ ਲੱਖੀ ਸ਼ਾਹ ਵਣਜਾਰੇ ਦੇ ਨਾਂ 'ਤੇ ਹੁੰਦਾ ਹੈ ਜੋ ਅੱਜ ਵੀ ਜਾਰੀ ਹੈ। ਉਸ ਸਮੇਂ ਕਵੀ ਈਸ਼ਵਰ ਸਿੰਘ ਅਣਖੀ, ਚਰਨ ਦਾਸ ਚਰਨ ਮੁਕੇਰੀਆਂ ਵਾਲੇ, ਬਹਿਲ ਚਕਰਵਰਤੀ, ਚਰਨ ਸਿੰਘ ਸਫਰੀ ਅਤੇ ਕਲਾਕਾਰਾਂ ਵਿਚੋਂ ਜਗਤ ਸਿੰਘ ਜੱਗਾ, ਯਮਲਾ ਜੱਟ, ਮਿਲਖੀ ਰਾਮ, ਬਿਮਲਾ ਟੰਡਨ ਰੋਪੜ ਤੇ ਮੈਂ ਪਰਮਜੀਤ ਪੰਮੀ, ਵਿਜੇ ਹਾਜੀਪੁਰੀ ਤੇ ਮੇਰੇ ਜੇਠ ਸੂਰਮ ਸਿੰਘ ਅਲਬੇਲਾ ਸ਼ਾਮਲ ਸਨ। ਮੈਂ ਉਸ ਸਮੇਂ ਇਨ੍ਹਾਂ ਕਵੀਆਂ ਤੋਂ ਬਹੁਤ ਪ੍ਰਭਾਵਿਤ ਹੋਈ ਸਾਂ।

ਇਨ੍ਹਾਂ ਲੇਖਕਾਂ, ਕਵੀਆਂ ਤੇ ਕਲਾਕਾਰਾਂ ਵਿਚੋਂ ਕੁਝ ਅੱਜ ਸਾਡੇ ਦਰਮਿਆਨ ਨਹੀਂ ਹਨ। ਇਸ ਤੋਂ ਬਾਅਦ ਆਪਣੇ ਪਤੀ ਡੀ ਐਸ ਜਲੰਧਰੀ ਨਾਲ ਮੈਂ ਉਨ੍ਹਾਂ ਦੀ ਨੌਕਰੀ ਦੇ ਸਿਲਸਿਲੇ ਵਿਚ ਜੰਮੂ ਕਸ਼ਮੀਰ ਚਲੀ ਗਈ ਜਿਥੇ ਅਸੀਂ 33 ਸਾਲ ਬਿਤਾਏ। ਇਸ ਸਮੇਂ ਦੌਰਾਨ ਪੁਣਛ, ਰਾਜੌਰੀ, ਸਵਰਨਕੋਟ, ਸੁੰਦਰਬਣੀ ਆਦਿ ਗੁਰਦੁਆਰਿਆਂ ਵਿਚ ਅਤੇ ਫੌਜੀ ਯੂਨਿਟਾਂ ਵਿਚ ਮੈਂ ਉਨ੍ਹਾਂ ਨਾਲ ਸਫਰੀ ਹੋਰਾਂ ਦੀਆਂ ਰਚਨਾਵਾਂ ਗਾਈਆਂ। ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਰਾਜਪੂਤ ਪਰਿਵਾਰ ਰਾਜੌਰੀ ਦੇ ਟਾਊਨ ਹਾਲ ਵਿਚ ਮਨਾਉਂਦੇ ਹਨ। ਉਥੇ ਮੈਂ ਸਫਰੀ ਹੋਰਾਂ ਦੇ ਗੀਤ ਤੇ ਲਿਖਤਾਂ ਪੇਸ਼ ਕੀਤੀਆਂ।

ਸੰਨ 1986 ਵਿਚ ਅਸੀਂ ਰਾਜੌਰੀ ਤੋਂ ਜੰਮੂ ਵਾਪਸ ਆਏ ਤੇ ਪੰਜਾਬ ਵਿਚ ਆਉਣਾ-ਜਾਣਾ ਸ਼ੁਰੂ ਹੋਇਆ। ਸਫਰੀ ਦੀਆਂ ਰਚਨਾਵਾਂ ਨਾਲ ਪਿਆਰ ਕਾਇਮ ਸੀ। ਉਨ੍ਹਾਂ ਦੇ ਨਵਿਆਂ ਗੀਤਾਂ ਦੀਆਂ ਤਰਜ਼ਾਂ ਬਣਾਈਆਂ ਜਿਨ੍ਹਾਂ ਨੂੰ ਜੰਮੂ ਦੇ ਸਿੱਖਾਂ ਨੇ ਕਾਫੀ ਸਲਾਹਿਆ। ਸੰਤ ਬਚਿੱਤਰ ਸਿੰਘ ਤੇ ਸੰਤ ਮਨਜੀਤ ਸਿੰਘ ਅਤੇ ਨੰਗਾਲੀ ਸਾਹਿਬ ਦੇ ਗੁਰਦੁਆਰੇ ਦੇ ਮਹੰਤ ਦੇ ਪ੍ਰੋਗਰਾਮਾਂ ਵਿਚ ਸੰਤਾਂ ਵਲੋਂ ਨਿੱਘਾ ਪਿਆਰ ਮਿਲਿਆ। ਜੰਮੂ ਤੋਂ ਕਠੂਆ ਤੇ ਬਾਰਡਰ ਏਰੀਆ ਰਣਜੀਤ ਸਿੰਘਪੁਰਾ, ਅਖਨੂਰ, ਛੰਬ ਜੌੜੀਆਂ ਅਤੇ ਹੋਰਨੀਂ ਥਾਈਂ ਪ੍ਰੋਗਰਾਮਾਂ ਵਿਚ ਸੰਗਤਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਸੰਨ 1994 ਵਿਚ ਮੁੜ ਪੰਜਾਬ ਦੇ ਕਲਾਕਾਰਾਂ ਨਾਲ ਮਾਘੀ ਦੇ ਮੇਲੇ ਉਤੇ ਮੁਲਾਕਾਤ ਹੋਈ। ਇਹ ਪ੍ਰੋਗਰਾਮ ਪਿੰਡ ਭਗੌਤੀਪੁਰ ਵਿਚ ਇਲਾਕੇ ਦੀਆਂ ਸੰਗਤਾਂ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕਰਵਾਇਆ ਜਾਂਦਾ ਹੈ। ਮੇਰੀ ਮੁਲਾਕਾਤ ਪੁਰਾਣੇ ਲੇਖਕਾਂ ਨਾਲ ਹੋਈ ਜਿਨ੍ਹਾਂ ਵਿਚ ਈਸ਼ਰ ਸਿੰਘ ਅਰਸ਼ੀ, ਚਰਨ ਸਿੰਘ ਸਫਰੀ, ਚਰਨ ਦਾਸ ਚਰਨ ਅਤੇ ਬਲਬੀਰ ਕੰਵਲ ਵੀ ਸ਼ਾਮਲ ਸਨ। ਮੈਂ ਸਫਰੀ ਹੋਰਾਂ ਨੂੰ ਦੱਸਿਆ ਕਿ ਮੈਂ ਉਨ੍ਹਾਂ ਦੇ ਲਿਖੇ ਗੀਤ ਬੜੇ ਮਨ ਲਾ ਕੇ ਗਾਏ ਹਨ। ਉਨ੍ਹਾਂ ਮੈਨੂੰ ਆਪਣਾ ਅਡਰੈਸ ਦਿੱਤਾ ਅਤੇ ਮਿਲਦੇ ਰਹਿਣ ਲਈ ਆਖਿਆ।



**ਪਰਮਜੀਤ ਕੌਰ ਪੰਮੀ ਕਵੀ ਚਰਨ ਸਿੰਘ ਸਫਰੀ ਨਾਲ**

ਸੰਨ 2000 ਤੋਂ ਅਸੀਂ ਉਨ੍ਹਾਂ ਦੇ ਹੋਰ ਕਰੀਬ ਹੋ ਗਏ। ਮਹੀਨੇ ਵਿਚ ਇਕ ਦੋ ਵਾਰ ਸਫਰੀ ਹੋਰਾਂ ਨੂੰ ਉਨ੍ਹਾਂ ਦੇ ਘਰ ਹੀ ਮਿਲ ਲੈਂਦੇ। ਉਨ੍ਹਾਂ ਦੇ ਗੀਤਾਂ ਬਾਰੇ ਵਿਚਾਰ-ਵਟਾਂਦਰਾ ਹੁੰਦਾ। ਉਨ੍ਹਾਂ ਨਾਲ ਲੰਮੇ ਸਫਰ ਦਾ ਅਨੰਦ ਵੀ ਮਾਣਿਆ। ਮਰਹੂਮ ਲੋਕ ਗਾਇਕ ਸੁਰਜੀਤ ਬਿੰਦਰਖੀਏ ਦੇ ਭੋਗ 'ਤੇ ਮੈਂ ਉਨ੍ਹਾਂ ਦੇ ਨਾਲ ਗਈ। ਉਥੇ ਆਏ ਕਲਾਕਾਰਾਂ ਵਿਚ ਗੁਰਦਾਸ ਮਾਨ, ਸਰਦੂਲ ਸਿਕੰਦਰ, ਹੰਸ ਰਾਜ ਹੰਸ ਅਤੇ ਹੋਰ ਕਈਆਂ ਨਾਲ ਮੁਲਾਕਾਤ ਹੋਈ।

ਸਫਰੀ ਨੇ ਬੜਾ ਸਾਦਾ ਤੇ ਨਿਮਾਣਾ ਜੀਵਨ ਜੀਵਿਆ। ਉਨ੍ਹਾਂ ਦਾ ਕਮਰਾ ਬੜਾ ਸਾਦਾ ਜਿਹਾ, ਵਿਚ ਇਕ ਮੰਜਾ, ਇਕ ਕੁਰਸੀ, ਇਕ ਮੇਜ, ਇਕ ਪੁਰਾਣਾ ਛੱਤ ਵਾਲਾ ਪੱਖਾ, ਲੋਹੇ ਦੀ ਪੇਟੀ ਅਤੇ ਉਨ੍ਹਾਂ ਦੇ ਗੀਤਾਂ ਅਤੇ ਹੋਰ ਲਿਖਤਾਂ ਨਾਲ ਭਰੀਆਂ ਉਨ੍ਹਾਂ ਦੀਆਂ ਡਾਇਰੀਆਂ-ਇਹ ਸੀ ਸਾਮਾਨ ਜੋ ਉਥੇ ਪਿਆ ਹੁੰਦਾ। ਉਨ੍ਹਾਂ ਨੂੰ ਸਾਦਗੀ ਅਤੇ ਪੰਜਾਬੀ ਵਿਰਸੇ ਨਾਲ ਗੂੜ੍ਹਾ ਪਿਆਰ ਸੀ। ਪੰਜਾਬੀ ਢੰਗ ਨਾਲ ਖਾਣ-ਪੀਣ ਦੇ ਵੀ ਸ਼ੌਕੀਨ ਸਨ। ਉਨ੍ਹਾਂ ਆਪਣੀ ਪਹਿਲੀ ਨੌਕਰੀ ਸ਼੍ਰੋਮਣੀ ਕਮੇਟੀ ਵਿਚ 25 ਰੁਪਏ ਮਹੀਨਾ ਤਨਖਾਹ ਨਾਲ ਕੀਤੀ। ਬਾਅਦ ਵਿਚ ਉਹ 12 ਸਾਲ ਫੌਜ ਵਿਚ ਰਹੇ।

ਸਫਰੀ ਹੋਰਾਂ ਦੀ ਕਿਤਾਬ 'ਤਕਲੇ ਦੇ ਵਲ ਕੱਢ ਲੈ' ਕੈਲੀਫੋਰਨੀਆ (ਅਮਰੀਕਾ) ਵਿਚ ਰਿਲੀਜ਼ ਹੋਈ। ਦੁਸਹੂਏ ਵਿਚ ਇਸ ਕਿਤਾਬ ਦੇ ਸਵਾਗਤ ਵਿਚ ਇਕ ਪ੍ਰੋਗਰਾਮ ਕੀਤਾ ਗਿਆ। ਜ਼ਿਲੇ ਦੇ ਡੀ ਸੀ ਅਤੇ ਹੋਰ ਪਤਵੰਤਿਆਂ ਨੇ ਸਫਰੀ ਹੋਰਾਂ ਦਾ ਸਨਮਾਨ ਕੀਤਾ। ਗਾਇਕ ਕਲਾਕਾਰ ਗੁਰਦੀਪ ਸਿੰਘ, ਬੀਬੀ ਰੰਜਨਾ, ਅਮਰ ਨੂਰੀ ਦੇ ਪਿਤਾ ਇਕਬਾਲ ਸਿੰਘ ਅਤੇ ਪਰਮਜੀਤ ਪੰਮੀ, ਡੀ ਐਸ ਜਲੰਧਰੀ, ਮੋਹਣ ਪੰਛੀ ਅਤੇ ਮੋਹਨ ਦਿਲਬਰ ਆਦਿ ਸ਼ਾਮਲ ਹੋਏ। ਇਸ ਪ੍ਰੋਗਰਾਮ ਤੋਂ ਦਸਾਂ ਕੁ ਦਿਨਾਂ ਬਾਅਦ ਪਤਾ ਲੱਗਾ ਕਿ ਸਫਰੀ ਦੀ ਸਿਹਤ ਠੀਕ ਨਾ ਹੋਣ ਕਰਕੇ ਚੈਕਅਪ ਕਰਾਉਣ ਲਈ ਚੰਡੀਗੜ੍ਹ ਗਏ ਹਨ। ਉਨ੍ਹਾਂ ਦੇ ਗਲੇ ਵਿਚ ਖਰਾਬੀ ਸੀ। ਇਲਾਜ ਸ਼ੁਰੂ ਹੋ ਗਿਆ ਪਰ ਉਨ੍ਹਾਂ ਦੀ ਸਿਹਤ ਦਿਨੋਂ ਦਿਨ ਖਰਾਬ ਹੁੰਦੀ ਚਲੀ ਗਈ। ਇਸ ਹਾਲਤ ਵਿਚ ਵੀ ਉਹ ਸਟੇਜਾਂ ਉਤੇ ਜਾਂਦੇ ਰਹੇ। ਬਿਮਾਰ ਹਾਲਤ ਵਿਚ ਵੀ ਉਹ ਦੋ ਵਾਰ ਸਾਡੇ ਪਿੰਡ ਆਏ। ਉਨ੍ਹਾਂ ਦੇ ਪਿਆਰ ਅਤੇ ਜੋਸ਼ ਭਰੇ ਜਜ਼ਬੇ ਤੋਂ ਇਹ ਪਤਾ ਨਹੀਂ ਸੀ ਲੱਗਦਾ ਕਿ ਉਹ 83 ਸਾਲ ਦੇ ਹਨ ਅਤੇ ਕਿਸੇ ਗੰਭੀਰ ਮਰਜ਼ ਦੇ ਮਰੀਜ਼ ਵੀ। ਨਾ ਉਨ੍ਹਾਂ ਨੂੰ ਥਕਾਵਟ ਸੀ ਅਤੇ ਨਾ ਹੀ ਕੋਈ ਬੇਅਰਾਮੀ। ਸਫਰੀ ਦੇ ਗੀਤ ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ,

*(ਬਾਕੀ ਸਫਾ 21 ਉਤੇ)*

# ਖੁਫੀਆ ਏਜੰਸੀਆਂ ਨਾਕਾਮ ਰਹੀਆਂ-ਬਰਾਕ ਓਬਾਮਾ

**ਵਾਸ਼ਿੰਗਟਨ :** ਕ੍ਰਿਸਮਸ ਵਾਲੇ ਦਿਨ ਅਮਰੀਕੀ ਜਹਾਜ਼ ਨੂੰ ਤਬਾਹ ਕਰਨ ਲਈ ਕੀਤੇ ਗਏ ਯਤਨਾਂ ਨੂੰ ਖ਼ੁਫੀਆ ਏਜੰਸੀਆਂ ਦੀ ਨਾਕਾਮੀ ਮੰਨਦਿਆਂ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਖ਼ੁਫੀਆ ਏਜੰਸੀਆਂ ਕੋਲ ਇਸ ਬਾਰੇ ਸੂਚਨਾਵਾਂ ਸਨ, ਪਰ ਉਹ ਉਨ੍ਹਾਂ ਸੂਚਨਾਵਾਂ ਨੂੰ ਜੋੜ ਕੇ ਦੇਖਣ ਅਤੇ ਉਨ੍ਹਾਂ ਦੇ ਅਧਾਰ 'ਤੇ ਕਾਰਵਾਈ ਕਰਨ 'ਚ ਨਾਕਾਮ ਰਹੀਆਂ। ਵ੍ਹਾਈਟ ਹਾਊਸ 'ਚ ਖੁਫੀਆ ਅਤੇ ਸੁਰੱਖਿਆ ਅਧਿਕਾਰੀਆਂ ਨਾਲ 90 ਮਿੰਟ ਦੀ ਗੱਲਬਾਤ ਮਗਰੋਂ ਗੁੱਸੇ 'ਚ ਦਿਸ ਰਹੇ ਬਰਾਕ ਓਬਾਮਾ ਨੇ ਕਿਹਾ ਕਿ ਸਰਕਾਰ ਕੋਲ ਘਟਨਾ ਤੋਂ ਪਹਿਲਾਂ ਹੀ ਇਸ ਬਾਰੇ ਸੂਚਨਾ ਸੀ, ਪਰ ਖੁਫੀਆ ਅਧਿਕਾਰੀ ਇਨ੍ਹਾਂ ਸੂਚਨਾਵਾਂ 'ਤੇ ਅਮਲ 'ਚ ਨਾਕਾਮ ਰਹੇ। ਉਨ੍ਹਾਂ ਕਿਹਾ ਕਿ ਖੁਫੀਆ ਏਜੰਸੀਆਂ ਦੀ ਨਾਕਾਮੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਨੂੰ ਹਲਕੇ ਢੰਗ ਨਾਲ ਨਹੀਂ ਲਿਆ ਜਾ ਸਕਦਾ, ਕਿਉਂਕਿ ਇਹ ਬਹੁਤ ਖ਼ਤਰਨਾਕ ਸਾਬਤ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਦੇ ਸੰਬਧ 'ਚ ਬਹੁਤ ਜਿਆਦਾ ਚੌਕਸੀ ਵਰਤਣ ਦੀ ਲੋੜ ਹੈ, ਤਾਂ ਜੋ ਅੱਤਵਾਦੀ ਆਪਣੇ ਮਕਸਦ 'ਚ ਸਫਲ ਨਾ ਹੋ ਸਕਣ।

ਓਬਾਮਾ ਨੇ ਕਿਹਾ ਕਿ ਸੁਰੱਖਿਆ ਏਜੰਸੀਆਂ ਨੂੰ ਜਾਣਕਾਰੀ ਸੀ ਕਿ ਉਮਰ ਫਾਰੂਕ ਅਬਦੁਲ ਮੁਤਾਲਬ ਯਮਨ ਗਿਆ ਸੀ ਅਤੇ ਅੱਤਵਾਦੀਆਂ ਤੋਂ ਸਿਖਲਾਈ ਲਈ ਸੀ। ਉਨ੍ਹਾਂ ਕਿਹਾ ਕਿ ਖ਼ੁਫੀਆ ਏਜੰਸੀਆਂ ਦੀ ਨਾਕਾਮੀ ਤੋਂ ਇਹ ਪੂਰੀ ਤਰ੍ਹਾਂ ਸਾਫ ਹੈ ਕਿ ਅਲਕਾਇਦਾ ਸਿਰਫ਼ ਯਮਨ 'ਚ ਹੀ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਨਹੀਂ ਬਣਾ ਸਕਦਾ, ਸਗੋਂ ਉਹ ਅਮਰੀਕਾ 'ਚ ਵੀ ਅਮਰੀਕਾ 'ਤੇ ਹਮਲਾ ਕਰ ਸਕਦਾ ਹੈ। ਮੀਟਿੰਗ ਤੋਂ ਬਾਅਦ ਕੁਝ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਹਾਲਾਂਕਿ ਮੀਟਿੰਗ 'ਚ ਬਰਾਕ ਓਬਾਮਾ ਨੇ ਕਿਸੇ ਵਲ ਉਂਗਲ ਨਹੀਂ ਕੀਤੀ, ਪਰ ਖ਼ੁਫੀਆ ਏਜੰਸੀਆਂ ਵਲੋਂ ਨਾਕਾਮੀ ਲਈ ਜ਼ਿੰਮੇਵਾਰ ਅਤੇ ਜਵਾਬਦੇਹ ਲੋਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਵਲੋਂ ਅਮਰੀਕੀ ਜਹਾਜ਼ 'ਚ ਅਲਕਾਇਦਾ ਅੱਤਵਾਦੀਆਂ ਦੇ ਸ਼ਾਮਲ ਹੋਣ ਅਤੇ ਜਹਾਜ਼ ਨੂੰ ਤਬਾਹ ਕਰਨ ਦੇ ਯਤਨ ਮਗਰੋਂ ਸੁਰੱਖਿਆ ਸਥਿਤੀ ਦਾ ਜਾਇਜ਼ਾ ਲੈਣ ਲਈ ਹੀ ਇਹ ਮੀਟਿੰਗ ਬੁਲਾਈ ਗਈ ਸੀ।

ਓਧਰ ਬਰਤਾਨੀਆ ਨੇ ਕਿਹਾ ਕਿ ਉਸ ਨੂੰ ਅਮਰੀਕੀ ਜਹਾਜ਼ ਨੂੰ ਤਬਾਹ ਕਰਨ ਦਾ ਯਤਨ ਕਰਨ ਵਾਲੇ ਮੁਤਾਲਬ ਦੀ ਸਾਜ਼ਿਸ਼ ਬਾਰੇ ਜਾਣਕਾਰੀ ਨਹੀਂ ਸੀ। ਬਰਤਾਨੀਆ ਦੇ ਗ੍ਰਹਿ ਮੰਤਰੀ ਐਲਨ ਜਾਨਸਨ ਨੇ ਕਿਹਾ ਕਿ ਇਸ ਸ਼ੱਕੀ ਵਿਅਕਤੀ ਬਾਰੇ ਅਮਰੀਕਾ ਨਾਲ ਕਈ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ ਸਨ, ਪਰ ਉਨ੍ਹਾਂ ਦੀਆਂ ਖੁਫੀਆ ਏਜੰਸੀਆਂ ਨੂੰ ਉਸ ਦੀ ਕਿਸੇ ਸਾਜ਼ਿਸ਼ ਬਾਰੇ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਦਿੱਤੀ ਜਾਣਕਾਰੀ ਤੋਂ ਇਹ ਸੰਕੇਤ ਨਹੀਂ ਮਿਲਦਾ ਸੀ ਕਿ ਮੁਤਾਲਬ ਅਮਰੀਕਾ ਵਿਰੁਧ ਹਮਲੇ ਦੀ ਯੋਜਨਾ ਬਣਾ ਰਿਹਾ ਹੈ। ਜ਼ਿਕਰਯੋਗ ਹੈ ਕਿ ਮੁਤਾਲਬ 2005 ਤੋਂ 2008 ਤੱਕ ਲੰਡਨ 'ਚ ਪੜ੍ਹਦਾ ਰਿਹਾ ਅਤੇ ਉਸ ਦੇ ਸੰਬੰਧ ਉਨ੍ਹਾਂ ਅੱਤਵਾਦੀਆਂ ਨਾਲ ਸਨ, ਜਿਨ੍ਹਾਂ ਦੀ ਨਿਗਰਾਨੀ ਦੇਸ਼ ਦੀ ਸੁਰੱਖਿਆ ਏਜੰਸੀ ਐੱਮ.ਆਈ-5 ਵਲੋਂ ਕੀਤੀ ਜਾ ਰਹੀ ਸੀ ਅਤੇ ਖ਼ੁਫੀਆ ਅਧਿਕਾਰੀਆਂ ਨੂੰ ਮੁਤਾਲਬ ਦੇ ਇਸਲਾਮੀ ਅੱਤਵਾਦੀਆਂ ਨਾਲ ਸਬੰਧਾਂ ਦੀ ਜਾਣਕਾਰੀ ਸੀ।

## ਨਾਨਕਸ਼ਾਹੀ ਜੰਤਰੀ ਵਿਚ ਸੋਧਾਂ ਦਾ ਸਵਾਗਤ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਸੰਤ ਬਾਬਾ ਨਿਧਾਨ ਸਿੰਘ ਸੁਸਾਇਟੀ ਦੇ ਪ੍ਰਧਾਨ ਲਖਬੀਰ ਸਿੰਘ ਮਿਨਹਾਸ ਨੇ ਨਾਨਕਸ਼ਾਹੀ ਕੈਲੰਡਰ ਨੂੰ ਪਹਿਲੀ ਚੇਤਰ ਤੋਂ ਸੋਧ ਕੇ ਲਾਗੂ ਕਰਨ ਦੇ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਪ੍ਰਵਾਨਗੀ ਦੇਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਜਥੇਦਾਰ ਗੁਰਬਚਨ ਸਿੰਘ ਦਾ ਧੰਨਵਾਦ ਕੀਤਾ ਹੈ।

ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਸ੍ਰੀ ਮਿਨਹਾਸ ਨੇ ਆਖਿਆ ਹੈ ਕਿ ਸੰਨ 2000 ਵਿਚ ਜਦੋਂ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਹੁੰਦਿਆਂ ਨਾਨਕਸ਼ਾਹੀ ਕੈਲੰਡਰ ਪਾਸ ਕੀਤਾ ਸੀ ਤਾਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਿੱਡੀ ਹਾਸੋਹੀਣੀ ਗੱਲ ਹੈ ਕਿ ਜਿਥੇ ਕਲਗੀਧਰ ਪਾਤਸ਼ਾਹ ਪ੍ਰਗਟ ਹੋਏ ਅਤੇ ਜਿਸ ਅਸਥਾਨ 'ਤੇ ਉਹ ਜੋਤੀ ਜੋਤਿ ਸਮਾਏ, ਉਥੇ ਉਨ੍ਹਾਂ ਦਾ ਪ੍ਰਕਾਸ਼ ਪੁਰਬ ਪੋਹ ਸੁਦੀ 7ਵੀਂ ਨੂੰ ਅਤੇ ਹੋਰ ਥਾਂਵਾਂ 'ਤੇ 5 ਜਨਵਰੀ ਨੂੰ ਮਨਾਇਆ ਜਾਂਦਾ ਹੈ। ਸਿੰਘ ਸਾਹਿਬਾਨ ਨੇ ਨਵੇਂ ਕੈਲੰਡਰ ਨੂੰ ਪ੍ਰਵਾਨਗੀ ਦੇ ਕੇ ਨਾਨਕਸ਼ਾਹੀ ਜੰਤਰੀ ਕਰਕੇ ਜੋ ਦੁਵਿਧਾ ਪੈਦਾ ਹੋਈ ਸੀ, ਉਸ ਨੂੰ ਦੂਰ ਕਰ ਦਿੱਤਾ ਹੈ।

## 1984 ਦੇ ਸਿੱਖ ਕਤਲੇਆਮ ਵਿਰੁਧ ਜਥੇਬੰਦੀਆਂ ਦੀ ਹਮਾਇਤ ਦੀ ਅਪੀਲ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 84 ਦੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਕੇਸ ਵਿਚ ਪ੍ਰਮੁੱਖ ਗਵਾਹ ਭਾਈ ਜਸਬੀਰ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਇਸ ਕਤਲੇਆਮ ਦੇ ਦੋਸ਼ੀਆਂ ਖਿਲਾਫ਼ ਆਵਾਜ਼ ਬੁਲੰਦ ਕਰਨ ਵਾਲੀਆਂ ਪੰਥਕ ਜਥੇਬੰਦੀਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ (ਮਨੁੱਖੀ ਅਧਿਕਾਰ ਜਥੇਬੰਦੀ) ਨੂੰ ਪੂਰਨ ਸਹਿਯੋਗ ਦੇਣ।

ਇਥੇ ਜਾਰੀ ਇਕ ਬਿਆਨ ਵਿਚ ਭਾਈ ਜਸਬੀਰ ਸਿੰਘ ਨੇ ਕਿਹਾ ਹੈ ਕਿ ਨਵੰਬਰ 84 ਦੇ ਸਿੱਖ ਕਤਲੇਆਮ ਦੇ ਤਮਾਮ ਦੋਸ਼ੀ ਅੱਜ ਵੀ ਕਾਨੂੰਨ ਦਾ ਮਜ਼ਾਕ ਉਡਾਉਂਦੇ ਹੋਏ ਸ਼ਰ੍ਹੇਆਮ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ 25 ਸਾਲਾਂ ਦੌਰਾਨ ਅਨੇਕਾਂ ਪੰਥਕ ਜਥੇਬੰਦੀਆਂ ਮਨੁੱਖੀ ਅਧਿਕਾਰ ਸੰਗਠਨ, ਰਾਜਸੀ ਨੇਤਾ ਕਤਲੇਆਮ ਵਿਰੁੱਧ ਲਗਾਤਾਰ ਆਵਾਜ਼ ਬੁਲੰਦ ਕਰਦੇ ਆਏ ਹਨ। ਲੇਕਿਨ ਬੀਤੀ 5 ਨਵੰਬਰ 2007 ਤੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ, ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ. ਗੁਰਪਤਵੰਤ ਸਿੰਘ ਪੰਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੂਰੀ ਤਨਦੇਹੀ ਨਾਲ ਇਸ ਸੰਘਰਸ਼ ਨੂੰ ਲੜਿਆ ਹੈ, ਜਿਸ ਸਦਕਾ ਹੁਣ ਕਾਤਲ ਕਾਂਗਰਸੀ ਆਗੂਆਂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਸਮੇਤ ਕਈ ਲੋਕਾਂ ਖਿਲਾਫ਼ ਕਾਨੂੰਨੀ ਕਾਰਵਾਈ ਹੋਣ ਦੀ ਆਸ ਬੱਝੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਤੌਰ 'ਤੇ ਸ. ਗੁਰਪਤਵੰਤ ਸਿੰਘ ਪੰਨੂੰ, ਐਡਵੋਕੇਟ ਨਵਕਿਰਨ ਸਿੰਘ ਚੰਡੀਗੜ੍ਹ ਅਤੇ ਐਚ.ਐਸ. ਫੂਲਕਾ ਨੇ ਦਿਨ ਰਾਤ ਇਕ ਕਰਕੇ ਇਸ ਕਾਨੂੰਨੀ ਪ੍ਰਕ੍ਰਿਆ ਨੂੰ ਨਿਰੰਤਰ ਜਾਰੀ ਰੱਖਿਆ ਹੋਇਆ ਹੈ।

## ਪ੍ਰੇਮੀ ਦੇ ਪਿਤਾ ਨਾਲ ਹੀ ਵਿਆਹ ਦਿਤੀ ਧੀ

**ਵੇਲਿੰਗਟਨ:** ਨਿਊਜ਼ੀਲੈਂਡ ਵਿਚ ਵਿਆਹ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਇਕ ਮਾਤਾ ਪਿਤਾ ਨੇ ਅਪਣੀ ਧੀ ਦਾ ਵਿਆਹ ਉਸ ਦੇ ਪ੍ਰੇਮੀ ਦੇ ਪਿਉ ਨਾਲ ਕਰਵਾ ਦਿਤਾ। ਲੜਕੀ ਦੇ ਮਾਪਿਆਂ ਨੇ ਇਹ ਵਿਆਹ ਇਕ ਸੂਰ ਅਤੇ ਕੁੱਝ ਚਟਾਈਆਂ ਲੈ ਕੇ ਜ਼ਬਰਦਸਤੀ ਕਰਵਾ ਦਿਤਾ।

ਸੰਡੇ ਸਟਾਰ ਟਾਈਮਜ਼ ਵਿਚ ਛਪੀ ਇਕ ਖ਼ਬਰ ਅਨੁਸਾਰ ਇਹ ਸਮਝਿਆ ਜਾ ਰਿਹਾ ਹੈ ਕਿ ਲੜਕੀ ਤੇ ਮਤਰੇਏ ਮਾਤਾ-ਪਿਤਾ 'ਤੇ ਲੜਕੀ ਨੂੰ ਕੈਦ ਕਰ ਕੇ ਰੱਖਣ, ਜ਼ਬਰੀ ਵਿਆਹ ਕਰਨ ਅਤੇ ਉਸ ਨੂੰ ਸਰੀਰਕ ਸਬੰਧ ਬਨਾਉਣ ਲਈ ਮਜ਼ਬੂਰ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਵਿਆਹ ਦੇ ਮਾਮਲੇ 'ਤੇ ਲੜਕੀ ਦੀ ਮਾਂ 'ਤੇ ਦੋ ਵਾਰ ਅਪਣੀ ਧੀ 'ਤੇ ਹਮਲਾ ਕਰਨ ਦਾ ਵੀ ਮਾਮਲਾ ਦਰਜ ਕੀਤਾ ਗਿਆ ਹੈ। ਲੜਕੀ ਦੀ ਉਮਰ 17 ਸਾਲ ਦੇ ਲਗਭੱਗ ਹੈ। ਲੜਕੀ ਅਪਣੇ ਪ੍ਰੇਮੀ ਦੇ ਪਿਉ ਨਾਲ ਇਹ ਵਿਆਹ ਨਹੀਂ ਕਰਨਾ ਚਾਹੁੰਦੀ ਸੀ ਪਰ ਉਸ ਨੂੰ ਇਹ ਵਿਆਹ ਜ਼ਬਰਦਸਤੀ ਕਰਨਾ ਪਿਆ।


## Matrimonials

Parents seek Jat Sikh professional, tall, US educated match for their US born and educated daughter 26, 5'6", currently doing MBA and MHA. Family well settled in Florida. Father medical physician in Florida. One brother, senior in H. S and top Jr. golfer in Florida. Contact: r5645@strato.net

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/ biodata to angelhavok@aol.com

**Business Directory**

**India Desi Bazaar**
**11304 NE Fourth Plain Rd., Vancouver WA 98662**
**Ph:(360) 882-7703**

**Editing & Translation**

**1. For Professional Translation Work (Academic, Technical and Creative) from Punjabi and Hindi to English and from English to Punjabi and Hindi**

**2. For Professional Text Editing in English**

**Prithvi Raj**
prithviraj46@yahoo.com
shaprithvi@gmail.com
Cell (India)-94173-50789
90418-82353



# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

*ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)*

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627


# ਭਾਰਤ ਅਤੇ ਰੂਸ ਦੀ ਰਣਨੀਤਕ ਹਿੱਸੇਦਾਰੀ ਵਧਾਉਣ ਦੀਆਂ ਸੰਭਾਵਨਾਵਾਂ

*(ਸਫਾ 13 ਦੀ ਬਾਕੀ)*

ਚੱਲ ਰਹੇ ਹਨ। ਰੂਸ ਦੇ ਯੇਕਾਤਰਿਨਬਰਗ ਸ਼ਹਿਰ ਵਿਚ ਇਨ੍ਹਾਂ ਦੀ ਸਿਖਰ ਵਾਰਤਾ ਜਿਹੜੀ ਜੂਨ ਮਹੀਨੇ ਵਿਚ ਹੋਈ ਸੀ, ਇਕ ਵੱਡਾ ਕਦਮ ਸੀ। ਇਸੇ ਤਰ੍ਹਾਂ ਰੂਸ, ਭਾਰਤ ਤੇ ਚੀਨ ਵਿਚ ਇਕ ਹੋਰ ਪੱਧਰ 'ਤੇ ਮਿਲਵਰਤਣ ਵਧ ਰਹੀ ਹੈ। ਮਾਸਕੋ ਵਾਰਤਾ ਵਿਚ ਇਸ ਤਿੰਨ ਧਿਰੀ ਮਿਲਵਰਤਣ ਨੂੰ ਵੀ ਜੀ ਆਇਆਂ ਕਿਹਾ ਗਿਆ ਹੈ, ਕਿਉਂਕਿ ਇਸ ਨਾਲ ਇਸ ਖੇਤਰ ਵਿਚ ਅਮਨ ਅਤੇ ਸਥਿਰਤਾ ਦੀਆਂ ਸ਼ਕਤੀਆਂ ਨੂੰ ਢੇਰ ਸਾਰਾ ਬੜ੍ਹਾਵਾ ਮਿਲੇਗਾ।

ਇਹ ਤੱਥ ਵੀ ਇਥੇ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਅਸੀਂ ਇਕ ਅਜਿਹੇ ਦੌਰ ਵਿਚੋਂ ਲੰਘ ਰਹੇ ਹਾਂ, ਜਦ ਚੀਨ ਖੁੱਲ੍ਹੇ ਤੌਰ 'ਤੇ ਅਤੇ ਆਪਣੀ ਸਾਰੀ ਸ਼ਕਤੀ ਨਾਲ ਕਹਿ ਰਿਹਾ ਹੈ ਕਿ ਦੱਖਣੀ ਏਸ਼ੀਆ ਦੀ ਸੁਰੱਖਿਆ ਵਿਚ ਇਸ ਦੀ ਵੀ ਹਿੱਸੇਦਾਰੀ ਹੈ। ਅਜਿਹੀ ਅਵਸਥਾ ਵਿਚ ਗੈਸ ਤੇਲ ਪਾਈਪ ਲਾਈਨ ਦੇ ਪ੍ਰਾਜੈਕਟ ਦਾ ਸਿਰੇ ਚੜ੍ਹਨਾ ਹਰ ਹਾਲਤ ਵਿਚ ਭਾਰਤ,ਚੀਨ ਸੰਬੰਧਾਂ ਦੇ ਮਾਮਲੇ ਵਿਚ ਚੰਗੀ ਪ੍ਰਭਾਵ ਪਵੇਗਾ। ਇਥੇ ਰੂਸੀ ਇਨਕਲਾਬ ਦੇ ਮਹਾਨ ਆਗੂ ਲੈਨਿਨ ਦਾ ਇਕ ਕਥਨ ਜਿਹੜਾ ਬੀਤੇ ਸਮਿਆਂ ਵਿਚ ਬਹੁਤ ਵਾਰ ਯਾਦ ਕਰਵਾਇਆ ਜਾਂਦਾ ਸੀ, ਇਕ ਵਾਰ ਫੇਰ ਚੇਤੇ ਕਰਵਾਉਣਯੋਗ ਹੋਵੇਗਾ। ਉਸ ਨੇ ਕਿਹਾ ਸੀ ਕਿ ਭਾਰਤ, ਰੂਸ ਅਤੇ ਚੀਨ ਦੀ ਮਿਲਵਰਤਣ ਦੁਨੀਆਂ ਦੀਆਂ ਹੋਣੀਆਂ ਨੂੰ ਹਾਂ-ਪੱਖੀ ਮੌਕਾ ਦੇਵੇਗੀ।

ਬੇਸ਼ੱਕ ਹਾਲਾਤ ਬਹੁਤ ਬਦਲ ਗਏ ਹਨ। ਰੂਸ ਵਿਚ ਸਮਾਜਵਾਦ ਨਹੀਂ ਰਿਹਾ। ਭਾਰਤ ਵਿਚ ਪਬਲਿਕ ਸੈਕਟਰ ਮਾਂਦ ਪੈ ਚੁੱਕਾ ਹੈ ਅਤੇ ਪ੍ਰਾਈਵੇਟ ਖੇਤਰ ਦੀ ਚੜ੍ਹਤ ਹੈ, ਫੇਰ ਵੀ ਇਨ੍ਹਾਂ ਤਿੰਨਾਂ ਦੇਸ਼ਾਂ ਦੀ ਹੀ ਮਿਲਵਰਤਣ ਜਿਹੜੀ ਬਹੁਤ ਹੱਦ ਤੱਕ ਅਜੇ ਸੀਮਤ ਹੀ ਹੈ। ਇਨ੍ਹਾਂ ਦੇਸ਼ਾਂ ਦੀਆਂ ਹੋਣੀਆਂ 'ਤੇ ਹਾਂ-ਪੱਖੀ ਪ੍ਰਭਾਵ ਹੀ ਪਾਏਗੀ। ਰੂਸ ਕੋਲ ਤੇਲ ਦੇ ਅਖੁਟ ਭੰਡਾਰਾਂ ਦਾ ਹੋਣਾ ਅਜੋਕੇ ਸਮਿਆਂ ਦਾ ਇਕ ਅਜਿਹਾ ਹਾਂ-ਪੱਖੀ ਵਰਤਾਰਾ ਹੈ, ਜਿਸ ਤੋਂ ਇਸ ਖਿੱਤੇ ਨੂੰ ਲੋੜੀਂਦਾ ਬਾਲਣ ਮਿਲੇਗਾ ਅਤੇ ਕੌਮਾਂਤਰੀ ਖੇਤਰ ਵਿਚ ਅਮਨ ਦੀਆਂ ਸ਼ਕਤੀਆਂ ਨੂੰ ਤਾਕਤ ਮਿਲੇਗੀ।

ਪਾਈਪ ਲਾਈਨ ਦਾ ਰਾਜਸੀ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਖਿੱਤੇ ਦੇ ਦੇਸ਼ਾਂ ਦੀ ਪੱਛਮੀ ਦੇਸ਼ਾਂ 'ਤੇ ਨਿਰਭਰਤਾ ਘਟੇਗੀ। ਉਨ੍ਹਾਂ ਵਕਤਾਂ ਵਿਚ ਜਦੋਂ ਭਾਰਤ ਸਰਕਾਰ ਅਮਰੀਕਾ ਦੇ ਨੇੜੇ ਢੁਕ ਰਹੀ ਹੈ ਅਤੇ ਭਾਰਤ ਦੀਆਂ ਖੱਬੀਆਂ ਧਿਰਾਂ ਇਸ ਰੁਝਾਨ ਦਾ ਵਿਰੋਧ ਕਰ ਰਹੀਆਂ ਹਨ, ਇਹ ਤੱਥ ਸਹਿਜੇ ਹੀ ਅਣਗੌਲਿਆ ਕਰਨ ਵਾਲਾ ਨਹੀਂ ਕਿ ਭਾਰਤ ਦੀ ਪੱਛਮੀ ਦੇਸ਼ਾਂ 'ਤੇ ਨਿਰਭਰਤਾ ਘੱਟ ਕੀਤੀ ਜਾ ਰਹੀ ਹੈ। ਇਸ ਰੁਝਾਨ ਨੂੰ ਅਣਗੌਲਿਆ ਕਰਨ ਦੀ ਥਾਂ ਮਜ਼ਬੂਤ ਕਰਨ ਦੀ ਲੋੜ ਹੈ। ਇਸ ਦੇ ਪਿੱਛੇ ਸ਼ਕਤੀਆਂ ਜੁਟਾਉਣ ਦਾ ਸਮਾਂ ਹੈ।ਇਸ ਨਾਲ ਇਸ ਖਿਤੇ ਦੀ ਤਕਦੀਰ ਬਦਲਣ ਦੀਆਂ ਅਤੁੱਟ ਸੰਭਵਾਨਾਵਾਂ ਮੌਜੂਦ ਹਨ।ਇਸ ਪਾਸੇ ਵਲ ਖੱਬੇ ਅਮਲ ਕਰ ਸਕਦੇ ਹਨ।

## ਹਿੰਮਤ ਹੈ ਤਾਂ ਗ੍ਰਿਫ਼ਤਾਰ ਕਰੋ:ਆਸਾ ਰਾਮ

**ਹਰਦਾ:** ਬਾਪੂ ਆਸਾਰਾਮ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵਲੋਂ ਉਨ੍ਹਾਂ ਤੋਂ 7 ਵਾਰ ਮੁਆਫ਼ੀ ਮੰਗਣ ਦਾ ਦਾਅਵਾ ਕਰਦਿਆਂ ਕਿਹਾ ਕਿ ਦੁਨੀਆ ਵਿਚ ਅਜਿਹੀ ਕੋਈ ਤਾਕਤ ਨਹੀਂ, ਜੋ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕੇ। ਬਾਪੂ ਆਸਾ ਰਾਮ ਨੇ ਹਰਦਾ ਦੇ ਨੇੜੇ ਪਿੰਡ ਚਾਰਖੇੜਾ ਸਥਿਤ ਆਪਣੇ ਆਸ਼ਰਮ 'ਚ ਇਕੱਠੇ ਹੋਏ ਪੈਰੋਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਮੇਰੇ ਤੋਂ 7 ਵਾਰ ਮੁਆਫ਼ੀ ਮੰਗ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੋਦੀ ਨੇ ਖ਼ੁਦ ਨੂੰ ਮੇਰਾ ਪੈਰੋਕਾਰ ਮੰਨਦਿਆਂ ਕਿਹਾ ਸੀ ਕਿ ਤੁਹਾਡੇ ਨਾਲ ਜੋ ਗੁਜਰਾਤ ਵਿਚ ਹੋ ਰਿਹਾ ਹੈ, ਉਸ ਵਿਚ ਮੇਰਾ ਕੋਈ ਕਸੂਰ ਨਹੀਂ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵਿਚ ਮੈਂ ਕੋਈ ਅਰਜ਼ੀ ਦਾਇਰ ਨਹੀਂ ਕੀਤੀ, ਬਲਕਿ ਇਹ ਤਾਂ ਮੇਰੇ ਸ਼ਰਧਾਲੂ ਵਕੀਲਾਂ ਨੇ ਆਪਣੇ ਵਲੋਂ ਦਾਇਰ ਕੀਤੀ ਸੀ। ਆਸਾ ਰਾਮ ਨੇ ਕਿਹਾ ਕਿ ਜਿਸ ਤਰ੍ਹਾਂ ਜੈਇੰਦਰ ਸਰਸਵਤੀ ਨੂੰ ਗ੍ਰਿਫ਼ਤਾਰ ਕਰਨ 'ਤੇ ਤਾਮਿਲਨਾਡੂ ਵਿਚ ਜੈਲਲਿਤਾ ਦਾ ਤਖ਼ਤਾ ਪਲਟ ਗਿਆ ਸੀ, ਮੇਰੇ ਖਿਲਾਫ ਸਾਜ਼ਿਸ਼ ਰਚਣ ਵਾਲੇ ਦਾ ਤਖ਼ਤਾ ਪਲਟ ਜਾਵੇਗਾ।

# ਕਾਂਗਰਸੀ ਸੱਭਿਆਚਾਰ ਹੋਰ ਪਤਨ ਵਲ ਖਿਸਕਿਆ, ਰਾਣਾ ਬੇਪਰਦ

**ਜਤਿੰਦਰ ਪਨੂੰ**







ਕਾਂਗਰਸ ਪਾਰਟੀ ਇਸ ਵਕਤ ਪੰਜਾਬ ਵਿਚ ਰਾਜ-ਗੱਦੀਆਂ 'ਤੇ ਕਾਬਜ਼ ਨਹੀਂ, ਪਰ ਚਰਚੇ ਇਸ ਬਾਰੇ ਓਨੇ ਹੀ ਚੱਲੀ ਜਾਂਦੇ ਹਨ, ਜਿੰਨੇ ਕਿਸੇ ਰਾਜ ਕਰਦੀ ਪਾਰਟੀ ਬਾਰੇ ਚੱਲ ਸਕਦੇ ਹਨ। ਜਦੋਂ ਇਹ ਰਾਜ ਕਰਦੀ ਹੈ, ਓਦੋਂ ਇਸ ਵਿਰੁਧ ਇਸ ਦੀਆਂ ਨੀਤੀਆਂ ਕਾਰਨ ਚਰਚੇ ਚੱਲਦੇ ਹਨ, ਪਰ ਹੁਣ ਜਦੋਂ ਰਾਜ ਨਹੀਂ ਕਰ ਰਹੀ, ਇਸ ਦੇ ਲੀਡਰਾਂ ਦੇ ਕਿਰਦਾਰ ਕਾਰਨ ਖ਼ਬਰਾਂ ਛਪੀ ਜਾਦੀਆਂ ਹਨ। ਕੁਝ ਸੱਜਣ ਤਾਂ ਹੁਣ 'ਹੋਂਗੇ ਗਰ ਬਦਨਾਮ ਤੋ ਕਿਆ ਨਾਮ ਨਾ ਹੋਗਾ' ਦੀ ਧਾਰਨਾ 'ਤੇ ਚੱਲ ਰਹੇ ਜਾਪਦੇ ਹਨ। ਵਿਰੋਧੀ ਧਿਰ ਵਿਚ ਰਹਿੰਦੀਆਂ ਉਨ੍ਹਾਂ ਨੂੰ ਲੋਕਾਂ ਵਿਚ ਆਪਣੀ ਇੱਜ਼ਤ ਵਧਾਉਣ ਦਾ ਯਤਨ ਕਰਨਾ ਚਾਹੀਦਾ ਹੈ, ਸ਼ਾਇਦ ਉਹ ਇਸ ਦੀ ਵੀ ਲੋੜ ਨਹੀਂ ਸਮਝਦੇ।

ਜਿਸ ਤਾਜ਼ਾ ਕਾਂਡ ਨੇ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਤੇ ਇਸ ਦੀ ਦਿੱਲੀ ਬੈਠੀ ਹਾਈਕਮਾਨ ਨੂੰ ਵੀ ਨੀਵੀਆਂ ਪਾਉਣ ਲਈ ਮਜ਼ਬੂਰ ਕੀਤਾ ਹੈ, ਉਸ ਦਾ ਸੰਬੰਧ ਗੁਰੂ ਹਰਸਹਾਏ ਵਾਲੇ ਕਾਂਗਰਸੀ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਨਾਲ ਜੁੜਦਾ ਹੈ। ਨਵੇਂ ਸਾਲ ਦੇ ਜਸ਼ਨ ਮਨਾਉਣ ਲਈ ਉਹ ਰਾਜਸਥਾਨ ਦੀ ਰਾਜਧਾਨੀ ਜੈਪੁਰ ਗਿਆ ਤੇ ਉਥੋਂ ਦੇ ਪੰਜ ਤਾਰਾ ਹੋਟਲ ਜੈਮਹਿਲ ਵਿਚ ਠਹਿਰਿਆ ਸੀ। ਕਮਰੇ ਉਸ ਦੇ ਪਰਿਵਾਰ ਦੇ ਜੀਆਂ ਦੇ ਹਵਾਲੇ ਨਾਲ ਬੁੱਕ ਕਰਵਾਏ ਸਨ, ਪਰ ਮਾਮਲਾ ਓਦੋਂ ਵਿਗੜ ਗਿਆ, ਜਦੋਂ ਪਰਿਵਾਰ ਵਿਚਲੀ ਇਕ ਔਰਤ ਇਹ ਗੱਲਾਂ ਕਰਦੀ ਸੁਣੀ ਗਈ ਕਿ ਉਹ ਕੋਈ ਸੋਹਣੀ ਜਿਹੀ ਸ਼ਾਲ ਪਾਕਿਸਤਾਨ ਲਿਜਾਣਾ ਚਾਹੁੰਦੀ ਹੈ। ਹੋਟਲ ਦੇ ਸਟਾਫ ਨੇ ਮੈਨੇਜਰ ਨੂੰ ਦੱਸਿਆ ਤੇ ਮੈਨੇਜਰ ਵਲੋਂ ਕੀਤੀ ਪੁੱਛਗਿੱਛ ਵਿਚ ਇਹ ਗੱਲ ਸਾਹਮਣੇ ਆ ਗਈ ਕਿ ਪਰਿਵਾਰ ਦਾ ਅੰਗ ਦੱਸ ਕੇ ਨਾਲ ਲਿਆਂਦੀ ਗਈ ਉਹ ਔਰਤ ਪਾਕਿਸਤਾਨ ਦੇ ਰਾਵਲਪਿੰਡੀ ਦੀ ਰਹਿਣ ਵਾਲੀ ਨਜ਼ਮੀ ਰਿਜ਼ਵੀ ਸੀ ਤੇ ਉਸ ਕੋਲ ਤਾਂ ਰਾਜਸਥਾਨ ਆਉਣ ਦਾ ਵੀਜ਼ਾ ਵੀ ਨਹੀਂ ਸੀ।

ਰਾਣਾ ਸੋਢੀ ਹੁਣ ਜੋ ਵੀ ਸਫਾਈਆਂ ਦੇਈ ਜਾਵੇ, ਇਹ ਸੱਚ ਆਪਣੀ ਥਾਂ ਸਾਬਤ ਹੋ ਚੁੱਕਾ ਹੈ ਕਿ ਉਸ ਨੂੰ ਆਪਣਾ ਫਰੈਂਡ ਦੱਸ ਕੇ ਤੇ ਉਸ ਦੇ ਘਰ ਦਾ ਸੰਪਰਕ ਸਿਰਨਾਵਾਂ ਦੇ ਕੇ ਆਈ ਉਸ ਔਰਤ ਨੇ ਰਾਜਸਥਾਨ ਦਾ ਵੀ ਵੀਜ਼ਾ ਮੰਗਿਆ ਸੀ, ਜੋ ਉਸ ਨੂੰ ਮਿਲਿਆ ਨਹੀਂ ਸੀ। ਉਸ ਦੇ ਵੀਜ਼ੇ ਵਿਚ ਦਿੱਲੀ, ਆਗਰਾ, ਚੰਡੀਗੜ੍ਹ ਤੇ ਨਾਲ ਲੱਗਦੇ ਪੰਚਕੂਲਾ ਵਿਚ ਰਾਣਾ ਸੋਢੀ ਦਾ ਘਰ ਹੋਣ ਕਰਕੇ ਸਿਰਫ ਓਥੋਂ ਤੱਕ ਜਾਣ ਦੀ ਆਗਿਆ ਸ਼ਾਮਲ ਸੀ। ਆਗਿਆ ਨਾ ਹੋਣ ਦੇ ਬਾਵਜੂਦ ਉਹ ਗੁਪਤ ਤਰੀਕੇ ਨਾਲ ਅਜਮੇਰ ਦੀ ਯਾਤਰਾ ਵੀ ਕਰ ਆਈ, ਜੋ ਕਿ ਰਾਜਸਥਾਨ ਵਿਚ ਹੀ ਪੈਂਦਾ ਹੈ ਤੇ ਫਿਰ ਰਾਜਸਥਾਨ ਦੀ ਰਾਜਧਾਨੀ ਜੈਪੁਰ ਦੇ ਪੰਜ ਤਾਰਾ ਹੋਟਲ ਵਿਚ ਵੀ ਆਣ ਠਹਿਰੀ। ਕਿਸੇ ਵੀ ਥਾਂ ਉਸ ਨੇ ਇਹ ਭੇਦ ਨਹੀਂ ਦੱਸਿਆ ਕਿ ਉਹ ਪਾਕਿਸਤਾਨੀ ਨਾਗਰਿਕ ਹੈ ਤੇ ਇਹ ਗੱਲ ਲੁਕਾਵਣ ਦੀ ਬਦਨੀਤ ਨਾਲ ਰਾਣਾ ਸੋਢੀ ਨੇ ਵੀ ਉਸ ਦਾ ਅਸਲੀ ਨਾਂਅ ਤੇ ਥਾਂ ਲੁਕਾ ਕੇ ਉਸ ਨੂੰ ਆਪਣੇ ਪਰਿਵਾਰ ਦਾ ਜੀਅ ਬਣਾ ਕੇ ਠਹਿਰਾਇਆ। ਹੁਣ ਰਾਣਾ ਸੋਢੀ ਇਹ ਕਹਿੰਦਾ ਹੈ ਕਿ ਉਸ ਦੀ ਮਹਿਮਾਨ ਕੋਲ ਕਿਸ ਤਰ੍ਹਾਂ ਦਾ ਵੀਜ਼ਾ ਹੈ ਤੇ ਕਿੱਥੇ ਜਾਣ ਦੀ ਆਗਿਆ ਨਹੀਂ, ਇਹ ਪੁੱਛਣਾ ਉਸ ਦੀ ਜ਼ਿੰਮੇਵਾਰੀ ਨਹੀਂ ਸੀ। ਮੀਸਣਾਪਣ ਕਰਕੇ ਬਾਹਲਾ ਮਾਸੂਮ ਬਣਨ ਜਾ ਰਹੇ ਰਾਣਾ ਸੋਢੀ ਨੂੰ ਇਨ੍ਹਾਂ ਗੱਲਾਂ ਬਾਰੇ ਭੁਲੇਖਾ ਨਹੀਂ ਹੋ ਸਕਦਾ। ਉਹ ਦੋ ਵਾਰੀ ਦਾ ਐਮ. ਐਲ. ਏ. ਹੋਣ ਤੋਂ ਇਲਾਵਾ ਪਿਛਲੀ ਸਰਕਾਰ ਮੌਕੇ ਮੁੱਖ ਮੰਤਰੀ ਦਾ ਸਪੈਸ਼ਲ ਡਿਊਟੀ ਅਫਸਰ ਵੀ ਰਹਿ ਚੁੱਕਾ ਹੈ ਤੇ ਇਸ ਦੌਰਾਨ ਇਹੋ ਜਿਹੇ ਮਾਮਲਿਆ ਦਾ ਗਿਆਨ ਹੋਣਾ ਆਮ ਗੱਲ ਹੁੰਦੀ ਹੈ।

ਨਜ਼ਮੀ ਰਿਜ਼ਵੀ ਆਪਣੀ ਪਛਾਣ ਜ਼ਾਹਰ ਹੋਣ ਮਗਰੋਂ ਜਿਵੇਂ ਹਫੜਾ-ਦਫੜੀ ਵਿਚ ਪਾਕਿਸਤਾਨ ਨੂੰ ਦੌੜ ਗਈ, ਉਸ ਨਾਲ ਉਸ ਦੇ ਇਰਾਦੇ ਵੀ ਸ਼ੱਕੀ ਸਮਝੇ ਜਾ ਸਕਦੇ ਹਨ ਤੇ ਰਾਣਾ ਸੋਢੀ ਵੀ ਸ਼ੱਕ ਤੋਂ ਪਰ੍ਹੇ ਨਹੀਂ ਰੱਖਿਆ ਜਾ ਸਕਦਾ। ਸਵਾਲ ਇਹ ਉਠਣਾ ਸੁਭਾਵਕ ਹੈ ਕਿ ਜਦੋਂ ਪਾਕਿਸਤਾਨੀ ਮੂਲ ਦੇ ਅਮਰੀਕੀ ਬਣ ਚੁੱਕੇ ਦਹਿਸ਼ਤਗਰਦ ਡੇਵਿਡ ਕੋਲਮੈਨ ਹੈਡਲੀ ਵਲੋਂ ਪਛਾਣ ਲੁਕਾ ਕੇ ਵੱਖ-ਵੱਖ ਥਾਈਂ ਠਹਿਰਨ ਦੀਆਂ ਖ਼ਬਰਾਂ ਹਰ ਪਾਸੇ ਗਰਮ ਸਨ, ਕਿਸੇ ਹੋਟਲ ਵਿਚ ਪਛਾਣ ਲੁਕਾ ਕੇ ਰਾਤ ਕੱਟਣ ਕਾਰਨ ਫਿਲਮ ਐਕਟਰ ਆਮਿਰ ਖਾਨ ਤੇ ਸੰਬੰਧਤ ਹੋਟਲ ਨੂੰ ਵੀ ਨੋਟਿਸ ਜਾਰੀ ਹੋ ਰਹੇ ਸਨ, ਓਦੋਂ ਰਾਣਾ ਸੋਢੀ ਨੇ ਇਕ ਪਾਕਿਸਤਾਨੀ ਨਾਗਰਿਕ ਦੀ ਪਛਾਣ, ਭਾਰਤੀ ਏਜੰਸੀਆਂ ਤੋਂ ਕਿਉਂ ਲੁਕਾਈ? ਇਹ ਮਾਮਲਾ ਪਹਿਲੀ ਨਜ਼ਰੇ ਫੌਰੀ ਤੌਰ 'ਤੇ ਮੁਕੱਦਮਾ ਦਰਜ ਕੀਤੇ ਜਾਣ ਦੇ ਯੋਗ ਜਾਪਦਾ ਹੈ। ਸ਼ਾਸਇਦ ਏਦਾਂ ਹੋ ਵੀ ਜਾਵੇਗਾ। ਜੇ ਨਹੀਂ ਹੁੰਦਾ ਤਾਂ ਵਿਰੋਧੀ ਧਿਰ ਇਹ ਦੋਸ਼ ਲਾਵੇਗੀ ਕਿ ਪੰਜਾਬ ਦੇ ਕਾਂਗਰਸੀ ਵਿਧਾਇਕ ਦੀ ਕਰਤੂਤ ਲੁਕਾਉਣ ਲਈ ਰਾਜਸਥਾਨ ਦੀ ਕਾਂਗਰਸੀ ਸਰਕਾਰ ਨੇ ਰਾਹ ਸੌਖਾ ਕਰ ਦਿੱਤਾ ਹੈ। ਇਹ ਕਾਂਗਰਸ ਪਾਰਟੀ ਲਈ ਨਮੋਸ਼ੀ ਦਾ ਇਕ ਹੋਰ ਕਾਰਨ ਬਣੇਗਾ।

ਤੇ ਇਹ ਮਾਮਲਾ ਓਦੋਂ ਵਾਪਰਿਆ ਹੈ,ਜਦੋਂ ਹਾਲੇ ਇਕ ਹਫਤਾ ਪਹਿਲਾਂ ਪੰਜਾਬ ਕਾਂਗਰਸ ਦੇ ਨਾਭਾ ਵਾਲੇ ਵਿਧਾਇਕ ਦੇ ਸਾਲੇ ਦਾ ਮੁੱਦਾ ਅਖ਼ਬਾਰਾਂ ਵਿਚ ਆ ਚੁੱਕਾ ਸੀ। ਉਸ ਵਿਧਾਇਕ ਦੀ ਪਤਨੀ ਅਫਗਾਨਿਸਤਾਨੀ ਮੂਲ ਦੀ ਦੱਸੀ ਜਾਂਦੀ ਹੈ। ਪਤਨੀ ਦਾ ਅਫਗਾਨ ਭਰਾ ਕਈ ਸਾਲ ਪਹਿਲਾਂ ਵਿਦਿਆਰਥੀ ਵੀਜ਼ੇ 'ਤੇ ਭਾਰਤ ਆਇਆ, ਫਿਰ ਉਸ ਨੇ ਸ਼ਰਨਾਰਥੀ ਬਣ ਕੇ ਕਾਰਡ ਬਣਵਾ ਲਿਆ। ਕੁਝ ਸਮੇਂ ਬਾਅਦ ਉਸ ਨੇ ਆਪਣਾ ਨਾਂਅ, ਪਿਤਾ ਦਾ ਨਾਂਅ ਤੇ ਹੋਰ ਸੰਬੰਧਤ ਵੇਰਵਾ ਬਦਲ ਕੇ ਭਾਰਤੀ ਪਾਸਪੋਰਟ ਬਣਵਾ ਲਿਆ। ਆਖਰ ਉਹ ਚੰਡੀਗੜ੍ਹ ਪੁਲਸ ਦੇ ਕਾਬੂ ਆ ਗਿਆ। ਬਦਨਾਮੀ ਉਸ ਮਾਮਲੇ ਵਿਚ ਵੀ ਕਾਂਗਰਸ ਪਾਰਟੀ ਦੀ ਹੋ ਰਹੀ ਹੈ।

ਇਨ੍ਹਾਂ ਦੋਵਾਂ ਦੇ ਨਾਲ ਤੀਜਾ ਮੁੱਦਾ ਜਲੰਧਰ ਵਾਲੇ ਸਾਬਕਾ ਕਾਂਗਰਸੀ ਵਿਧਾਇਕ ਅਵਤਾਰ ਹੈਨਰੀ ਦਾ ਜੁੜਦਾ ਹੈ।ਘਰ ਵਿਚ ਜਾਇਦਾਦ ਦੇ ਝਗੜੇ ਤੋਂ ਗੁੱਸੇ ਵਿਚ ਆ ਕੇ ਹੈਨਰੀ ਦੇ ਪੁੱਤਰ ਨੇ ਏਨਾ ਖਿਲਾਰਾ ਪਾ ਦਿੱਤਾ ਹੈ ਕਿ ਸੌਖੇ ਕੀਤੇ ਸਮੇਟਿਆ ਨਹੀਂ ਜਾਣਾ। ਉਸ ਵਿਵਾਦ ਵਿਚ ਅਵਤਾਰ ਹੈਨਰੀ 'ਤੇ ਦੋਹਰੇ ਵਿਆਹ ਤੋਂ ਲੈ ਕੇ ਦੋਹਰੀ ਨਾਗਰਿਕਤਾ ਤੱਕ ਦੇ ਗੰਭੀਰ ਦੂਸ਼ਣ ਲਾਏ ਗਏ ਹਨ, ਜਿਨ੍ਹਾਂ ਦੀ ਪੰਜਾਬ ਵਿਚ ਵੀ ਪੜਤਾਲ ਚੱਲ ਰਹੀ ਹੈ ਤੇ ਬਰਤਾਨੀਆ ਵਿਚ ਵੀ। ਇਹੋ ਜਿਹੇ ਮਾਮਲੇ ਕਈ ਹੋਰ ਕਾਂਗਰਸੀ ਆਗੂਆਂ ਵਿਰੁਧ ਵੀ ਚੱਲ ਰਹੇ ਹਨ, ਪਰ ਪਾਰਟੀ ਹਾਈਕਮਾਨ ਆਮ ਕਰਕੇ ਜ਼ੁਬਾਨ ਦੱਬੀ ਰੱਖਦੀ ਸੀ, ਜੋ ਹੁਣ ਰਾਣਾ ਸੋਢੀ ਦੇ ਕਿੱਸੇ ਨੇ ਸਾਰੇ ਬਾਹਰ ਕਢਵਾ ਦੇਣੇ ਹਨ।

ਰਾਣਾ ਸੋਢੀ ਦਾ ਮਾਮਲਾ ਨਿਰਾ ਇਮੀਗਰੇਸ਼ਨ ਦੇ ਨਿਯਮਾਂ ਨੂੰ ਉਲੰਘਣ ਦਾ ਨਹੀਂ, ਕਿਰਦਾਰ ਬਾਰੇ ਸ਼ੰਕਿਆਂ ਦਾ ਵੀ ਹੈ। ਪਾਕਿਸਤਾਨ ਤੋਂ ਆਉਂਦੀ ਇਕ ਬੀਬੀ ਅਰੂਸਾ ਆਲਮ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨੇੜਤਾ ਦੇ ਕਿੱਸੇ ਪਹਿਲਾਂ ਹੀ ਪ੍ਰਚੱਲਤ ਸਨ। ਲੋਕੀਂ ਤਾਂ ਇਥੋਂ ਤਕ ਕਹਿੰਦੇ ਸਨ ਕਿ ਇਨ੍ਹਾਂ ਸੰਬੰਧਾਂ ਦਾ ਸੇਕ ਪਟਿਆਲਾ ਦੇ ਮੋਤੀ ਮਹਿਲ ਤੱਕ ਵੀ ਪਹੁੰਚ ਚੁੱਕਾ ਹੈ ਤੇ ਨਤੀਜੇ ਵਜੋਂ ਪੈਦਾ ਹੋਈ ਕੁੜੱਤਣ ਬਨੂੜ ਦੀ ਜ਼ਿਮਨੀ ਚੋਣ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਉਸ ਦੀ ਪਤਨੀ ਪ੍ਰਨੀਤ ਕੌਰ ਵਲੋਂ ਵੱਖ-ਵੱਖ ਉਮੀਦਵਾਰਾਂ ਨੂੰ ਟਿਕਟ ਦਿਵਾਉਣ ਲਈ ਜ਼ੋਰ ਲਾਉਣ ਤੱਕ ਵੀ ਪਹੁੰਚ ਗਈ ਸੀ। ਹੁਣ ਜਿਸ ਬੀਬੀ ਨਜ਼ਮੀ ਰਿਜ਼ਵੀ ਦਾ ਨਾਂਅ ਚਰਚਾ ਵਿਚ ਆਇਆ ਹੈ, ਉਹ ਵੀ ਓਸੇ ਆਰੂਸਾ ਆਲਮ ਦੇ ਸੰਪਰਕ ਵਾਲੀ ਗਿਣੀ ਜਾਂਦੀ ਹੈ ਤੇ ਕਿਹਾ ਜਾਂਦਾ ਹੈ ਕਿ ਰਾਣਾ ਸੋਢੀ ਨਾਲ ਉਸ ਦੀ ਸਾਂਝ ਵੀ ਅਰੂਸਾ ਆਲਮ ਦੇ ਰਾਹੀਂ ਹੀ ਹੋਈ ਸੀ। ਰਾਣਾ ਸੋਢੀ ਇਸ ਬਾਰੇ ਕੁਝ ਬੋਲਦਾ ਹੀ ਨਹੀਂ। ਅਸੀਂ ਬਿਲਕੁਲ ਨਹੀਂ ਕਹਿੰਦੇ ਕਿ ਰਾਣਾ ਸੋਢੀ ਤੇ ਨਜ਼ਮੀ ਰਿਜ਼ਵੀ ਦੇ ਸੰਬੰਧ ਓਹੋ ਜਿਹੇ ਹੀ ਹੋਣਗੇ, ਜਿਹੋ ਜਿਹੇ ਕਹੇ ਜਾ ਰਹੇ ਹਨ, ਪਰ ਕਾਂਗਰਸੀ ਆਗੂਆਂ ਦਾ ਪਿਛਲਾ ਕਿਰਦਾਰ ਖੰਭਾਂ ਦੀਆਂ ਵੀ ਡਾਰਾਂ ਬਣਾ ਸਕਦਾ ਹੈ। ਹਾਲੇ ਬਹੁਤੇ ਸਾਲ ਨਹੀਂ ਹੋਏ, ਜਦੋਂ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਚੋਣ ਪ੍ਰਚਾਰ ਲਈ ਗਈ ਪੰਜਾਬ ਦੇ ਕਾਂਗਰਸ ਮੰਤਰੀਆਂ ਦੀ ਇਕ ਤਰਕਿੜੀ ਆਪਣੇ ਕਿਰਦਾਰ ਦਾ ਕੂੜਾ ਖਿਲਾਰ ਕੇ ਪਰਤੀ ਸੀ। ਤਿੰਨੇ ਮੰਤਰੀਆਂ ਬਾਰੇ ਸਾਰੇ ਪਾਸੇ ਹਰ ਮੰਦੀ ਗੱਲ ਕਹੀ ਤੇ ਸੁਣੀ ਗਈ ਸੀ, ਪਰ ਪਿੱਛੋਂ ਪਾਰਟੀ ਹਾਈਕਮਾਨ ਨੇ ਇਸ 'ਤੇ ਘੱਟਾ ਪਾ ਦਿੱਤਾ ਸੀ। ਕਿਉਂਕਿ ਫੋਲਣ ਲੱਗਦੇ ਤਾਂ ਮੁਸ਼ਕ ਮਾਰਦੀਆਂ ਲੀਰਾਂ ਵਾਲਾ ਸਾਰਾ ਖਿੱਦੋ ਖੁੱਲ੍ਹ ਜਾਣਾ ਸੀ। ਸਫਾਈਆਂ ਦੇਣ ਵਾਲੇ ਮੰਤਰੀ ਵੀ ਆਪਣੇ ਬਾਰੇ ਘੱਟ ਗੱਲਾਂ ਕਰਦੇ ਸਨ ਤੇ ਬਹੁਤਾ ਇਹ ਕਹਿੰਦੇ ਸਨ ਕਿ ਪੜਤਾਲ ਕਰਵਾ ਕੇ ਵੇਖ ਲਵੋ, ਮਾਮਲਾ ਸਿਰਫ ਗੁਜਰਾਤ ਦੀ ਰਾਜਧਾਨੀ ਤੱਕ ਸੀਮਤ ਨਹੀਂ ਰਹਿ ਜਾਣਾ, ਚੰਡੀਗੜ੍ਹ ਵਿਚ ਚਲਦੇ ਚੱਕਰਾਂ ਤੋਂ ਵੀ ਪੰਜਾਬ ਦੇ ਲੋਕ ਜਾਣੂ ਹੋ ਜਾਣਗੇ। ਇਹ ਬਲੈਕਮੇਲ ਕੰਮ ਕਰ ਗਿਆ ਤੇ ਨਤੀਜੇ ਵਜੋਂ ਚੰਡੀਗੜ੍ਹ ਵਿਚ ਬੈਠੇ ਜਿਹੜੇ ਸੱਜਣਾਂ ਨੇ ਖ਼ਬਰ ਲੀਕ ਕੀਤੀ ਸੀ, ਉਹੋ ਹੀ ਡੈਮੇਜ ਕੰਟਰੋਲ ਐਕਸਰਸਾਈਜ਼ ਕਰਦੇ ਫਿਰਦੇ ਸਨ।

ਆਖਰ ਕਿਹੜੇ ਚੱਕਰ ਚਲਦੇ ਸਨ ਚੰਡੀਗੜ੍ਹ ਵਿਚ, ਜਿਨ੍ਹਾਂ ਦਾ ਭੇਦ ਜ਼ਾਹਰ ਹੋਣ ਤੋਂ ਕਾਂਗਰਸ ਹਾਈਕਮਾਨ ਡਰ ਗਈ ਸੀ? ਇਸ ਦੀ ਇਕ ਮਿਸਾਲ ਉਹ ਸੀ, ਜਦੋਂ ਪੰਚਕੂਲੇ ਦੀ ਇਕ ਕੋਠੀ ਵਿਚ ਪੰਜਾਬ ਸਰਕਾਰ ਦੇ ਇਕ ਸਿਖਰਲੇ ਅਫਸਰ ਦੀ ਪਤਨੀ ਉਸ ਤੋਂ ਕਈ ਦਰਜੇ ਜੂਨੀਅਰ ਨੌਜਵਾਨ ਅਫਸਰ ਨਾਲ ਸ਼ੱਕੀ ਹਾਲਾਤ ਵਿਚ ਫੜੀ ਗਈ ਸੀ। ਛਾਪਾ ਵੀ ਇਹ ਪੰਜਾਬ ਦੇ ਰਾਜ ਦਰਬਾਰ ਦੇ ਹੀ ਇਕ ਅਹਿਲਕਾਰ ਨੇ ਹਰਿਆਣਾ ਪੁਲਿਸ ਨੂੰ ਸੂਚਨਾ ਦੇ ਕੇ ਮਰਵਾਇਆ ਸੀ। ਦੋਵਾਂ ਨੂੰ ਥਾਣੇ ਲਿਜਾਏ ਜਾਣ ਪਿੱਛੋਂ ਸ਼ਨਾਖਤ ਪਤਾ ਲੱਗਣ 'ਤੇ ਹਰਿਆਣਾ ਪੁਲਸ ਨੇ ਚੇਤਾਵਨੀ ਦੇ ਕੇ ਛੱਡਣਾ ਸੀ ਤਾਂ ਕਾਗਜ਼ੀ ਖਾਨਾਪੂਰੀ ਲਈ ਉਸ ਆਈ. ਏ. ਐਸ. ਅਫਸਰ ਨੂੰ ਉਸ ਦੇ ਡਰਾਈਵਰ ਦੀ ਸਪੁਰਦਦਾਰੀ 'ਤੇ ਛੱਡਿਆ ਗਿਆ ਤੇ ਨਾਲ ਫੜੀ ਗਈ ਔਰਤ ਨੂੰ ਲੈਣ ਦੀ ਪ੍ਰਵਾਰ ਦਾ ਕੋਈ ਜੀਅ ਅੱਗੇ ਨਾ ਆਉਣ ਕਰਕੇ ਉਸ ਦਾ ਧੋਬੀ ਬੁਲਾ ਕੇ ਉਸ ਦੇ ਸਪੁਰਦ ਕਰਨ ਦੇ ਕਾਗਜ਼ ਬਣਾਉਣੇ ਪਏ ਸਨ। ਸਾਰਾ ਕੁਝ ਹੋ ਚੁੱਕਣ ਮਗਰੋਂ ਹਰ ਪਾਸੇ ਚਰਚਾ ਸੀ ਕਿ ਰਾਜ ਦਰਬਾਰ ਵਿਚ ਸਰਗਰਮ ਦਲਾਲ ਇਕ ਦੂਜੇ ਤੋਂ ਅੱਗੇ ਨਿਕਲ ਜਾਣ ਲਈ ਏਦਾਂ ਦੀਆਂ ਹਰਕਤਾਂ ਕਰ ਰਹੇ ਹਨ, ਜਿਹੜੀਆਂ ਮੁੱਖ ਮੰਤਰੀ ਲਈ ਵੀ ਮੁਸ਼ਕਲਾਂ ਵਧਾ ਰਹੀਆਂ ਹਨ ਤੇ ਉਸ ਦੀ ਪਾਰਟੀ ਲਈ ਵੀ।

ਇਸ ਤੋਂ ਪਹਿਲਾਂ ਜਦੋਂ ਬੇਅੰਤ ਸਿੰਘ ਮੁੱਖ ਮੰਤਰੀ ਸੀ, ਓਦੋਂ ਵੀ ਕੁਝ ਵਾਪਰਿਆ ਸੀ। ਗੱਲ ਸਿਰਫ ਇਹ ਨਹੀਂ ਕਿ ਓਦੋਂ ਉਸ ਦਾ ਪੋਤਰਾ ਇਕ ਫਰਾਂਸੀਸੀ ਕੁੜੀ 'ਤੇ ਜਿਨਸੀ ਹਮਲੇ ਦੇ ਮਾਮਲੇ ਵਿਚ ਪੰਜਾਬ ਪੁਲਸ ਨੂੰ ਗ੍ਰਿਫ਼ਤਾਰ ਕਰਨਾ ਪਿਆ ਸੀ, ਸਗੋਂ ਪੰਜਾਬ ਦੇ ਇਕ ਕਾਂਗਰਸੀ ਵਿਧਾਇਕ ਦਾ ਨਾਂਅ ਵੀ ਆਪਣੀ ਇਕ ਰਿਸ਼ਤੇਦਾਰ ਨੂੰ ਨਾਲ ਲਈ ਫਿਰਨ ਕਰਕੇ ਖੂਬ ਉਛਲਿਆ ਸੀ। ਅਜਿਹੀ ਚਰਚਾ ਓਦੋਂ ਜ਼ਿਆਦਾ ਵਧੀ ਸੀ, ਜਦੋਂ ਉਹ ਉਸ ਰਿਸ਼ਤੇਦਾਰਨੀ ਨੂੰ ਵਿਧਾਇਕਾਂ ਦੇ ਹੋਸਟਲ ਵਿਚ ਵੀ ਲੈ ਗਿਆ ਸੀ। ਜਾਪਦਾ ਸੀ ਕਿ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਬਲਦੇਵ ਸਿੰਘ ਭੱਟੀ ਵਾਂਗੂ ਉਨ੍ਹਾਂ ਨੂੰ ਵੀ ਕੱਢ ਦਿੱਤਾ ਜਾਵੇਗਾ, ਪਰ ਪਾਰਟੀ ਅੰਦਰਲੇ ਉਹਦੇ ਵਰਗਿਆਂ ਨੇ ਜ਼ੋਰ ਲਾ ਕੇ ਬਚਾ ਲਿਆ ਸੀ।

ਬਿਨਾਂ ਸ਼ੱਕ ਏਦਾਂ ਦੇ ਮਾਮਲੇ ਕੁਝ ਹੋਰਨਾਂ ਪਾਰਟੀਆਂ ਅੰਦਰ ਵੀ ਵਾਪਰਦੇ ਰਹਿੰਦੇ ਹਨ, ਪਰ ਕਾਂਗਰਸ ਵਿਚ ਕੁਝ ਜ਼ਿਆਦਾ ਹੀ ਆਮ ਹੁੰਦੇ ਜਾ ਰਹੇ ਹਨ। ਤਾਜ਼ਾ-ਤਾਜ਼ਾ ਕਿੱਸਾ ਨਾਰਾਇਣ ਦੱਤ ਤਿਵਾੜੀ ਦਾ ਵੀ ਹੈ। ਉਹ ਪਿਛਲੇ ਮਹੀਨੇ ਤੱਕ ਆਂਧਰਾ ਪ੍ਰਦੇਸ਼ ਦਾ ਗਵਰਨਰ ਹੁੰਦਾ ਸੀ। ਭਾਰਤ ਦੇ ਤੀਜੇ ਵੱਡੇ ਰਾਜ ਦਾ ਗਵਰਨਰ ਨਾਰਾਇਣ ਦੱਤ ਤਿਵਾੜੀ ਇਕ ਦਿਨ ਟੈਲੀਵੀਜ਼ਨ ਕੈਮਰਿਆਂ 'ਤੇ ਆਪਣੀ ਪੋਤਰੀ ਦੀ ਉਮਰ ਦੀਆਂ ਕੁੜੀਆਂ ਨਾਲ ਸਲਮਾਨ ਖ਼ਾਨ ਤੇ ਕੈਟਰੀਨਾ ਕੈਫ ਵਰਗੀ ਅਦਾਕਾਰੀ ਕਰਦਾ ਵਿਖਾਇਆ ਗਿਆ। ਤਿੰਨਾਂ ਦਿਨਾਂ ਦੇ ਅੰਦਰ-ਅੰਦਰ ਉਸ ਨੂੰ ਅਸਤੀਫਾ ਦੇਣਾ ਪੈ ਗਿਆ। ਉਸ ਦਾ ਅਸਤੀਫਾ ਮੰਗ ਕੇ ਕਾਂਗਰਸ ਹਾਈਕਮਾਨ ਨੇ ਆਪਣੇ ਉਚ ਆਦਰਸ਼ਾਂ ਦੀ ਪਹਿਰੇਦਾਰ ਹੋਣ ਦਾ ਭਰਮ ਪਾਉਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਜਦੋਂ ਉਸ ਨੂੰ ਗਵਰਨਰ ਲਾਇਆ ਸੀ, ਓਦੋਂ ਉਸ ਦਾ ਪਿਛੋਕੜ ਕਿਉਂ ਨਹੀਂ ਸੀ ਵੇਖਿਆ ਗਿਆ? ਇਸੇ ਨਾਰਾਇਣ ਦੱਤ ਤਿਵਾੜੀ ਬਾਰੇ ਐਮਰਜੈਂਸੀ ਦੇ ਦਿਨਾਂ ਤੋਂ ਜਦੋਂ ਉਹ ਯੂ. ਪੀ. ਦਾ ਮੁੱਖ ਮੰਤਰੀ ਸੀ ਤੇ ਸੰਜੇ ਗਾਂਧੀ ਦਾ ਸੇਵਾਦਾਰ ਹੁੰਦਾ ਸੀ, ਕਈ ਕਿਸਮ ਦੇ ਕਿੰਤੂ ਉਠਦੇ ਰਹੇ ਸਨ। ਗਵਰਨਰ ਲਾਏ ਜਾਣ ਤੋਂ ਪਹਿਲਾਂ ਇਸ ਦੇ ਵਿਰੁਧ ਇਕ ਨੌਜਵਾਨ ਵਲੋਂ ਇਹ ਮੁਕੱਦਮਾ ਵੀ ਦਾਇਰ ਕੀਤਾ ਜਾ ਚੁੱਕਾ ਸੀ ਕਿ ਉਹ ਨਾਰਾਇਣ ਦੱਤ ਤਿਵਾੜੀ ਦੀ ਨਾਜਾਇਜ਼ ਔਲਾਦ ਹੈ। ਉਹ ਨੌਜਵਾਨ ਕਿਸੇ ਜਾਇਦਾਦ ਵਿਚੋਂ ਹਿੱਸਾ ਨਹੀਂ, ਸਿਰਫ ਔਲਾਦ ਵਜੋਂ ਪਿਤਾ ਦੀ ਥਾਂ ਨਾਰਾਇਣ ਦੱਤ ਤਿਵਾੜੀ ਦਾ ਨਾਂਅ ਲਿਖੇ ਜਾਣ ਦੇ ਹੱਕ ਦੀ ਮੰਗ ਕਰ ਰਿਹਾ ਸੀ। ਓਦੋਂ ਰੱਦ ਕੀਤਾ ਗਿਆ ਉਹ ਮੁਕੱਦਮਾ ਵੀ ਹੁਣ ਫਿਰ ਉਠ ਖੜੋਤਾ ਹੈ।

ਕਾਂਗਰਸੀ ਸੱਭਿਆਚਾਰ ਹੁਣ ਕੋਈ ਸੁਲੱਖਣਾ ਨਹੀਂ ਗਿਣਿਆ ਜਾ ਰਿਹਾ। ਇਸ ਪਾਰਟੀ ਦੇ ਕਿਸੇ ਅਗੂ ਬਾਰੇ ਕੁਝ ਵੀ ਕਹਿ ਦੇਵੋ ਤਾਂ ਲੋਕ ਉਸ ਗੱਲ ਨੂੰ ਹਜ਼ਮ ਕਰਨ ਵਿਚ ਝਿਜਕ ਨਹੀਂ ਵਿਖਾਉਂਦੇ। ਆਪਣਾ ਇਹੋ ਜਿਹਾ ਅਕਸ ਖੁਦ ਕਾਂਗਰਸੀ ਆਗੂਆਂ ਨੇ ਬਣਾਇਆ ਹੈ। ਹਾਲੇ ਵੀ ਉਹ ਵਾਦੜੀਆਂ-ਸਜਾਦੜੀਆਂ ਨੂੰ ਛੱਡਣ ਲਈ ਤਿਆਰ ਨਹੀਂ। ਰਾਣਾ ਗੁਰਮੀਤ ਸਿੰਘ ਸੋਢੀ ਦਾ ਤਾਜ਼ਾ ਕਿੱਸਾ ਵੀ ਉਸੇ ਲੰਮੀ ਲੜੀ ਦਾ ਕੁੰਡਾ ਹੈ। ਜੇ ਹੁਣ ਵੀ ਕਾਂਗਰਸ ਹਾਈਕਮਾਨ ਸਖ਼ਤੀ ਨਹੀਂ ਕਰਦੀ ਤਾਂ ਇਸ ਪਾਰਟੀ ਨੂੰ ਵਿਰੋਧੀਆਂ ਦੀ ਲੋੜ ਨਹੀਂ, ਨਾਰਾਇਣ ਦਾ ਨਾਂਅ ਜਪਣ ਦੀ ਉਮਰੇ ਵੀ ਕਲੋਲਾਂ ਕਰਦੇ ਨਰਾਇਣ ਦੱਤਾਂ ਤੇ ਰਾਣੇ ਸੋਢੀ ਵਰਗਿਆਂ ਨੇ ਹੀ ਇਸ ਦੇ ਪੱਲੇ ਕੱਖ ਨਹੀਂ ਰਹਿਣ ਦੇਣਾ।

## ਕਸੂਰ ਸਾਬਤ ਹੋਇਆ ਤਾਂ ਵਿਧਾਇਕ ਨਹੀਂ ਰਹਾਂਗਾ-ਰਾਣਾ ਸੋਢੀ

**-ਰਾਣਾ ਸੋਢੀ ਮਿਲੇ ਮੋਹਸਿਨਾ ਨੂੰ**
**-ਖ਼ੁਦ ਨੂੰ ਬੇਕਸੂਰ ਦੱਸਿਆ**

**ਚੰਡੀਗੜ੍ਹ:** ਕਾਂਗਰਸ ਦੇ ਹਰਸਹਾਏ ਤੋਂ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਹੈ ਕਿ ਉਹ ਬਿਲਕੁਲ ਬੇਕਸੂਰ ਹਨ ਅਤੇ ਜੇਕਰ ਉਨ੍ਹਾਂ ਖਿਲਾਫ ਇਕ ਵੀ ਦੋਸ਼ ਸਾਬਤ ਹੋ ਗਿਆ ਤਾਂ ਉਹ ਵਿਧਾਨ ਸਭਾ ਸੀਟ ਤੋਂ ਅਸਤੀਫਾ ਦੇ ਦੇਣਗੇ।

ਲੰਘੀ 7 ਜਨਵਰੀ ਨੂੰ ਬਾਅਦ ਦੁਪਹਿਰ ਉਨ੍ਹਾਂ ਦੱਸਿਆ, ''ਮੈਂ ਬਿਲਕੁਲ ਨਿਰਦੋਸ਼ ਹਾਂ। ਜਿਹੜੇ ਮੇਰੇ ਚਰਿੱਤਰ ਦਾ ਘਾਣ ਕਰਨ 'ਤੇ ਤੁਲੇ ਹੋਏ ਹਨ, ਜੇਕਰ ਉਹ ਇਕ ਵੀ ਦੋਸ਼ ਸਾਬਤ ਕਰ ਸਕੇ ਤਾਂ ਮੈਂ ਕਿਸੇ ਵੀ ਸਜ਼ਾ ਲਈ ਤਿਆਰ ਹਾਂ। ਮੈਂ ਇਸ ਗੱਲ ਨੂੰ ਭਲੀ ਭਾਂਤ ਜਾਣਦਾ ਹਾਂ ਕਿ ਮੈਂ ਲੋਕਾਂ ਦਾ ਨੁਮਾਇੰਦਾ ਹਾਂ ਅਤੇ ਮੈਨੂੰ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਹੈ। ਮੈਂ ਕੋਈ ਗਲਤ ਕੰਮ ਨਹੀਂ ਕੀਤਾ। ਅਣਜਾਣੇ ਵਿਚ ਜੇਕਰ ਮੇਰੇ ਪਰਿਵਾਰ ਦੀ ਕਿਸੇ ਮਿੱਤਰ ਵਲੋਂ ਕੋਈ ਗਲਤੀ ਹੁੰਦੀ ਹੈ ਤਾਂ ਰਾਈ ਦਾ ਪਹਾੜ ਨਹੀਂ ਬਣਾ ਦੇਣਾ ਚਾਹੀਦਾ।'' ਵਿਧਾਇਕ ਮੁਤਾਬਕ, ''ਜੈਪੁਰ ਦੇ ਇਕ ਪੰਜ ਤਾਰਾ ਹੋਟਲ ਵਿਚ ਮੈਂ ਆਪਣੇ ਤੇ ਪਰਿਵਾਰ ਲਈ ਤਿੰਨ ਕਮਰੇ ਬੁੱਕ ਕਰਵਾਏ। ਹੋਟਲ ਵਾਲਿਆਂ ਨੇ ਮੇਰੀ ਪਛਾਣ ਪੁੱਛੀ ਤਾਂ ਮੈਂ ਆਪਣਾ ਡਰਾਈਵਿੰਗ ਲਾਈਸੈਂਸ ਦਿਖਾ ਦਿੱਤਾ। ਜੈਪੁਰ ਦੌਰਾਨ ਮੈਨੂੰ ਨਜ਼ਮੀ ਰਿਜ਼ਵੀ ਦਾ ਫੋਨ ਆਇਆ ਕਿ ਉਹ ਇਤਿਹਾਸਕ ਦਰਗਾਹ ਅਜਮੇਰ ਸ਼ਰੀਫ ਜਾਣਾ ਚਾਹੁੰਦੀ ਹੈ। ਮੈਂ ਉਸ ਨੂੰ ਸਹਿਜੇ ਹੀ ਆਖ ਦਿੱਤਾ ਕਿ ਉਹ ਜੈਪੁਰ ਆ ਜਾਵੇ ਅਤੇ ਉਥੋਂ ਉਹ ਅਜਮੇਰ ਅਤੇ ਆਗਰਾ ਹੁੰਦੀ ਹੋਈ ਵਾਪਸ ਦਿੱਲੀ ਜਾ ਸਕਦੀ ਹੈ।'' ਸ੍ਰੀ ਰਾਣਾ ਮੁਤਾਬਕ, ''ਇਕ ਪੁੱਤਰ ਅਤੇ ਦੋ ਧੀਆਂ ਦੀ ਮਾਂ ਰਿਜ਼ਵੀ ਜਦੋਂ ਸਾਡੇ ਕੋਲ ਜੈਪੁਰ ਹੋਟਲ ਵਿਚ ਪੁੱਜੀ ਤਾਂ ਨਵੇਂ ਸਾਲ ਕਰਕੇ ਉਥੇ ਕਾਫੀ ਭੀੜ-ਭੜੱਕਾ ਹੋਣ ਕਾਰਨ ਉਸਨੂੰ ਕੋਈ ਕਮਰਾ ਨਹੀਂ ਮਿਲਿਆ। ਇਸ 'ਤੇ ਅਸੀਂ ਉਸ ਲਈ ਆਪਣਾ ਕਮਰਾ ਖਾਲੀ ਕਰ ਦਿੱਤਾ। ਪਾਕਿਸਤਾਨ ਦੀ ਇਸ ਨਾਗਰਿਕ ਨੇ ਹੋਟਲ ਵਿਚ ਵੜਨ ਵੇਲੇ ਹੋਟਲ ਸਟਾਫ ਨੂੰ ਆਪਣੇ ਦਸਤਾਵੇਜ਼ ਵੀ ਦਿਖਾਏ ਸਨ। 31 ਦਸੰਬਰ ਨੂੰ ਹੋਟਲ ਤੋਂ ਮੈਨੂੰ ਫੋਨ ਆਇਆ ਕਿ ਨਜ਼ਮੀ ਕੋਲ ਤਾਂ ਜੈਪੁਰ ਦਾ ਵੀਜ਼ਾ ਹੀ ਨਹੀਂ। ਨਵੇਂ ਸਾਲ ਦੀ ਸਵੇਰੇ ਹੀ ਹੋਟਲ ਵਾਲਿਆਂ ਨੇ ਉਸ ਦਾ ਪਾਸਪੋਰਟ ਮੇਰੀ ਪਤਨੀ ਨੂੰ ਫੜਾ ਦਿੱਤਾ ਅਤੇ ਰਿਜ਼ਵੀ ਉਸੇ ਦਿਨ ਦਿੱਲੀ ਵਾਪਸ ਚਲੀ ਗਈ। ਪਰ ਮੈਂ ਅਤੇ ਮੇਰਾ ਪਰਿਵਾਰ ਹੋਟਲ ਵਿਚ 2 ਜਨਵਰੀ ਤਕ ਰਹੇ ਅਤੇ ਉਦੋਂ ਉਥੇ ਕਿਸੇ ਨੇ ਨਜਮੀ ਰਿਜ਼ਵੀ ਬਾਰੇ ਗੱਲ ਨਹੀਂ ਕੀਤੀ। ਮੈਂ ਕੁਝ ਨਹੀਂ ਲੁਕਾਇਆ ਨਾ ਹੀ ਮੈਂ ਕੁਝ ਗਲਤ ਕੀਤਾ ਹੈ ਅਤੇ ਜੇਕਰ ਕੋਈ ਹੋਰ ਗਲਤੀ ਕਰਦਾ ਹੈ ਤਾਂ ਉਸ ਲਈ ਮੈਨੂੰ ਕਿਵੇਂ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਰਿਜ਼ਵੀ ਨੂੰ ਇਸਲਾਮਾਬਾਦ ਵਿਚਲੇ ਭਾਰਤੀ ਸਫਾਰਤਖਾਨੇ ਨੇ ਵੀਜ਼ਾ ਦਿੱਤਾ, ਉਸ ਮਗਰੋਂ ਵਾਹਗਾ ਸਰਹੱਦ 'ਤੇ ਉਸ ਦੇ ਦਸਤਾਵੇਜ਼ ਦੇਖੇ ਗਏ, ਫੇਰ ਉਹ ਭਾਰਤ ਵਿਚ ਦਾਖਲ ਹੋਈ। ਮੀਡੀਏ ਨਾਲੋਂ ਕੇਂਦਰੀ ਏਜੰਸੀਆਂ ਨੂੰ ਵੱਧ ਪਤਾ ਹੈ ਕਿ ਸਰਹੱਦ ਦੇ ਪਾਰਲੇ ਪਾਸਿਓਂ ਆਉਣ ਵਾਲਾ ਦੇਸ਼ ਲਈ ਖਤਰਨਾਕ ਹੈ ਜਾਂ ਨਹੀਂ।

ਇਸ ਦੌਰਾਨ ਉਨ੍ਹਾਂ ਕਾਂਗਰਸ ਦੀ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨਾਲ ਉਨ੍ਹਾਂ ਦੇ ਨਿਵਾਸ ਵਿਖੇ ਮੁਲਾਕਾਤ ਵੀ ਕੀਤੀ ਅਤੇ ਆਪਣੀ ਪਰਿਵਾਰਕ ਮਿੱਤਰ ਪਾਕਿਸਤਾਨੀ ਮਹਿਲਾ ਨਜਮੀ ਰਿਜ਼ਵੀ ਨਾਲ ਜੈਪੁਰ ਦੇ ਇਕ ਹੋਟਲ ਵਿਚ ਠਹਿਰਣ ਬਾਰੇ ਸਪੱਸ਼ਟੀਕਰਨ ਦਿੱਤਾ। ਯਾਦ ਰਹੇ ਮੀਡੀਆ ਵਿਚ ਪਾਕਿਸਤਾਨੀ ਔਰਤ ਨਜਮੀ ਦੇ ਬਿਨਾਂ ਵੀਜ਼ਾ ਜੈਪੁਰ ਠਹਿਰਣ ਦਾ ਮਾਮਲਾ ਉਛਲਣ ਤੋਂ ਬਾਅਦ ਕਾਂਗਰਸ ਹਾਈ ਕਮਾਨ ਨੇ ਸੋਢੀ ਨੂੰ ਤਲਬ ਕੀਤਾ ਸੀ। ਸ੍ਰੀ ਸੋਢੀ ਨੇ ਦਸਿਆ ਕਿ ਉਨ੍ਹਾਂ ਮੋਹਸਿਨਾ ਕਿਦਵਈ ਨੂੰ ਦੱਸ ਦਿਤਾ ਹੈ ਕਿ ਇਸ ਮਾਮਲੇ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਮੋਹਸਿਨਾ ਨੂੰ ਦਸਿਆ ਕਿ ਉਹ 29 ਦਸੰਬਰ ਤੋਂ 2 ਜਨਵਰੀ ਤਕ ਜੈਪੁਰ ਦੇ ਹੋਟਲ ਵਿਚ ਰਹੇ ਸਨ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਅਤੇ ਪਰਿਵਾਰ ਦੇ ਹੋਰ ਮੈਂਬਰ ਵੀ ਸਨ ਜੋ ਨਵੇਂ ਸਾਲ ਦੀਆਂ ਛੁੱਟੀਆਂ ਮਨਾਉਣ ਲਈ ਨਾਲ ਗਏ ਸਨ। ਉਨ੍ਹਾਂ ਕਿਹਾ ਕਿ ਮੋਹਸਿਨਾ ਨੂੰ ਇਹ ਦੱਸ ਦਿਤਾ ਗਿਆ ਹੈ ਕਿ ਗਲਤਫਹਿਮੀ ਕਾਰਨ ਇਹ ਸਾਰਾ ਮਾਮਲਾ ਉਲਝਿਆ ਹੈ। ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਪਾਕਿਸਤਾਨੀ ਔਰਤ ਕੋਲ ਜੈਪੁਰ ਦਾ ਵੀਜ਼ਾ ਨਹੀਂ ਹੈ ਤਾਂ ਉਹ ਉਨ੍ਹਾਂ ਨੂੰ ਤੁਰੰਤ ਵਾਪਸ ਜਾਣ ਲਈ ਕਹਿ ਦਿੰਦੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕੋਈ ਵੀ ਦੇਸ਼ ਵਿਰੋਧੀ ਜਾਂ ਅਨੈਤਿਕ ਸਰਗਰਮੀ ਨਹੀਂ ਹੈ। ਪਤਾ ਲੱਗਾ ਹੈ ਕਿ ਸੋਢੀ ਨੇ ਮੋਹਸਿਨਾ ਕਿਦਵਈ ਨੂੰ ਜੋ ਸੂਚਨਾ ਮੁਹੱਈਆ ਕਰਵਾਈ ਹੈ ਉਸ ਮੁਤਾਬਕ ਉਨ੍ਹਾਂ ਕਾਂਗਰਸ ਦੇ ਹੀ ਇਕ-ਦੋ ਨੇਤਾਵਾਂ 'ਤੇ ਇਸ ਸਾਰੇ ਮਾਮਲੇ ਨੂੰ ਉਛਾਲਣ ਦੇ ਦੋਸ਼ ਲਾਏ ਹਨ। ਸੋਢੀ ਆਪਣੇ ਪੱਧਰ 'ਤੇ ਉਕਤ ਕਾਂਗਰਸੀ ਨੇਤਾਵਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਮੋਹਸਿਨਾ ਨੂੰ ਇਹ ਵੀ ਦਸਿਆ ਕਿ ਉਕਤ ਪਾਕਿ ਮਹਿਲਾ ਜੈਪੁਰ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਹੀਂ ਮਿਲੀ।

ਪਤਾ ਲੱਗਾ ਹੈ ਕਿ ਰਾਣਾ ਸੋਢੀ ਨੇ ਦਿੱਲੀ ਵਿਚ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨਾਲ ਵੀ ਮੁਲਾਕਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਸਾਰੇ ਮਾਮਲੇ ਤੋਂ ਜਾਣੂ ਕਰਵਾਇਆ ਹੈ। ਪਾਰਟੀ ਸੂਤਰ ਕਹਿੰਦੇ ਹਨ ਕਿ ਹਾਈ ਕਮਾਨ ਨੇ ਬੀਬੀ ਭੱਠਲ ਦੀ ਵੀ ਡਿਊਟੀ ਲਾਈ ਸੀ ਕਿ ਉਹ ਰਿਪੋਰਟ ਬਣਾ ਕੇ ਹਾਈ ਕਮਾਨ ਨੂੰ ਦੇਵੇ । ਭੱਠਲ ਨਾਲ ਮੁਲਾਕਾਤ ਸਮੇਂ ਰਾਣਾ ਸੋਢੀ ਨੇ ਉਹੀ ਗੱਲਾਂ ਦੋਹਰਾਈਆਂ ਜੋ ਉਨ੍ਹਾਂ ਮੋਹਸਿਨਾ ਕਿਦਵਈ ਨੂੰ ਦੱਸੀਆਂ ਸਨ।

# ਹੱਥਾਂ 'ਚ ਫੁੱਲ ਮਨਾਂ 'ਚ ਬਦੀ, ਇਉਂ ਵੀ ਮਿਲਦੇ ਹਾਂ ਅਸੀਂ

## ਸ਼ੈਰੀ ਦੀ ਡਾਇਰੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਸੰਸਾਰ 'ਚ ਬੰਦੇ ਦੀ ਜਾਤ ਤੇ ਜੀਵਨ ਬਾਰੇ ਜਿੰਨੇ ਵੀ ਸਮਾਜਿਕ ਵਿਸ਼ਲੇਸ਼ਣ ਜਾਂ ਵਿਸ਼ਲੇਸ਼ਕ ਹੋਏ ਹਨ, ਕੀ ਧਾਰਮਿਕ ਤੇ ਕੀ ਗੈਰ ਧਾਰਮਿਕ, ਸੱਭੇ ਇਕ ਨੁਕਤੇ ਤੇ ਸਹਿਮਤ ਹਨ ਕਿ ਬੰਦੇ ਦੇ ਮਨ ਦੀ ਸੱਚੀ ਖੁਸ਼ੀ ਜਾਂ ਤਸੱਲੀ ਲਈ ਉਸ ਦੇ ਕਰਮ ਜਾਂ ਅਮਲ ਦਾ ਉਸ ਦੀ ਅੰਦਰਲੀ ਸੋਚ, ਸਮਝ ਤੇ ਅਕੀਦੇ ਦੇ ਮੇਚ ਦਾ ਹੋਣਾ ਜਰੂਰੀ ਹੈ, ਨਹੀਂ ਤਾਂ ਉਸ ਦੀ ਹਾਲਤ ਤਾਲੋਂ ਖੁੰਝੀ ਡੂਮਣੀ ਵਾਲੀ ਬਣੀ ਰਹਿੰਦੀ ਹੈ ਕਿਉਂਕਿ ਅਮਲ ਅਤੇ ਸੋਚ ਦੇ ਅਜੋੜ ਹੋਣ ਨਾਲ ਉਸ ਨੂੰ ਦੋਹਰੀ ਜ਼ਿੰਦਗੀ ਜਿਉਣੀ ਪੈਂਦੀ ਹੈ। ਉਹ ਆਪਣੇ ਆਪ ਨੂੰ ਪੇਸ਼ ਕੁਝ ਕਰਦਾ ਹੈ ਤੇ ਹੁੰਦਾ ਕੁਝ ਹੋਰ ਹੈ। ਪਰ ਅੱਜ ਬੰਦੇ ਦੀ ਬਾਹਰ ਦਿਸਦੀ ਸ਼ਖਸੀਅਤ ਅਤੇ ਅੰਦਰਲੀ ਅਸਲੀ ਸ਼ਖਸੀਅਤ ਦਾ ਸੁਮੇਲ ਹੋਣਾ ਜੇ ਨਾਮੁਮਕਿਨ ਨਹੀਂ ਤਾਂ ਬਹੁਤ ਹੀ ਮੁਸ਼ਕਿਲ ਜਰੂਰ ਹੈ। ਇਸ ਦਾ ਵੱਡਾ ਕਾਰਨ ਹੈ ਕਿ ਅੱਜ ਸਾਡੇ ਤੇਜ਼ ਗਤੀ ਅਤੇ ਫਸਵੇਂ ਮੁਕਾਬਲੇ ਵਾਲੇ ਸਮਾਜ 'ਚ ਆਮ ਬੰਦੇ ਨੂੰ ਆਪਣੀਆਂ ਲੋੜਾਂ ਅਤੇ ਹਉਮੈ ਦੀ ਪੂਰਤੀ ਲਈ ਬੜੇ ਸਮਝੌਤੇ ਕਰਨੇ ਪੈਂਦੇ ਹਨ ਜੋ ਬੰਦੇ ਦੀ ਸ਼ਖਸੀਅਤ ਨੂੰ ਨਿੱਸਲ ਕਰਕੇ ਰੱਖ ਦਿੰਦੇ ਹਨ ਅਤੇ ਉਸਦੇ ਅੰਦਰ ਅਤੇ ਬਾਹਰ ਜਾਂ ਸੋਚ ਤੇ ਅਮਲ ਦਾ ਸੁਮੇਲ ਗੰਨੇ ਵਾਂਗ ਵਿਚਾਲਿਓਂ ਟੁੱਟ ਕੇ ਦੋ ਹੋ ਜਾਂਦਾ ਹੈ। ਇਕ ਵਾਰ ਠਹਾਕਾ ਸੁਣਦਾ ਹੈ ਤੇ ਫਿਰ ਗੱਡੀ ਲੀਹ 'ਤੇ ਚੜ੍ਹ ਜਾਂਦੀ ਹੈ ਤੇ ਪੀੜ੍ਹੀ-ਦਰ-ਪੀੜ੍ਹੀ ਚਲਦੀ ਰਹਿੰਦੀ ਹੈ ਤੇ ਨਵੀਆਂ ਮੰਜ਼ਿਲਾਂ ਤੈਅ ਕਰਦੀ ਰਹਿੰਦੀ ਹੈ। ਅੱਜ ਵਾਲਾ ਸਾਡਾ ਭਾਰਤੀ ਤੇ ਖਾਸ ਕਰਕੇ ਪੰਜਾਬੀ ਸਮਾਜ ਇਸ ਸੱਚ ਦੀ ਵੱਡੀ ਉਦਾਹਰਣ ਹੈ।

ਅੰਦਰ ਤੇ ਬਾਹਰ ਦੇ ਸੁਮੇਲ ਦੇ ਮਾਲਕ ਲੋਕ ਜਿਨ੍ਹਾਂ ਦੇ ਕਰਮ ਤੇ ਅਮਲ ਉਨ੍ਹਾਂ ਦੀ ਸੋਚ ਤੇ ਮੰਜਿਲਾਂ ਦੇ ਹਾਣ ਦੇ ਹੁੰਦੇ ਹਨ ਉਹ ਸੰਤੁਸ਼ਟ ਅਤੇ ਬੇਪ੍ਰਵਾਹ ਲੋਕ ਹੁੰਦੇ ਹਨ। ਅਜਿਹੇ ਬੰਦੇ ਹਮੇਸ਼ਾ ਤੇ ਹਰ ਸਮਾਜ 'ਚ ਬਹੁਤ ਘੱਟ ਹੁੰਦੇ ਹਨ ਪਰ ਹੁੰਦੇ ਜਰੂਰ ਹਨ। ਇਸ ਕਿਸਮ ਦੇ ਲੋਕ ਸਾਡੇ ਸਮਾਜ ਲਈ ਚੰਗੇ ਵੀ ਹੁੰਦੇ ਹਨ ਤੇ ਕਈ ਵਾਰ ਮਾੜੇ ਵੀ। ਅਜਿਹੇ ਮੁਕਾਮ 'ਤੇ ਪਹੁੰਚਣ ਲਈ ਨਿਡਰਤਾ ਅਤੇ ਲਗਨ ਦੀ ਵੱਡੀ ਜਰੂਰਤ ਹੁੰਦੀ ਹੈ ਜੋ ਨਾਇਕਾਂ 'ਚ ਵੀ ਹੁੰਦੀ ਹੈ ਤੇ ਖਲਨਾਇਕਾਂ 'ਚ ਵੀ। ਜਿਨ੍ਹਾਂ ਨਾਇਕਾਂ ਨੇ ਆਪਣੇ ਸਮਾਜ ਦੇ ਦੁਖ ਹਰਨ ਲਈ ਆਪਣਾ ਸਭ ਕੁਝ ਵਾਰ ਦਿੱਤਾ, ਜਿਵੇਂ ਸੰਸਾਰ ਪੱਧਰ 'ਤੇ ਮਾਓ ਤੇ ਚੀ ਗਵੇਰਾ ਵਰਗੇ ਲੋਕ ਅਤੇ ਪੰਜਾਬ ਪੱਧਰ 'ਤੇ ਸਰਾਭਾ, ਭਗਤ ਸਿੰਘ ਜਾਂ ਬਾਬਾ ਬੂਝਾ ਸਿੰਘ ਵਰਗੇ ਲੋਕ, ਉਨ੍ਹਾਂ ਦੀ ਸੋਚ ਅਤੇ ਕਾਰਜ ਇਕ ਖੁੱਲ੍ਹੀ ਕਿਤਾਬ ਵਾਂਗ ਸਨ। ਉਨ੍ਹਾਂ ਦੀ ਲਾਈਨ ਜਾਂ ਸੋਚ ਤੇ ਅਕੀਦੇ ਵੀ ਜੱਗ ਜਾਹਰ ਸਨ ਤੇ ਉਨ੍ਹਾਂ ਦੇ ਅਮਲ ਤੇ ਕਾਰਜ ਵੀ। ਦੂਜੇ ਪਾਸੇ ਅਸੀਂ ਚੰਬਲ ਦੇ ਡਾਕੂ ਵਿਰੱਪਣ ਜਾਂ ਡਾਕੂ ਮਾਨ ਸਿੰਘ ਜਾਂ ਹੋਰ ਚੰਬਲ ਦੇ ਨਾਮੀ ਡਾਕੂਆਂ ਬਾਰੇ ਵੀ ਮੀਡੀਆ ਰਾਹੀਂ ਸੁਣਿਆ ਵੇਖਿਆ ਹੈ। ਇਹ ਸਿਰੇ ਦੇ ਸਮਾਜ ਵਿਰੋਧੀ ਬੰਦੇ ਸਨ ਪਰ ਇਨ੍ਹਾਂ ਨੇ ਵੀ ਆਪਣੇ ਅਕੀਦੇ ਅਤੇ ਕਾਰਜਾਂ ਬਾਰੇ ਕਦੇ ਕੋਈ ਲੁੱਕ ਲਪੇਟ ਨਹੀਂ ਰਖਿਆ। ਜਿਹੋ ਜਿਹਾ ਸੋਚਦੇ ਸਨ ਉਹੋ ਜਿਹਾ ਹੀ ਕਰਦੇ ਸਨ। ਇਹ ਦੋਵੇਂ ਕਿਸਮ ਦੇ ਲੋਕ ਜ਼ਿੰਦਗੀ ਨੂੰ ਬਹੁਤ ਪਿਆਰ ਕਰਦੇ ਹਨ ਤੇ ਮੌਤੋਂ ਬਹੁਤ ਘੱਟ ਡਰਦੇ ਹਨ। ਇਸ ਸਮਾਨਤਾ ਦੇ ਬਾਵਜੂਦ ਇਨ੍ਹਾਂ ਦੇ ਰਸਤੇ ਇਕ ਦੂਜੇ ਤੋਂ ਬਿਲਕੁਲ ਉਲਟ ਦਿਸ਼ਾ ਵਲ ਜਾਂਦੇ ਹਨ। ਇਕ ਕੋਲ ਸਮਾਜ ਨੂੰ ਦੇਣ ਲਈ ਸਭ ਕੁਝ ਹਾਂ ਪੱਖੀ ਹੈ ਤੇ ਦੂਜੇ ਕੋਲ ਤਮਾਮ ਨਾਂਹ-ਪੱਖੀ।

ਦੂਜੀ ਧਿਰ 'ਚ ਅਸੀਂ ਉਹ ਲੋਕ ਹਾਂ ਜਿਨ੍ਹਾਂ ਨੂੰ ਹਰ ਵੇਲੇ ਦੋਹਰੇ ਮਿਆਰਾਂ ਦਾ ਸਰਾਪ ਹੰਢਾਉਣਾ ਪੈਂਦਾ ਹੈ। ਇਹ ਕੋਈ ਰੱਬੀ ਮਾਰ ਨਹੀਂ ਪਈ ਹੁੰਦੀ ਸਗੋਂ ਇਹ ਸਾਡਾ ਖੁਦ ਦਾ ਬੁਣਿਆ ਜਾਲ ਜਾਂ ਜੰਜਾਲ ਹੁੰਦਾ ਹੈ। ਇਸੇ ਲਈ ਤਾਂ ਸਿਆਣੇ ਕਹਿੰਦੇ ਹਨ ਕਿ ਮਨੁੱਖ ਦੇ ਅੱਧਿਓਂ ਵੱਧ ਦੁਖ ਖੁਦ ਉਸ ਦੇ ਆਪਣੇ ਸਹੇੜੇ ਹੁੰਦੇ ਹਨ। ਅਸੀਂ ਇਹ ਜੰਜਾਲ ਨਿੱਜੀ ਲਾਭਾਂ ਅਤੇ ਸਮਾਜਕ ਰੁਤਬੇ ਬਣਾਉਣ ਤੇ ਬਚਾਉਣ ਲਈ ਬੁਣਦੇ ਰਹਿੰਦੇ ਹਾਂ। ਇਸ ਵੰਨਗੀ ਦੇ ਜੀਵ ਸਾਡੇ ਭਾਰਤੀ ਤੇ ਖਾਸ ਕਰਕੇ ਪੰਜਾਬੀ ਸਮਾਜ 'ਚ ਵੀ ਬਹੁਤ ਭਾਰੀ ਗਿਣਤੀ 'ਚ ਪਾਏ ਜਾਂਦੇ ਹਨ। ਇਨ੍ਹਾਂ ਨੂੰ ਹਰ ਵੇਲੇ ਆਪਣੇ ਅੰਦਰਲੇ ਦੇ ਉਲਟ ਦਿਸਣ ਦੀ ਲੋੜ ਬਣੀ ਰਹਿੰਦੀ ਹੈ। ਇਹ ਲੋਕ ਅੰਦਰੋਂ ਖੁਸ਼ ਹੋਣ ਦੇ ਬਾਵਜੂਦ ਦੂਜੇ ਦੇ ਦੁਖ 'ਚ ਸ਼ਰੀਕ ਹੋਣ ਵੇਲੇ ਉਸ ਨਾਲੋਂ ਵੀ ਵੱਧ ਗਮਗੀਨ ਦਿਖਾਈ ਦੇ ਸਕਦੇ ਹਨ ਅਤੇ ਇਸ ਦੇ ਐਨ ਉਲਟ ਵਾਲਾ ਕਿਰਦਾਰ ਵੀ ਸੌਖੀ ਤਰ੍ਹਾਂ ਨਿਭਾ ਸਕਦੇ ਹਨ।

ਖੁਸ਼ੀ ਅਤੇ ਗਮੀ ਦੇ ਇਕੱਠਾਂ 'ਚ ਇਹ ਕੁਝ ਦੇਖਣ ਨੂੰ ਆਮ ਮਿਲਦਾ ਹੈ। ਸਾਊਪੁਣੇ ਅਤੇ ਦੂਜਿਆਂ ਦੀ ਫਿਕਰਮੰਦੀ ਅਤੇ ਭਲਾਈ ਦਾ ਕਵਚ ਹਰ ਵੇਲੇ ਪਹਿਨ ਕੇ ਰਖਣਾ ਪੈਂਦਾ ਹੈ ਯੁੱਧ ਦੇ ਅਜਿਹੇ ਲੜਾਕੇ ਵਾਂਗ ਜਿਸ 'ਤੇ ਕਿਸੇ ਪਾਸਿਓਂ ਵੀ ਵਾਰ ਹੋ ਸਕਦਾ ਹੈ। ਸੁਣਨ 'ਚ ਇਉਂ ਲਗਦਾ ਹੈ ਕਿ ਐਸਾ ਦੋਗਲਾਪਣ ਕੋਈ ਬੰਦਾ ਤਾਅ ਜ਼ਿੰਦਗੀ ਕਿਵੇਂ ਕਾਇਮ ਰੱਖ ਸਕਦਾ ਹੈ? ਪਰ ਜਦੋਂ ਕੋਈ ਕੰਮ ਸਾਡਾ ਰੁਟੀਨ ਬਣ ਜਾਏ ਤਾਂ ਉਹ ਔਖਾ ਤਾਂ ਕੀ ਲਗਣਾ ਸੀ ਸਗੋਂ ਉਸ ਤੋਂ ਬਿਨਾ ਔਖਿਆਈ ਮਹਿਸੂਸ ਹੋਣ ਲਗਦੀ ਹੈ। ਦੇਖਣ ਸੁਣਨ ਨੂੰ ਭਾਵੇਂ ਇਹ ਵਿਹਾਰ ਬੜਾ ਨਿੰਦਣਯੋਗ ਲਗਦਾ ਹੈ ਪਰ ਜ਼ਰਾ ਇਸ ਤਰ੍ਹਾਂ ਦੇ ਦੋਹਰੇ ਵਿਹਾਰ ਵਾਲੇ ਪ੍ਰਾਣੀਆਂ ਰਹਿਤ ਸਾਡੇ ਸਮਾਜ ਦੀ ਕਲਪਨਾ ਕਰਕੇ ਦੇਖੋ ਜਿਥੇ ਸਾਰੇ ਬਸ਼ਰ ਹੀ ਠਾਹ-ਸੋਟਾ ਮਾਰਨ ਵਾਲੇ ਹੋਣ। ਫਿਰ ਸਮਾਜ 'ਚ ਮੂੰਹ ਮੁਲਾਹਜ਼ੇ ਵਾਲੀ ਗੱਲ ਕੋਈ ਨਹੀਂ ਹੋਣੀ। ਖੁਸ਼ਵੰਤ ਸਿੰਘ ਵਾਂਗ ਹਰ ਕੋਈ ਆਪਣੇ ਦਿਲ ਦੀ ਗੱਲ ਇਕ ਦੂਜੇ ਦੇ ਮੂੰਹ 'ਤੇ ਚਪੇੜ ਵਾਂਗ ਮਾਰਦਾ ਫਿਰੇਗਾ ਜਿਵੇਂ "ਬੜੀ ਖੁਸ਼ੀ ਹੋਈ ਤੇਰਾ ਨੁਕਸਾਨ ਹੋਇਆ ਹੈ ਮਿੱਤਰ" ਜਾਂ ਬੜਾ ਦੁੱਖ ਹੋਇਆ ਸੀ ਜਦੋਂ ਪਤਾ ਲੱਗਾ ਕਿ ਤੂੰ ਇਕ ਹੋਰ ਸਟੋਰ ਖਰੀਦ ਲਿਆ, ਦੋਸਤ।" ਸੋ ਕਹਿ ਸਕਦੇ ਹਾਂ ਕਿ ਭਾਵੇਂ ਅਸੀਂ ਆਪਣੇ ਸਵਾਰਥ ਲਈ ਹੀ ਦੋਹਰੇ ਮਿਆਰਾਂ ਦਾ ਭਾਰ ਚੁੱਕੀ ਫਿਰਦੇ ਹਾਂ ਪਰ ਇਸ ਨਾਲ ਸਮਾਜ 'ਚ ਕੁੜਿੱਤਣ ਜ਼ਰੂਰ ਘਟਦੀ ਹੈ ਤੇ ਸਾਡੇ ਸਮਾਜ 'ਚ ਇਕ ਭਾਈਚਾਰਕ ਮਾਹੌਲ ਬਣਿਆ ਰਹਿੰਦਾ ਹੈ ਭਾਵੇਂ ਝੂਠੀ-ਮੂਠੀ ਦਾ ਹੀ ਸਹੀ।

ਅਸੀਂ ਆਮ ਤੇ ਸਾਧਾਰਣ ਲੋਕ ਤਾਂ ਸਿਰਫ ਸਾਊ, ਕਬੀਲਦਾਰ, ਜ਼ਿੰਮੇਵਾਰ ਜਾਂ ਪਤਵੰਤੇ ਦਿਸਣ ਲਈ ਐਕਟਿੰਗ ਕਰਦੇ ਹਾਂ ਜੋ ਕਿਸੇ ਹੋਰ ਲਈ ਬਹੁਤੀ ਨੁਕਸਾਨਦੇਹ ਨਹੀਂ। ਪਰ ਜਦੋਂ ਕੁਝ ਲੋਕ ਧਾਰਮਿਕ ਬਾਣਾ ਪਹਿਨ ਕੇ ਡਬਲ ਰੋਲ ਕਰਦੇ ਹਨ ਤਾਂ ਉਹ ਸਾਧਾਰਣ ਲੋਕਾਂ ਦਾ ਮਾਨਸਿਕ ਸ਼ੋਸ਼ਣ ਵੀ ਕਰਦੇ ਹਨ ਅਤੇ ਸੱਚੇ-ਸੁੱਚੇ ਧਾਰਮਿਕ ਲੋਕਾਂ ਦੀ ਛਵੀ ਵੀ ਖਰਾਬ ਕਰਦੇ ਹਨ। ਆਸਾਰਾਮ ਬਾਪੂ ਅਤੇ ਬਾਬਾ ਪ੍ਰਿਤਪਾਲ ਸਿੰਘ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਲੋਕਾਂ ਨੂੰ ਰੱਬ ਨਾਲ ਮਿਲਾਉਣ ਦੀਆਂ ਗੱਲਾਂ ਕਰਨ ਵਾਲੇ ਆਸਾਰਾਮ ਅਤੇ ਉਸ ਦਾ ਪੁਤਰ ਬੱਚਿਆਂ ਦੀ ਬਲੀ ਦਿੰਦੇ ਰਹੇ, ਵਿਰੋਧੀਆਂ ਦੇ ਕਤਲ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਲੈਂਡ ਮਾਫੀਏ ਵਾਂਗ ਲੋਕਾਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕਰਦੇ ਰਹੇ। ਇਸੇ ਤਰ੍ਹਾਂ ਬਾਬਾ ਪ੍ਰਿਤਪਾਲ ਸਿੰਘ ਜਾਅਲਸਾਜ਼ੀ ਰਾਹੀਂ ਇਕ ਐਨ. ਆਰ. ਆਈ. ਔਰਤ ਦੀ ਜ਼ਮੀਨ ਹੜੱਪਣ ਦਾ ਦੋਸ਼ੀ ਹੈ। ਜੇ ਜ਼ਰਾ ਕੁ ਧਿਆਨ ਨਾਲ ਵੇਖੀਏ ਤਾਂ ਕਹਿ ਸਕਦੇ ਹਾਂ ਕਿ ਅਸੀਂ ਸਾਧਾਰਣ ਲੋਕ ਵੀ ਤੇ ਇਹ ਧਾਰਮਿਕ ਲੋਕ ਵੀ ਡਬਲ ਸਟੈਂਡਰਡ ਦਾ ਅਡੰਬਰ ਆਪਣੇ-ਆਪਣੇ ਸਮਾਜ 'ਚ ਵੱਡੇ ਤੇ ਮਹੱਤਵਪੂਰਣ ਬਣਨ ਲਈ ਰਚਦੇ ਹਾਂ ਕਿਉਂਕਿ ਇਹ ਰੁਤਬੇ ਇਸ ਜੱਗ 'ਚ ਮਾਣ ਇਜਤ ਪ੍ਰਾਪਤ ਕਰਨ ਦਾ ਸਾਧਨ ਹਨ ਪਰ ਇਸ ਸਬੰਧ 'ਚ ਬਾਬਾ ਫਰੀਦ ਜੀ ਦਾ ਇਹ ਸ਼ਲੋਕ ਵੀ ਵਾਚਣਯੋਗ ਹੈ-

"ਮਾਨ ਬੜਾਈ ਜਗਤ ਮੇਂ,  
ਕੂਕਰ ਕੀ ਪਹਿਚਾਣ।  
ਮੀਤ ਕੀਏ ਮੁੱਖ ਚਾਟਤੀ,  
ਵੈਰ ਕੀਏ ਤਨ-ਹਾਨਿ।

ਉਪਰੋਕਤ ਕਿਸਮ ਤੋਂ ਵੱਖਰੇ ਇਕ ਹੋਰ ਕਿਸਮ ਦੇ ਵੀ ਲੋਕ ਹੁੰਦੇ ਹਨ ਜਿਨ੍ਹਾਂ ਬਾਰੇ ਕਹਿ ਸਕਦੇ ਹਾਂ ਕਿ ਉਹ ਨਾ ਆਰ ਦੇ ਹੁੰਦੇ ਹਨ ਤੇ ਨਾ ਹੀ ਪਾਰ ਦੇ। ਝਨਾਂ ਉਹ ਪਾਰ ਨਹੀਂ ਕਰ ਸਕੇ ਹੁੰਦੇ, ਘਰੀਂ ਮੁੜਨਾ ਉਨ੍ਹਾਂ ਦੇ ਵੱਸ ਨਹੀਂ ਰਹਿੰਦਾ ਤੇ ਪੱਤਣਾਂ 'ਤੇ ਉਨ੍ਹਾਂ ਦਾ ਜੀਅ ਨਹੀਂ ਲਗਦਾ। ਪ੍ਰਾਣੀਆਂ ਦੀ ਇਹ ਕਿਸਮ ਬਹੁਤ ਘੱਟ ਪਾਈ ਜਾਂਦੀ ਹੈ ਅਤੇ ਬਹੁਤ ਚਿਰਜੀਵੀ ਵੀ ਨਹੀਂ ਹੁੰਦੀ। ਸਾਹਿਤ 'ਚ ਇਸ ਦੀ ਸਭ ਤੋਂ ਵਧੀਆ ਉਦਾਹਰਣ 19ਵੀਂ ਸਦੀ 'ਚ ਰਚੇ ਗਏ ਮੈਨਫਰੈਡ ਦੇ ਪਾਤਰ ਦੇ ਰੂਪ ਵਿਚ ਮਿਲਦੀ ਹੈ ਜਿਸ ਬਾਰੇ ਗੋਰਕੀ ਨੇ ਲਿਖਿਆ ਹੈ-

"ਉਹ (ਮੈਨਫਰੈਡ) ਪ੍ਰਤਿਭਾਵਾਨ ਹੈ ਪਰ ਉਸਦੀ ਪ੍ਰਤਿਭਾ ਹੀ ਉਸਦੀ ਉਦਾਸੀ ਤੇ ਇਕਲਾਪੇ ਦਾ ਕਾਰਨ ਬਣੀ ਹੈ ਕਿਉਂਕਿ ਉਹ ਸੰਸਾਰ ਦੀ ਪੀੜਾ ਹਰਨ ਵਾਲੀ ਮੰਜ਼ਿਲ ਤੋਂ ਉਰਾਂ ਹੀ ਰੁਕ ਗਿਆ ਤੇ ਉਸ ਦੀ ਨਿੱਜੀ ਪੀੜਾ ਨੇ ਉਸ ਨੂੰ ਘੇਰ ਲਿਆ ਹੈ। ਹੁਣ ਉਹ ਆਪਣੇ ਆਪ ਤੇ ਆਪਣੀ ਮੌਤ ਤੋਂ ਸਿਵਾ ਕਿਸੇ ਵੀ ਹੋਰ ਹਸਤੀ 'ਚ ਵਿਸ਼ਵਾਸ ਨਹੀਂ ਕਰਦਾ।"

ਮੈਨਫਰੈਡ ਵਾਂਗ ਪ੍ਰਤਿਭਾਵਾਨ ਹੋ ਕੇ ਵੀ ਨਿਰਾਸ਼ਾ ਤੇ ਇਕਲਾਪੇ ਦੇ ਮਾਰੇ ਬੰਦੇ ਹਰ ਸਮਾਜ 'ਚ ਹੁੰਦੇ ਹਨ। ਆਪਣੇ ਆਪ ਨੂੰ ਜ਼ਿੰਮੇਵਾਰ ਅਤੇ ਪਤਵੰਤੇ ਸਮਝਣ ਵਾਲੇ ਲੋਕ ਅਜਿਹੇ ਲੋਕਾਂ ਨੂੰ ਗੈਰ-ਜ਼ਿੰਮੇਵਾਰ ਤੇ ਮੂਰਖ ਸਮਝਦੇ ਹਨ ਤੇ ਉਨ੍ਹਾਂ ਤੋਂ ਪ੍ਰਹੇਜ਼ ਕਰਦੇ ਹਨ। ਮਿੱਤਰ ਉਨ੍ਹਾਂ ਦਾ ਕੋਈ ਹੁੰਦਾ ਨਹੀਂ ਤੇ ਜਾਣੂਆਂ ਦਾ ਘੇਰਾ ਬਹੁਤ ਸੀਮਤ ਹੁੰਦਾ ਹੈ ਜੋ ਬਸ ਸਬੱਬ ਦੀ ਹੀ ਦੇਣ ਹੁੰਦਾ ਹੈ ਜਿਸ 'ਚ ਭਾਵਨਾਵਾਂ ਜਾਂ ਵਿਚਾਰਾਂ ਦੀ ਸਾਂਝ ਦੀ ਕੋਈ ਥਾਂ ਨਹੀਂ ਹੁੰਦੀ। ਇਸ ਸਬੰਧ 'ਚ ਮੈਂ ਨਿੱਜੀ ਤੌਰ 'ਤੇ ਦੋ ਬੰਦਿਆਂ ਸ਼ਿਵ ਅਤੇ ਅਮਿਤੋਜ਼ ਦੀ ਗੱਲ ਕਰ ਸਕਦਾ ਹਾਂ ਜਿਨ੍ਹਾਂ ਨੂੰ ਮੈਂ ਵਿਚਰਦੇ ਅਤੇ ਮੌਤ ਦੀ ਬਾਂਹ ਫੜਦੇ ਦੇਖਿਆ ਹੈ। ਮੈਂ ਜਦੋਂ ਪੰਜਾਬ ਯੂਨੀਵਰਸਿਟੀ 'ਚ ਪੜ੍ਹਦਾ ਸੀ ਤਾਂ ਇਹ ਦੋਵੇਂ ਚੰਡੀਗੜ੍ਹ 'ਚ ਸਨ। ਸ਼ਿਵ ਨੂੰ ਇਕ ਬੈਂਕ 'ਚ ਨੌਕਰੀ ਮਿਲੀ ਸੀ ਜਿਥੇ ਉਹ ਸਿਰਫ ਤਨਖਾਹ ਲੈਣ ਜਾਂਦਾ ਸੀ ਤੇ ਅਮਿਤੋਜ ਪੰਜਾਬੀ ਦੀ ਐਮ. ਏ. ਦਾ ਵਿਦਿਆਰਥੀ ਸੀ। ਦੋਵੇਂ ਹੀ ਬਹੁਤ ਉਚ ਪਾਏ ਦੇ ਸ਼ਾਇਰ ਸਨ।

ਸ਼ਿਵ ਦੀ 'ਲੂਣਾ' ਨੂੰ ਸਾਹਿਤ ਅਕੈਡਮੀ ਦਾ ਇਨਾਮ ਮਿਲ ਚੁੱਕਾ ਸੀ। ਬੜੀ ਸੁੱਚਜੀ ਤੇ ਪੜ੍ਹੀ ਲਿਖੀ ਉਸ ਦੀ ਪਤਨੀ ਸੀ। ਸੋਹਣੇ ਸੁਨੱਖੇ ਧੀ ਤੇ ਪੁੱਤ ਸਨ। ਮੁਫਤ ਵਾਂਗ ਚੰਡੀਗੜ੍ਹ 'ਚ ਸਰਕਾਰੀ ਮਕਾਨ ਮਿਲਿਆ ਹੋਇਆ ਸੀ। ਉਹ ਦਿਨ ਕਦੇ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ 'ਚ ਗੁਜਾਰਦਾ, ਕਦੇ ਗਾਰਗੀ ਕੋਲ ਜੋ ਉਸ ਵੇਲੇ ਥੀਏਟਰ ਵਿਭਾਗ ਦਾ ਮੁਖੀ ਸੀ। ਕਦੇ ਕਦੇ ਸ਼ਾਮਾਂ ਮੇਰੇ ਦੋਸਤਾਂ ਮੇਜਰ ਤੇ ਸ਼ੈਰੀ ਕੋਲ ਵੀ ਗੁਜਾਰਦਾ। ਅਮਿਤੋਜ਼ ਘੋੜਿਆਂ ਵਾਲੇ ਜਗੀਰਦਾਰਾਂ ਦਾ ਮੁੰਡਾ ਸੀ। ਐਮ. ਏ. ਕਰਨ ਸਾਰ ਉਸ ਨੂੰ ਇਕ ਡੀ. ਏ. ਵੀ. ਕਾਲਜ ਨੇ ਪ੍ਰੋਫੈਸਰੀ ਦੀ ਆਫਰ ਦਿੱਤੀ ਜੋ ਉਸ ਨੇ ਠੁਕਰਾ ਦਿੱਤੀ। ਕੁਝ ਸਮਾਂ ਵਿਹਲਾ ਰਹਿ ਕੇ ਉਹ ਜਲੰਧਰ ਦੂਰ ਦਰਸ਼ਨ 'ਤੇ 'ਕੱਚ ਦੀਆਂ ਮੁੰਦਰਾਂ' ਪ੍ਰੋਗਰਾਮ ਪੇਸ਼ ਕਰਦਾ ਰਿਹਾ। ਜਲਦੀ ਹੀ ਇਹ ਕੰਮ ਵੀ ਛੱਡ ਦਿੱਤਾ। ਕਹਿਣ ਲੱਗਾ 'ਦੂਰਦਰਸ਼ਨ 'ਤੇ ਝੂਠੀਆਂ ਤਰੀਫਾਂ ਕੌਣ ਸੁਣੇ ਤੇ ਕੌਣ ਕਰੇ।' ਫਿਰ ਕਦੀ ਜਲੰਧਰ ਤੇ ਕਦੀ ਚੰਡੀਗੜ੍ਹ। ਡਾ. ਤਿਵਾੜੀ ਨੇ ਜੋ ਉਸ ਦਾ ਬਹੁਤ ਖਿਆਲ ਕਰਦਾ ਸੀ, ਉਸ ਨੂੰ ਯੂਨੀਵਰਸਿਟੀ ਦੇ ਥੀਏਟਰ ਵਿਭਾਗ 'ਚ ਕਰੀਏਟਿਵ ਰਾਈਟਰ ਦੀ ਆਸਾਮੀ ਤੇ ਜੋਆਇਨ ਕਰਵਾ ਦਿੱਤਾ। ਮੈਂ ਯੂਨੀਵਰਸਟੀ ਪੇਪਰ ਮਾਰਕ ਕਰਨ ਗਿਆ, ਉਹ ਮਿਲਿਆ ਤੇ ਦੱਸਣ ਲੱਗਾ ਕਿ "ਇਹ ਤਾਂ ਮੈਨੂੰ ਪਤਾ ਨਹੀਂ ਕਿ ਮੇਰਾ ਕੰਮ ਕੀ ਹੈ ਪਰ ਦਾਰੂ ਤੇ ਸਿਗਰਟਾਂ ਲਈ ਪੈਸੇ ਚੋਖੇ ਦੇ ਦਿੰਦੇ ਹਨ।" ਅਗਲੀ ਵਾਰੀ ਕੁਦਰਤੀ 14 ਸੈਕਟਰ ਦੀ ਮਾਰਕਿਟ ਰੇਲਿੰਗ 'ਤੇ ਬੈਠਾ ਸਿਗਰਟ ਪੀਂਦਾ ਮਿਲਿਆ ਤਾਂ ਬਹੁਤ ਕਮਜ਼ੋਰ ਦਿਸਦਾ ਸੀ ਵਾਲ ਵੀ ਇਉਂ ਸਨ ਜਿਵੇਂ ਸੁੱਤਾ ਉਠ ਕੇ ਆਇਆ ਹੋਵੇ। ਪਤਾ ਲੱਗਾ ਕਿ ਨੌਕਰੀ ਉਸ ਨੇ ਛੱਡ ਦਿੱਤੀ ਹੈ ਤੇ ਜਲੰਧਰ ਵਾਪਸ ਜਾ ਰਿਹਾ ਹੈ। ਕੁਝ ਸਮੇਂ ਬਾਅਦ ਉਥੇ ਕਿਸੇ ਹਸਪਤਾਲ 'ਚ ਉਸ ਦੀ ਮੌਤ ਹੋ ਗਈ।

ਦੋਵਾਂ ਸ਼ਖਸਾਂ ਦਾ ਉਪਰੋਕਤ ਵੇਰਵਾ ਦੇਣ ਦਾ ਮੇਰਾ ਮਤਲਬ ਹੈ ਕਿ ਜ਼ਿੰਮੇਵਾਰ ਤੇ ਦੁਨੀਆਂਦਾਰ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਇਨ੍ਹਾਂ ਕੋਲ ਇਕ ਕਾਮਯਾਬ ਜੀਵਨ ਜਿਉਣ ਲਈ ਲੋੜੀਂਦੇ ਸਾਰੇ ਔਜ਼ਾਰ (ਸਾਧਨ) ਮੌਜੂਦ ਸਨ। ਉਸ ਤੋਂ ਵੀ ਅੱਗੇ ਪ੍ਰਤਿਭਾਵਾਨ ਤੇ ਸੱਚੀ-ਮੁੱਚੀ ਦੇ ਵੱਡੇ ਸ਼ਾਇਰ ਸਨ। ਸਾਫ ਤੇ ਸਪਸ਼ਟ ਸਨ। ਪਰ ਫਿਰ ਵੀ ਇਕ ਅਣਕਹੀ ਅਸੰਤੁਸ਼ਟੀ ਅਤੇ ਅੱਚਵੀ ਦਾ ਸ਼ਿਕਾਰ ਰਹੇ ਜਿਸ ਕਰਕੇ ਉਦਾਸੀ ਤੇ ਇਕਲਾਪਾ ਉਨ੍ਹਾਂ ਦੋਵਾਂ 'ਤੇ ਹਾਵੀ ਰਿਹਾ ਜਿਸ ਦੇ ਇਲਾਜ ਲਈ ਦੋਵਾਂ ਨੇ ਦਾਰੂ ਦਾ ਸਹਾਰਾ ਲਿਆ ਤੇ ਆਖਿਰ ਇਸ ਦਾਰੂ ਨੇ ਦਵਾ ਦਾ ਕੰਮ ਕੀਤਾ ਤੇ ਉਹ ਇਸ ਬੋਝਲ ਇਕਲਾਪੇ ਤੇ ਉਦਾਸੀ ਦੀ ਕੈਦ ਤੋਂ ਸਦਾ ਲਈ ਬਰੀ ਹੋ ਗਏ।

ਵੱਖਰੇ ਵੱਖਰੇ ਆਮ ਲੋਕਾਂ ਦਾ ਤਰਜ਼ੇ ਜ਼ਿੰਦਗੀ ਤੇ ਮਕਸਦੇ ਜ਼ਿੰਦਗੀ ਵੱਖਰਾ ਵੱਖਰਾ ਹੁੰਦਾ ਹੈ ਪਰ ਹਰ ਸਮੇਂ 'ਚ ਹਰ ਇਕ ਨੂੰ ਹਰ ਦੂਜੇ ਦੀ ਜੀਵਨ ਜਾਚ ਜਾਅਲੀ ਤੇ ਫਜ਼ੂਲ ਲਗਦੀ ਹੈ ਭਾਵੇਂ ਇਹ ਵਹਿਮ ਹੈ ਜਾਂ ਸੱਚ ਹੈ ਪਰ ਇਹ ਨੁਸਖਾ ਹੈ ਬੜਾ ਕਾਰਗਰ, ਜਿਹੜਾ ਬੰਦੇ ਨੂੰ ਲੰਬੀ ਰੇਸ ਦੇ ਘੋੜੇ ਵਾਂਗ ਹਰ ਵੇਲੇ ਟਰੈਕ 'ਤੇ ਚਾੜ੍ਹੀ ਰਖਦਾ ਹੈ। ਜੇ ਅਸੀਂ ਸਾਧਾਰਣ ਲੋਕ ਇਕ ਦੂਜੇ ਨੂੰ ਮੂਰਖ ਤੇ ਟਿੱਚ ਨਾ ਜਾਣਦੇ ਹੁੰਦੇ ਤਾਂ ਅਸੀਂ ਤਾਂ ਕਦੋਂ ਦਾ ਥੱਕ ਕੇ ਖੜੋਤ ਤੇ ਸੋਗ ਦੀ ਅਵਸਥਾ 'ਚ ਪਹੁੰਚ ਜਾਣਾ ਸੀ। ਅਮਰੀਕਾ ਵਰਗੇ ਦੇਸ਼ 'ਚ ਘੰਟਿਆਂ ਤੇ ਘੰਟਿਆਂ ਦੇ ਡਾਲਰਾਂ ਲਈ ਕਿਸ ਨੇ ਪੋਟੇ ਭੰਨਣੇ ਸਨ ਜੇ ਪਤਾ ਲੱਗ ਜਾਂਦਾ ਕਿ ਅਸੀਂ ਸਾਰੇ ਇਕੋ ਟਰੈਕ ਦੇ ਦੌੜਾਕ ਹਾਂ ਤੇ ਟਰੈਕ ਆਂਡੇ ਦੀ ਸ਼ਕਲ ਦਾ ਹੁੰਦਾ ਹੈ ਜਿਸ ਵਿਚ ਹਰ ਇਕ ਨੂੰ ਲਗਦਾ ਹੈ ਕਿ ਉਹ ਪਿਛਲੇ ਭਾਈ ਤੋਂ ਅੱਗੇ ਹੈ।

---

# ਪੰਜਾਬੀ ਅਖਬਾਰਾਂ ਪ੍ਰਤੀ ਲੋਕਾਂ ਦੀ ਬੇਰੁਖੀ ਕਿਉਂ?

## ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਵਿਚ ਪੰਜਾਬੀ ਅਖਬਾਰਾਂ ਦੀ ਬੇਕਦਰੀ ਬਾਰੇ ਮਨਦੀਪ ਮਾਨ ਦਾ ਲਿਖਿਆ ਲੇਖ ਪੜ੍ਹਿਆ। ਸੱਚਮੁੱਚ ਹੀ ਇਹ ਧਿਆਨ ਨਾਲ ਵਿਚਾਰਨ ਵਾਲਾ ਵਿਸ਼ਾ ਹੈ। ਮੈਂ ਪਿਛਲੇ ਦੋ ਸਾਲ ਤੋਂ ਅਮਰੀਕਾ ਵਿਚ ਹਾਂ ਤੇ ਇਸ ਅਰਸੇ ਦੌਰਾਨ ਮੈਂ ਹਰ ਹਫਤੇ ਸੱਤ ਅੱਠ ਪੰਜਾਬੀ ਅਖਬਾਰ ਪੜ੍ਹਦਾ ਹਾਂ ਅਤੇ ਅਖਬਾਰ ਪੜ੍ਹੇ ਬਿਨਾ ਮੈਨੂੰ ਚੈਨ ਨਹੀਂ ਮਿਲਦੀ। ਹਰ ਅਖਬਾਰ ਨਾਲ ਮੈਂ ਕਿਸੇ ਨਾ ਕਿਸੇ ਹਫਤਾਵਾਰੀ ਲੇਖ ਜਾਂ ਕਿਸੇ ਲੜੀਵਾਰ ਨਾਵਲ ਕਰਕੇ ਜੁੜਿਆ ਹੋਇਆ ਹਾਂ। ਆਪਣੇ ਤਜ਼ਰਬੇ ਦੇ ਆਧਾਰ 'ਤੇ ਮੈਂ ਕੁਝ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ।

ਜੇ ਕਿਸੇ ਕਾਰਨ ਮੈਂ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਤੋਂ ਅਖਬਾਰ ਨਾ ਲਿਆ ਸਕਾਂ ਤਾਂ ਸਨਿਚਰਵਾਰ ਨੂੰ ਮੈਨੂੰ ਤਿੰਨ-ਚਾਰ ਥਾਵਾਂ ਤੋਂ ਜਾ ਕੇ ਅਖਬਾਰ ਲੱਭਣੇ ਪੈਂਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀ ਅਖਬਾਰਾਂ ਦੇ ਪਾਠਕਾਂ ਦੀ ਗਿਣਤੀ ਕਾਫੀ ਵੱਡੀ ਹੈ ਤੇ ਸਾਰੇ ਅਖਬਾਰ ਪੜ੍ਹਨ ਲਈ ਲੈ ਕੇ ਜਾਂਦੇ ਹਨ। ਹੋ ਸਕਦਾ ਹੈ ਕੋਈ ਇੱਕਾ ਦੁੱਕਾ ਲੋਕ ਵੈਸੇ ਹੀ ਰੱਦੀ ਸਮਝ ਕੇ ਅਖਬਾਰ ਚੁੱਕ ਕੇ ਲੈ ਜਾਂਦੇ ਹੋਣ ਤੇ ਨਾ ਪੜ੍ਹਦੇ ਹੋਣ।

ਜੇਕਰ ਪੰਜਾਬੀ ਅਖਬਾਰਾਂ ਦੀ ਕੀਮਤ ਲਈ ਜਾਵੇ ਤਾਂ ਲਾਜ਼ਮੀ ਹੈ ਪਾਠਕਾਂ ਦੀ ਗਿਣਤੀ ਕਾਫੀ ਘਟ ਜਾਏਗੀ। ਇਸ ਲਈ ਅਖਬਾਰਾਂ ਦਾ ਮੁੱਲ ਰੱਖਣਾ ਕੋਈ ਸਾਰਥਕ ਹੱਲ ਨਹੀਂ ਹੈ, ਇਸ ਮਸਲੇ ਦਾ। ਅਖਬਾਰਾਂ ਦਾ ਮੁੱਲ ਰੱਖਣ ਵਾਲਾ ਸੋਟਾ ਪਾਠਕਾਂ ਦੇ ਸਿਰ ਮਾਰਨ ਤੋਂ ਪਹਿਲਾਂ ਅਖਬਾਰਾਂ ਵਾਲਿਆਂ ਨੂੰ ਆਪਣੀ ਪੀੜ੍ਹੀ ਹੇਠ ਮਾਰਨਾ ਚਾਹੀਦਾ ਹੈ। ਬੇਰੁਖੀ ਦੇ ਕੁਝ ਕਾਰਨ ਉਥੇ ਵੀ ਲੁਕੇ ਹੋਏ ਹਨ। ਮੈਂ ਦੇਖਿਆ ਹੈ ਕਿ ਪੰਜਾਬੀ ਅਖਬਾਰ ਕੱਢਣ ਵਾਲੇ ਕੁਝ ਲੋਕ (ਸਾਰੇ ਨਹੀਂ) ਇਹ ਦਾਅਵਾ ਕਰਦੇ ਹਨ ਕਿ ਉਹ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ ਪਰ ਇਸ ਦੇ ਉਲਟ ਪੰਜਾਬੀ ਬੋਲੀ ਉਨ੍ਹਾਂ ਦੀ ਸੇਵਾ ਕਰ ਰਹੀ ਹੈ। ਅਖਬਾਰਾਂ ਦਾ ਕੰਮ ਲੋਕਾਂ ਨੂੰ ਸਹੀ ਰਾਹ 'ਤੇ ਪਾਉਣਾ ਹੈ ਪਰ ਹੋ ਇਸ ਦੇ ਉਲਟ ਰਿਹਾ ਹੈ। ਅੱਧ ਨਾਲੋਂ ਵੱਧ ਅਖਬਾਰਾਂ ਵਿਚ ਅਖੌਤੀ ਸਾਧਾਂ, ਟੂਣੇ ਕਰਨ ਵਾਲਿਆਂ, ਪੁੱਛਿਆ ਦੇਣ ਵਾਲਿਆਂ, ਕਾਲੇ ਇਲਮ ਦੇ ਮਾਹਰਾਂ ਵਗੈਰਾ ਦੇ ਇਸ਼ਤਿਹਾਰ ਛਾਪ ਕੇ ਲੋਕਾਂ ਵਿਚ ਅੰਧ ਵਿਸ਼ਵਾਸ ਨੂੰ ਪ੍ਰਫੁਲਿਤ ਕੀਤਾ ਜਾ ਰਿਹਾ ਹੈ। ਜੇਕਰ ਲੋਕਾਂ ਨੂੰ ਗਲਤ ਰਾਹੇ ਪਾ ਕੇ ਹੀ ਪੰਜਾਬੀ ਦੀ ਸੇਵਾ ਕਰਨੀ ਹੈ ਤਾਂ ਬੰਦ ਕਰ ਦੇਵੋ ਅਖਬਾਰ ਕੱਢਣਾ। ਗਲਤ ਚੀਜ਼ਾਂ ਨਾਲ ਪੈਸੇ ਇਕੱਠੇ ਕਰਕੇ ਅਜਿਹੀ ਸੇਵਾ ਨਾ ਕਰੋ ਜਿਹੜੀ ਕੌਮ ਲਈ ਮਾਰੂ ਸਾਬਤ ਹੋਵੇ। ਟੂਣੇ, ਪੁਛਿਆ, ਕਾਲਾ ਇਲਮ, ਮੂਰਤੀ ਪੂਜਾ-ਇਹ ਸਭ ਸਿੱਖ ਧਰਮ ਦੀਆਂ ਧਾਰਨਾਵਾਂ ਤੋਂ ਕੋਹਾਂ ਦੂਰ ਹਨ। ਇਨ੍ਹਾਂ ਦਾ ਪ੍ਰਚਾਰ ਸਿੱਖ ਧਰਮ ਨੂੰ ਬਰਬਾਦੀ ਦੇ ਰਾਹ ਪਾਉਣ ਦੇ ਬਰਾਬਰ ਹੈ। ਜੇ ਪੰਜਾਬੀ ਅਖਬਾਰਾਂ ਅਜਿਹੀ ਸਮਗਰੀ ਛਾਪਣਗੀਆਂ ਤਾਂ ਪਾਠਕਾਂ ਦੀ ਬੇਰੁਖੀ ਤਾਂ ਝੱਲਣੀ ਹੀ ਪਵੇਗੀ। ਸੋ, ਪੈਸਾ ਇਕੱਠਾ ਕਰਨ ਲਈ ਹੋਰ ਬਹੁਤ ਢੰਗ ਤਰੀਕੇ ਨੇ ਪਰ ਕਿਰਪਾ ਕਰਕੇ ਪੰਜਾਬੀਅਤ ਦੀ ਆੜ ਹੇਠ ਲੋਕਾਂ ਦੀ ਸੋਚ ਨੂੰ ਕੁੰਢਾ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਮੈਂ ਇਹ ਗੱਲਾਂ ਉਨ੍ਹਾਂ ਅਖਬਾਰਾਂ ਲਈ ਆਖ ਰਿਹਾ ਹਾਂ ਜੋ ਕਿਸੇ ਪੜ੍ਹਨਯੋਗ ਸਾਹਿਤ ਦੀ ਬਜਾਏ ਪੂਰੇ ਪੂਰੇ ਸਫੇ 'ਤੇ ਪੀਰ ਬਾਬਿਆਂ ਦੀ ਮਸ਼ਹੂਰੀ ਦਾ ਇਸ਼ਤਿਹਾਰ ਛਾਪਦੇ ਹਨ। ਜੇਕਰ ਅਖਬਾਰ ਕੱਢਣ ਲਈ ਲੋੜੀਂਦਾ ਧਨ ਨਹੀਂ ਹੈ ਤਾਂ ਨਾ ਕੱਢੋ ਅਖਬਾਰ, ਕਿਹੜਾ ਮਸ਼ੀਨ 'ਚ ਹੱਥ ਆਇਐ ਕਿ ਅਖਬਾਰ ਜ਼ਰੂਰ ਕੱਢਣੈ। ਜਿੰਨਾ ਭਾਰ ਲੱਤਾਂ ਚੁੱਕਦੀਆਂ ਹੋਣ, ਉਨਾਂ ਹੀ ਬੋਝ ਚੁੱਕਣਾ ਚਾਹੀਦਾ ਹੈ।

ਸੋ, ਜੇਕਰ ਜੜ੍ਹਾਂ ਮਜ਼ਬੂਤ ਹੋਣਗੀਆਂ ਤਾਂ ਫਲ ਵੀ ਮਿੱਠੇ ਹੋਣਗੇ। ਚੰਗਾ ਛਾਪਣ ਵਾਲੇ ਅਖਬਾਰਾਂ ਨੂੰ ਲੋਕ ਹਮੇਸ਼ਾ ਸਤਿਕਾਰ ਨਾਲ ਪੜ੍ਹਦੇ ਹਨ ਅਤੇ ਹਮੇਸ਼ਾ ਬੇਸਬਰੀ ਨਾਲ ਉਡੀਕਦੇ ਹਨ।

**ਡਾ. ਹਨੀ ਸ਼ੇਰਗਿੱਲ, ਸੈਕਰਾਮੈਂਟੋ**  
**honey2gill@yahoo.com**

---

# ਚਰਨ ਸਿੰਘ ਸਫਰੀ

ਪ੍ਰੋਫੈਸਰ ਸਰੂਪ ਸਿੰਘ ਸਰੂਪ ਨਵਾਂ ਸ਼ਹਿਰ ਵਾਲੇ, ਦੀਦਾਰ ਸਿੰਘ ਦੀਦਾਰ, ਨਰਿੰਦਰ ਬੀਬਾ, ਜਗਮੋਹਣ ਕੌਰ, ਬੀਬੀ ਰੰਜਨਾ, ਬਿਮਲਾ ਟੰਡਨ ਅਤੇ ਨਵੇਂ ਕਲਾਕਾਰਾਂ 'ਚੋਂ ਸੁਖਵਿੰਦਰ ਸੁੱਖੀ ਤੇ ਮੈਂ ਯਾਨਿ ਪਰਮਜੀਤ ਕੌਰ ਪੰਮੀ ਨੇ ਰੱਜ ਰੱਜ ਗਾਏ। ਸਫਰੀ ਮੈਨੂੰ ਅਕਸਰ ਕਹਿੰਦੇ ਸਨ, ਬੀਬਾ ਜੇ ਤੂੰ ਪੰਜਾਬ 'ਚ ਹੁੰਦੀ ਤੇਰਾ ਚੰਗਾ ਨਾਂ ਹੋਣਾ ਸੀ। ਜੰਮੂ ਜਾ ਕੇ ਨਾ ਤੂੰ ਜੰਮੂ ਕਸ਼ਮੀਰ ਦੀ ਰਹੀ ਨਾ ਹੀ ਪੰਜਾਬ ਦੀ। ਇਸ ਮੌਕੇ ਉਨ੍ਹਾਂ ਮੈਨੂੰ ਆਪਣਾ ਇਹ ਨਵਾਂ ਗੀਤ ਸੁਣਾਇਆ ਜਿਹੜਾ ਕਿਸੇ ਕਿਤਾਬ ਵਿਚ ਸ਼ਾਮਲ ਨਹੀਂ ਹੋਇਆ:

ਮੈਂ ਪੰਜਾਬ ਦੀ ਕੁੜੀ ਮੇਰਾ ਅੰਬਰਾਂ 'ਤੇ ਨਾਂ  
ਦੇਵਤਿਆਂ ਦੀ ਖਾਤਰ  
ਜਿਹੜੇ ਸਵਰਗ ਬਣਾਏ ਰੱਬਾ  
ਮੇਰੀਆਂ ਹੀ ਜ਼ੁਲਫਾਂ ਤੋਂ  
ਉਧਾਰੀ ਲਿਤੀ ਛਾਂ।  
ਮੈਂ ਪੰਜਾਬ ਦੀ ਕੁੜੀ...।  
ਪਿੰਡ ਮੇਰੇ ਦੀਆਂ ਕੁੜੀਆਂ ਚਿੜੀਆਂ  
ਰਲ ਕੇ ਗਿੱਧਾ ਪਾਇਆ  
ਝਾਂਜਰ ਦੀ ਛਣਕਾਰ ਸੁਣਨ ਲਈ  
ਤਾਨਸੈਨ ਵੀ ਆਇਆ  
ਬਲਦੀ ਦੇਖੀ ਲਾਟ ਸ਼ਮਾਂ ਦੀ  
ਭੰਬਟ ਆਏ ਤਾਂ  
ਮੈਂ ਪੰਜਾਬ ਦੀ ਕੁੜੀ...।

ਉਹ ਆਪਣੇ ਇਕ ਸ਼ਾਗਿਰਦ ਕਲਾਕਾਰ ਸੁਰਜੀਤ ਝਾਂਸਾਂਵਾਲੇ 'ਤੇ ਵੀ ਬੜਾ ਮਾਣ ਕਰਦੇ ਸਨ ਕਿ ਇਹ ਕਲਾਕਾਰ ਮੇਰੀ ਕਲਮ ਅੱਗੇ ਲੈ ਜਾਏਗਾ ਅਤੇ ਮੇਰੀ ਸੇਵਾ ਕਰੇਗਾ।

ਸਫਰੀ ਦੇ ਚਲਾਣੇ ਤੋਂ ਇਕ ਮਹੀਨਾ ਪਹਿਲਾਂ 5 ਦਸੰਬਰ 2005 ਨੂੰ ਮੈਂ ਉਨ੍ਹਾਂ ਦੇ ਘਰ ਮਿਲਣ ਗਈ। ਉਨ੍ਹਾਂ ਨਾਲ ਇਹ ਮੇਰੀ ਆਖਰੀ ਮੁਲਾਕਾਤ ਸੀ ਕਿਉਂਕਿ ਮੈਂ ਉਸ ਉਪਰੰਤ ਅਮਰੀਕਾ ਆ ਗਈ। ਮੈਂ ਦੱਸਿਆ ਤਾਂ ਕਹਿਣ ਲੱਗੇ, ਮੈਂ ਠੀਕ ਹੋ ਗਿਆ ਤਾਂ ਇਕ ਵਾਰੀ ਫਿਰ ਕੈਲੀਫੋਰਨੀਆ ਜਾਣਾ ਹੈ। ਬੀਬਾ ਤੂੰ ਗੁਰਦੁਆਰਾ ਫਰੀਮਾਂਟ ਜਾ ਕੇ ਮੇਰੇ ਗੀਤ ਗਾਈਂ, ਮੇਰੀਆਂ ਕੁਝ ਕਿਤਾਬਾਂ ਲੈ ਜਾਈਂ। ਕੈਲੀਫੋਰਨੀਆ ਮਿੰਨੀ ਪੰਜਾਬ ਹੈ। ਇਹ ਮੇਰੀ ਉਨ੍ਹਾਂ ਨਾਲ ਆਖਰੀ ਫਤਿਹ ਸੀ। ਇਕ ਮਹੀਨੇ ਬਾਅਦ 5 ਜਨਵਰੀ 2006 ਨੂੰ ਸਵੇਰੇ 8 ਵਜੇ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਸਫਰੀ ਸਭ ਝਗੜਾ ਅੰਦਰ ਦਾ  
ਨਾ ਮਸਜਿਦ ਦਾ ਨਾ ਮੰਦਰ ਦਾ  
ਜਿਨ ਭੇਦ ਇਲਾਹੀ ਸਮਝ ਲਿਆ  
ਕਾਅਬਾ, ਬੁੱਤਖਾਨਾ ਕੀ ਜਾਣੇ  
ਨਾਨਕ ਦੀਆਂ ਗੁੱਝੀਆਂ ਰਮਜਾਂ ਨੂੰ  
ਬੇਸਮਝ ਜ਼ਮਾਨਾ ਕੀ ਜਾਣੇ।

ਸਫਰੀ ਹੋਰਾਂ ਦੀ ਚੌਥੀ ਬਰਸੀ ਉਨ੍ਹਾਂ ਦੇ ਪਿੰਡ 10 ਜਨਵਰੀ 2010 ਨੂੰ ਮਨਾਈ ਗਈ। ਇਹ ਪ੍ਰੋਗਰਾਮ ਬਾਬਾ ਗੁਰਚਰਨ ਸਿੰਘ ਖਾਲਸਾ ਰਾਮਦਾਸਪੁਰ (ਗੜ੍ਹਦੀਵਾਲਾ) ਵਲੋਂ ਕਰਵਾਇਆ ਗਿਆ। ਇਸ ਮੌਕੇ ਪ੍ਰੋਫੈਸਰ ਸਰੂਪ ਸਿੰਘ ਹੋਰਾਂ ਦੀ ਆਵਾਜ਼ ਵਿਚ 22 ਗੀਤਾਂ ਦੀ ਇਕ ਸੀ ਡੀ ਰਿਲੀਜ਼ ਕੀਤੀ ਗਈ।

ਮੇਰੀ ਉਸ ਮਹਾਨ ਕਵੀ ਦੀ ਕਲਮ ਨੂੰ ਸਲਾਮ।

*ਰੇਡੀਓ ਤੇ ਟੀ ਵੀ ਆਰਟਿਸਟ*

# ਮੇਰੇ ਮੌਲਾ ਤੇਰੇ ਰੰਗ ਨੇ ਨਿਆਰੇ ਪਿੰਡਾਂ ਦੇ ਵਿਚ ਗੱਲਾਂ ਹੁੰਦੀਆਂ

**ਗੱਲੀਂ-ਬਾਤੀਂ**



ਐਸ. ਅਸ਼ੋਕ ਭੌਰਾ
ਫੋਨ: 925-752-8025

*ਜੱਜ, ਕਚਹਿਰੀ ਤੇ ਕਾਨੂੰਨ ਤਕੜੇ ਲੋਕਾਂ ਲਈ ਸਰਾਂ ਵਰਗੇ ਹੀ ਹੁੰਦੇ ਹਨ, ਇਨ੍ਹਾਂ ਤੋਂ ਭੈਅ ਸਿਰਫ ਮਾੜੇ ਲੋਕਾਂ ਨੂੰ ਆਉਂਦਾ ਹੈ। ਤਾਕਤਵਰ ਨੂੰ ਤਾਂ ਗਵਾਹ ਵੀ ਘਰੇ ਪੁੱਛਣ ਆ ਜਾਂਦੇ ਨੇ 'ਕੋਈ ਸੇਵਾ ਹੋਈ ਤਾਂ ਹੁਕਮ ਕਰਿਓ।' ਜੱਜਾਂ ਲਈ ਕਾਨੂੰਨ ਸਲੋਕਾਂ ਵਰਗੇ ਹੀ ਹੁੰਦੇ ਨੇ ਤੇ ਇਨ੍ਹਾਂ ਦੀ ਡੂੰਘੀ ਵਿਆਖਿਆ ਕਈ ਵਾਰ ਆਮ ਬੰਦੇ ਦੀ ਸਮਝ 'ਚ ਨਹੀਂ ਪੈਂਦੀ। ਕਲਯੁੱਗ ਵਿਚ ਕੀੜੀਆਂ ਦੇ ਘਰਾਂ 'ਚ ਭਗਵਾਨ ਆਉਣ ਦੀਆਂ ਸੰਭਾਵਨਾਵਾਂ ਖਤਮ ਹੀ ਹੋ ਗਈਆਂ ਹਨ, ਜੇ ਕੋਈ ਆ ਵੀ ਜਾਵੇ ਤਾਂ ਉਹ ਅਸਲੀ ਬਾਣੇ 'ਚ ਨਕਲੀ ਹੋ ਸਕਦੈ। ਵਿਗਿਆਨ ਦੇ ਯੁੱਗ ਵਿਚ ਰਬੜ ਦੀਆਂ ਗੁੱਡੀਆਂ ਨੱਚਣ ਤਾਂ ਲੱਗ ਪਈਆਂ ਹਨ ਪਰ ਗਾ ਨਹੀਂ ਰਹੀਆਂ। ਜਦੋਂ ਵਿਹਲ ਤਾਂ ਹੋਵੇ ਪਰ ਜੇਬ 'ਚ ਟਕਾ ਨਾ ਹੋਵੇ ਤਾਂ ਆਰਾਮ ਵੀ ਹਰਾਮ ਹੀ ਲੱਗਣ ਲੱਗ ਪੈਂਦਾ ਹੈ ਜਾਂ ਇਉਂ ਕਿ ਇਸੇ ਸਥਿਤੀ ਦਾ ਤਰਜਮਾ ਗਰੀਬੀ ਦਾ ਮਹਾਂਭਾਰਤ ਹੁੰਦਾ ਹੈ। ਜਿਨ੍ਹਾਂ ਦਾ ਸਿਰ ਉੱਚਾ ਮੱਤ ਨੀਵੀਂ ਹੋਵੇ ਉਹ ਘਰਾਂ 'ਚ ਰਹਿੰਦੇ ਨੇ ਤੇ ਕਦੇ ਵੀ ਸੈਰ ਤੇ ਨਹੀਂ ਨਿਕਲਦੇ। ਪਹਾੜ ਖੋਦਣ ਨਾਲ ਹੁਣ ਬਹੁਤੀ ਵਾਰ ਚੂਹੇ ਤਾਂ ਕੀ ਕੀੜੀਆਂ ਵੀ ਨਹੀਂ ਨਿਕਲਦੀਆਂ। ਇਸੇ ਲਈ ਹੁਣ ਅਖਾਣ ਬਦਲਣ ਲਈ ਵੀ ਕਮਿਸ਼ਨ ਬਣਾਏ ਜਾਣ ਦੀ ਲੋੜ ਹੈ। ਸਿਆਣਪ ਦੀ ਸੋਚ ਹੀ ਹੈ ਕਿ ਮਰਦ ਨਾਲ ਪਰਿਵਾਰ ਤੇ ਔਰਤ ਨਾਲ ਘਰ ਚਲਦਾ ਹੈ। ਇਸੇ ਕਰਕੇ ਕਈ ਸੁਆਣੀਆਂ ਨੇ ਘਰ ਉਜੜਨ ਤੋਂ ਪਹਿਲਾਂ ਹੂਟਰ ਵਜਾ ਦੇਣਾ ਹੁੰਦਾ ਹੈ। ਰਿਮੋਟ ਦੇ ਯੁੱਗ ਵਿਚ ਚਰਖਾ ਚਲਾਉਣ ਲਈ ਮਾਲ੍ਹ ਦੀ ਲੋੜ ਖਤਮ ਹੋ ਗਈ ਹੈ। ਜਦੋਂ ਝੱਗਾ ਛੋਟਾ ਤੇ ਪਜਾਮਾ ਲੰਮਾ ਹੋ ਜਾਵੇ ਤਾਂ ਸ਼ਾਇਦ ਫੋਟੋ ਖਿੱਚਣ ਤੋਂ ਕੈਮਰਾ ਵੀ ਇਸ ਕਰਕੇ ਜੁਆਬ ਦੇ ਜਾਵੇ ਕਿ ਸ਼ਕਲ ਤਾਂ ਸਿਆਣਿਆਂ ਵਰਗੀ ਬਣਾ ਲੈ। ਛੜੇ ਵਿਆਹਿਆਂ ਨੂੰ ਕਹੀ ਜਾਂਦੇ ਨੇ 'ਤੁਹਾਡੇ ਨਾਲ ਚੰਗੀ ਨਹੀਂ ਹੋਈ 'ਤੇ ਵਿਆਹੇ ਛੜਿਆਂ ਨੂੰ 'ਤੁਹਾਡੇ ਨਾਲ ਜੱਗੋਂ ਤੇਰਵੀਂ ਹੋਈ ਹੈ। ਦੋਵੇਂ ਇਕ ਦੂਜੇ ਵਲ ਤਰਸ ਤੇ ਰਹਿਮ ਦੇ ਘੁੰਗਰੂ ਸੁੱਟੀ ਜਾਂਦੇ ਹਨ। ਅਸਲ ਵਿਚ ਦੂਜੀ ਵਾਰ ਲਾਵਾਂ ਜਾਂ ਫੇਰੇ ਲੈਣ ਦੀ ਉਨ੍ਹਾਂ ਨੂੰ ਹੀ ਕਾਹਲ ਹੁੰਦੀ ਹੈ ਜਿਹੜੇ ਡਿੱਗ ਕੇ ਵੀ ਲੀੜੇ ਨਹੀਂ ਝਾੜਦੇ। ਅੰਗਰੇਜਾਂ ਦੀ ਸੋਚ ਤਾਂ ਚੰਗੀ ਸੀ 'ਫਸਟ ਕਮ ਫਸਟ ਗੋ' ਪਰ ਮੌਤ ਉਨ੍ਹਾਂ ਦੀ ਇਹ ਗੱਲ ਮੰਨਣ ਤੋਂ ਇਨਕਾਰੀ ਹੋ ਗਈ। ਖੈਰ! ਮਾਪੇ ਗਲਤੀਆਂ ਕਰਨ ਤਾਂ ਔਲਾਦ ਭੁਗਤੇ ਤਾਂ ਦੁੱਖ ਹੁੰਦਾ ਹੈ ਤੇ ਜੇ ਗਲਤੀਆਂ ਕਰਨ ਵਾਲਿਆਂ ਨੂੰ ਹੀ ਹਰਜਾਨਾ ਭਰਨਾ ਪਵੇ ਤਾਂ ਇਹ ਅਖਾਣ ਤਾਂ ਸੱਚ ਹੈ ਕਿ ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੈ। ਕਈ ਵਾਰ ਤੁਸੀਂ ਰੱਬ ਦੀ ਰਜ਼ਾ 'ਚ ਨਹੀਂ ਰੱਬ ਤੁਹਾਡੀ ਰਜ਼ਾ ਵਿਚ ਰਹਿਣ ਲਈ ਮਜ਼ਬੂਰ ਹੋ ਜਾਂਦਾ ਹੈ ਇਸੇ ਕਰਕੇ...?*

ਕਈ ਬੰਦੇ ਰੱਬ ਨੂੰ ਤਾਂ ਬਿਲਕੁਲ ਨਹੀਂ ਮੰਨਦੇ ਪਰ ਧਾਰਮਿਕ ਛੁੱਟੀ ਵਾਲੇ ਦਿਨ ਸਭ ਤੋਂ ਵੱਧ ਖੁਸ਼ੀ ਉਨ੍ਹਾਂ ਦੇ ਚਿਹਰਿਆਂ 'ਤੇ ਵੇਖੀ ਜਾ ਸਕਦੀ ਹੈ। ਤਰੱਕੀ ਦੀ ਸਿਖਰ ਉਹਨੂੰ ਕਹਿੰਦੇ ਨੇ ਜਦੋਂ ਰਿਕਸ਼ਾ ਚਾਲਕ ਦਾ ਪੁੱਤਰ ਅਫਸਰ ਲੱਗ ਗਿਆ ਹੋਵੇ। ਕਈ ਵਾਰ ਵੱਡੇ ਅਨਰਥ ਹੋਣ ਦਾ ਪਤਾ ਮਨੁਖ ਨੂੰ ਵੀ ਹੁੰਦਾ ਹੈ ਪਰ ਸ਼ਾਇਦ ਪਰਮਾਤਮਾ ਵੀ ਉਹਨੂੰ ਇਸ਼ਾਰਾ ਕਰਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ 'ਛੀ'! ਚੁੱਪ ਰਹਿ ਇਹਦੇ 'ਚ ਭਲਾ ਤੇ ਭਲਾਈ ਹੈ। ਇਸੇ ਲਈ ਕਈ ਵਾਰ ਆਪਣੇ ਹੀ ਘਰ ਦਾ ਬੂਹਾ ਲੱਭਣ ਵਿਚ ਸਾਰੀ ਉਮਰ ਲੰਘ ਜਾਂਦੀ ਹੈ।

ਹਾਲ ਹੀ ਵਿਚ ਇਕ ਕਾਲੀ ਕੁੜੀ ਨੂੰ ਗੋਰੀਆਂ ਨਾਲ ਆਲੀਸ਼ਾਨ ਗੱਡੀ ਵਿਚ ਘੁੰਮਦਿਆਂ ਕਈ ਲੋਕਾਂ ਨੇ ਦਿੱਲੀ 'ਚ ਵੇਖਿਆ ਹੈ। ਇਹ ਕੋਈ ਬਹੁਤੀ ਹੈਰਾਨੀ ਵਾਲੀ ਗੱਲ ਨਹੀਂ ਪਰ ਘੁੰਮਣ ਦਾ ਮਕਸਦ ਜ਼ਰੂਰ ਉਤਸੁਕਤਾ ਪੈਦਾ ਕਰਦਾ ਹੈ। ਇਹ ਭਾਰਤੀ ਮੂਲ ਦੀ ਕੁੜੀ ਜੋ ਹੁਣ ਵੇਖਣ ਵਿਚ ਅਫਰੀਕਣ ਲਗਦੀ ਹੈ ਅਠਾਈ ਵਰ੍ਹੇ ਪਹਿਲਾਂ ਕਿਸੇ ਨੂੰ ਦਿੱਲੀ ਦੇ ਨਜਾਮੁਦੀਨ ਹਲਕੇ ਦੇ ਇਕ ਫੁੱਟਪਾਥ ਤੋਂ ਲਾਵਰਸ ਮਿਲੀ ਸੀ ਪਰ ਹੁਣ ਉਹ ਆਸਟਰੀਆ ਦੀ ਅਰਬ ਨਹੀਂ ਖਰਬਪਤੀ ਹੈ। ਰਾਂਚੀ (ਝਾਰਖੰਡ) ਦੀਆਂ ਗਰੀਬ ਕੁੜੀਆਂ ਵਿਚ ਇਸ ਕੁੜੀ ਨੇ ਜਨਮ ਲਿਆ ਸੀ ਤੇ ਗਰੀਬੀ ਦੀ ਭੰਨੀ ਮਾਂ ਨੇ ਇਸਨੂੰ ਦਿੱਲੀ 'ਚ ਲਿਆ ਕੇ ਰਾਤ ਦੇ ਹਨੇਰੇ 'ਚ ਛੱਡ ਦਿੱਤਾ। ਤੜਕੇ ਰੋਂਦੀ ਨੂੰ ਕਿਸੇ ਨੇ ਵੇਖਿਆ ਤੇ ਘਰੇ ਲੈ ਗਏ। ਤਿੰਨ ਮਹੀਨੇ ਤੱਕ ਪਾਲਣ ਪੋਸ਼ਣ ਕੀਤਾ ਤੇ ਭਾਗ ਉਦੋਂ ਜਾਗੇ ਜਦੋਂ ਆਸਟਰੀਆ ਤੋਂ ਆਏ ਇਕ ਯਾਤਰੂ ਜੋੜੇ ਨੇ ਇਸ ਨੂੰ ਗੋਦ ਲਿਆ ਤੇ ਕਾਨੂੰਨਨ ਆਪਣੀ ਧੀ ਬਣਾ ਕੇ ਨਾਲ ਲੈ ਗਏ ਤੇ ਉਨ੍ਹਾਂ ਦੀ ਇਹ ਇਕਲੌਤੀ ਮਤਬੰਨੀ ਬੱਚੀ ਉਨ੍ਹਾਂ ਦੇ ਖਰਬਾਂ ਰੁਪਏ ਦੇ ਕਾਰੋਬਾਰ ਦੀ ਮਾਲਕ ਹੈ। ਹਾਲ ਹੀ ਵਿਚ ਉਹ ਆਪਣੇ ਜਨਮ ਵਾਲੇ ਉਸ ਸਥਾਨ ਨੂੰ ਨਜਾਮੁਦੀਨ ਵਿਚ ਆਪਣੀਆਂ ਅੱਖਾਂ ਨਾਲ ਲੱਭ ਰਹੀ ਸੀ ਜਿਥੇ ਉਸਨੂੰ ਡੇਢ ਮਹੀਨੇ ਦੀ ਉਮਰ ਵਿਚ ਸੁੱਟ ਦਿੱਤਾ ਸੀ। ਮੁਕੱਦਰਾਂ ਦੀ ਗੱਲ ਇਥੇ ਆ ਕੇ ਵਿਸ਼ਵਾਸ ਵਾਲੀ ਹੋ ਜਾਂਦੀ ਹੈ ਕਿ ਰੱਬ ਜਿਨ੍ਹਾਂ ਦੇ ਨੇੜੇ ਹੁੰਦਾ ਹੈ ਉਨ੍ਹਾਂ ਨੂੰ ਘੁੱਟ ਕੇ ਜੱਫੀ ਹੀ ਨਹੀਂ ਪਾਉਂਦਾ ਸਗੋਂ ਬਰਕਤਾਂ ਦੀਆਂ ਰੌਣਕਾਂ ਨਾਲ ਵੀ ਝੋਲੀਆਂ ਭਰ ਦੇਂਦਾ ਹੈ। ਹੁਣ ਇਹ ਬੱਚੀ ਇਸ ਆਸ ਨਾਲ ਚੱਕਰ ਮਾਰ ਰਹੀ ਹੈ ਕਿ ਕਿਤੇ ਉਸਨੂੰ ਉਹ ਅਭਾਗਣ ਮਾਂ ਮਿਲ ਜਾਵੇ, ਜਿਸ ਦੇ ਮੱਥੇ ਦੀਆਂ ਗਰੀਬ ਰੇਖਾਵਾਂ ਵਿਚ ਸਰਘੀ ਦਾ ਰੰਗ ਭਰ ਸਕੇ। ਬਦਕਿਸਮਤੀ ਇਹ ਹੈ ਕਿ ਹਾਲੇ ਤੀਕਰ ਇਹ ਮਾਂ ਉਹਨੂੰ ਲੱਭ ਨਹੀਂ ਰਹੀ। ਉਹ ਉਹਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਜਿਹੜਾ ਸਮਾਜ ਧੀਆਂ ਨੂੰ ਪਰਾਇਆ ਧਨ ਕਹਿੰਦਾ ਹੈ, ਉਹ ਧੀਆਂ ਪਰਾਏ ਧਨ ਦੀਆਂ ਵਾਰਿਸ ਵੀ ਬਣ ਸਕਦੀਆਂ ਹਨ।

ਜਿਨ੍ਹਾਂ ਨੇ ਕਦੇ ਜਾਣੇ ਅਨਜਾਣੇ ਵਿਚ ਕ੍ਰਿਸ਼ਨ ਚੰਦਰ ਦੀ ਕਹਾਣੀ 'ਪੰਘੂੜਾ' ਪੜ੍ਹੀ ਹੋਵੇਗੀ ਉਹ ਤਾਂ ਜਾਣਦੇ ਹੋਣਗੇ ਕਿ ਪੰਘੂੜਾ ਸਿਰਫ ਬੱਚੇ ਖਿਡਾਉਣ ਲਈ ਹੀ ਨਹੀਂ ਹੁੰਦਾ ਸਗੋਂ ਕੁੱਖਾਂ ਨੂੰ ਹਰੀਆਂ ਭਰੀਆਂ ਕਰਨ ਦਾ ਜਰੀਆ ਵੀ ਹੋ ਸਕਦਾ ਹੈ। ਜਿਨ੍ਹਾਂ ਨੇ ਇਹ ਕਹਾਣੀ ਨਹੀਂ ਪੜ੍ਹੀ ਉਨ੍ਹਾਂ ਨਾਲ ਇਹ ਦਸਤਾਵੇਜੀ ਸਾਂਝ ਜ਼ਰੂਰ ਪਾਉਣਾ ਚਾਹਾਂਗਾ ਕਿ ਗੱਲ ਵਿਚ ਵਿਚਾਲੇ ਵਾਲੀ ਕਿਹੜੀ ਹੈ?

ਅਸਲ ਵਿਚ ਦਿੱਲੀ ਮੁੰਬਈ ਤੇ ਕੋਲਕਾਤਾ ਵਰਗੇ ਮਹਾਂਨਗਰਾਂ ਵਿਚ ਇਕਾਂਤ ਤੇ ਸੁੰਨਸਾਨ ਥਾਵਾਂ ਤੇ ਪੰਘੂੜੇ ਲਟਕਦੇ ਰਹੇ ਹਨ ਤੇ ਹਾਲੇ ਪੂਰੀ ਤਰ੍ਹਾਂ ਚੱਕੇ ਵੀ ਨਹੀਂ ਗਏ। ਇਸ ਪੰਘੂੜੇ ਨੇ ਏਨੀ ਵੱਡੀ ਭੂਮਿਕਾ ਨਿਭਾਈ ਹੈ ਕਿ ਇਹ ਕਈਆਂ ਦੀ ਕਿਸਮਤ ਵਿਚ ਰੇਖ 'ਚ ਮੇਖ ਮਾਰ ਕੇ ਕੁੱਖਾਂ ਭਰਦਾ ਆਇਆ ਹੈ ਤੇ ਕਈਆਂ ਦੀ ਕੁੱਖ 'ਚੋਂ ਚੋਰੀ ਦਾ ਭਾਰ ਚੁੱਕਣ ਦੀ ਭੂਮਿਕਾ ਵੀ ਨਿਭਾਉਂਦਾ ਰਿਹਾ ਹੈ। ਇਹ ਗੱਲ ਯਕੀਨ ਨਹੀਂ ਵਿਸ਼ਵਾਸ਼ ਵਾਲੀ ਹੈ ਕਿ ਇਸ ਪੰਘੂੜੇ ਤੇ ਤਪਦੀਆਂ-ਠਰਦੀਆਂ ਰਾਤਾਂ ਵਿਚ ਕਈ ਜੋੜਿਆਂ ਦੀ ਅੱਖ ਸਰਹੱਦ ਤੇ ਪਹਿਰਾ ਦੇ ਰਹੇ ਫੌਜੀ ਨਾਲੋਂ ਵੀ ਤੇ ਦੂਰਬੀਨ ਨਾਲੋਂ ਵੀ ਤਿੱਖੀ ਹੁੰਦੀ ਸੀ ਤਾਂ ਕਿ ਕਦੋਂ ਇਸ ਪੰਘੂੜੇ ਵਿਚ ਬੱਚੇ ਦੀ ਚੀਖ ਵਜੇ ਤੇ ਉਹ ਆਪਣੀ ਕੁੱਖ ਨੂੰ ਸੁਲੱਖਣੀ ਕਰਕੇ ਵਾਰਿਸ ਥਾਪ ਲੈਣ। ਇਹ ਉਹ ਜੋੜੇ ਹੁੰਦੇ ਸਨ ਜਿਨ੍ਹਾਂ ਦੀ ਕੈਦ 'ਚ ਤੇ ਵਿਹੜੇ 'ਚ ਲਾਲ ਨਹੀਂ ਖੇਡੇ ਸਨ ਤੇ ਦੂਜੇ ਪਾਸੇ ਉਹ ਮਾਵਾਂ ਚੋਰੀ ਸਰਹੱਦ ਟੱਪਣ ਵਾਂਗ ਅੱਖ ਬਚਾ ਕੇ ਆਪਣੀ ਕੁੱਖ ਵਿਚਲੀ ਨਜਾਇਜ਼ ਔਲਾਦ ਪੰਘੂੜੇ 'ਚ ਰੱਖ ਫਰਜ਼ ਦਾ ਪਹਿਲਾ ਝੂਟਾ ਦੇ ਜਾਣ ਨੂੰ ਕਾਹਲੀਆਂ ਹੁੰਦੀਆਂ ਸਨ। ਕਈ ਵਾਰ ਉਹ ਮਾਵਾਂ ਵੀ ਲੋਰੀਂ ਮੈਂ ਲਾਲ ਨੂੰ ਦੇਵਾਂ ਲਾਲ ਦੇ ਸ਼ਗਨ ਮਨਾਵਾਂ ਵਾਲੀਆਂ ਵੀ ਹੁੰਦੀਆਂ ਸਨ ਜਿਹੜੀਆਂ ਗਰੀਬੀ ਤੇ ਭੁੱਖਮਰੀ ਨੇ ਏਨੀਆਂ ਮਧੋਲੀਆਂ ਕਿ ਜਿਨ੍ਹਾਂ ਨੇ ਕੁੱਖ ਤਾਂ ਭਰ ਲਈ ਪਰ ਇਸਦਾ ਭਾਰ ਚੁੱਕਣ ਤੋਂ ਹੱਥ ਖੜ੍ਹੇ ਕਰ ਦਿੱਤੇ। ਇੰਜ ਲੱਖਾਂ ਵਾਰ ਜਾਇਜ ਨੂੰ ਨਜ਼ਾਇਸ ਦਾ ਦਰਜਾ ਮਿਲਦਾ ਰਿਹਾ ਹੈ। ਇਸੇ ਕਰਕੇ ਇਨ੍ਹਾਂ ਲੋਕਾਂ ਨੇ ਨਜਾਇਜ਼ ਸਬੰਧਾਂ ਤੇ ਗਰੀਬੀ ਨੂੰ ਕਦੇ ਵੀ ਨਹੀਂ ਭੰਡਿਆਂ, ਜਿਨ੍ਹਾਂ ਨੇ ਉਨ੍ਹਾਂ ਨੂੰ ਲੋਰੀਆਂ, ਲੋਹੜੀਆਂ ਤੇ ਘੋੜੀਆਂ ਗਾਉਣ ਦੇ ਅਵਸਰ ਲੈ ਕੇ ਦਿੱਤੇ ਹਨ। ਸਚਾਈ ਇਹ ਵੀ ਹੈ ਕਿ ਇਹ ਪੰਘੂੜੇ ਘਟ ਤਾਂ ਗਏ ਹਨ ਪਰ ਮੁੱਕੇ ਨਹੀਂ ਤੇ ਇਹ ਵੀ ਮੰਨੋ ਕਿ ਪੁਲਿਸ ਜਾਂ ਪ੍ਰਸ਼ਾਸਨ ਨੂੰ ਪਤਾ ਹੋਣ ਦੇ ਬਾਵਜੂਦ ਵੀ ਇਸ ਪਵਿੱਤਰ ਕਹੋ ਜਾਂ ਅਪਵਿੱਤਰ, ਕਾਰਜ ਵਿਚ ਦਖਲ-ਅੰਦਾਜ਼ੀ ਨਹੀਂ ਕੀਤੀ ਸੀ।

ਹੁਣ ਪੰਘੂੜੇ ਦੀ ਇਕ ਹੋਰ ਫਿਲਾਸਫੀ ਜਾਂ ਮਹੱਤਤਾ ਦੁਆਲੇ ਤੁਹਾਨੂੰ ਚੱਕਰ ਜਾਂ ਪਰਿਕਰਮਾ ਕਰਵਾਉਣ ਲੱਗਾ ਹਾਂ ਤਾਂ ਕਿ ਤੁਹਾਨੂੰ ਵੀ ਲੱਗੇ ਕਿ ਮੌਲਾ ਦੇ ਰੰਗ ਸੱਚੀਂ ਹੀ ਨਿਆਰੇ ਹੁੰਦੇ ਹਨ।

ਦਿੱਲੀ ਦਾ ਇਕ ਕਰਨਲ ਪੇਂਡੂਆਂ ਦੀ ਮਹਿਮਾਨ ਨਿਵਾਜੀ ਤੇ ਪਿੰਡਾਂ ਦੇ ਰੰਗ ਦੇਖਣ ਲਈ ਆਪਣੇ ਘਰ 'ਚ ਰੱਖੇ ਨੌਕਰ ਦੇ ਘਰ ਹਰਿਆਣਾ ਦੇ ਇਕ ਪਿੰਡ 'ਚ ਕਈ ਕਈ ਦਿਨ ਗੁਜ਼ਾਰ ਜਾਂਦਾ। ਉਸ ਦੀ ਆਓ ਭਗਤ ਵਿਚ ਨੌਕਰ ਦਾ ਇਕ ਗੁਆਂਢੀ ਰਾਮ ਰਤਨ ਵੀ ਅਕਸਰ ਸ਼ਾਮਲ ਹੁੰਦਾ, ਤੇ ਕਰਨਲ ਦਾ ਮੋਹ ਰਾਮ ਰਤਨ ਨਾਲ ਵੀ ਵਧਦਾ ਗਿਆ। ਇਹ ਪਿਆਰ ਫਿਰ ਏਨਾ ਗੂੜਾ ਹੋ ਗਿਆ ਕਿ ਕਰਨਲ ਨੇ ਆਪਣੀ ਰੈਜਮੈਂਟ 'ਚ ਅੰਡਰ ਮੈਟ੍ਰਿਕ ਹੁੰਦਿਆਂ ਵੀ ਰਾਮ ਰਤਨ ਨੂੰ ਸਿਪਾਹੀ ਭਰਤੀ ਕਰਵਾ ਦਿੱਤਾ। ਰਾਮ ਰਤਨ ਦੀ ਉਸ ਵੇਲੇ ਅੱਠ ਵਰ੍ਹਿਆਂ ਦੀ ਇਕ ਧੀ ਸੀ ਰਮਾ ਰਾਣੀ। ਟ੍ਰੇਨਿੰਗ ਉਹਦੀ ਪੂਨੇ ਹੋਈ ਤੇ ਪਹਿਲੀ ਪੋਸਟਿੰਗ ਅਖਨੂਰ ਹੋ ਗਈ। ਘਰ ਦੀ ਗਰੀਬੀ ਖੁਸ਼ਹਾਲੀ 'ਚ ਬਦਲਣ ਲੱਗ ਪਈ। ਰਾਮ ਰਤਨ ਦਾ ਸਾਰਾ ਪਰਿਵਾਰ ਦਿੱਲੀ ਦੇ ਛਾਉਣੀ ਹਲਕੇ 'ਚ ਉਨ੍ਹਾਂ ਦੀ ਰਿਹਾਇਸ਼ 'ਤੇ ਵੀ ਜਾਣ ਲੱਗ ਪਿਆ ਸੀ। ਰਾਮ ਰਤਨ ਦੀ ਪਤਨੀ ਕੁਸ਼ਲਿਆ ਕਾਫੀ ਸੁਘੜ ਸਿਆਣੀ ਸੀ।

ਕਰਨਲ ਆਪਣੇ ਇਕਲੌਤੇ ਪੁੱਤਰ ਨੂੰ ਛੱਡ ਕੇ ਗੁਰਦੇ ਦੀ ਬਿਮਾਰੀ ਕਾਰਣ ਮੌਤ ਦੇ ਵਟਣੇ 'ਚ ਲਿਪਟ ਗਿਆ। ਇਸਦਾ ਦੁੱਖ ਰਾਮ ਰਤਨ ਨੂੰ ਸਭ ਤੋਂ ਵੱਧ ਸੀ ਕਿਉਂਕਿ ਕਰਨਲ ਦੀ ਮਿਹਰਬਾਨੀ ਨਾਲ ਉਹ ਹਵਾਲਦਾਰ ਬਣ ਗਿਆ ਸੀ। ਉਧਰ ਰਮਾ ਰਾਣੀ ਜੁਆਨ ਹੁੰਦੀ ਗਈ। ਸਕੂਲੋਂ ਹਟਦੀ ਕਾਲਜ 'ਚ ਪੜ੍ਹਨੇ ਪਾ ਦਿੱਤੀ। ਰੱਬ ਦੀ ਮਿਹਰਬਾਨੀ ਸੀ ਕਿ ਰਾਮ ਰਤਨ ਦੇ ਘਰ ਧੀ ਤੋਂ 12 ਸਾਲਾਂ ਬਾਅਦ ਇਕ ਪੁੱਤਰ ਨੇ ਜਨਮ ਲਿਆ। ਰਮਾ ਰਾਣੀ ਰੱਜ ਕੇ ਸੁਨੱਖੀ ਤੇ ਹੁੰਦੜ ਬੇਟੀ ਸੀ।

ਰਾਮ ਰਤਨ ਘਰੇ ਦੋ ਮਹੀਨੇ ਦੀ ਛੁੱਟੀ ਕੱਟਣ ਆਇਆ ਹੋਇਆ ਸੀ ਕਿ ਅਚਾਨਕ ਰਮਾ ਰਾਣੀ ਬਿਮਾਰ ਹੋ ਗਈ। ਕਈ ਦਿਨ ਤੱਕ ਉਲਟੀਆਂ ਲੱਗੀਆਂ ਰਹੀਆਂ। ਕੁਸ਼ਲਿਆਂ ਨੂੰ ਧੀ ਵੱਲ ਭਰਮ ਦੀ ਸੂਈ ਖਿੱਚਣ ਲੱਗੀ। ਪਰ ਰਮਾ ਰਾਣੀ ਠੀਕ ਹੋ ਗਈ ਤੇ ਆਮ ਵਾਂਗ ਕਾਲਜ ਵੀ ਜਾਣ ਲੱਗ ਪਈ। ਸਾਲ ਡੇਢ ਸਾਲ ਪਿੱਛੋਂ ਆਉਣ ਵਾਲਾ ਫੌਜੀ ਵੀ ਦੋ ਮਹੀਨੇ ਦੀ ਛੁੱਟੀ ਕੱਟ ਕੇ ਚਲਾ ਗਿਆ। ਦੋ ਮਹੀਨੇ ਹੋਰ ਗੁਜ਼ਰ ਗਏ। ਅਣਜਾਣ ਧੀ ਦੀਆਂ ਸਰੀਰਕ ਤਬਦੀਲੀਆਂ ਵੱਲ ਵੇਖ ਕੇ ਇਕ ਦਿਨ ਕੁਸ਼ਲਿਆਂ ਨੇ ਪੁੱਛ ਲਿਆ ਰਮਾ ਤੂੰ ਠੀਕ ਐਂ?''

'ਹਾਂ ਮਾਂ।'

'ਪਰ ਮੈਨੂੰ ਠੀਕ ਨਹੀਂ ਲਗਦੀ?'

ਤੇ ਰਮਾ ਰਾਣੀ ਹੜ੍ਹਦੇ ਪਾਣੀ ਵਾਂਗ ਹੱਦ ਢਾਅ ਬੈਠੀ। ਰੋਣ ਨਿਕਲ ਗਿਆ ਤੇ ਮਾਂ ਦੇ ਗਲ ਲੱਗ ਕੇ ਪਿਆਰ ਦੀ ਪੀਂਘ ਦਾ ਭਾਂਡਾ ਭੰਨ ਦਿੱਤਾ।

ਕੁੱਸ਼ਲਿਆ ਨੂੰ ਸਾਰੀ ਕਹਾਣੀ ਸਮਝ ਆ ਚੁੱਕੀ ਸੀ ਪਰ ਅੜਬ ਫੌਜੀ ਪਤੀ ਤੋਂ ਡਰਦੀ ਦਾ ਸਾਹ ਸੁੱਕ ਰਿਹਾ ਸੀ। ਅਹੁੜ ਕੁਝ ਨਹੀਂ ਰਿਹਾ ਸੀ। ਕੁਸ਼ਲਿਆ ਸਾਰੀ ਰਾਤ ਖਿਆਲਾਂ ਵਿੱਚ ਡੁੱਬੀ ਰਹਿੰਦੀ। ਇਕ ਦਿਨ ਸੋਚ ਨੂੰ ਬੂਰ ਪੈ ਗਿਆ। ਸੋਚਿਆ, ਕਰਨਲ ਦੀ ਪਤਨੀ ਅਨੀਤਾ ਕੋਲ ਚਲਦੀ ਹਾਂ, ਉਹਦਾ ਪੁੱਤ ਵਿਆਹ ਕਰਵਾ ਕੇ ਅਮਰੀਕਾ ਚਲੇ ਗਿਆ ਹੈ, ਕੱਲੀ ਰਹਿੰਦੀ ਹੈ, ਸਮਾਜ ਦੀ ਕਾਲਖ ਤੋਂ ਵੀ ਬਚ ਜਾਵਾਂਗੇ ਤੇ ਉਸਤੋਂ ਵੱਡਾ ਹਮਦਰਦ ਵੀ ਕੌਣ ਹੋ ਸਕਦੈ?

ਰਮਾ ਨੂੰ ਲੈ ਕੇ ਉਹ ਦਿੱਲੀ ਕਰਨਲ ਦੇ ਘਰ ਚਲੇ ਗਈ। ਰਾਤ ਰੋਟੀ ਪਾਣੀ ਖਾਣ ਤੋਂ ਬਾਅਦ ਕੁਸ਼ਲਿਆ ਨੇ ਸਾਰੀ ਰਾਮ ਕਹਾਣੀ ਅਲੱਗ ਕਮਰੇ 'ਚ ਲਿਜਾ ਕੇ ਦੱਸ ਦਿੱਤੀ ਤੇ ਹੱਥ ਜੋੜ ਕੇ ਇਜੱਤ ਦਾ ਵਾਸਤਾ ਪਾਇਆ। ਅਗਲੇ ਦਿਨ ਡਾਕਟਰਾਂ ਨੇ ਉਹੀ ਭੁਚਾਲ ਲਿਆਤਾ। ਰਮਾ ਸਾਢੇ ਤਿੰਨ ਮਹੀਨੇ ਦੀ ਗਰਭਵਤੀ ਸੀ ਤੇ ਇਸਨੂੰ ਗਿਰਾਉਣ ਤੋਂ ਵੀ ਨਾਂਹ ਕਰ ਦਿੱਤੀ।

ਅਨੀਤਾ ਨੇ ਕੁਸ਼ਲਿਆ ਨੂੰ ਦਿਲਵਰੀ ਦੇਂਦਿਆਂ ਕਿਹਾ 'ਤੂੰ ਘਰ ਚੱਲ ਤੇ ਸ਼ਰੀਕੇ ਭਾਈਚਾਰੇ 'ਚ ਕਹਿ ਕੇ ਆ ਕਿ ਓਹ ਅਨੀਤਾ ਕੋਲ ਰਹੇਗੀ ਜਦੋਂ ਤੱਕ ਉਸਨੂੰ ਪੁੱਤਰ ਅਮਰੀਕਾ ਨਹੀਂ ਲੈ ਜਾਂਦਾ।

ਫਿਰ ਪੰਜ ਮਹੀਨੇ ਦਾ ਭੇਦ ਸਿਆਣਪ 'ਚ ਲੁਕ ਗਿਆ। ਕੁਸ਼ੱਲਿਆ ਨੇ ਫੌਜੀ ਰਾਮ ਰਤਨ ਨੂੰ ਦੱਸਿਆ ਕਿ ਅਨੀਤਾ ਨੇ ਕੱਲੀ ਹੋਣ ਕਰਕੇ ਰਮਾ ਨੂੰ ਆਪਣੇ ਕੋਲ ਰਖ ਲਿਆ ਹੈ ਤੇ ਉਹ ਉਸਨੂੰ ਪ੍ਰਾਈਵੇਟ ਇਮਤਿਹਾਨ ਵਿਚ ਬਿਠਾ ਦੇਵੇਗੀ। ਫੌਜੀ ਧੀ ਦੇ ਉਸ ਘਰ ਵਿਚ ਰਹਿਣ ਤੋਂ ਨਰਾਜ ਹੋ ਹੀ ਨਹੀਂ ਸੀ ਸਕਦਾ।

ਆਖਿਰ ਉਹ ਦਿਨ ਵੀ ਆ ਹੀ ਗਿਆ ਜਦੋਂ ਰਮਾ ਨੇ ਇਕ ਖੂਬਸੂਰਤ ਪੁੱਤਰ ਨੂੰ ਜਨਮ ਦਿੱਤਾ। ਬਾਪ ਦੇ ਨਾਂ ਤੋਂ ਵਿਰਵੇ ਬੱਚੇ ਦੀ ਵਸੀਅਤ ਫਿਰ ਪੰਘੂੜੇ ਦੇ ਨਾਂ ਹੋ ਗਈ। ਤੜਕੇ ਨਹਾ ਕੇ ਬੱਚੇ ਦੇ ਸੁੰਦਰ ਕੱਪੜੇ ਪਾਏ ਤੇ ਇਕ ਦੋਸ਼ਾਲੇ 'ਚ ਲਪੇਟ ਅਨੀਤਾ ਕੋਹ 'ਤੇ ਲਟਕਦੇ ਪੰਘੂੜੇ 'ਚ ਰੱਖ ਉਪਰ ਵਾਲੇ ਦੇ ਹਵਾਲੇ ਕਰਕੇ ਪੁੱਠੇ ਪੈਰੀਂ ਵਾਪਿਸ ਪਰਤ ਆਈ। ਰੋਂਦੀ ਰਮਾ ਨੂੰ ਵਰਾਉਂਦਿਆਂ ਉਸਨੇ ਕਿਹਾ, 'ਚਿੰਤਾ ਨਾ ਕਰ ਤੇਰੀ ਵੀ ਜ਼ਿੰਦਗੀ ਪਰਦੇ 'ਚ ਲੁਕੀ ਰਹਿ ਗਈ ਹੈ ਤੇ ਬੇਟਾ ਵੀ ਪਰਦੇ 'ਚ ਛੇਤੀ ਕਿਸੇ ਮਾਂ ਦੀ ਸੁੰਨੀ ਗੋਦ ਦਾ ਸ਼ਿੰਗਾਰ ਬਣ ਜਾਵੇਗਾ।'

ਹਾਲੇ ਦਿਨ ਨਹੀਂ ਚੜ੍ਹਿਆ ਸੀ ਜਦੋਂ ਬਾਹਰਲੇ ਦਰਵਾਜੇ ਤੇ ਖੜ੍ਹਾਕ ਹੋਇਆ। ਦੋਵੇਂ ਜਣੀਆਂ ਡਰ ਨਾਲ ਕੱਠੀਆਂ ਹੋ ਗਈਆਂ। ਮਲਕ ਦੇਣੀ ਬੂਹਾ ਖੁਲ੍ਹਿਆ ਤਾਂ ਕਰਨਲ ਦਾ ਜਨਕਪੁਰੀ ਹਲਕੇ 'ਚ ਰਹਿਣ ਵਾਲਾ ਦੋਸਤ ਅਮਰੀਕ ਤੇ ਉਹਦੀ ਪਤਨੀ ਦਲਜੀਤ ਬਾਗੋ-ਬਾਗ ਸਨ।

ਦੀਦੀ ਅੱਜ ਰੱਬ ਨੂੰ ਮਿਲ ਕੇ ਆਏ ਹਾਂ। ਔਲਾਦ ਬਿਨਾ ਹੈ ਵੀ ਕੀ ਹੈ? ਅੱਜ ਰੱਬ ਨੇੜੇ ਹੋ ਕੇ ਬਹੁੜ ਪਿਆ ਹੈ। ਤੇ ਆਹ ਦੇਖ ਏਹਨੂੰ ਕਹਿੰਦੇ ਨੇ ਸੋਨੇ ਵਰਗਾ ਲਾਲ।' ਤੇ ਉਨ੍ਹਾਂ ਹੀ ਕੱਪੜਿਆਂ 'ਚ ਉਹੀ ਲਾਲ ਜੀਹਨੂੰ ਛੱਡ ਕੇ ਆਈ ਦੀ ਪੈੜ੍ਹ ਵੀ ਨਹੀਂ ਮਿਟੀ ਸੀ, ਵੇਖ ਕੇ ਇਉਂ ਲੱਗਾ ਜਿਵੇਂ ਚੰਨ ਬੱਦਲਾਂ ਦੇ ਓਹਲਿਓ! ਨਿਕਲ ਆਇਆ ਹੋਵੇ।

'ਦੀਦੀ ਚੁੱਪ ਕਿਉਂ ਏ? ਖੁਸ਼ ਨ੍ਹੀਂ?'

'ਮੈਂ ਏਨਾ ਸੋਹਣਾ ਪੁੱਤ ਵੇਖ ਕੇ ਸੁੰਨ ਹੀ ਹੋ ਗਈ। ਆ ਅੰਦਰ ਕਿਤੇ ਮੇਰੀ ਨਜ਼ਰ ਨਾ ਲੱਗ ਜਾਏ।'

ਤੇ ਹਾਲ 'ਚ ਗੁੰਮ ਸੁੰਮ ਬੈਠੀ ਰਮਾ ਨੂੰ ਦੇਖਦਿਆਂ ਦਲਜੀਤ ਨੇ ਪੁੱਛਿਆ 'ਕੌਣ ਏ? ਬਹੂ।'

ਨਹੀਂ ਆਪਣੇ ਕਿਸੇ ਨਜ਼ਦੀਕੀ ਦੀ ਧੀ ਹੈ ਪਰ ਉਹਦੇ ਨਾਲੋਂ ਆਪਣੀ ਵੱਧ। ਤੇ ਸਾਰਿਆਂ ਤੋਂ ਪਹਿਲਾਂ ਲੱਗਦੈ ਮੇਰੇ ਹੀ ਘਰ ਨੂੰ ਚੰਨ ਦੀ ਚਾਨਣੀ ਵੰਡੀ ਏ।'

ਆਹੋ ਦੀਦੀ ਮੈਂ ਸੋਚਿਆ ਕਿ ਤੇਰੇ ਤੋਂ ਸਿਵਾ ਤਾਂ ਅਸੀਂ ਕਦੇ ਦੱਸਿਆ ਨਹੀਂ ਸੀ ਕਿ ਪੰਘੂੜੇ ਅੱਗੇ ਗੇੜੇ ਮਾਰਦੇ ਥੱਕ ਗਏ ਹਾਂ। ਇਸ ਲਈ ਏਡੀ ਖੁਸ਼ੀ ਸਭ ਤੋਂ ਪਹਿਲਾਂ ਹੋਰ ਕਿਥੇ ਸਾਂਝੀ ਕਰਨੀ ਸੀ?'

ਤੇ ਉਧਰ ਰਮਾ ਨੂੰ ਪਾਪ ਦਾ ਭਾਰ ਹੋਰ ਵੀ ਭਾਰਾ ਇਸ ਕਰਕੇ ਲੱਗਣ ਲੱਗ ਪਿਆ ਸੀ ਕਿ ਸ਼ਾਇਦ ਇਸ ਭਾਗਾਂ ਵਾਲੇ ਮਸੂਮ ਨੂੰ ਇਹ ਨ੍ਹੀ ਪਤਾ ਕਿ ਅਸਲ ਮਾਂ ਤੋਂ ਚਾਰ ਫੁੱਟ ਦੂਰ ਮਾਂ ਦੇ ਦੁੱਧ ਨਾਲ ਨਹੀਂ ਗਾਂ ਦੇ ਦੁੱਧ ਨਾਲ ਪਲੇਗਾ। ਮਾਂ ਦੀ ਮਮਤਾ ਲੀਰੋ-ਲੀਰ ਨਹੀਂ ਟੁੱਕੜਿਆਂ 'ਚ ਖੁੰਢੇ ਹਥਿਆਰਾਂ ਨਾਲ ਕਤਲ ਹੋ ਗਈ ਸੀ।

ਦੋ ਸਾਲ ਬੀਤ ਗਏ। ਅਨੀਤਾ ਅਮਰੀਕਾ ਜਾਣ ਦੀ ਤਿਆਰੀ 'ਚ ਸੀ ਪਰ ਉਸਨੇ ਰਮਾ ਦੇ ਹੱਥ ਹੱਥੀਂ ਪੀਲੇ ਕਰਨ ਲਈ ਜਨਕਪੁਰੀ 'ਚ ਹੀ ਰੇਲਵੇ 'ਚ ਲੱਗਿਆ ਇਕ ਕਲਰਕ ਮੁੰਡਾ ਲੱਭ ਲਿਆ, ਜਿਸਦੀ ਪਤਨੀ ਦੀ ਸੜ੍ਹਕ ਦੁਰਘਟਨਾ 'ਚ ਮੌਤ ਹੋ ਗਈ ਸੀ ਤੇ ਵਿਚੋਲੇ ਵੀ ਦਲਜੀਤ ਤੇ ਅਮਰੀਕ ਹੀ ਬਣ ਗਏ। ਫੌਜੀ ਨੇ ਚਾਵਾਂ ਨਾਲ ਰਿਸ਼ਤਾ ਪ੍ਰਵਾਨ ਕੀਤਾ। ਮੌਲਾ ਦਾ ਇਕ ਰੰਗ ਇਹ ਵੀ ਸੀ ਕਿ ਅਨੀਤਾ ਦੀ ਸਿਆਣਪ ਨਾਲ ਪਾਪ ਪੁੰਨ ਵਰਗਾ ਬਣ ਗਿਆ ਸੀ।

ਤੇ ਰਮਾ ਜਨਕਪੁਰੀ 'ਚ ਅਮਰੀਕ ਦੇ ਘਰ ਤੋਂ ਥੋੜ੍ਹੀ ਦੂਰ ਬਹੂ ਬਣ ਕੇ ਆਈ ਉਮਰ ਦੀਆਂ ਪੌੜੀਆਂ ਤਾਂ ਚੜ੍ਹਦੀ ਗਈ ਪਰ ਹੌਲ ਨਾ ਹਟਿਆ, ਕਿਉਂਕਿ ਉਹ ਆਪਣੀਆਂ ਆਂਦਰਾਂ ਦੇ ਗੁੱਛੇ ਨੂੰ ਕਿਸੇ ਹੋਰ ਦੇ ਸਿਰਨਾਵੇਂ ਹੇਠ ਜੁਆਨ ਹੁੰਦਿਆਂ ਵੇਖਦੀ ਰਹੀ। ਤੇ ਉਧਰ ਰਮਾ ਦੀ ਇਕੋ ਧੀ ਵੀ ਜਵਾਨੀ ਦੀ ਦਹਿਲੀਜ਼ ਤੇ ਆਣ ਚੜ੍ਹੀ। ਰਮਾ ਧੀ ਦਾ ਖਿਆਲ ਏਨਾ ਰੱਖਦੀ ਸੀ ਕਿ ਅੱਖ ਨਾ ਫਰਕਣ ਦੇਂਦੀ ਕਿਉਂ ਦੁੱਧ ਦੀ ਜਲੀ ਮਾਂ ਲੱਸੀ ਨੂੰ ਫੂਕਾਂ ਨਹੀਂ ਪੱਖੀ ਝੱਲ ਕੇ ਪੀਣਾ ਚਾਹੁੰਦੀ ਸੀ। ਧੀ ਕਾਂਤਾ ਪੜ੍ਹ ਕੇ ਨਰਸ ਲੱਗ ਗਈ।

ਤੇ ਫਿਰ ਉਹੀ ਸਮਾਜਿਕ ਚਰਖਾ ਚੱਪਾ-ਚੱਪਾ ਚਲਣ ਲੱਗ ਪਿਆ। ਕਾਂਤਾ ਦੇ ਵਿਆਹ ਦੀ ਗੱਲ ਤੁਰੀ ਤਾਂ ਉਸਨੇ ਮਾਂ ਦੇ ਕੰਨ 'ਚ ਆਖਿਆ, 'ਮਾਂ ਪਲੀਜ ਮੈਂ ਜਿੰਦਰ ਨਾਲ ਵਿਆਹ ਕਰਵਾਵਾਂਗੀ। ਉਹ ਇੰਜਨੀਅਰ ਲੱਗ ਗਿਆ ਹੈ'।

'ਜਿੰਦਰ! ਆਪਣੇ ਅਮਰੀਕ, ਦਲਜੀਤ ਦਾ ਬੇਟਾ।'

'ਹਾਂ।'

'ਉਹਦੇ ਨਾਲ ਤੇਰਾ ਵਿਆਹ ਨਹੀਂ ਹੋ ਸਕਦਾ। ਕਿਸੇ ਵੀ ਹਾਲਤ 'ਚ ਨਹੀਂ।'

*(ਬਾਕੀ ਅਗਲੇ ਸਫੇ 'ਤੇ)*

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਲੀਡਰਾਂ ਨੂੰ ਇਸ਼ਕ

ਕੈਸਾ ਲੀਡਰਾਂ ਨੂੰ ਇਸ਼ਕ ਦਾ ਰੋਗ ਲੱਗਾ, ਲਗਦੈ ਮਾਰੀ ਗਈ ਇਨ੍ਹਾਂ ਦੀ ਮੱਤ ਲੋਕੋ।
ਇਕ ਅਰੂਸਾ ਦੇ ਚੱਕਰ ਵਿਚ ਹੋਇਆ ਬੌਰਾ, ਹੁਣ ਆੜੀ ਨੇ ਚੁੱਕ ਲਈ ਅੱਤ ਵੇਖੋ।
ਸ਼ਿਕਾਰ ਰਾਂਝੇ ਦੇ ਮੁਲਕ 'ਚੋਂ ਮਾਰਦੇ ਨੇ, ਉਰ੍ਹਾਂ ਹੁੰਦੀ ਨਹੀਂ ਇਨ੍ਹਾਂ ਦੀ ਗੱਤ ਲੋਕੋ।
ਠੜੇ-ਠਰਕ ਨ੍ਹੀ ਭੋਰਨ ਤੋਂ ਬਾਜ ਆਉਂਦੇ, ਭਾਵੇਂ ਉਮਰ ਦੀ ਲੰਘ ਗਈ ਬੱਤ ਲੋਕੋ।
ਕਿਹੜਾ ਮੁਲਕ ਦੀ ਏਥੇ ਪ੍ਰਵਾਹ ਕਰਦੈ, ਹੱਥੀਂ ਢਾਹੁਣ ਕਾਨੂੰਨ ਦੀ ਛੱਤ ਲੋਕੋ।
ਧੌਲੇ ਝਾਟਿਆਂ ਨੂੰ ਆਉਂਦੀ ਸ਼ਰਮ ਨਹੀਂ, ਬਖਸ਼ੇ ਇਨ੍ਹਾਂ ਨੂੰ ਖ਼ੁਦਾ ਸੁਮੱਤ ਲੋਕੋ।
ਜਦੋਂ ਹੋਟਲਾਂ 'ਚ ਡੁੱਲ੍ਹੇ ਸ਼ਬਾਬ ਭਰਕੇ, ਬਚਦਾ ਕਿਥੇ ਹੈ ਜਤ ਤੇ ਸਤ ਲੋਕੋ।
ਤੇ ਮੌਜਾਂ ਲੁੱਟ ਕੇ ਪਰਤ ਗਈ ਵਤਨ ਬੀਬੀ, ਹੁੰਦੀ ਸੋਢੀ ਨਾ ਬੁਰੀ ਕੁਪੱਤ ਲੋਕੋ।

---

ਰਾਗ ਬਦਲ ਗਏ ਸਾਜ਼ ਬਦਲ ਗਏ, ਬਦਲ ਗਏ ਸਭ ਰੰਗ ਵੇਖੋ।
ਟੋਪੀਆਂ ਵਾਲੇ ਮਾਰਨੇ ਸਿੱਖਣ, ਸੱਪਾਂ ਕੋਲੋਂ ਡੰਗ ਵੇਖੋ।
ਆਥਣ ਵੇਲੇ ਪੁੱਤ ਬਾਪੂ ਨਾ ਬਹਿ ਖੜਕਾਵੇ ਜਾਮ ਭਰੇ,
ਚੋਰਾਂ ਦੇ ਗਲ ਜੋਗੀ ਬਾਣਾ, ਮੋਹਰੀ ਹੋ ਗਏ ਨੰਗ ਵੇਖੋ।
ਕੁਰਸੀ ਖਾਤਰ ਲੀਡਰ ਵੇਖਿਆ ਹੱਥੀਂ ਕਤਲ ਕਰਾਉਂਦਾ ਨੀ,
ਨੂੰਹ ਸਹੁਰੇ ਨਾਲ ਨੱਚਦੀ ਵੇਖੀ, ਘੁੰਡ ਦੀ ਲਾਹ ਕੇ ਸੰਗ ਵੇਖੋ।
ਭੈਣ ਦੇ ਘਰ 'ਚ ਪਾ ਉਜਾੜਾ, ਸਾਲੀ ਭੱਜ ਗਈ ਜੀਜੇ ਨਾਲ,
ਦਿਨ ਦਿਹਾੜੇ ਪੈਂਦੇ ਡਾਕੇ, ਲੋਕੀ ਰਹਿ ਗਏ ਦੰਗ ਦੇਖੋ।
ਹਟਦੇ ਨਹੀਂ ਹਥਿਆਰ ਬਣਾਉਣੋਂ ਹਾਕਮ ਵੱਡੇ ਦੁਨੀਆਂ ਦੇ
ਉਂਜ ਸਮਝਾਉਂਦੇ ਲੋਕਾਂ ਤਾਈਂ, ਮਾੜੀ ਹੁੰਦੀ ਜੰਗ ਵੇਖੋ।

### ਮੁੜ ਮੁੜ ਯਾਦ ਸਤਾਵੇ...

# ਬੜੇ ਮਲੰਗ ਕਿਸਮ ਦੇ ਇਨਸਾਨ ਸਨ ਪ੍ਰੋ. ਹਰਦਿਆਲ ਸਿੰਘ

ਪਿਛਲੇ ਹਫਤੇ ਦੇ ਲੇਖ ਵਿਚ ਮੈਂ ਸਿਰਸੇ ਸ਼ਹਿਰ ਦੇ ਜਲੇਬੀਆਂ ਬਣਾਉਣ ਵਾਲੇ ਇਕ ਨਾਮਧਾਰੀ ਹਲਵਾਈ ਦਾ ਜ਼ਿਕਰ ਕੀਤਾ ਸੀ। ਇਸ ਹਲਵਾਈ ਦਾ ਚੇਤਾ ਮੈਨੂੰ ਮੇਰੇ ਸਮਿਆਂ ਦੇ ਹੀ ਕਾਲਜ ਦੇ ਇਕ ਵਿਦਿਆਰਥੀ ਸ. ਸੁਰਿੰਦਰ ਸਿੰਘ, ਜੋ ਅਜਕਲ੍ਹ ਡੈਲਸ, ਟੈਕਸਸ ਰਹਿੰਦੇ ਹਨ, ਨੇ ਕਰਵਾਇਆ ਸੀ ਪਰ ਇਸ ਹਲਵਾਈ ਦਾ ਨਾਂ ਨਾ ਉਨ੍ਹਾਂ ਨੂੰ ਚੇਤੇ ਸੀ ਤੇ ਨਾ ਮੈਨੂੰ ਹੀ ਪਰ ਉਸ ਦੀਆਂ ਸਵਾਦੀ ਜਲੇਬੀਆਂ ਨੂੰ ਚੇਤੇ ਕਰ ਕੇ

**ਅਮੋਲਕ ਸਿੰਘ ਜੰਮੂ**

ਸਾਡੇ ਦੋਹਾਂ ਦੇ ਹੀ ਮੂੰਹ ਵਿਚ ਪਾਣੀ ਭਰ ਆਇਆ ਸੀ।

ਸੁਰਿੰਦਰ ਸਿੰਘ ਦੇ ਹੀ ਪਿੰਡ ਸ਼ਮਸ਼ਾ ਪੱਟੀ ਦੇ ਵਾਸੀ ਕੁਲਦੀਪ ਸਿੰਘ ਨੇ ਕਲ੍ਹ ਮੈਨੂੰ ਫੋਨ ਕਰ ਕੇ ਦੱਸਿਆ ਕਿ ਉਸ ਹਲਵਾਈ ਦਾ ਨਾਂ ਸੋਹਣ ਸਿੰਘ ਗਰੋਵਰ ਸੀ ਅਤੇ ਉਹ ਇਕ ਅੱਖ ਤੋਂ ਕਾਣਾ ਸੀ। ਰੀਨੋ ਰਹਿੰਦੇ ਕੁਲਦੀਪ ਨੇ ਇਹ ਵੀ ਦੱਸਿਆ ਕਿ ਇਹ ਨਾਮਧਾਰੀ ਹਲਵਾਈ 2002 ਵਿਚ ਚਲਾਣਾ ਕਰ ਗਿਆ ਸੀ। ਉਂਜ ਉਸਦਾ ਜਲੇਬੀਆਂ ਵਾਲਾ ਕੰਮ ਕਈ ਸਾਲ ਪਹਿਲਾਂ ਹਰਿਆਣੇ ਵਿਚ ਵਨਸਪਤੀ ਘਿਉ ਵਿਚ ਡੰਗਰਾਂ ਦੀ ਚਰਬੀ ਰਲਾਏ ਜਾਣ ਦਾ ਸਕੈਂਡਲ ਸਾਹਮਣੇ ਆਉਣ ਤੋਂ ਬਾਅਦ ਹੀ ਢਿੱਲਾ ਪੈ ਗਿਆ ਸੀ। ਚਰਬੀ ਵਾਲੇ ਘਿਉ ਦੇ ਪੀਪੇ ਨਾਮਧਾਰੀ ਦੀ ਦੁਕਾਨ ਤੋਂ ਵੀ ਮਿਲੇ ਸਨ। ਹਾਲਾਂਕਿ ਇਸ ਵਿਚ ਹਲਵਾਈ ਦਾ ਕੋਈ ਕਸੂਰ ਨਹੀਂ ਸੀ ਪਰ ਘਿਉ ਵਿਚ ਚਰਬੀ ਦਾ ਮਿਲਣਾ ਹੀ ਉਸਦੀ ਬਦਨਾਮੀ ਲਈ ਕਾਫੀ ਸੀ। ਕੁਲਦੀਪ ਅਸਲ ਵਿਚ ਮੇਰੇ ਤੋਂ ਇਹ ਜਾਣਨਾ ਚਾਹੁੰਦਾ ਸੀ ਕਿ ਸੁਰਿੰਦਰ ਸਿੰਘ ਕਿਨ੍ਹਾਂ ਘਰਾਂ 'ਚੋਂ ਹੈ? ਉਸ ਇਹ ਵੀ ਦੱਸਿਆ ਕਿ ਇਸ ਪਿੰਡ ਵਿਚ ਬਹੁਤੇ ਜੱਟ ਅੰਮ੍ਰਿਤਸਰ ਦੇ ਪਿੰਡ ਝਬਾਲ ਤੋਂ ਆ ਕੇ ਵੱਸੇ ਹੁੰਦਲ ਹਨ।

ਹੁਣ ਗੱਲ ਕਰੀਏ ਸਿਰਸੇ ਦੇ ਨੈਸ਼ਨਲ ਕਾਲਜ ਦੀ। 1972-73 ਦਾ ਸੈਸ਼ਨ ਮੋਗਾ ਕਾਂਡ ਕਰਕੇ ਹੋਈ ਵਿਦਿਆਰਥੀਆਂ ਦੀ ਹੜਤਾਲ ਅਤੇ ਉਸ ਪਿਛੋਂ ਅਧਿਆਪਕਾਂ ਦੀ ਹੋਈ ਹੜਤਾਲ ਦੇ ਲੇਖੇ ਲੱਗ ਗਿਆ।

ਕਾਲਜ ਦੇ ਐਨ ਅੱਗੋਂ ਨੈਸ਼ਨਲ ਹਾਈਵੇ ਨੰਬਰ 1 ਲੰਘਦੀ ਹੈ ਜੋ ਦਿੱਲੀ ਤੋਂ ਫਾਜ਼ਿਲਕਾ ਵੱਲ ਜਾਂਦੀ ਹੈ। ਕਾਲਜ ਦੇ ਅੱਗੇ ਕੁਝ ਟਰੱਕ ਕੰਪਨੀਆਂ ਦੇ ਸਟੋਰ ਅਤੇ ਦਫਤਰ ਵੀ ਹੋਇਆ ਕਰਦੇ ਸਨ। ਕਾਲਜ ਦੇ ਚੜ੍ਹਦੇ ਵਾਲੇ ਪਾਸੇ ਦੇ ਗੇਟ ਦੇ ਐਨ ਨਾਲ ਲੱਖਾ ਸਿੰਘ ਦਾ ਢਾਬਾ ਹੋਇਆ ਕਰਦਾ ਸੀ ਜਿਥੋਂ ਟਰੱਕਾਂ ਵਾਲੇ ਰੁਕ ਕੇ ਰੋਟੀ ਖਾਂਦੇ। ਲੱਖਾ ਸਿੰਘ ਦੇ ਸੱਤ ਪੁੱਤਰ ਸਨ ਜਿਨ੍ਹਾਂ ਵਿਚੋਂ ਇਕ ਪ੍ਰੀਤਮ ਨੇ ਢਾਬੇ ਦੇ ਇਕ ਪਾਸੇ ਚਾਹ ਦੀ ਕੰਟੀਨ ਪਾਈ ਹੋਈ ਸੀ ਜਿਥੋਂ ਮੁੰਡੇ ਚਾਹ ਪੀਂਦੇ। ਉਨ੍ਹਾਂ ਦਿਨਾਂ ਵਿਚ ਵੀਹ ਪੈਸੇ ਦਾ ਚਾਹ ਦਾ ਕੱਪ ਹੋਇਆ ਕਰਦਾ ਸੀ। ਉਸ ਦੀ ਚਾਹ ਕਾਲਜ ਦੀ ਕੰਟੀਨ ਦੀ ਚਾਹ ਨਾਲੋਂ ਸਵਾਦ ਹੁੰਦੀ। ਉਂਜ ਵੀ ਪ੍ਰੀਤਮ ਦਾ ਮੁੰਡਿਆਂ ਨਾਲ ਬੋਲਣ-ਕੂਣ ਚੰਗਾ ਸੀ ਜਿਸ ਕਰਕੇ ਮੁੰਡਿਆਂ ਦਾ ਜਮਘਟਾ ਲੱਗਾ ਰਹਿੰਦਾ। ਲੱਖਾ ਸਿੰਘ ਦਾ ਇਕ ਹੋਰ ਮੁੰਡਾ ਜਸਵੀਰ ਮੇਰਾ ਜਮਾਤੀ ਸੀ। ਕਦੀ ਕਦੀ ਅਸੀਂ ਲੱਖਾ ਸਿੰਘ ਦੇ ਢਾਬੇ ਤੋਂ ਰੋਟੀ ਖਾ ਲੈਂਦੇ। ਦਾਲ ਨੂੰ ਤੜਕਾ ਪੱਕਾ ਆਰਡਰ ਹੁੰਦਾ ਸੀ। ਇਕ ਦਿਨ ਲੱਖਾ ਸਿੰਘ ਦੇ ਢਾਬੇ ਤੋਂ ਅਸੀਂ ਚਾਰ-ਪੰਜ ਜਣੇ ਰੋਟੀ ਖਾ ਰਹੇ ਸਾਂ ਤਾਂ ਜਸਵੀਰ ਵੀ ਸਾਡੇ ਵਿਚ ਆਣ ਬੈਠਾ। ਜਸਵੀਰ ਨੂੰ ਸੰਤਾਂਵਾਲੀ ਵਾਲੇ ਬਲਬੀਰ ਨੇ ਸਵਾਲ ਕੀਤਾ, ਜਸਵੀਰ ਤੁਹਾਡੇ ਢਾਬੇ 'ਤੇ ਦਾਲ ਕਿੰਨੀ ਕੁ ਪੁਰਾਣੀ ਹੈ? ਅੱਗੋਂ ਜਸਵੀਰ ਦਾ ਜਵਾਬ ਸੀ, "ਇਹ ਤਾਂ ਮੈਨੂੰ ਵੀ ਨਹੀਂ ਪਤਾ ਪਰ ਇਕ ਗੱਲ ਗਰੰਟੀ ਨਾਲ ਕਹਿ ਸਕਦਾ ਹਾਂ ਕਿ ਇਕ ਸਾਲ ਤੋਂ ਪੁਰਾਣੀ ਨਹੀਂ। ਰਾਤ ਦੀ ਦਾਲ ਸਵੇਰ ਦੀ ਦਾਲ ਵਿਚ ਪਾ ਦਈਦੀ ਹੈ ਅਤੇ ਸਵੇਰ ਦੀ ਦਾਲ ਰਾਤ ਦੀ ਦਾਲ ਵਿਚ। ਇਸ ਕਰਕੇ ਹੋ ਸਕਦਾ ਹੈ ਕੋਈ ਦਾਣਾ ਸਾਲ ਭਰ ਪੁਰਾਣਾ ਵੀ ਹੋਵੇ ਪਰ ਦੀਵਾਲੀ ਵਾਲੇ ਦਿਨ ਅਸੀਂ ਭਾਂਡੇ ਮੂਧੇ ਮਾਰ ਦਿੰਦੇ ਹਾਂ। ਇਸ ਕਰਕੇ ਇਕ ਸਾਲ ਤੋਂ ਵੱਧ ਪੁਰਾਣੀ ਨਹੀਂ ਹੋ ਸਕਦੀ।"

ਬੀ ਏ ਪਾਰਟ ਟੂ ਵਿਚ ਕਲਾਸਾਂ ਜਮ ਕੇ ਲੱਗੀਆਂ। ਪਿੰਡਾਂ ਤੋਂ ਆਏ ਅਸੀਂ ਬਹੁਤੇ ਮੁੰਡੇ ਪੜ੍ਹਾਈ ਵੱਲ ਪੂਰੀ ਗੰਭੀਰਤਾ ਨਾਲ ਲੱਗ ਗਏ। ਅੰਗਰੇਜ਼ੀ ਦੀ ਕਲਾਸ ਵਿਚ ਮੈਂ, ਲਹਿਰਿਆਂਵਾਲੀ ਢਾਣੀ ਵਾਲਾ ਲਖਵਿੰਦਰ ਟੁਰਨਾ, ਬਲਬੀਰ ਅਤੇ ਦਿਆਲ ਹਮੇਸ਼ਾ ਇਕੋ ਬੈਂਚ 'ਤੇ ਬੈਠਦੇ। ਸਾਡੇ ਤੋਂ ਪਿਛਲੇ ਬੈਂਚ 'ਤੇ ਪਿੰਡ ਕਰੀਵਾਲੇ ਤੋਂ ਗੁਰਦੇਵ ਅਤੇ ਰਣਜੋਧ ਬੈਠਦੇ। ਰਣਜੋਧ ਅੱਜ ਕੱਲ੍ਹ ਸੈਕਰਾਮੈਂਟੋ ਰਹਿੰਦਾ ਹੈ। ਪ੍ਰੋਫੈਸਰ ਅਗਰਵਾਲ ਜਿਨ੍ਹਾਂ ਦਾ ਪੂਰਾ ਨਾਂ ਹੁਣ ਮੈਨੂੰ ਯਾਦ ਨਹੀਂ, ਸਾਨੂੰ ਅੰਗਰੇਜ਼ੀ ਪੜ੍ਹਾਉਂਦੇ ਸੀ। ਕੱਦ ਕਾਠ ਦੇ ਜ਼ਰਾ ਛੋਟੇ ਸਨ ਅਤੇ ਉਨ੍ਹਾਂ ਦੀ ਸ਼ਕਲ ਫਿਲਮ ਐਕਟਰ ਮੁਕਰੀ ਨਾਲ ਮਿਲਦੀ ਸੀ ਇਸ ਕਰਕੇ ਸਾਰਾ ਕਾਲਜ ਹੀ ਉਨ੍ਹਾਂ ਨੂੰ ਮੁਕਰੀ ਹੀ ਕਹਿੰਦਾ। ਉਨ੍ਹਾਂ ਦੇ ਪ੍ਰੋਫੈਸਰ ਸਾਥੀ ਵੀ ਬਹੁਤਾ ਉਨ੍ਹਾਂ ਨੂੰ ਇਸੇ ਨਾਂ ਨਾਲ ਬੁਲਾਉਂਦੇ। ਇਕ ਦਿਨ ਅਸੀਂ ਚਾਰੇ ਸਭ ਤੋਂ ਅਗਲੇ ਡੈਸਕ 'ਤੇ ਬੈਠੇ ਸਾਂ ਅਤੇ ਪ੍ਰੋਫੈਸਰ ਮੁਕਰੀ ਬੜੇ ਮਗਨ ਹੋ ਕੇ ਪੜ੍ਹਾ ਰਹੇ ਸਨ। ਉਹ ਬਿਲਕੁਲ ਅਗਲੇ ਬੈਂਚ ਦੇ ਨਾਲ ਆ ਖੜ੍ਹੇ ਹੁੰਦੇ ਅਤੇ ਉਨ੍ਹਾਂ ਦੀ ਟਾਈ ਬੈਂਚ ਉਤੇ ਲਮਕਦੀ। ਲਮਕਦੀ ਟਾਈ ਨਾਲ ਦਿਆਲ ਨੇ ਖੇਡਣਾ ਸ਼ੁਰੂ ਕਰ ਦਿੱਤਾ। ਬਲਬੀਰ ਨੂੰ ਸ਼ਰਾਰਤ ਸੁੱਝੀ ਅਤੇ ਉਸ ਨੇ ਦਿਆਲ ਦਾ ਹੱਥ ਇਕ ਦਮ ਖਿੱਚ ਦਿੱਤਾ, ਨਾਲ ਹੀ ਪ੍ਰੋਫੈਸਰ ਮੁਕਰੀ ਦੀ ਟਾਈ ਖਿੱਚੀ ਗਈ। ਪ੍ਰੋਫੈਸਰ ਮੁਕਰੀ ਚੰਗੇ ਸੁਭਾਅ ਦੇ ਸਨ, ਉਨ੍ਹਾਂ ਇਨਾ ਹੀ ਕਿਹਾ, 'ਕਿਆ ਕਰਤੇ ਹੋ ਯਾਰ' ਅਤੇ ਦਿਆਲ ਨੂੰ ਸਜ਼ਾ ਤਾਂ ਕੋਈ ਨਾ ਦਿੱਤੀ ਪਰ ਬਾਕੀ ਦਾ ਰਹਿੰਦਾ ਪੀਰੀਅਡ ਉਨ੍ਹਾਂ ਪੜ੍ਹਾਈ ਵੱਲ ਧਿਆਨ ਦੇਣ ਦੀ ਲੋੜ ਉਤੇ ਹੀ ਲਾ ਦਿੱਤਾ।

ਪ੍ਰੋਫੈਸਰਾਂ ਦੀ ਗੱਲ ਤੁਰੀ ਹੈ ਤਾਂ ਪ੍ਰੋਫੈਸਰ ਹਰਦਿਆਲ ਸਿੰਘ ਦਾ ਜ਼ਿਕਰ ਕੀਤੇ ਬਿਨਾ ਰਿਹਾ ਨਹੀਂ ਜਾ ਸਕਦਾ। ਨਿਹਾਇਤ ਮਲੰਗ ਕਿਸਮ ਦੇ ਇਨਸਾਨ ਸਨ ਉਹ। ਆਪਣੇ ਅਸੂਲਾਂ 'ਤੇ ਪੱਕਾ ਪਹਿਰਾ ਦੇਣ ਵਾਲੇ। ਜਦੋਂ ਉਹ ਕਾਲਜ ਵਿਚ ਪੋਲੀਟੀਕਲ ਸਾਇੰਸ ਦੇ ਲੈਕਚਰਾਰ ਭਰਤੀ ਹੋਏ ਸਨ ਤਾਂ ਉਸ ਵੇਲੇ ਇਸ ਕਾਲਜ ਵਿਚ ਸ਼ਾਇਦ ਉਹ ਇਕੱਲੇ ਸਿੱਖ ਅਧਿਆਪਕ ਸਨ। ਕਾਲਜ ਮੈਨੇਜਮੈਂਟ ਵਿਰੁਧ ਬਹੁਤ ਸਾਲ ਪਹਿਲਾਂ ਹੋਈ ਹੜਤਾਲ ਮੌਕੇ ਉਨ੍ਹਾਂ ਬਾਕੀ ਪ੍ਰੋਫੈਸਰਾਂ ਨਾਲ ਕਾਲੇ ਕੱਪੜੇ ਪਹਿਨੇ। ਹੜਤਾਲ ਸ਼ਾਇਦ ਕਾਮਯਾਬ ਨਹੀਂ ਸੀ ਹੋ ਸਕੀ। ਬਾਕੀ ਪ੍ਰੋਫੈਸਰ ਮੈਨੇਜਮੈਂਟ ਦੀ ਈਨ ਮੰਨ ਗਏ ਪਰ ਪ੍ਰੋ. ਹਰਦਿਆਲ ਸਿੰਘ ਅੜੇ ਰਹੇ। ਰੋਸ ਵਿਚ ਉਨ੍ਹਾਂ ਖੱਦਰ ਪਹਿਨਣਾ ਸ਼ੁਰੂ ਕਰ ਦਿੱਤਾ। ਜੋ ਖੱਦਰ ਧਾਰਨਾ ਕੀਤਾ ਤਾਂ ਆਪਣੇ ਅੰਤ ਸਮੇਂ ਤੱਕ ਖੱਦਰ ਹੀ ਪਾਉਂਦੇ ਰਹੇ। ਮੈਨੇਜਮੈਂਟ ਵਿਚੋਂ ਕੁਝ ਲੋਕ ਉਨ੍ਹਾਂ ਦੇ ਪੱਕੀ ਤਰ੍ਹਾਂ ਖਿਲਾਫ ਸਨ ਪਰ ਚਾਹੁੰਦੇ ਹੋਏ ਵੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਸਨ ਕਰ ਪਾਉਂਦੇ।

ਪ੍ਰੋਫੈਸਰ ਸਾਹਿਬ ਗਰਮੀਆਂ ਵਿਚ ਖੱਦਰ ਦਾ ਕੁੜਤਾ-ਪਜਾਮਾ ਅਤੇ ਸਿਰ 'ਤੇ ਪੱਗ ਵੀ ਖੱਦਰ ਦੀ ਬੰਨ੍ਹਦੇ। ਸਰਦੀਆਂ ਵਿਚ ਖੱਦਰ ਦੇ ਕੁੜਤੇ-ਪਜਾਮੇ ਉਪਰ ਉਨ੍ਹਾਂ ਖੱਦਰ ਦੀ ਹੀ ਵਾਸਕਟ ਪਾਈ ਹੁੰਦੀ ਅਤੇ ਇਕ ਵੱਡਾ ਸਾਰਾ ਖੁੱਲ੍ਹਾ ਡੁੱਲ੍ਹਾ ਚੋਗਾ ਅਤੇ ਉਹ ਵੀ ਖੱਦਰ ਦਾ ਉਤੋਂ ਦੀ ਉਨ੍ਹਾਂ ਪਹਿਨਿਆ ਹੁੰਦਾ। ਆਪਣੇ ਵਿਦਿਆਰਥੀਆਂ ਵਿਚ ਕਾਫੀ ਲੋਕਪ੍ਰਿਅ ਸਨ। ਵਿਦਿਆਰਥੀਆਂ ਨੂੰ ਜ਼ਬਰਦਸਤੀ ਪੜ੍ਹਾਉਣਾ ਉਨ੍ਹਾਂ ਦੇ ਸੁਭਾਅ ਵਿਚ ਸ਼ਾਮਲ ਨਹੀਂ ਸੀ। ਕਲਾਸ ਵਿਚ ਆਉਂਦੇ, ਐਨਕਾਂ ਦੇ ਉਤੋਂ ਦੀ ਦੇਖਦੇ ਹੋਏ ਵਿਦਿਆਰਥੀਆਂ ਦੀ ਹਾਜ਼ਰੀ ਲਾਉਂਦੇ। ਕਦੀ ਕਦੀ ਕੋਈ ਵਿਦਿਆਰਥੀ ਕਿਸੇ ਸਾਥੀ ਵਿਦਿਆਰਥੀ ਦੀ ਹਾਜ਼ਰੀ ਪ੍ਰੌਕਸੀ ਵਿਚ ਬੋਲਦਾ, ਪ੍ਰੋਫੈਸਰ ਸਾਹਿਬ ਪਤਾ ਹੋਣ ਦੇ ਬਾਵਜੂਦ ਉਸ ਵੇਲੇ ਕੁਝ ਨਾ ਕਹਿੰਦੇ ਪਰ ਜਦੋਂ ਹਾਜ਼ਰੀ ਲਾ ਹਟਦੇ ਤਾਂ ਕਹਿੰਦੇ ਜਿਨ੍ਹਾਂ ਨੇ ਪੜ੍ਹਨਾ ਹੈ ਬੈਠੇ ਰਹੋ ਜਿਨ੍ਹਾਂ ਨੇ ਸਿਰਫ ਹਾਜ਼ਰੀ ਲਵਾਣੀ ਸੀ ਉਹ ਜਾ ਸਕਦੇ ਹਨ। ਕਈ ਵਾਰ ਤਾਂ ਉਹ ਰਜਿਸਟਰ ਹੀ ਨਾ ਖੋਲ੍ਹਦੇ ਅਤੇ ਕਹਿ ਦਿੰਦੇ ਜਿਨ੍ਹਾਂ ਨੇ ਪੜ੍ਹਨਾ ਹੈ ਬੈਠੇ ਰਹੋ ਬਾਕੀ ਆਪਣੇ ਰੋਲ ਨੰਬਰ ਕਾਗਜ਼ ਦੇ ਪੁਰਜੇ 'ਤੇ ਲਿਖ ਕੇ ਦੇ ਜਾਓ, ਹਾਜ਼ਰੀ ਲੱਗ ਜਾਏਗੀ। ਫਿਰ ਇਹ ਪਰਚੀਆਂ ਇਕੱਠੀਆਂ ਕਰਕੇ ਆਪਣੇ ਖੱਦਰ ਦੇ ਕੁੜਤੇ ਜਾਂ ਚੋਗੇ ਦੀ ਜੇਬ ਵਿਚ ਪਾ ਲੈਂਦੇ। ਕਈ ਵਾਰ ਵਿਦਿਆਰਥੀ ਆਪ ਹੀ ਪਰਚੀ ਉਨ੍ਹਾਂ ਦੇ ਚੋਗੇ ਦੀ ਜੇਬ ਵਿਚ ਪਾ ਕੇ ਕਲਾਸ ਤੋਂ ਬਾਹਰ ਚਲੇ ਜਾਂਦੇ। ਪ੍ਰੋ ਸਾਹਿਬ ਦੀਆਂ ਇਨ੍ਹਾਂ ਗੱਲਾਂ ਨੂੰ ਪ੍ਰਿੰਸੀਪਲ ਰਾਮ ਪ੍ਰਕਾਸ਼ ਬਿਲਕੁਲ ਚੰਗਾ ਨਾ ਸਮਝਦੇ ਪਰ ਪ੍ਰੋ ਹਰਦਿਆਲ ਸਿੰਘ ਨੇ ਕਿਹਾ ਕਰਨਾ, ਮੈਂ ਤੁਹਾਨੂੰ ਕਲਾਸ ਦਾ ਇਮਤਿਹਾਨ ਨਹੀਂ ਪਾਸ ਕਰਾਉਣਾ ਸਗੋਂ ਜ਼ਿੰਦਗੀ ਦਾ ਇਮਤਿਹਾਨ ਪਾਸ ਕਰਾਉਣਾ ਹੈ। ਪੇਂਡੂ ਵਿਦਿਆਰਥੀਆਂ ਉਤੇ ਉਨ੍ਹਾਂ ਦੀ ਖਾਸ ਨਿਗਾਹ ਹੁੰਦੀ। ਪੜ੍ਹਾਈ ਵਿਚ ਲਾਪਰਵਾਹ ਮੁੰਡਿਆਂ ਨੂੰ ਅਕਸਰ ਉਹ ਟੋਕਦੇ ਤੇ ਕਹਿੰਦੇ, ਤੁਸੀਂ ਪੜ੍ਹਨ ਨਹੀਂ ਆਏ, ਤੁਸੀਂ ਮੌਜਾਂ ਕਰਨ ਆਏ ਓ। ਤੁਹਾਨੂੰ ਮਾਪਿਆਂ ਦਾ ਨਰਮਾ ਲੜਦਾ ਹੈ। ਪਿੰਡ ਬੜੇ ਗੁੜੇ ਦੇ ਕਰਤਾਰ ਨੂੰ ਹਮੇਸ਼ਾ ਹੀ ਉਨ੍ਹਾਂ ਦੀ ਇਹੋ ਟਿੱਪਣੀ ਹੁੰਦੀ।

ਉਨ੍ਹਾਂ ਦਿਨਾਂ ਵਿਚ ਪ੍ਰੋਫੈਸਰ ਸਾਹਿਬ ਆਪਣੇ ਪਰਿਵਾਰ ਨਾਲ ਕਾਲਜ ਤੋਂ ਕਾਫੀ ਦੂਰ ਰਾਣੀਆਂ ਬਾਜ਼ਾਰ ਵਿਚ ਰਿਹਾ ਕਰਦੇ ਸਨ ਪਰ ਉਨ੍ਹਾਂ ਪੰਜ-ਛੇ ਕਿੱਲੇ ਜ਼ਮੀਨ ਕਾਲਜ ਤੋਂ ਕੋਈ ਇਕ ਕਿਲੋਮੀਟਰ ਹਟਵੀਂ ਬਰਨਾਲਾ ਰੋਡ ਉਤੇ ਲਈ ਹੋਈ ਸੀ ਅਤੇ ਉਥੇ ਹੀ ਦੋ ਛੋਟੇ ਛੋਟੇ ਕਮਰੇ ਪਾਏ ਹੋਏ ਸਨ। ਉਨ੍ਹਾਂ ਦਿਨਾਂ ਵਿਚ ਇਸ ਪਾਸੇ ਬਿਲਕੁਲ ਕੋਈ ਆਬਾਦੀ ਨਹੀਂ ਸੀ। ਆਪਣੇ ਖਾਸ ਵਿਦਿਆਰਥੀਆਂ ਨੂੰ ਇਸ ਜਗ੍ਹਾ ਪੜ੍ਹਨ ਲਈ ਆਉਣ ਦਾ ਸੱਦਾ ਦੇ ਛੱਡਦੇ। ਕੁਝ ਉਨ੍ਹਾਂ ਦੀ ਕਲਾਸ ਵਿਚੋਂ ਅਤੇ ਕੁਝ ਉਂਜ ਹੀ ਉਨ੍ਹਾਂ ਦੇ ਸ਼ਰਧਾਲੂ ਮੁੰਡੇ ਅਕਸਰ ਸ਼ਾਮ ਨੂੰ ਉਨ੍ਹਾਂ ਦੀ ਇਸ ਕੁਟੀਆ 'ਤੇ ਹਾਜ਼ਰ ਹੋ ਜਾਂਦੇ। ਉਥੇ ਉਨ੍ਹਾਂ ਛੋਲਿਆਂ ਦੇ ਦਾਣੇ ਅਤੇ ਗੁੜ ਰੱਖਿਆ ਹੁੰਦਾ। ਵਿਦਿਆਰਥੀਆਂ ਦਾਣੇ ਚੱਬ ਕੇ ਨਲਕੇ ਦਾ ਪਾਣੀ ਪੀ ਛੱਡਣਾ। ਬਾਅਦ ਵਿਚ ਇਥੇ ਇਲਾਕਾ ਜ਼ਿਲਾ ਹੈਡਕੁਆਰਟਰ ਅਤੇ ਹੋਰ ਦਫਤਰ ਇਸ ਪਾਸੇ ਆਉਣ ਕਰਕੇ ਪੂਰੀ ਤਰ੍ਹਾਂ ਆਬਾਦ ਹੋ ਗਿਆ। ਜ਼ਮੀਨ ਦਾ ਭਾਅ ਵੀ ਕਿਤੇ ਦਾ ਕਿਤੇ ਚਲਾ ਗਿਆ।

ਪ੍ਰੋਫੈਸਰ ਸਾਹਿਬ ਦੀਆਂ ਦੋ ਧੀਆਂ ਹਨ। ਦੋਹਾਂ ਨੂੰ ਉਨ੍ਹਾਂ ਖੂਬ ਪੜ੍ਹਾਇਆ ਪਰ ਡਬਲ ਡਬਲ ਐਮ ਏ ਪਾਸ ਕੁੜੀਆਂ ਲਈ ਰਿਸ਼ਤੇ ਲੱਭਣੇ ਔਖੇ ਹੋ ਗਏ। ਬਾਅਦ ਵਿਚ ਜਦੋਂ ਮੈਂ ਚੰਡੀਗੜ੍ਹ ਤੋਂ ਸਿਰਸੇ ਜਾਣਾ ਤਾਂ ਉਨ੍ਹਾਂ ਦਾ ਘਰ ਕਿਉਂਕਿ ਮੇਰੇ ਚਾਚਾ ਜੀ ਦੇ ਘਰ ਦੇ ਬਿਲਕੁਲ ਕੋਲ ਸੀ, ਮਿਲ ਪੈਣ ਤੇ ਉਨ੍ਹਾਂ ਕਹਿਣਾ, ਕਾਕਾ ਬਿਲੋ ਵਾਸਤੇ ਕੋਈ ਮੁੰਡੇ ਦੀ ਦੱਸ ਪਾ। ਸਾਡੇ ਰਾਮਗੜ੍ਹੀਆਂ ਦੇ ਤਾਂ ਕੋਈ ਮੁੰਡਾ ਐਮ ਏ ਪਾਸ ਲੱਭਦਾ ਹੀ ਨਹੀਂ। ਸਾਰੇ ਦਸਵੀਂ ਪਾਸ ਕਰਾ ਕੇ ਖਰਾਦ ਲਾ ਦਿੰਦੇ ਆ ਅਤੇ ਉਹ ਪ੍ਰੋਫੈਸਰਾਂ ਨਾਲੋਂ ਕਿਤੇ ਵੱਧ ਪੈਸੇ ਕਮਾਉਂਦੇ ਹਨ। ਪਰ ਕਾਕਾ ਮੈਂ ਆਪਣੀ ਡਬਲ ਐਮ ਏ ਪਾਸ ਕੁੜੀ ਇਹੋ ਜਿਹੇ ਕਿਸੇ ਦਸਵੀਂ ਪਾਸ ਦੇ ਲੜ ਕਿੰਦਾਂ ਲਾ ਦਿਆਂ? ਖੈਰ! ਪ੍ਰੋਫੈਸਰ ਸਾਹਿਬ ਦੀ ਇੱਛਾ ਅਨੁਸਾਰ ਦੋਹਾਂ ਕੁੜੀਆਂ ਦੇ ਵਿਆਹ ਚੰਗੇ ਵਰਾਂ ਨਾਲ ਹੋ ਗਏ। ਅੱਜ ਪ੍ਰੋਫੈਸਰ ਸਾਹਿਬ ਇਸ ਦੁਨੀਆਂ 'ਤੇ ਨਹੀਂ ਹਨ। ਉਨ੍ਹਾਂ ਦੀਆਂ ਦੋ ਧੀਆਂ ਉਨ੍ਹਾਂ ਦੀ ਇਸ ਜ਼ਮੀਨ ਦੀਆਂ ਵਾਰਸ ਬਣੀਆਂ। ਉਂਜ ਪ੍ਰੋਫੈਸਰ ਸਾਹਿਬ ਨੇ ਇਸ ਥਾਂ ਵਿਚੋਂ ਕੁਝ ਥਾਂ ਉਤੇ ਇਕ ਗੁਰਦੁਆਰਾ ਅਤੇ ਇਕ ਛੋਟਾ ਜਿਹਾ ਕਮਿਊਨਿਟੀ ਹਾਲ ਬਣਵਾ ਦਿੱਤਾ ਜਿਥੇ ਲੋੜਵੰਦ ਰਹਿ ਸਕਦੇ ਹਨ। ਪ੍ਰੋ ਸਾਹਿਬ ਦੇ ਵੇਲਿਆਂ ਦੇ ਵਿਦਿਆਰਥੀ ਕਦੇ ਮਿਲ ਪੈਣ ਤਾਂ ਪ੍ਰੋ ਸਾਹਿਬ ਦਾ ਜ਼ਿਕਰ ਛਿੜੇ ਬਿਨਾਂ ਨਹੀਂ ਰਹਿੰਦਾ।

ਬੀ ਏ ਦਾ ਦੂਜਾ ਸਾਲ ਕਰ ਕੇ ਮੈਂ ਚੰਡੀਗੜ੍ਹ ਆ ਗਿਆ ਅਤੇ ਤੀਜੇ ਸਾਲ ਵਿਚ ਗੌਰਮਿੰਟ ਕਾਲਜ ਚੰਡੀਗੜ੍ਹ ਦਾਖਲਾ ਲੈ ਲਿਆ। ਇਸ ਸਮੇਂ ਬਾਰੇ ਗੱਲ ਕਦੇ ਫੇਰ।

## ਰੰਗ-ਬੇਰੰਗ

## ਗੱਲੀਂ ਬਾਤੀਂ

'ਮਾਂ ਧੀ ਦਾ ਇਕ ਪਰਦਾ ਹੁੰਦਾ ਹੈ, ਦੱਸ ਮਾਂ ਉਥੇ ਮੇਰਾ ਵਿਆਹ ਕਿਉਂ ਨਹੀਂ ਹੋ ਸਕਦਾ? ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਹਾਂ।

ਪਰ ਮਾਂ ਦੀ ਜ਼ੁਬਾਨ ਨੂੰ ਲੱਗੇ ਤਾਲੇ ਦੀ ਚਾਬੀ ਗੁਆਚ 'ਚੁੱਕੀ ਸੀ।

ਗੱਲ ਕਲਰਕ ਤੋਂ ਸੁਪਰਡੈਂਟ ਬਣੇ ਬਾਪ ਤੱਕ ਚਲੇ ਗਈ। ਸਿਆਣੇ ਬਾਪ ਨੇ ਧੀ ਦੇ ਚਾਵਾਂ ਵਿਚ ਸਿਰ ਹਿਲਾ ਦਿੱਤਾ ਤੇ ਅਨਰਥ ਵੀ ਅਰਥ ਵਿਚ ਬਦਲ ਗਿਆ।

ਰਮਾ ਹੁਣ ਨਹੀਂ ਰਹੀ। ਉਸਨੂੰ ਇਸ ਗਮ ਨੇ ਹੀ ਅੰਦਰ ਤੱਕ ਖਾ ਲਿਆ ਸੀ ਕਿਉਂਕਿ ਇਹ ਭੇਦ ਸ਼ਾਇਦ ਰੱਬ ਵੀ ਨਹੀਂ ਸੀ ਖੋਲ੍ਹ ਸਕਦਾ ਜਦੋਂ ਧੀ ਨੂੰ ਪੁੱਤ ਦੀ ਡੋਲੀ ਹੀ ਬਿਠਾ ਕੇ ਜਵਾਈ ਸਵੀਕਾਰ ਕਰਨਾ ਸਮੱਸਿਆ ਨਹੀਂ ਮਜਬੂਰੀ ਸੀ।

ਲਗਦਾ ਨਹੀਂ ਮਜਾਜਣ ਦਾ ਹਿਲਦਾ ਲੱਕ ਮੁਸ਼ਟੰਡਿਆਂ ਨੂੰ ਹੀ ਚੰਗਾ ਲਗਦਾ ਹੈ। ਰਮਾ ਨਾਲ ਓਵੇਂ ਹੀ ਹੋਈ ਕਿ ਕੋਈ ਐਕਸਰੇ ਤਾਂ ਕਰਵਾਉਣ ਗਿਆ ਸੀ ਪਰ ਰਿਜਲਟ ਬਾਹਰ ਨਹੀਂ ਆਇਆ।

ਕਈ ਪ੍ਰਾਰਥਨਾਵਾਂ ਸੁਣ ਕੇ ਰੱਬ ਵੀ ਨੀਂ ਕਹਿ ਦੇਂਦਾ ਹੋਣਾ, ਛੱਡ ਪਰੇ ਹੋਰ ਕੋਈ ਗੱਲ ਕਰ।'

# ਹਿਮਾਚਲ ਨੂੰ ਗੱਫੇ, ਪੰਜਾਬ ਦਾ ਵਿਰੋਧ ਫਿਰ ਨਜ਼ਰਅੰਦਾਜ਼

**ਲੁਧਿਆਣਾ:** ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੇ ਵਿਰੋਧ ਨੂੰ ਨਜ਼ਰਅੰਦਾਜ਼ ਕਰਦਿਆਂ ਹਿਮਾਚਲ ਪ੍ਰਦੇਸ਼ ਨੂੰ 31 ਮਾਰਚ 2010 ਤੱਕ ਦਿੱਤੀਆਂ ਵਿਸ਼ੇਸ਼ ਉਦਯੋਗਿਕ ਰਿਆਇਤਾਂ ਨੂੰ ਹੋਰ ਤਿੰਨ ਸਾਲ ਲਈ ਵਧਾਉਣ ਦੀ ਤਿਆਰੀ ਕਰ ਲਈ ਹੈ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਪ੍ਰੇਮ ਕੁਮਾਰ ਧੂਮਲ ਦੀ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਸ੍ਰੀ ਆਨੰਦ ਸ਼ਰਮਾ ਨਾਲ ਮੁਲਾਕਾਤ ਤੋਂ ਬਾਅਦ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰਾਲੇ ਨੂੰ ਅਜਿਹੀ ਸਿਫਾਰਸ਼ ਕਰ ਦਿੱਤੀ ਹੈ। ਇਨ੍ਹਾਂ ਰਿਆਇਤਾਂ ਨੂੰ ਹੋਰ ਵਧਾਉਣ ਦੇ ਖਦਸ਼ੇ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਵਿਰੋਧ ਵਿਚ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਹੋਈ ਹੈ। ਜਿਸ ਸਬੰਧੀ ਸੁਪਰੀਮ ਕੋਰਟ ਵਲੋਂ ਪਿਛਲੇ ਸਾਲ 31 ਅਕਤੂਬਰ ਨੂੰ ਕੇਂਦਰ ਸਰਕਾਰ ਸਮੇਤ ਸਬੰਧਿਤ ਰਾਜਾਂ ਨੂੰ ਆਪਣਾ ਪੱਖ ਦੱਸਣ ਲਈ ਵੀ ਕਿਹਾ ਸੀ।

ਕੇਂਦਰ ਸਰਕਾਰ ਵਲੋਂ ਸਾਲ 2003 ਵਿਚ ਪੰਜਾਬ ਦੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਸਮੇਤ ਜੰਮੂ ਕਸ਼ਮੀਰ, ਸਿੱਕਮ ਅਤੇ ਉਤਰਾਖੰਡ ਨੂੰ 'ਟੈਕਸ ਹੌਲੀਡੇ ਸਟੇਟ' ਕਰਾਰ ਦਿੰਦਿਆਂ ਉਦਯੋਗ ਸਥਾਪਤ ਕਰਨ ਲਈ ਵੱਡੀਆਂ ਰਿਆਇਤਾਂ ਦੇਣ ਦਾ ਐਲਾਨ ਕੀਤਾ ਸੀ। ਇਨ੍ਹਾਂ ਵਿਚ ਕੇਂਦਰੀ ਆਬਕਾਰੀ ਡਿਊਟੀ ਤੋਂ ਪੂਰਨ ਛੋਟ, ਆਮਦਨ ਕਰ 'ਚ ਵੱਡੀ ਰਾਹਤ, ਰਾਜ ਦੇ ਵਿਕਰੀ ਕਰ ਵਿਚ ਰਾਹਤ ਸਮੇਤ ਹੋਰ ਕਈ ਸਬਸਿਡੀਆਂ ਅਤੇ ਰਿਆਇਤਾਂ ਸ਼ਾਮਿਲ ਹਨ। ਪੰਜਾਬ ਅਤੇ ਹਰਿਆਣਾ ਸਰਕਾਰਾਂ ਨੇ ਕੇਂਦਰ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਆਪਣੇ ਰਾਜਾਂ ਲਈ ਵੀ ਅਜਿਹੀਆਂ ਹੀ ਰਿਆਇਤਾਂ ਮੰਗੀਆਂ ਸਨ। ਐਨ.ਡੀ.ਏ. ਸਰਕਾਰ ਵਲੋਂ 2003 ਵਿਚ ਦਿੱਤੀਆਂ ਇਨ੍ਹਾਂ ਰਿਆਇਤਾਂ ਨੂੰ ਯੂ.ਪੀ.ਏ. ਸਰਕਾਰ ਨੇ 2004 ਵਿਚ ਇਸ ਦੀ ਸਮਾਂ ਹੱਦ 2013 ਦੀ ਥਾਂ 2007 ਕਰ ਦਿੱਤੀ ਸੀ ਪ੍ਰੰਤੂ ਦਬਾਅ ਤੋਂ ਬਾਅਦ ਇਸਨੂੰ 31 ਮਾਰਚ 2010 ਤੱਕ ਵਧਾ ਦਿੱਤਾ ਗਿਆ, ਜਿਸਨੂੰ ਹੁਣ 31 ਮਾਰਚ 2013 ਤੱਕ ਵਧਾਉਣ ਲਈ ਤਿਆਰੀ ਕੀਤੀ ਜਾ ਰਹੀ ਹੈ ਜਿਸ ਦਾ ਕੇਂਦਰ ਸਰਕਾਰ ਵਲੋਂ ਅਧਿਕਾਰਤ ਤੌਰ 'ਤੇ ਐਲਾਨ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਇਸਤੋਂ ਪਹਿਲਾਂ ਕੇਂਦਰ 'ਚ ਉਦੋਂ ਵਿੱਤ ਮੰਤਰੀ ਰਹੇ ਸ੍ਰੀ ਪੀ.ਚਿਦੰਬਰਮ ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਸੀ ਕਿ ਇਹ ਰਿਆਇਤਾਂ 31 ਮਾਰਚ 2010 ਤੱਕ ਹੀ ਹਨ। ਮੁੱਖ ਮੰਤਰੀ ਸ. ਬਾਦਲ ਨੇ ਪੰਜਾਬ ਦੇ ਉਦਯੋਗ ਲਈ ਖਤਰਾ ਬਣ ਰਹੀਆਂ ਇਨ੍ਹਾਂ ਰਿਆਇਤਾਂ ਨੂੰ ਖ਼ਤਮ ਕਰਨ ਜਾਂ ਪੰਜਾਬ ਨੂੰ ਵੀ ਅਜਿਹੀਆਂ ਰਿਆਇਤਾਂ ਦੇਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਕ ਪੱਤਰ ਲਿਖਿਆ ਸੀ ਜਿਸਨੂੰ ਪ੍ਰਧਾਨ ਮੰਤਰੀ ਨੇ ਲੋੜੀਂਦੀ ਕਾਰਵਾਈ ਲਈ ਕੇਂਦਰੀ ਵਿੱਤ ਮੰਤਰੀ ਪੀ.ਚਿਦੰਬਰਮ ਕੋਲ ਭੇਜਿਆ ਸੀ।

ਗੁਆਂਢੀ ਰਾਜਾਂ ਨੂੰ ਰਿਆਇਤਾਂ ਮਿਲਣ ਕਾਰਨ ਪਿਛਲੇ 7 ਸਾਲ ਵਿਚ ਪੰਜਾਬ ਨੂੰ ਉਦਯੋਗਿਕ ਖੇਤਰ ਵਿਚ ਵੱਡਾ ਨੁਕਸਾਨ ਝੱਲਣਾ ਪਿਆ ਹੈ। ਇਸ ਦੇ ਉਲਟ ਹਿਮਾਚਲ ਪ੍ਰਦੇਸ਼ ਨੂੰ 40123 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਤਜਵੀਜ਼ਾਂ ਪ੍ਰਾਪਤ ਹੋਈਆਂ ਜਦੋਂਕਿ ਨਵੰਬਰ 2009 ਤੱਕ 426 ਵੱਡੇ ਅਤੇ ਦਰਮਿਆਨੇ ਉਦਯੋਗ ਅਤੇ 35715 ਲਘੂ ਉਦਯੋਗ ਨੇ 8667.31 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਨਾਲ ਕਾਰੋਬਾਰ ਆਰੰਭ ਕੀਤੇ ਹਨ। ਇਨ੍ਹਾਂ ਰਿਆਇਤਾਂ ਦਾ ਲਾਭ ਲੈਣ ਲਈ ਪੰਜਾਬ ਦੇ ਬਹੁਤ ਸਾਰੇ ਉਦਯੋਗਪਤੀਆਂ ਨੇ ਹਿਮਾਚਲ ਪ੍ਰਦੇਸ਼ ਦਾ ਰੁੱਖ ਕੀਤਾ ਜਿਸ ਕਾਰਨ ਪੰਜਾਬ ਨੂੰ ਲੋਹਾ, ਟੈਕਸਟਾਈਲ, ਫੂਡ ਪ੍ਰੋਸੈਸਿੰਗ, ਦਵਾਈਆਂ ਅਤੇ ਇੰਜੀਨੀਅਰਿੰਗ ਖੇਤਰ ਦੇ ਉਦਯੋਗਾਂ ਤੋਂ ਹੱਥ ਧੋਣੇ ਪਏ।

ਹਿਮਾਚਲ ਪ੍ਰਦੇਸ਼ ਸਰਕਾਰ ਨੇ ਵੀ ਦਾਅਵਾ ਕੀਤਾ ਕਿ ਸਥਾਪਤ ਉਦਯੋਗਾਂ ਨਾਲ 2.33 ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਜਦੋਂਕਿ 4.5 ਲੱਖ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣ ਦੀ ਸੰਭਾਵਨਾ ਪ੍ਰਗਟਾਈ ਹੈ।

ਪੰਜਾਬ ਨਾਲ ਕੇਂਦਰ ਸਰਕਾਰ ਦੇ ਵਿਤਕਰੇ ਦੇ ਲਗਦੇ ਦੋਸ਼ਾਂ ਨੂੰ ਸੱਚ ਸਾਬਤ ਕਰਦਿਆਂ ਸਰਹੱਦੀ ਸੂਬਾ ਹੋਣ ਅਤੇ ਪਿਛਲੇ ਲੰਮੇ ਸਮੇਂ ਤੱਕ ਆਰਥਿਕ ਨੁਕਸਾਨ ਅਤੇ ਕਰਜ਼ੇ ਵਿਚ ਡੁੱਬੇ ਇਸ ਸੂਬੇ ਨੂੰ ਵਿਸ਼ੇਸ਼ ਰਿਆਇਤਾਂ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਨੂੰ ਆਰਥਿਕ ਪੱਖੋਂ ਹੋਰ ਕਸ਼ਟ ਝੱਲਣ ਲਈ ਗੁਆਂਢੀ ਰਾਜਾਂ ਵਿਚ ਉਦਯੋਗ ਭੇਜਣ ਲਈ ਹਿਮਾਚਲ ਪ੍ਰਦੇਸ਼ ਨੂੰ ਤਿੰਨ ਸਾਲ ਲਈ ਹੋਰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ।

## ਵਿਰੋਧ ਦੇ ਬਾਵਜੂਦ ਸਬਸਿਡੀਆਂ ਦੇ ਨਾਂ 'ਤੇ ਲੁਟਾਇਆ ਜਾ ਰਿਹੈ ਸਰਕਾਰੀ ਪੈਸਾ: ਕੈਪਟਨ

**ਲੁਧਿਆਣਾ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਆਂਢੀ ਰਾਜਾਂ ਨੂੰ ਦਿਤੇ ਜਾਣ ਵਾਲੇ ਵਿਸ਼ੇਸ਼ ਪੈਕੇਜ ਦੀ ਤਰਜ਼ ਉਤੇ ਪੰਜਾਬ ਦੇ ਸਰਹੱਦੀ ਇਲਾਕੇ ਦੇ 30 ਕਿਲੋਮੀਟਰ ਦੇ ਰਕਬੇ ਲਈ ਵੀ ਵਿਸ਼ੇਸ਼ ਪੈਕੇਜ ਦਿਤਾ ਜਾਵੇ। ਸਿਟੀ ਸੈਂਟਰ ਘਪਲੇ ਵਿਚ ਪੇਸ਼ੀ ਭੁਗਤਣ ਤੋਂ ਬਾਅਦ ਬਾਦਲ ਸਰਕਾਰ ਨੂੰ ਹਰ ਫਰੰਟ 'ਤੇ ਫੇਲ੍ਹ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਦੀ ਦੀ ਰੁੱਤ ਦੇ ਬਾਵਜੂਦ ਬਿਜਲੀ ਦੇ ਲੰਬੇ ਕੱਟ ਲਗਾਏ ਜਾ ਰਹੇ ਹਨ। ਬਿਜਲੀ ਦੀ ਕਿੱਲਤ ਕਾਰਨ ਉਦਯੋਗ ਅਤੇ ਫੈਕਟਰੀਆਂ ਰਾਜ ਤੋਂ ਬਾਹਰ ਦਾ ਰੁਖ਼ ਕਰ ਰਹੀਆਂ ਹਨ।

ਸਰਕਾਰ ਵਿਚ ਸ਼ਾਮਲ ਦੋਵੇਂ ਪਾਰਟੀਆਂ ਵੋਟ ਬੈਂਕ ਨੂੰ ਬਚਾਉਣ ਲਈ ਆਪਸ ਵਿਚ ਹੀ ਉਲਝ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰਾਜ ਦੇ ਵਿੱਤ ਮੰਤਰੀ ਦੇ ਵਿਰੋਧ ਦੇ ਬਾਵਜੂਦ ਸਬਸਿਡੀਆਂ ਦੇ ਨਾਮ 'ਤੇ ਸਰਕਾਰੀ ਖ਼ਜ਼ਾਨਾ ਲੁਟਾਇਆ ਜਾ ਰਿਹਾ ਹੈ। ਕਾਂਗਰਸ ਵਿਧਾਇਕ ਦਲ ਦੀ ਨੇਤਾ ਰਾਜਿੰਦਰ ਕੌਰ ਭੱਠਲ ਨੂੰ ਦਿੱਲੀ ਦੀ ਰਾਜਨੀਤੀ ਵਿਚ ਫਿੱਟ ਕਰਨ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਬੀਬੀ ਭੱਠਲ ਰਾਜ ਸਭਾ ਵਿਚ ਫਿੱਟ ਹੋਣ ਦੇ ਪੂਰੀ ਤਰ੍ਹਾਂ ਕਾਬਲ ਹਨ। ਕਈ ਵਾਰ ਵਿਧਾਇਕ, ਮੰਤਰੀ, ਮੁੱਖ ਮੰਤਰੀ, ਪ੍ਰਦੇਸ਼ ਪ੍ਰਧਾਨ ਤੇ ਹੁਣ ਕਾਂਗਰਸ ਵਿਧਾਇਕ ਦਲ ਦੀ ਨੇਤਾ ਬੀਬੀ ਭੱਠਲ ਦੀ ਸਿਆਸੀ ਡਿਗਰੀ ਤਾਂ ਪੀ.ਐਚ.ਡੀ. ਦੇ ਬਰਾਬਰ ਪਹੁੰਚ ਗਈ ਹੈ, ਹੁਣ ਉਨ੍ਹਾਂ ਨੂੰ ਰਾਜ ਸਭਾ ਭੇਜਣਾ ਹੀ ਠੀਕ ਹੈ। ਇਸ ਮੌਕੇ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ, ਵਿਧਾਇਕ ਹਰਮਹਿੰਦਰ ਸਿੰਘ, ਵਰਿੰਦਰ ਕਟਾਰੀਆ, ਸੁਰਿੰਦਰ ਡਾਵਰ, ਪਵਨ ਦੀਵਾਨ, ਸੋਨੀ ਗਿੱਲ ਚੇਅਰਮੈਨ ਕਿਸਾਨ ਸੈੱਲ, ਮੋਤੀ ਸਾਹਨੇਵਾਲ, ਗੁਰਜੋਤ ਢੀਂਡਸਾ, ਬੱਬੂ ਦੁੱਗਰੀ, ਪਾਲੀ ਦੁੱਗਰੀ, ਨਿਰਮਲ ਸਿੰਘ ਪੰਚ ਅਤੇ ਵੱਡੀ ਗਿਣਤੀ ਵਿਚ ਹੋਰ ਆਗੂ ਵੀ ਹਾਜ਼ਰ ਸਨ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਹੁ ਕਰੋੜੀ ਸਿਟੀ ਸੈਂਟਰ ਘਪਲੇ ਦੇ ਮਾਮਲੇ ਵਿਚ ਬੀਤੀ 9 ਜਨਵਰੀ ਨੂੰ ਸਥਾਨਕ ਅਦਾਲਤ ਵਿਚ ਪੇਸ਼ ਹੋਏ। ਇਸ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਸਹਿ-ਦੋਸ਼ੀਆਂ ਦੀ ਅਗਲੀ ਪੇਸ਼ੀ 6 ਫ਼ਰਵਰੀ ਨੂੰ ਹੋਵੇਗੀ।

# ਦੇਸ਼ਾਂ ਦੀਆਂ ਹੱਦਾਂ ਦੇ ਆਰ-ਪਾਰ ਫੈਲੇ ਸਿੱਖਾਂ ਲਈ ਰਾਜਨੀਤਕ ਗੁੰਝਲ

**ਅਮਰਜੀਤ ਸਿੰਘ ਗਰੇਵਾਲ***

## ਅਕਾਲੀਵਾਦ ਦਾ ਖਾਲਸਈ ਪ੍ਰਸੰਗ-ਸੀਮਾ ਤੇ ਸੰਭਾਵਨਾਵਾਂ

*ਸ਼੍ਰੋਮਣੀ ਅਕਾਲੀ ਦਲ ਨੂੰ ਇਸ ਕਿਸਮ ਦੀ ਸਿਆਸਤ ਦੀਆਂ ਮਜਬੂਰੀਆਂ ਵਿਚ ਕੈਦ ਕਰ ਲੈਣਾ ਗਲਤ ਹੈ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਜਦੋਂ ਮੁੱਖ ਮੰਤਰੀ ਦੀ ਕੁਰਸੀ ਉਪਰ ਬੈਠਦਾ ਹੈ ਤਾਂ ਉਹ ਸਮੁੱਚੇ ਪੰਥ ਨੂੰ ਗੁੰਗਾ ਬਣਾ ਦਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਅਸੈਂਬਲੀ, ਪਾਰਲੀਮੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ, ਕੇਂਦਰ ਸਰਕਾਰ ਆਦਿ ਸਭਨਾਂ ਮਜਬੂਰੀਆਂ ਤੋਂ ਹੀ ਆਜ਼ਾਦ ਕਰਵਾਉਣ ਦੀ ਲੋੜ ਨਹੀਂ ਸਗੋਂ ਉਸ ਅੰਦਰ ਸਿੱਖ ਪੰਥ ਦੇ ਸਭਨਾਂ ਜਾਤੀ, ਜਮਾਤੀ ਵਰਗਾਂ ਦੀ ਬਰਾਬਰੀ ਉਪਰ ਆਧਾਰਤ ਸਮਾਨੰਤਰ ਪ੍ਰਤੀਨਿਧਤਾ ਕਰਨ ਦੀ ਸਮਰੱਥਾ ਵੀ ਪੈਦਾ ਕਰਨੀ ਜਰੂਰੀ ਹੈ। ਅਜਿਹਾ ਹੋਣ 'ਤੇ ਹੀ ਅਕਾਲੀਵਾਦ ਆਪਣੇ ਖਾਲਸਈ ਪ੍ਰਸੰਗ ਨੂੰ ਪ੍ਰਗਟ ਕਰਨ ਦੀ ਦਿਸ਼ਾ ਵਿਚ ਤੁਰਨ ਦੇ ਯੋਗ ਹੋ ਸਕੇਗਾ।*



ਸਿੱਖ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਅਧੀਨ ਚੱਲਣ ਵਾਲੇ ਸਮੂਹ ਸਿੱਖਾਂ ਨੂੰ ਪੰਥ ਅਤੇ ਉਨ੍ਹਾਂ ਦੇ ਸਮਾਜ-ਸੰਸਕ੍ਰਿਤਕ ਅਤੇ ਰਾਜਨੀਤਕ ਸੰਵਾਦ ਵਿਚੋਂ ਪੈਦਾ ਹੋਣ ਵਾਲੀ ਪਹਿਚਾਣ ਅਤੇ ਸ਼ਕਤੀ ਨੂੰ ਪੰਥਕ ਚੇਤਨਾ ਦਾ ਨਾਮ ਦਿੱਤਾ ਜਾਂਦਾ ਹੈ।

ਸਿੱਖ ਦੀ ਪਹਿਚਾਣ ਨੂੰ ਪਰਿਭਾਸ਼ਿਤ ਕਰਦੇ ਸਮੇਂ ਗੈਰ ਅੰਮ੍ਰਿਤਧਾਰੀ ਜਾਂ ਗੈਰ ਕੇਸਾਧਾਰੀ ਸਿੱਖਾਂ ਨੂੰ ਸਿੱਖ ਮੰਨਣ ਉਪਰ ਤਾਂ ਕੋਈ ਇਤਰਾਜ਼ ਕਰ ਸਕਦਾ ਹੈ, ਪਰ ਗੈਰ ਪੰਜਾਬੀ ਸਿੱਖਾਂ ਨੂੰ ਸਿੱਖ ਮੰਨਣ ਉਪਰ ਤਾਂ ਕੋਈ ਵੀ ਇਤਰਾਜ਼ ਨਹੀਂ ਕਰ ਸਕਦਾ। ਇਸ ਲਈ ਸਿੱਖ ਪੰਥ ਨੂੰ ਕਿਸੇ ਨਿਸ਼ਚਿਤ ਖਿੱਤੇ ਭਾਵ ਪੰਜਾਬ ਅਤੇ ਉਸ ਦੀ ਰਾਜਨੀਤੀ-ਸੰਸਕ੍ਰਿਤੀ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਇਹ ਤਾਂ ਦੇਸ਼ਾਂ-ਵਿਦੇਸ਼ਾਂ ਦੇ ਵਿਭਿੰਨ ਰਾਜਨੀਤਕ-ਸੰਸਕ੍ਰਿਤਕ ਸੰਗਠਨਾਂ ਵਿਚ ਜੀਣ-ਥੀਣ ਵਾਲੇ ਸਮੂਹ ਸਿੱਖਾਂ ਦੀ ਪਾਰ ਰਾਸ਼ਟਰੀ ਅਤੇ ਬਹੁਕੌਮੀ ਸੰਗਠਨਕਾਰੀ ਹੈ। ਭਾਵੇਂ ਦੇਸ਼ਾਂ-ਵਿਦੇਸ਼ਾਂ ਵਿਚ ਵਸਣ ਵਾਲੇ ਬਹੁਤੇ ਸਿੱਖ ਪੰਜਾਬ ਤੋਂ ਉਠ ਕੇ ਗਏ ਹੋਏ ਪੰਜਾਬੀ ਮੂਲ ਦੇ ਲੋਕ ਹੀ ਹਨ, ਪਰ ਫੇਰ ਵੀ ਸਿੱਖ ਪੰਥ ਨੂੰ ਇਕ ਨਸਲੀ ਜਾਂ ਇਕ ਭਾਸ਼ੀ ਪੰਥ ਨਹੀਂ ਆਖਿਆ ਜਾ ਸਕਦਾ। ਮਰਾਠੀ ਸਿੱਖਾਂ, ਅਸਮੀ ਸਿੱਖਾਂ, ਦੱਖਣੀ ਸਿੱਖਾਂ, ਅਮਰੀਕਨ ਸਿੱਖਾਂ ਅਤੇ ਵਿਭਿੰਨ ਸੰਸਕ੍ਰਿਤਕ ਮੂਲ ਦੇ ਪਰਿਵਾਰਾਂ ਵਿਚ ਵਿਆਹ-ਸ਼ਾਦੀਆਂ ਕਰਕੇ ਦੇਸ਼ਾਂ-ਵਿਦੇਸ਼ਾਂ ਵਿਚ ਵਸੇ ਹੋਏ ਸਿੱਖਾਂ ਦਾ ਵੀ ਪੰਜਾਬੀ ਸਿੱਖਾਂ ਜਿੰਨਾ ਹੀ ਮਹੱਤਵ ਹੈ।

ਖਾਲਸਾ ਪੰਥ, ਕਿਉਂਕਿ ਹਰ ਸਿੱਖ ਗੁਰੂ ਨਾਲ ਸਿੱਧਾ ਜੁੜਿਆ ਹੁੰਦਾ ਹੈ ਅਤੇ ਬਿਨਾ ਕਿਸੇ ਧਾਰਮਿਕ ਅਤੇ ਸਿਆਸੀ ਵਿਚੋਲੇ ਦੇ ਉਹ ਗੁਰੂ ਗ੍ਰੰਥ ਅਤੇ ਗੁਰੂ ਪੰਥ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਦਾ ਅਧਿਕਾਰੀ ਵੀ ਹੁੰਦਾ ਹੈ, ਇਸ ਲਈ ਬਿਨਾ ਕਿਸੇ ਜਾਤੀ, ਜਮਾਤੀ, ਨਸਲੀ, ਭਾਸ਼ਾਈ, ਖੇਤਰੀ, ਸੰਸਕ੍ਰਿਤਕ, ਲਿੰਗੀ, ਵਿਵਸਾਇਕ ਜਾਂ ਰਾਸ਼ਟਰੀ ਵਿਤਕਰੇ ਦੇ ਸਮੂਹ ਸਿੱਖਾਂ ਨੂੰ ਪੰਥਕ ਫੈਸਲੇ ਲੈਣ ਵਾਲੀਆਂ ਤਮਾਮ ਸੰਸਥਾਵਾਂ ਵਿਚ ਬਰਾਬਰ ਦੀ ਸ਼ਮੂਲੀਅਤ ਦਾ ਅਧਿਕਾਰ ਪ੍ਰਾਪਤ ਹੈ। ਬਿਨਾ ਕਿਸੇ ਵਿਤਕਰੇ ਜਾਂ ਭੇਦ ਭਾਵ ਦੇ ਪੰਥਕ ਫੈਸਲੇ ਲੈਣ ਵਾਲੀਆਂ ਤਮਾਮ ਸੰਸਥਾਵਾਂ ਵਿਚ ਸਮੂਹ ਸਿੱਖਾਂ ਦੀ ਬਰਾਬਰੀ ਉਪਰ ਆਧਾਰਤ ਸਮਾਨੰਤਰ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਵਾਲੀ ਸੰਸਥਾਈ ਵਿਧਾ ਦਾ ਨਾਮ ਹੀ ਸਰਬੱਤ ਖਾਲਸਾ ਹੈ। 'ਗੁਰੂ ਸੰਗਤ ਕੀਨੀ ਖਾਲਸਾ' ਦੇ ਸੰਕਲਪ ਉਪਰ ਆਧਾਰਤ ਸਮੂਹ ਸਿੱਖਾਂ ਦੀ ਇਕੱਤਰਤਾ ਨਹੀਂ, ਸਗੋਂ ਕਿਸੇ ਵੀ ਫੈਸਲੇ ਰਾਹੀਂ ਪ੍ਰਭਾਵਿਤ ਹੋ ਸਕਣ ਵਾਲੇ ਲੋਕਾਂ ਦੀ ਉਹ ਫੈਸਲਾ ਲੈਣ ਵਾਲੀ ਸੰਸਥਾ ਵਿਚ ਸਮਾਨੰਤਰ ਸ਼ਮੂਲੀਅਤ ਦਾ ਨਾਮ ਹੀ ਸਰਬੱਤ ਖਾਲਸਾ ਹੈ।

ਸਰਬਤ ਖਾਲਸਾ ਦੀ ਇਸ ਸਹਿਭਾਗੀ ਜਮਹੂਰੀਅਤ (ਪਾਰਟੀਸੀਪੇਟਰੀ ਡੈਮੋਕਰੇਸੀ) ਵਿਚ ਹੀ ਆਧੁਨਿਕ ਡੈਮੋਕਰੇਸੀ ਦਾ ਭਵਿਖ ਛੁਪਿਆ ਹੋਇਆ ਹੈ। ਪ੍ਰਤੀਨਿਧ ਜਮਹੂਰੀਅਤ (ਰੀਪਰੀਜ਼ੈਂਟੇਸ਼ਨਲ ਡੈਮੋਕਰੇਸੀ) ਦਾ ਰਾਜਨੀਤਕ-ਪ੍ਰਸ਼ਾਸਨਿਕ ਪ੍ਰਬੰਧ ਜਿਸ ਨੂੰ ਆਧੁਨਿਕ ਸੰਸਾਰ ਨੇ ਵਿਸ਼ਵ ਵਿਆਪੀ ਸੱਚ ਵਜੋਂ ਅਪਨਾਇਆ ਹੋਇਆ ਹੈ, ਇਕ ਗਹਿਰੇ ਸੰਕਟ ਦਾ ਸ਼ਿਕਾਰ ਹੈ। ਇਸ ਪ੍ਰਤੀਨਿਧ ਜਮਹੂਰੀਅਤ ਵਿਚ ਲੋਕਾਂ ਦਾ ਨਹੀਂ, ਸਗੋਂ ਸਿਆਸੀ, ਪ੍ਰਸ਼ਾਸਨਿਕ ਅਤੇ ਧਨੀ ਪਤਵੰਤਿਆਂ ਦਾ ਹੀ ਰਾਜ ਹੁੰਦਾ ਹੈ। ਰਾਜਨੀਤਕ ਫੈਸਲਿਆਂ ਵਿਚ ਆਮ ਲੋਕਾਂ ਦੀ ਕੋਈ ਸਿੱਧੀ ਸ਼ਮੂਲੀਅਤ ਨਹੀਂ ਹੁੰਦੀ। ਜਨਤਾ ਤਾਂ ਕੇਵਲ ਆਪਣੇ ਪ੍ਰਤੀਨਿਧਾਂ ਅਤੇ ਹਾਕਮ ਪਾਰਟੀ ਦੀ ਹੀ ਚੋਣ ਕਰਦੀ ਹੈ। ਫੇਰ ਉਹ ਹਾਕਮ ਪਾਰਟੀ ਅਤੇ ਉਸ ਦੇ ਨੇਤਾ ਅਫਸਰਸ਼ਾਹੀ ਰਾਹੀਂ ਰਾਜਨੀਤਕ ਫੈਸਲੇ ਲੈਣ ਵਾਲੀਆਂ ਸੰਸਥਾਵਾਂ ਨੂੰ ਕੰਟਰੋਲ ਕਰਕੇ ਆਪਣੀ ਹਕੂਮਤ ਚਲਾਉਂਦੇ ਹਨ। ਪਾਰਟੀ ਸਿਆਸਤ ਅਤੇ ਚੋਣ ਰਾਜਨੀਤੀ ਦੇ ਬਾਹਰ ਸਰਕਾਰੀ ਸੰਸਥਾਵਾਂ ਵਿਚ ਆਮ ਲੋਕਾਂ ਦੀ ਕੋਈ ਵੀ ਸ਼ਮੂਲੀਅਤ ਨਹੀਂ ਹੁੰਦੀ।

ਪਰ ਪ੍ਰਤੀਨਿਧ ਜਮਹੂਰੀਅਤ ਦੇ ਉਲਟ ਸਰਬੱਤ ਖਾਲਸੇ ਦਾ ਸਹਿਭਾਗੀ ਜਮਹੂਰੀਅਤ ਦਾ ਸੰਕਲਪ ਇਕ ਅਜਿਹੀ ਵਿਵਸਥਾ ਦਾ ਮਾਡਲ ਪੇਸ਼ ਕਰਦਾ ਹੈ ਜਿਥੇ ਕਿਸੇ ਇਕ ਸਮਰਾਟ, ਹੁਕਮਰਾਨ ਪਾਰਟੀ, ਸੱਤਾਧਾਰੀ ਪਤਵੰਤਿਆਂ, ਨੌਕਰਸ਼ਾਹੀ ਆਦਿ ਦਾ ਨਹੀਂ ਸਗੋਂ ਸਮੁੱਚੇ ਸਮਾਜ ਦਾ ਹੀ ਰਾਜ ਹੁੰਦਾ ਹੈ।

ਸੋ ਖਾਲਸਾ ਰਾਜ ਦਾ ਅਰਥ ਸਿੱਖ ਪਤਵੰਤਿਆਂ ਦੀ ਹਕੂਮਤ ਨਹੀਂ, ਸਗੋਂ ਅਜਿਹੇ ਲੋਕਰਾਜੀ ਪ੍ਰਬੰਧ ਦੀ ਸਿਰਜਣਾ ਹੈ ਜਿਥੇ ਕਿਸੇ ਵੀ ਸਮਾਜੀ ਜਾਂ ਭਾਈਚਾਰਕ ਸੰਗਠਨ ਦੀ ਹੋਣੀ ਨਾਲ ਸਬੰਧਤ ਫੈਸਲੇ ਲੈਣ ਵਾਲੀਆਂ ਤਮਾਮ ਸੰਸਥਾਵਾਂ ਵਿਚ ਕਿਸੇ ਇਕ ਗੁਰੂ ਵਿਅਕਤੀ, ਮਹਾਂਪੁਰਸ਼, ਰਾਜੇ, ਪ੍ਰਸ਼ਾਸਨਿਕ ਪਤਵੰਤੇ ਜਾਂ ਨੇਤਾ ਦਾ ਕੰਟਰੋਲ ਨਹੀਂ ਸਗੋਂ ਉਨ੍ਹਾਂ ਤਮਾਮ ਵਿਅਕਤੀਆਂ ਦੀ ਸਮਾਨੰਤਰ ਸ਼ਮੂਲੀਅਤ ਹੁੰਦੀ ਹੈ, ਜਿਨ੍ਹਾਂ ਦੀ ਉਨ੍ਹਾਂ ਸੰਸਥਾਵਾਂ ਦੁਆਰਾ ਲਏ ਜਾਣ ਵਾਲੇ ਫੈਸਲਿਆਂ ਰਾਹੀਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੋਵੇ। ਇਹੋ ਹੀ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਦੀ ਸਿਆਸੀ ਸਪਿਰਟ ਹੈ।

ਪਰ ਸੁਆਲ ਤਾਂ ਇਹ ਹੈ ਕਿ ਉਹ 'ਖਾਲਸਾ ਰਾਜ' ਕਿੰਜ ਸਥਾਪਤ ਕੀਤਾ ਜਾਵੇ ਜਿਥੇ ਹਰ ਇਕ ਵਿਅਕਤੀ ਨੂੰ ਉਸਦੀ ਸਮਾਜ-ਆਰਥਕ-ਰਾਜਨੀਤਕ ਸਭਿਆਚਾਰਕ-ਨੈਤਿਕ ਜ਼ਿੰਦਗੀ ਨਾਲ ਸਬੰਧਤ ਫੈਸਲੇ ਲੈਣ ਵਾਲੀਆਂ ਤਮਾਮ ਸੰਸਥਾਵਾਂ ਵਿਚ ਪੂਰਨ ਆਜ਼ਾਦੀ ਨਾਲ ਸਿੱਧੇ ਤੌਰ 'ਤੇ ਹਿੱਸਾ ਲੈਣ ਦੇ ਅਧਿਕਾਰ ਮੁਹੱਈਆ ਕੀਤੇ ਜਾ ਸਕਣ?

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਸ ਮੁਕਤੀ ਦੇ ਸਿਧਾਂਤ ਨੂੰ ਸਮਾਜ ਵਿਚ ਲਾਗੂ ਕਰਨ ਲਈ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਤੋਂ ਬਾਅਦ ਖਾਲਸੇ ਨੇ ਗੁਰੂ ਗ੍ਰੰਥ, ਗੁਰੂ ਪੰਥ, ਗੁਰਮਤਾ, ਸਰਬੱਤ ਖਾਲਸਾ, ਖਾਲਸਾ ਰਾਜ ਆਦਿ ਸੰਕਲਪਾਂ ਅਤੇ ਸੰਸਥਾਵਾਂ ਦੀ ਸਿਰਜਣਾ ਕੀਤੀ ਜੋ ਉਸ ਸਮੇਂ ਦੇ ਸਮਾਜ ਨੂੰ ਸਹਿਭਾਗੀ ਜਮਹੂਰੀਅਤ ਅਨੁਸਾਰ ਚਲਾਉਣ ਲਈ ਲੋੜ ਅਨੁਸਾਰ ਬਹੁਤ ਸਨ। ਪਰ ਅੱਜ ਦੇ ਵਿਸ਼ਾਲ ਜਟਿਲ ਅਤੇ ਵੰਨ-ਸਵੰਨਤਾ ਭਰਪੂਰ ਸਮਾਜ ਵਿਚ 'ਰਾਜ ਕਰੇਗਾ ਖਾਲਸਾ' ਦੀ ਇਸ ਲੋਕਰਾਜੀ ਅੰਤਰਦ੍ਰਿਸ਼ਟੀ ਨੂੰ ਕਿੰਜ ਲਾਗੂ ਕੀਤਾ ਜਾਵੇ ਜਾਂ ਇਸ ਕੰਮ ਲਈ ਕਿਹੋ ਜਿਹੀਆਂ ਸੰਸਥਾਵਾਂ ਦੀ ਸਿਰਜਣਾ ਕੀਤੀ ਜਾਵੇ, ਇਹ ਸੋਚਣਾ ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਹੈ। ਇਹ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਜ਼ਿੰਮੇਵਾਰੀ ਹੈ।

**ਪੰਥ ਅਤੇ ਪਾਰਟੀ:** ਸਿੱਖ ਪੰਥ ਦੇ 'ਰਾਜ ਕਰੇਗਾ ਖਾਲਸਾ' ਦਾ ਸਹਿਭਾਗੀ ਜਮਹੂਰੀਅਤ ਦਾ ਸੰਕਲਪ ਰਾਜਨੀਤਕ ਨੁਮਾਇੰਦਗੀ ਦੇ ਵਿਚਾਰ ਨੂੰ ਹੀ ਰੱਦ ਕਰ ਦਿੰਦਾ ਹੈ। ਕੋਈ ਵਿਸ਼ੇਸ਼ ਪਾਰਟੀ ਅਤੇ ਵਿਅਕਤੀ ਭਾਵੇਂ ਉਨ੍ਹਾਂ ਦਾ ਕੋਈ ਵੀ ਰੁਤਬਾ ਕਿਉਂ ਨਾ ਹੋਵੇ ਇਕੱਲਿਆਂ ਹੀ ਖਾਲਸਾ ਪੰਥ ਦੀ ਨੁਮਾਇੰਦਗੀ ਨਹੀਂ ਕਰ ਸਕਦੇ। ਹਰ ਸਿੱਖ ਖਾਲਸਾ ਪੰਥ ਦੀ ਬਰਾਬਰ ਦੀ ਸਿੱਧੀ ਨੁਮਾਇੰਦਗੀ ਕਰਦਾ ਹੈ। ਦਰਅਸਲ ਗੁਰੂ ਪੰਥ ਅਤੇ ਸਿੱਖ ਵਿਚਕਾਰ ਕਿਸੇ ਨੁਮਾਇੰਦੇ ਜਾਂ ਵਿਚੋਲੇ ਲਈ ਕੋਈ ਥਾਂ ਹੀ ਨਹੀਂ ਹੈ। ਇਸ ਲਈ ਕੁਝ ਚੁਣੇ ਹੋਏ ਜਾਂ ਨਾਮਜ਼ਦ ਕੀਤੇ ਹੋਏ ਵਿਅਕਤੀਆਂ ਦੀ ਕੋਈ ਵੀ ਸਿਆਸੀ ਪਾਰਟੀ ਸਿੱਖ ਪੰਥ ਦੀ ਨੁਮਾਇੰਦਗੀ ਨਹੀਂ ਕਰ ਸਕਦੀ। ਇਹ ਗੱਲ ਸ਼੍ਰੋਮਣੀ ਅਕਾਲੀ ਦਲ ਉਪਰ ਵੀ ਬਰਾਬਰ ਲਾਗੂ ਹੁੰਦੀ ਹੈ।

ਆਧੁਨਿਕ ਸਿਆਸੀ ਪਾਰਟੀਆਂ ਜੋ ਕਿ ਅਵਿਕਸਿਤ ਜਮਹੂਰੀਅਤ ਦੀ ਉਪਜ ਹਨ, ਖਾਲਸਾ ਪੰਥ ਦੇ ਵਿਕਸਿਤ ਜਮਹੂਰੀਅਤ ਦੇ ਸੰਕਲਪ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੀਆਂ। ਇਸ ਲਈ ਖਾਲਸਾ ਪੰਥ ਦਾ ਸੰਕਲਪ ਨਵੀਂ ਕਿਸਮ ਦੀਆਂ ਸੰਸਥਾਵਾਂ ਦੇ ਨਿਰਮਾਣ ਨੂੰ ਆਵੱਸ਼ਕ ਬਣਾ ਦਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਪੰਥਕ ਲੋੜਾਂ ਵਿਚੋਂ ਉਗਮ ਰਹੀ ਇਕ ਇਸੇ ਕਿਸਮ ਦੀ ਸੰਸਥਾ ਹੈ ਜਿਸ ਨੂੰ ਸਿਆਸੀ ਪਾਰਟੀ ਦੀਆਂ ਸੀਮਾਵਾਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ।

ਕਿਉਂਕਿ ਹਾਲੀ ਦੁਨੀਆਂ ਵਿਚ ਪ੍ਰਤੀਨਿਧ ਜਮਹੂਰੀਅਤ ਦਾ ਹੀ ਬੋਲਬਾਲਾ ਹੈ, ਇਸ ਲਈ ਸਿਆਸੀ ਪਹਿਚਾਣ ਅਤੇ ਸ਼ਕਤੀ ਦੇ ਇਸ ਘੋਲ ਵਿਚ ਸ਼ਾਮਲ ਹੋਣ ਲਈ ਸਿੱਖ ਸਮਾਜ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਪਾਰਟੀ ਦੇ ਇਸ ਰੋਲ ਵਿਚ ਹੀ ਫਿਟ ਕੀਤਾ ਹੋਇਆ ਹੈ। ਏਥੇ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਭਾਵੇਂ ਸਿਆਸੀ ਪਹਿਚਾਣ ਅਤੇ ਸ਼ਕਤੀ ਦੇ ਮੌਜੂਦਾ ਘੋਲ ਵਿਚ ਸ਼ਾਮਲ ਹੋ ਕੇ ਸਟੇਟ ਪਾਵਰ ਵਿਚ ਭਾਈਵਾਲੀ ਸਥਾਪਤ ਕਰਨਾ ਵੀ ਜ਼ਰੂਰੀ ਹੋ ਸਕਦਾ ਹੈ, ਪਰ ਇਹ ਪੰਥਕ ਨਿਸ਼ਾਨਾ ਨਹੀਂ ਹੈ। ਖਾਲਸਾ ਰਾਜ ਦੀ ਸਥਾਪਨਾ, ਪੰਥ ਕੀ ਜੀਤ, ਸਹਿਭਾਗੀ ਜਮਹੂਰੀਅਤ ਦੀ ਸਥਾਪਨਾ ਜਾਂ ਸਰਬੱਤ ਦਾ ਭਲਾ ਹੀ ਪੰਥਕ ਨਿਸ਼ਾਨਾ ਹੈ।

ਸ਼੍ਰੋਮਣੀ ਅਕਾਲੀ ਦਲ ਸਿੱਖ ਚੌਧਰੀਆਂ ਦੀ ਰਾਜ-ਭਾਗ ਵਿਚ ਭਾਈਵਾਲੀ ਸਥਾਪਤ ਕਰਨ ਦੀ ਲਾਲਸਾ ਵਿਚੋਂ ਉਪਜੀ ਹੋਈ ਸਿਆਸੀ ਸੰਗਠਨਕਾਰੀ ਨਹੀਂ ਹੈ। ਇਹ ਤਾਂ ਗੁਰੂ ਗ੍ਰੰਥ ਦੀ ਸੋਚ ਨੂੰ ਗੁਰੂ ਪੰਥ ਦੀ ਰਮਜ਼ ਵਿਚ ਅਨੁਵਾਦ ਕਰਨ ਵਾਲੀ ਜੁਗਤ ਹੈ। ਇਸ ਲਈ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਭਾਵੇਂ ਸ਼੍ਰੋਮਣੀ ਅਕਾਲੀ ਦਲ ਇਕ ਸਿਆਸੀ ਪਾਰਟੀ ਵਜੋਂ ਹੀ ਕੰਮ ਕਰ ਰਹੀ ਹੈ, ਪਰ ਇਸ ਦੀਆਂ ਅਨੰਤ ਸੰਭਾਵਨਾਵਾਂ ਨੂੰ ਇਕ ਆਧੁਨਿਕ ਸਿਆਸੀ ਪਾਰਟੀ ਦੀਆਂ ਸੀਮਾਵਾਂ ਅੰਦਰ ਕੈਦ ਕਰਕੇ ਇਸ ਨੂੰ ਇਸ ਦੇ ਪੰਥਕ ਉਦੇਸ਼ ਨਾਲੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਭਾਵੇਂ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੇ ਨਾਮ ਉਪਰ ਆਧੁਨਿਕ ਰਾਜ ਭਾਗ ਵਿਚ ਆਪਣੀ ਭਾਈਵਾਲੀ ਸਥਾਪਤ ਕਰਨ ਵਾਲੀ ਸਿੱਖ ਪਤਵੰਤਿਆਂ ਦੀ ਇਕ ਸਿਆਸੀ ਸੰਗਠਨਕਾਰੀ ਬਣ ਗਈ ਹੈ ਜਿਸਨੂੰ ਅਸੀਂ ਅਕਾਲੀਵਾਦ ਦਾ ਬਾਦਲਵਾਦ ਆਖਦੇ ਹਾਂ, ਪਰ ਅਕਾਲੀਵਾਦ ਦਾ ਮਹੱਤਵ ਅਤੇ ਗੌਰਵ ਤਾਂ ਇਸ ਦੇ ਪੰਥਕ ਨਿਸ਼ਾਨੇ ਵਿਚ ਹੀ ਛੁਪਿਆ ਹੋਇਆ ਹੈ ਜਿਸ ਨੂੰ ਉਜਾਗਰ ਕੀਤੇ ਜਾਣ ਲਈ ਇਸ ਨੂੰ ਇਕ ਨਵੀਂ ਸੇਧ ਦੀ ਆਵਸ਼ੱਕਤਾ ਹੈ।

**ਸਿੱਖ ਕੌਮ:** ਵੱਖ ਵੱਖ ਥਾਵਾਂ ਤੋਂ ਵੱਖ-ਵੱਖ ਸਮਿਆਂ ਤੇ ਉਜੜ ਕੇ ਗਏ ਲੋਕ ਅਮਰੀਕਾ ਦੀ ਬੇਗਾਨੀ ਧਰਤੀ ਉਪਰ ਇਕੱਠੇ ਹੋ ਕੇ ਅਮਰੀਕਨ ਕੌਮ ਦੀ ਸਿਰਜਣਾ ਕਰ ਲੈਂਦੇ ਹਨ। ਪਰ ਕੀ ਇਕ ਸਾਂਝੇ ਖਿੱਤੇ ਵਿਚ ਵਸ ਜਾਣ ਨਾਲ ਹੀ ਕੌਮ ਦੀ ਸਿਰਜਣਾ ਹੋ ਜਾਂਦੀ ਹੈ? ਸਮਝਿਆ ਜਾਂਦਾ ਹੈ ਕਿ ਕੌਮ ਬਣਨ ਲਈ ਇਕ ਸਾਂਝੇ ਖਿੱਤੇ ਵਿਚ ਇਕੱਠੇ ਹੋ ਕੇ ਇਕ ਸਾਂਝੀ ਸਮਾਜਕ-ਆਰਥਕ-ਰਾਜਨੀਤਕ ਪ੍ਰੈਕਟਿਸ ਵਿਚ ਬੱਝਣ ਦੇ ਨਾਲ ਨਾਲ ਸਾਂਝੀਆਂ ਪਰੰਪਰਾਵਾਂ ਅਤੇ ਸਾਂਝੇ ਸੁਪਨਿਆਂ ਦੀ ਵੀ ਆਵਸ਼ੱਕਤਾ ਹੁੰਦੀ ਹੈ ਪਰ ਇਹ ਗੱਲ ਇਸ ਲਈ ਠੀਕ ਨਹੀਂ ਜਾਪਦੀ ਕਿਉਂਕਿ ਵਿਭਿੰਨ ਜਾਤਾਂ, ਜਮਾਤਾਂ, ਧਰਮਾਂ, ਨਸਲਾਂ, ਫਿਰਕਿਆਂ, ਵਿਵਸਾਇਕ ਕਿੱਤਿਆਂ, ਭਾਸ਼ਾਈ ਵਰਗਾਂ ਆਦਿ ਵਿਚ ਵੰਡੇ ਹੋਏ ਇਨ੍ਹਾਂ ਲੋਕਾਂ ਦੀਆਂ ਵੰਨ-ਸਵੰਨੀਆਂ ਤਾਰੀਖਾਂ ਇਕ ਰਾਜਨੀਤਕ ਚੌਧਰ ਦੇ ਸੰਘਰਸ਼ ਵਿਚ ਬੱਝੀਆਂ ਰਹਿੰਦੀਆਂ ਹਨ।

ਨਾ ਤਾਂ ਕੌਮਾਂ ਦਾ ਕੋਈ ਸਾਂਝਾ ਸੰਗਠਿਤ ਇਤਿਹਾਸ ਹੁੰਦਾ ਹੈ ਅਤੇ ਨਾ ਹੀ ਇਹ ਕਿਸੇ ਇਤਿਹਾਸਕਤਾ ਦੀ ਉਪਜ ਹੁੰਦੀਆਂ ਹਨ। ਅਨੇਕਾਂ ਅੰਤਰਾਂ ਵਿਚ ਵੰਡੇ ਹੋਏ ਲੋਕ ਆਪਣੀਆਂ ਵੱਖੋ ਵੱਖਰੀਆਂ ਅਸੰਗੀ ਅਤੇ ਵਿਰੋਧੀ ਤਾਰੀਖਾਂ ਦੇ ਸੰਘਰਸ਼ ਰਾਹੀਂ ਕੌਮ ਦਾ ਉਸੇ ਤਰ੍ਹਾਂ ਨਿਰਮਾਣ ਕਰਦੇ ਹਨ ਜਿਵੇਂ ਕਿ ਅਸੰਗੀ ਅਤੇ ਵਿਰੋਧੀ ਪਰੰਪਰਾਵਾਂ ਅਤੇ ਸੁਪਨਿਆਂ ਵਿਚ ਬੱਝੇ ਹੋਏ ਕਿਰਦਾਰ ਇਕ ਟੈਕਸਟ ਵਿਚ ਬੱਝ ਕੇ ਇਕ ਨਾਵਲ, ਕਿੱਸੇ ਜਾਂ ਕਹਾਣੀ ਦੀ ਸਿਰਜਣਾ ਕਰਦੇ ਹਨ।

ਜੇਕਰ ਸਾਂਝਾ ਧਰਮ, ਸਾਂਝੀ ਬੋਲੀ, ਸਾਂਝੀਆਂ ਸੰਸਕ੍ਰਿਤਕ ਪਰੰਪਰਾਵਾਂ ਆਦਿ ਕੋਈ ਵੀ ਗੱਲ ਕੌਮੀ ਨਿਰਮਾਣ ਦਾ ਆਧਾਰ ਨਹੀਂ ਬਣ ਸਕਦੀ, ਤਾਂ ਫੇਰ ਸੁਆਲ ਪੈਦਾ ਹੁੰਦਾ ਹੈ ਕਿ ਉਹ ਕੀ ਹੈ ਜਿਸ ਦੇ ਆਧਾਰ ਨਹੀਂ ਬਣ ਸਕਦੀ, ਉਤੇ ਅਸੰਗੀ ਅਤੇ ਵਿਰੋਧੀ ਪਰੰਪਰਾਵਾਂ ਅਤੇ ਸੁਪਨਿਆਂ ਵਾਲੇ ਲੋਕ ਇਕ ਕੌਮੀ ਸੰਗਠਨਕਾਰੀ ਦਾ ਭਾਗ ਬਣਨਾ ਸਵੀਕਾਰ ਕਰਦੇ ਹਨ। ਕਿਸੇ ਕੌਮੀ ਸੰਗਠਨਕਾਰੀ ਦਾ ਭਾਗ ਕੇਵਲ ਉਹ ਭਾਈਚਾਰੇ ਹੀ ਬਣਦੇ ਹਨ ਜਿਨ੍ਹਾਂ ਨੂੰ ਉਸ ਕੌਮੀ ਸੰਗਠਨਕਾਰੀ ਵਿਚੋਂ ਆਪਣੀ ਆਰਥਕ-ਰਾਜਨੀਤਕ ਸੰਸਕ੍ਰਿਤਕ ਚੌਧਰ ਦੀ ਇੱਛਾ ਵੱਧ ਤੋਂ ਵੱਧ ਪੂਰੀ ਹੁੰਦੀ ਦਿਖਾਈ ਦਿੰਦੀ ਹੋਵੇ। ਜੇਕਰ ਭਾਰਤੀ ਮੁਸਲਮਾਨਾਂ ਨੂੰ ਇਹ ਮਹਿਸੂਸ ਹੋਇਆ ਕਿ ਭਾਰਤ ਦੇ ਕੌਮੀ ਸੰਗਠਨ ਵਿਚ ਉਹ ਅਲੱਗ-ਥਲੱਗ ਹੋ ਕੇ ਰਹਿ ਜਾਣਗੇ ਅਤੇ ਉਨ੍ਹਾਂ ਦੀ ਰਾਜਨੀਤਕ-ਸੰਸਕ੍ਰਿਤਕ ਚੌਧਰ ਦੀ ਭੁੱਖ ਪੂਰੀ ਨਹੀਂ ਹੋਵੇਗੀ, ਤਾਂ ਉਹ ਧਰਮ ਦੇ ਆਧਾਰ 'ਤੇ ਇਕ ਅਲੱਗ ਪਾਕਿਸਤਾਨੀ ਕੌਮ ਵਿਚ ਸੰਗਠਿਤ ਹੋ ਗਏ। ਜੇਕਰ ਪੂਰਬੀ ਪਾਕਿਸਤਾਨ ਦੇ ਮੁਸਲਮਾਨਾਂ ਨੂੰ ਇਹ ਮਹਿਸੂਸ ਹੋਇਆ ਕਿ ਉਹ ਪਾਕਿਸਤਾਨ ਵਿਚ ਰਹਿ ਕੇ ਆਪਣੀ ਰਾਜਨੀਤਕ ਸੰਸਕ੍ਰਿਤਕ ਚੌਧਰ ਸਥਾਪਤ ਨਹੀਂ ਕਰ ਸਕਦੇ, ਤਾਂ ਉਹ ਬੋਲੀ ਦੇ ਆਧਾਰ 'ਤੇ ਬੰਗਲਾਦੇਸ਼ੀ ਕੌਮ ਵਿਚ ਸੰਗਠਿਤ ਹੋ ਗਏ। ਬੋਲੀ ਅਤੇ ਧਰਮ ਤਾਂ ਕੇਵਲ ਬਹਾਨਾ ਹੀ ਬਣਦੇ ਹਨ, ਅਸਲ ਗੱਲ ਤਾਂ ਸਿਆਸੀ ਚੌਧਰ ਦੀ ਹੀ ਹੈ। ਕਿਉਂਕਿ ਕਸ਼ਮੀਰੀ ਮੁਸਲਮਾਨਾਂ ਨੂੰ ਇਹ ਗੱਲ ਸਮਝ ਨਹੀਂ ਪੈ ਰਹੀ ਕਿ ਉਨ੍ਹਾਂ ਦੀ ਆਰਥਕ ਰਾਜਨੀਤਕ-ਸੰਸਕ੍ਰਿਤਕ ਚੌਧਰ ਦੀ ਭੁੱਖ ਭਾਰਤ, ਪਾਕਿਸਤਾਨ ਜਾਂ ਆਜ਼ਾਦ ਕਸ਼ਮੀਰੀ ਰਾਜ ਵਿਚੋਂ ਕਿਥੋਂ ਪੂਰੀ ਹੋਵੇਗੀ, ਇਸ ਲਈ ਉਹ ਉਲਝੇ ਹੋਏ ਹਨ। ਸੋ ਕੌਮ ਆਰਥਕ, ਰਾਜਨੀਤਕ-ਸੰਸਕ੍ਰਿਤਕ ਸੰਘਰਸ਼ ਵਿਚ ਬੱਝੀ ਹੋਈ ਇਕ ਸਥਾਨਕਿਤਾ ਹੀ ਹੁੰਦੀ ਹੈ।

ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਸਮਝ ਪੈਂਦੀ ਹੈ ਕਿ ਸਿੱਖ ਪੰਥ ਤਾਂ ਹੋ ਸਕਦਾ ਹੈ ਪਰ ਕੌਮ ਬਿਲਕੁਲ ਨਹੀਂ। ਜਦੋਂ ਸਿੱਖਾਂ ਨੂੰ ਲੱਗਿਆ ਕਿ ਪੰਜਾਬ ਦੇ ਪਾਕਿਸਤਾਨ ਵਿਚ ਚਲੇ ਜਾਣ ਨਾਲ ਉਹ ਹਾਸ਼ੀਏ 'ਤੇ ਚਲੇ ਜਾਣਗੇ ਤਾਂ ਉਨ੍ਹਾਂ ਨੇ ਪੰਜਾਬ ਦੀ ਵੰਡ ਅਤੇ ਜਨਸੰਖਿਆ ਦੇ ਤਬਾਦਲੇ ਦੀ ਮੰਗ ਕੀਤੀ ਅਤੇ ਭਾਰਤੀ ਕੌਮ ਦਾ ਭਾਗ ਬਣ ਗਏ। ਜਦੋਂ ਉਹ ਭਾਰਤੀ ਪੰਜਾਬ ਵਿਚ ਵੀ ਆਪਣੀ ਚੌਧਰ ਸਥਾਪਤ ਨਾ ਕਰ ਸਕੇ ਤਾਂ ਉਨ੍ਹਾਂ ਨੇ ਬੋਲੀ ਦੇ ਆਧਾਰ ਉਤੇ ਸਿੱਖ ਬਹੁਗਿਣਤੀ ਵਾਲੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਸੰਘਰਸ਼ ਕੀਤਾ। ਹੁਣ ਉਹ ਆਪਣੀ ਆਰਥਕ-ਰਾਜਨੀਤਕ-ਸੰਸਕ੍ਰਿਤਕ ਭੁੱਖ ਪੂਰੀ ਕਰਨ ਲਈ ਬਹੁ-ਕੌਮੀ ਰਾਸ਼ਟਰਵਾਦ ਦਾ ਸੁਆਲ ਖੜ੍ਹਾ ਕਰਕੇ ਰਾਜਾਂ ਲਈ ਵਧੇਰੇ ਅਧਿਕਾਰ ਮੰਗ ਰਹੇ ਹਨ। ਸਿੱਖਾਂ ਨੇ ਆਪਣੇ ਆਪ ਨੂੰ ਇਕ ਕੌਮ ਘੋਸ਼ਿਤ ਕਰਕੇ ਜਨਸੰਖਿਆ ਦੇ ਤਬਾਦਲੇ ਰਾਹੀਂ ਸ਼ੁੱਧ ਸਿੱਖ ਰਾਸ਼ਟਰ ਦੀ ਸਥਾਪਨਾ ਲਈ ਵੀ ਸੰਘਰਸ਼ ਕੀਤਾ, ਪਰ ਸਭ ਕੁਝ ਉਥਲ-ਪੁਥਲ ਹੁੰਦਾ ਦੇਖ ਕੇ ਉਨ੍ਹਾਂ ਨੇ ਸਿੱਖ ਬਹੁਗਿਣਤੀ ਵਾਲੇ ਭਾਵ ਸਿੱਖ ਚੌਧਰ ਵਾਲੇ ਪੰਜਾਬੀ ਰਾਸ਼ਟਰਵਾਦ ਨੂੰ ਹੀ ਆਪਣਾ ਟੀਚਾ ਮਿਥ ਲਿਆ। ਇਹੋ ਹੀ ਬਾਦਲਵਾਦ ਹੈ। ਬਾਦਲਵਾਦ ਨੂੰ ਸਿੱਖ ਰਾਸ਼ਟਰਵਾਦ ਨਾਲ ਰਲਗਡ ਨਹੀਂ ਕੀਤਾ ਜਾ ਸਕਦਾ। ਬਾਦਲਵਾਦ ਸਿੱਖ ਰਾਸ਼ਟਰਵਾਦੀ ਨਹੀਂ ਸਗੋਂ, ਸਿੱਖ ਬਹੁਗਿਣਤੀ ਵਾਲੇ ਪੰਜਾਬੀ ਰਾਸ਼ਟਰਵਾਦ ਜਾਂ ਪੰਜਾਬੀ ਕੌਮਵਾਦ ਦੀ ਸਿਆਸਤ ਦਾ ਨਾਮ ਹੈ। ਪੰਜਾਬ ਤੋਂ ਬਾਹਰ ਬੈਠੇ ਸਿੱਖਾਂ ਨੂੰ ਇਸ ਬਾਦਲਵਾਦੀ ਸਿਆਸਤ ਦੇ ਘੇਰੇ ਵਿਚ ਨਹੀਂ ਲਿਆਂਦਾ ਜਾ ਸਕਦਾ। ਸਿੱਖਾਂ ਦਾ ਕੋਈ ਇਕ ਸਾਂਝਾ ਕੌਮੀ ਮਸਲਾ ਨਹੀਂ। ਜਿਵੇਂ ਕਿ ਅਸੀਂ ਦੇਖ ਹੀ ਚੁੱਕੇ ਹਾਂ ਇਹ ਸਮੇਂ ਸਥਾਨ ਦੀਆਂ ਪ੍ਰਸਥਿਤੀਆਂ ਮੁਤਾਬਕ ਲਗਾਤਾਰ ਤਬਦੀਲ ਹੁੰਦੇ ਰਹਿੰਦੇ ਹਨ। ਇਹ ਵੱਖੋ ਵੱਖਰੀਆਂ ਥਾਵਾਂ ਅਤੇ ਵੱਖੋ-ਵੱਖਰੇ ਸਮਿਆਂ ਤੇ ਵੱਖੋ ਵੱਖਰੀ ਤਰ੍ਹਾਂ ਪੇਸ਼ ਹੁੰਦੇ ਹਨ। ਸਿੱਖ ਪੰਥ ਦੇ ਨਿਰੰਤਰ ਤਬਦੀਲੀ ਵਿਚ ਬੱਝੇ ਹੋਏ ਬਹੁ-ਕੌਮੀ ਮਸਲਿਆਂ ਨੂੰ ਇਸ ਲਈ ਬਾਦਲਵਾਦ ਤੱਕ ਘਟਾ ਕੇ ਨਹੀਂ ਦੇਖਿਆ ਜਾ ਸਕਦਾ।

ਇਸ ਲਈ ਸਿੱਖ ਪੰਥ ਤਾਂ ਹੋ ਸਕਦਾ ਹੈ, ਪਰ ਕੌਮ ਬਿਲਕੁਲ ਨਹੀਂ। ਜਿਵੇਂ ਪੰਜਾਬੀ ਕੌਮ ਹੋ ਸਕਦੀ ਹੈ, ਪੰਥ ਨਹੀਂ ਕਿਉਂਕਿ ਕੌਮ ਦਾ ਸਬੰਧ ਲੋਕੈਲਿਟੀ ਨਾਲ ਹੁੰਦਾ ਹੈ ਅਤੇ ਪੰਥ ਦਾ ਇਤਿਹਾਸਕਤਾ ਨਾਲ। ਦੇਸ਼ਾਂ-ਵਿਦੇਸ਼ਾਂ ਵਿਚ ਫੈਲੇ ਸਿੱਖ ਭਾਈਚਾਰੇ ਦੀ ਇਕ ਸਾਂਝੀ ਪਰੰਪਰਾ ਅਤੇ ਇਤਿਹਾਸਕਤਾ ਤਾਂ ਹੋ ਸਕਦੀ ਹੈ, ਪਰ ਇਸਨੂੰ ਇਕ ਲੋਕੈਲਿਟੀ ਵਿਚ ਕਿਸੇ ਤਰ੍ਹਾਂ ਨਾਲ ਵੀ ਸੀਮਾਬੱਧ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਪੰਜਾਬ ਦੇ ਸਾਰੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ, ਨਾਮਧਾਰੀਆਂ, ਰਾਧਾ ਸੁਆਮੀਆਂ ਆਦਿ ਦੀ ਇਕ ਸਾਂਝੀ ਲੋਕੈਲਿਟੀ ਤਾਂ ਹੋ ਸਕਦੀ ਹੈ, ਪਰ ਇਨ੍ਹਾਂ ਸਭਨਾਂ ਨੂੰ ਇਕ ਸਾਂਝੀ ਇਤਿਹਾਸਕ ਪਰੰਪਰਾ ਵਿਚ ਕਿਸੇ ਤਰ੍ਹਾਂ ਨਾਲ ਵੀ ਨਹੀਂ ਬੰਨਿਆ ਜਾ ਸਕਦਾ।

ਕਿਉਂਕਿ ਸਿੱਖ ਪੰਥ ਹੈ, ਕੌਮ ਨਹੀਂ, ਇਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਦਾ ਕੋਈ ਅਰਥ ਹੀ ਨਹੀਂ ਹੈ। ਇਹ ਕਹਿਣਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਸਿੱਖ ਕੌਮ ਦੀ ਪ੍ਰਤੀਨਿਧਤਾ ਕਰਦੇ ਹਨ, ਵੀ ਓਨਾ ਹੀ ਗਲਤ ਹੈ। ਹਾਂ, ਉਹ ਆਪਣੇ ਆਪ ਨੂੰ ਪੰਜਾਬੀ ਸਿੱਖਾਂ ਦੇ ਪ੍ਰਤੀਨਿਧ ਜ਼ਰੂਰ ਅਖਵਾ ਸਕਦੇ ਹਨ ਪਰ ਸਿੱਖ ਪੰਥ ਜਾਂ ਸਿੱਖ ਕੌਮ ਦੇ ਨਹੀਂ। ਸੋ, ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲਵਾਦ ਤੱਕ ਸੀਮਤ ਕਰ ਦੇਣ ਦੀ ਸਾਡੀ ਮੌਜੂਦਾ ਰਾਜਨੀਤੀ ਅਕਾਲੀਵਾਦ ਨੂੰ ਇਸ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਪਰੰਪਰਾਵਾਂ ਨਾਲੋਂ ਹੀ ਨਹੀਂ ਤੋੜਦੀ ਸਗੋਂ ਇਸ ਦੇ ਪੰਥਕ ਸਰੋਕਾਰਾਂ ਨੂੰ ਵੀ ਖਤਮ ਕਰ ਦਿੰਦੀ ਹੈ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਸੰਘਵਾਦ-ਭਾਵੇਂ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਤਾਂ ਗੁਰਦੁਆਰਾ ਲਹਿਰ ਨਾਲ 1920-21 ਵਿਚ ਹੀ ਹੋ ਜਾਂਦਾ ਹੈ ਅਤੇ 1925 ਦੇ ਸਿੱਖ ਗੁਰਦੁਆਰਾ ਐਕਟ ਨਾਲ ਹੋਂਦ ਵਿਚ ਆਉਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਇਕ ਵੱਡੀ ਪ੍ਰਾਪਤੀ ਹੈ, ਪਰ ਇਸ ਉਪਰੰਤ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਮੁੱਖ ਟੀਚਾ ਕਿਸੇ ਅਜਿਹੇ ਖਿੱਤੇ ਦੀ ਸਥਾਪਨਾ ਕਰਨਾ ਹੀ ਰਹਿ ਜਾਂਦਾ ਹੈ ਜਿਥੇ ਸਿੱਖ ਭਾਈਚਾਰਾ ਆਜ਼ਾਦੀ ਦਾ ਨਿੱਘ ਮਾਣ ਸਕੇ ਭਾਵ ਕਿ ਆਪਣਾ ਰਾਜ-ਭਾਗ ਸਥਾਪਤ ਕਰ ਸਕੇ। ਇਸੇ ਲਈ ਜਦੋਂ ਲਾਹੌਰ ਮਤੇ ਰਾਹੀਂ ਮੁਸਲਿਮ ਲੀਗ ਨੇ ਪਾਕਿਸਤਾਨ ਦੀ ਮੰਗ ਰੱਖੀ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ 'ਆਜ਼ਾਦ ਪੰਜਾਬ' ਦੀ ਮੰਗ ਰੱਖੀ ਅਤੇ ਫੇਰ 1945-46 ਵਿਚ ਕੁਝ ਸ਼ਰਤਾਂ ਲਗਾ ਕੇ ਸਿੱਖ ਰਾਜ ਦੀ ਤਜ਼ਵੀਜ਼ ਪੇਸ਼ ਕਰ ਦਿੱਤੀ। ਜਦੋਂ ਇਹ ਸਪਸ਼ਟ ਹੋ ਗਿਆ ਕਿ ਸਿੱਖ ਰਾਜ ਦੀ ਮੰਗ ਪੂਰੀ ਨਹੀਂ ਹੋ ਸਕਦੀ ਅਤੇ ਪਾਕਿਸਤਾਨ ਨੇ ਤਾਂ ਬਣ ਕੇ ਹੀ ਰਹਿਣਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀ ਵੰਡ ਉਪਰ ਬਲ ਦੇਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਪੰਜਾਬ ਦੀ ਵੰਡ ਅਤੇ ਸਿੱਖ ਅਬਾਦੀ ਦੇ ਤਬਾਦਲੇ ਰਾਹੀਂ ਭਾਰਤੀ ਪੰਜਾਬ ਦੀ ਸਥਾਪਨਾ ਇਸ ਦਿਸ਼ਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਪ੍ਰਾਪਤੀ ਬਣ ਗਈ।

1947 ਤੋਂ ਬਾਅਦ ਜਦੋਂ ਕਾਨਸਟੀਚੁਐਂਟ ਅਸੈਂਬਲੀ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਰੱਖੀ ਗਈ ਧਾਰਮਿਕ ਘੱਟ ਗਿਣਤੀਆਂ ਲਈ ਰੀਜ਼ਰਵੇਸ਼ਨ ਦੀ ਮੰਗ ਠੁਕਰਾ ਦਿੱਤੀ ਤਾਂ ਉਨ੍ਹਾਂ ਨੇ ਪੰਜਾਬੀ ਬੋਲੀ ਦੇ ਆਧਾਰ ਉਤੇ ਸਿੱਖ ਬਹੁ ਗਿਣਤੀ ਵਾਲੇ ਇਕ-ਭਾਸ਼ੀ ਪੰਜਾਬੀ ਸੂਬੇ ਦੀ ਸਥਾਪਨਾ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਪੰਜਾਬ ਪੁਨਰਗਠਨ ਐਕਟ 1966 ਰਾਹੀਂ ਕੁਝ ਕਮੀਆਂ-ਪੇਸ਼ੀਆਂ ਵਾਲੇ ਪੰਜਾਬੀ ਸੂਬੇ ਦੀ ਸਥਾਪਨਾ ਕਰਵਾ ਲੈਣਾ ਇਸ ਦਿਸ਼ਾ ਵਿਚ ਉਨ੍ਹਾਂ ਦੀ ਦੂਸਰੀ ਵੱਡੀ ਪ੍ਰਾਪਤੀ ਸੀ।

ਇਸੇ ਉਦੇਸ਼ ਅਧੀਨ ਉਨ੍ਹਾਂ ਦਾ ਅਗਲਾ ਪ੍ਰੋਗਰਾਮ ਕੇਂਦਰ ਅਤੇ ਰਾਜਾਂ ਦੇ ਆਪਸੀ ਸਬੰਧਾਂ ਦੇ ਪੁਨਰਗਠਨ ਲਈ ਸੰਘਰਸ਼ ਰਾਹੀਂ ਪੰਜਾਬ ਵਾਸਤੇ ਵਧੇਰੇ ਅਧਿਕਾਰ ਪ੍ਰਾਪਤ ਕਰਨਾ ਬਣ ਗਿਆ। ਸ਼੍ਰੋਮਣੀ ਅਕਾਲੀ ਦਲ ਇਸੇ ਮੁਕਾਮ ਉਪਰ ਖੜ੍ਹਾ ਹੈ। ਇਹੋ ਹੀ ਉਸ ਦਾ ਪ੍ਰਮੁੱਖ ਸਿਆਸੀ ਏਜੰਡਾ ਬਣ ਗਿਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਸਿਆਸੀ ਢਾਂਚੇ ਨੂੰ ਸੰਘੀ ਰੂਪ ਦੇਣ ਨਾਲ ਵੱਖ ਵੱਖ ਭਾਸ਼ਾਈ ਅਤੇ ਸੱਭਿਆਚਾਰਕ ਖਿੱਤਿਆਂ ਨੂੰ ਆਪਣੀ ਹੋਣੀ ਨਾਲ ਸਬੰਧਤ ਆਪ ਫੈਸਲੇ ਲੈਣ ਦਾ ਅਧਿਕਾਰ ਪ੍ਰਾਪਤ ਹੋ ਸਕਦਾ ਹੈ। ਪਰ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤ ਜਾਤੀਆਂ ਜੋ ਕਿਸੇ ਇਕ ਨਿਸ਼ਚਿਤ ਖੇਤਰ ਦੀ ਥਾਂ ਸਾਰੇ ਭਾਰਤ ਵਿਚ ਫੈਲੀਆਂ

ਹੋਈਆਂ ਹਨ, ਨੂੰ ਇਸ ਸੰਘੀ ਢਾਂਚੇ ਦਾ ਕੋਈ ਲਾਭ ਨਹੀਂ ਪਹੁੰਚ ਸਕਦਾ। ਉਦਾਹਰਣ ਦੇ ਤੌਰ 'ਤੇ ਕੀ ਉਤਰ ਪ੍ਰਦੇਸ਼ ਨੂੰ ਵਧੇਰੇ ਅਧਿਕਾਰ ਦੇਣ ਨਾਲ ਤਰਾਈ ਦੇ ਇਲਾਕੇ ਵਿਚ ਵਸੇ ਹੋਏ ਸਿੱਖ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ? ਕੀ ਪੱਛਮੀ ਬੰਗਾਲ ਨੂੰ ਵਧੇਰੇ ਅਧਿਕਾਰ ਦੇਣ ਨਾਲ ਦਿਨ ਰਾਤ ਸੜਕਾਂ ਉਪਰ ਚੱਲਣ ਵਾਲੇ ਕਲਕੱਤੇ ਦੇ ਸਿੱਖ ਡਰਾਈਵਰਾਂ ਅਤੇ ਟਰਾਂਸਪੋਰਟਰਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਹੋ ਸਕਦਾ ਹੈ? ਸਪਸ਼ਟ ਹੈ ਕਿ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਨਾਲ ਖੇਤਰੀ ਸਮਾਨੰਤਰਤਾ ਦੀ ਸਥਾਪਨਾ ਰਾਹੀਂ ਖੇਤਰੀ ਪੱਖਪਾਤ ਤਾਂ ਘਟਾਇਆ ਜਾ ਸਕਦਾ ਹੈ, ਪਰ ਧਾਰਮਿਕ ਅਤੇ ਜਾਤੀ ਪੱਖਪਾਤ ਉਸੇ ਤਰ੍ਹਾਂ ਕਾਇਮ ਰਹੇਗਾ।

ਸੋ, ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਨਾਲ ਦੂਸਰੀਆਂ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤ ਭਾਈਚਾਰਿਆਂ ਸਮੇਤ ਸਿੱਖ ਪੰਥ ਦਾ ਕੋਈ ਵੀ ਮਸਲਾ ਹੱਲ ਨਹੀਂ ਹੋ ਸਕਦਾ। ਖੇਤਰੀ ਰਾਸ਼ਟਰਵਾਦ ਜਾਂ ਖੇਤਰੀ ਸੰਘਵਾਦ, ਇਸ ਵਾਸਤੇ, ਧਰਮ ਨਿਰਪੱਖ ਖੇਤਰੀ ਪਾਰਟੀਆਂ ਦਾ ਏਜੰਡਾ ਤਾਂ ਹੋ ਸਕਦਾ ਹੈ, ਪਰ ਕੌਮੀ ਘੱਟ ਗਿਣਤੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਆਸੀ ਪਾਰਟੀਆਂ ਦਾ ਬਿਲਕੁਲ ਨਹੀਂ। ਸ਼੍ਰੋਮਣੀ ਅਕਾਲੀ ਦਲ ਦਾ ਭਾਰਤੀ ਸੰਘਵਾਦ ਲਈ ਸੰਘਰਸ਼ ਕਰਨਾ ਕੋਈ ਮਾੜੀ ਗੱਲ ਨਹੀਂ। ਸਲਾਹੁਣਯੋਗ ਗੱਲ ਹੈ। ਮੈਂ ਤਾਂ ਕੇਵਲ ਏਨਾ ਹੀ ਕਹਿ ਰਿਹਾ ਹਾਂ ਕਿ ਇਹ ਪੰਥਕ ਏਜੰਡਾ ਨਹੀਂ ਹੋ ਸਕਦਾ। ਬਾਦਲਵਾਦ ਦਾ ਸਿਆਸੀ ਟੀਚਾ ਤਾਂ ਪੰਥ ਅਤੇ ਪੰਜਾਬੀਅਤ ਦੇ ਨਾਮ ਉਪਰ ਪੰਜਾਬ ਦੇ ਰਾਜ ਭਾਗ ਵਿਚ ਸਿੱਖ ਪਤਵੰਤਿਆਂ ਦੇ ਇਕ ਵਿਸ਼ੇਸ਼ ਵਰਗ ਦੀ ਚੌਧਰ ਸਥਾਪਤ ਕਰਨਾ ਹੀ ਹੈ।

ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਆਨੰਦਪੁਰ ਸਾਹਿਬ ਦੇ ਮਤੇ ਦਾ ਫੈਡਰਲਿਜ਼ਮ ਅਤੇ ਅੰਮ੍ਰਿਤਸਰ ਐਲਾਨਨਾਮੇ ਦਾ ਕੌਨਫੈਡਰਲਿਜ਼ਮ ਸਿੱਖ ਪੰਥ ਦਾ ਸਰੋਕਾਰ ਨਹੀਂ ਹੋ ਸਕਦੇ। ਪੰਜਾਬੀ ਕੌਮ ਦਾ ਪੰਜਾਬੀ ਰਾਸ਼ਟਰਵਾਦੀ ਏਜੰਡਾ ਹੋ ਸਕਦੇ ਹਨ। ਸਿੱਖ ਭਾਈਚਾਰੇ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲਾ ਬਾਦਲਵਾਦ ਪੰਜਾਬੀ ਰਾਸ਼ਟਰਵਾਦ ਦੀ ਇਸ ਲਈ ਨੁਮਾਇੰਦਗੀ ਨਹੀਂ ਕਰ ਸਕਦਾ, ਕਿਉਂਕਿ ਪੰਜਾਬ ਵਿਚ ਸਿੱਖ ਭਾਈਚਾਰੇ ਦੇ ਨਾਲ-ਨਾਲ ਹਿੰਦੂਆਂ, ਮੁਸਲਮਾਨਾਂ, ਇਸਾਈਆਂ, ਦਲਿਤਾਂ, ਨਾਮਧਾਰੀਆਂ, ਰਾਧਾਸੁਆਮੀਆਂ, ਨਿਰੰਕਾਰੀਆਂ ਆਦਿ ਦੀ ਵੀ ਵੱਡੀ ਵੱਸੋਂ ਹੈ। ਇਨ੍ਹਾਂ ਸਭਨਾਂ ਸੰਪਰਦਾਇਕ ਅਤੇ ਜਾਤੀ ਵਰਗਾਂ ਦੀ ਬਰਾਬਰ ਦੀ ਸਮਾਨੰਤਰ ਨੁਮਾਇੰਦਗੀ ਕਰਨ ਵਾਲੀ ਕੋਈ ਧਰਮ ਨਿਰਪੱਖ ਪਾਰਟੀ ਹੀ ਪੰਜਾਬੀ ਰਾਸ਼ਟਰਵਾਦ ਦੀ ਪ੍ਰਤੀਨਿਧਤਾ ਕਰ ਸਕਦੀ ਹੈ। ਸੋ ਇਹ ਬਾਦਲਵਾਦ ਨਾ ਤਾਂ ਪੰਥਕ ਭਾਵਨਾਵਾਂ ਦੀ ਹੀ ਨੁਮਾਇੰਦਗੀ ਕਰਦਾ ਹੈ ਅਤੇ ਨਾ ਹੀ ਪੰਜਾਬੀਅਤ ਦੀਆਂ ਧਰਮ ਨਿਰਪੱਖ ਰਾਸ਼ਟਰਵਾਦੀ ਭਾਵਨਾਵਾਂ। ਇਹ ਤਾਂ ਸਿੱਖਾਂ ਦੀਆਂ ਪੰਥਕ ਅਤੇ ਪੰਜਾਬੀਆਂ ਦੀਆਂ ਰਾਸ਼ਟਰਵਾਦੀ ਭਾਵਨਾਵਾਂ ਨੂੰ ਸ਼ੋਸ਼ਿਤ ਕਰਕੇ ਜੱਟ ਸਿੱਖ ਪਤਵੰਤਿਆਂ ਦੀ ਪੰਜਾਬ ਦੇ ਰਾਜ ਭਾਗ ਵਿਚ ਚੌਧਰ ਸਥਾਪਤ ਕਰਨ ਦੀ ਚਾਹਤ ਨੂੰ ਪੂਰਾ ਕਰਨ ਵਾਲੇ ਇਕ ਸਿਆਸੀ ਧੜੇ ਦਾ ਨਾਮ ਹੀ ਹੈ।



ਇਸ ਵੇਲੇ ਸਿੱਖਾਂ ਦੀ ਲਗਭਗ 35 ਪ੍ਰਤੀਸ਼ਤ ਆਬਾਦੀ ਭਾਰਤ ਦੇ ਦੂਸਰੇ ਸੂਬਿਆਂ ਅਤੇ ਬਾਹਰਲੇ ਮੁਲਕਾਂ ਵਿਚ ਰਹਿੰਦੀ ਹੈ। ਇਸ ਲਈ ਸਿੱਖ ਪੰਥ ਦੇ ਹਿੱਤਾਂ ਨੂੰ ਕਿਸੇ ਇਕ ਵਿਸ਼ੇਸ਼ ਖਿੱਤੇ ਦੇ ਆਰਥਕ, ਰਾਜਨੀਤਕ ਅਤੇ ਸੰਸਕ੍ਰਿਤਕ ਹਿੱਤਾਂ ਤੱਕ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਰਾਜਨੀਤਕ ਵਿਕੇਂਦਰੀਕਰਣ ਰਾਹੀਂ ਖੇਤਰੀ ਭਾਈਚਾਰਿਆਂ ਦੇ ਹਿੱਤਾਂ ਦੀ ਰਾਖੀ ਤਾਂ ਕੀਤੀ ਜਾ ਸਕਦੀ ਹੈ, ਪਰ ਪਾਰ ਖੇਤਰੀ ਧਾਰਮਿਕ ਭਾਈਚਾਰਿਆਂ ਦੇ ਸੁਪਨੇ ਇਸ ਰਾਜਨੀਤੀ ਰਾਹੀਂ ਕਿਸੇ ਤਰ੍ਹਾਂ ਨਾਲ ਵੀ ਪੂਰੇ ਨਹੀਂ ਹੋ ਸਕਦੇ। ਧਾਰਮਿਕ ਘੱਟ ਗਿਣਤੀਆਂ ਦੀ ਰਾਜਨੀਤੀ ਰਾਹੀਂ ਕਿਸੇ ਤਰ੍ਹਾਂ ਨਾਲ ਵੀ ਪੂਰੇ ਨਹੀਂ ਹੋ ਸਕਦੇ। ਧਾਰਮਿਕ ਘੱਟ ਗਿਣਤੀਆਂ ਦੀ ਰਾਜਨੀਤੀ ਇਨ੍ਹਾਂ ਖੇਤਰੀ ਸੰਸਕ੍ਰਿਤਕ ਭਾਈਚਾਰਿਆਂ ਨਾਲੋਂ ਬਿਲਕੁਲ ਵੱਖਰੀ ਹੈ। ਇਕੱਲੇ ਭੂਗੋਲਿਕ ਵਿਕੇਂਦਰੀਕਰਣ ਰਾਹੀਂ ਇਨ੍ਹਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਇਕ ਵੱਖਰੀ ਕਿਸਮ ਦੇ ਸੰਰਚਨਾਤਮਕ ਵਿਕੇਂਦਰੀਕਰਨ ਦੀ ਰਾਜਨੀਤੀ ਅਪਨਾਉਣੀ ਪਵੇਗੀ। ਕੌਮੀ ਰਾਜ ਦੇ ਸੰਕਲਪ ਦੀਆਂ ਚਾਰ-ਦੀਵਾਰੀਆਂ ਤੋਂ ਵੀ ਪਾਰ ਜਾਣਾ ਪਵੇਗਾ।

ਪਾਰ-ਰਾਸ਼ਟਰੀ ਵਿਉਪਾਰਕ ਅਤੇ ਸਨਅਤੀ ਸੰਸਥਾਵਾਂ ਵਾਂਗ ਹੀ ਪਾਰ ਰਾਸ਼ਟਰੀ ਧਾਰਮਿਕ ਭਾਈਚਾਰੇ ਵੀ ਸੰਸਾਰ ਦੀ ਕੌਮੀ ਰਾਜਾਂ ਵਿਚ ਪੱਕੀ ਵੰਡ ਨੂੰ ਇਕ ਚੁਣੌਤੀ ਪੇਸ਼ ਕਰਦੇ ਹਨ। ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਆਉਣ ਵਾਲਾ ਸੰਸਾਰ ਕੇਵਲ ਇਕ ਕਿਸਮ ਦੀਆਂ ਕੌਮੀ ਰਾਜਾਂ ਦੀਆਂ ਹੱਦਬੰਦੀਆਂ ਦਾ ਹੀ ਨਹੀਂ, ਸਗੋਂ ਅਨੇਕਾਂ ਕਿਸਮ ਦੀਆਂ ਵੰਨ-ਸਵੰਨੀਆਂ ਬਹੁਭਾਂਤੀ ਹੱਦਬੰਦੀਆਂ ਦਾ ਬਣਿਆ ਹੋਵੇਗਾ। ਇਹ ਧਰਮਾਂ, ਜਾਤਾਂ, ਖੇਤਰਾਂ, ਵਿਉਪਾਰਕ ਸਮਝੌਤਿਆਂ, ਆਰਥਕ ਜ਼ੋਨਾਂ, ਸਿਆਸੀ ਗੁੱਟਾਂ ਆਦਿ ਅਨੇਕਾਂ ਕਿਸਮ ਦੀਆਂ ਵੰਨ-ਸਵੰਨੀਆਂ ਅੰਤਰਕਰਮੀ ਹੱਦਬੰਦੀਆਂ ਹੋਣਗੀਆਂ। ਗੱਲ ਕੀ ਆਉਣ ਵਾਲਾ ਸੰਸਾਰ ਬਹੁਛੇਦੀ ਬਹੁਭਾਂਤੀ ਸਰਹੱਦਾਂ ਵਾਲਾ ਇਕ ਨਵਾਂ ਸੰਸਾਰ ਹੋਵੇਗਾ। ਸਿੱਖ ਪੰਥ ਦੇ ਪਾਰ-ਰਾਸ਼ਟਰੀ ਅਸਤਿਤਵੀ ਸਰੋਕਾਰਾਂ ਨੂੰ ਵੀ ਕੁਝ ਇਸ ਤਰ੍ਹਾਂ ਨਾਲ ਹੀ ਸਮਝਣਾ ਪਵੇਗਾ।

ਇਨ੍ਹਾਂ ਨਵੀਆਂ ਹੱਦਬੰਦੀਆਂ ਨੂੰ ਵਿਭਿੰਨ ਭਾਈਚਾਰਿਆਂ ਨੂੰ ਅਲੱਗ-ਥਲੱਗ ਕਰਨ ਵਾਲੀਆਂ ਹੱਦਬੰਦੀਆਂ ਦੇ ਰੂਪ ਵਿਚ ਨਹੀਂ, ਸਗੋਂ ਉਨ੍ਹਾਂ ਵਿਚਕਾਰ ਸਹਿਯੋਗ, ਪ੍ਰਤਿਯੋਗ ਅਤੇ ਸੰਵਾਦ ਪੈਦਾ ਕਰਨ ਵਾਲੀਆਂ ਸੰਭਾਵਨਾਵਾਂ ਦੇ ਰੂਪ ਵਿਚ ਸਮਝਣਾ ਪਵੇਗਾ। ਸੋ ਆਉਣ ਵਾਲੇ ਸੰਸਾਰ ਨੂੰ ਵੰਨ-ਸਵੰਨੇ ਅੰਤਰਾਂ ਰਾਹੀਂ ਹੋਂਦ ਵਿਚ ਆਉਣ ਵਾਲੇ ਬਹੁਭਾਂਤੀ ਪਛਾਣਾਂ ਵਾਲੇ ਗਤੀਸ਼ੀਲ ਭਾਈਚਾਰਿਆਂ ਦੇ ਆਰਥਕ, ਰਾਜਨੀਤਕ ਅਤੇ ਸੰਸਕ੍ਰਿਤਕ ਵਹਿਣਾਂ ਨੂੰ ਨਿਯਮਿਤ ਕਰਨ ਵਾਲੀਆਂ ਸੰਸਥਾਵਾਂ ਦੀ ਹਾਰੀਜ਼ਾਂਟਲ ਨੈਟਵਰਕਿੰਗ ਦੇ ਰੂਪ ਵਿਚ ਦੇਖਣਾ ਪਵੇਗਾ। ਅਜਿਹੀਆਂ ਸੰਸਥਾਵਾਂ ਦਾ ਨਿਰਮਾਣ ਆਵਸ਼ੱਕ ਹੋ ਜਾਵੇਗਾ ਜਿਹੜੀਆਂ ਸੰਸਥਾਵਾਂ ਮੌਜੂਦਾ ਕੌਮੀ ਰਾਜਾਂ ਦੇ ਨਾਲ ਨਾਲ ਧਰਮਾਂ, ਜਾਤੀਆਂ, ਭਾਸ਼ਾਵਾਂ, ਸੰਸਕ੍ਰਿਤੀਆਂ, ਗੈਰ-ਰਾਸ਼ਟਰੀ ਕਾਰਪੋਰੇਸ਼ਨਾਂ, ਪਾਰ-ਰਾਸ਼ਟਰੀ ਟਰੇਡ ਯੂਨੀਅਨਾਂ, ਮਾਨਵ ਅਧਿਕਾਰ ਸੰਗਠਨਾਂ, ਵਾਤਾਵਰਣ ਸੰਭਾਲ ਸੰਸਥਾਵਾਂ ਆਦਿ ਨੂੰ ਵੀ ਬਰਾਬਰ ਦੀ ਸਮਾਨੰਤਰ ਨੁਮਾਇੰਦਗੀ ਦੇ ਸਕਣ। ਗੱਲ ਕੀ? ਕੋਈ ਵੀ ਆਰਥਕ, ਰਾਜਨੀਤਕ ਜਾਂ ਸੰਸਕ੍ਰਿਤਕ ਫੈਸਲਾ ਲੈਣ ਵਾਲੀ ਸੰਸਥਾ ਵਿਚ ਉਨ੍ਹਾਂ ਸਾਰੇ ਲੋਕਾਂ ਦੀ ਸਿੱਧੀ ਸਮਾਨੰਤਰ ਸ਼ਮੂਲੀਅਤ ਜ਼ਰੂਰੀ ਹੋ ਜਾਵੇਗੀ ਜਿਹੜੇ ਲੋਕਾਂ ਦੀ ਉਸ ਫੈਸਲੇ ਰਾਹੀਂ ਪ੍ਰਭਾਵਤ ਹੋਣ ਦੀ ਸੰਭਾਵਨਾ ਹੋਵੇ। ਵਿਸ਼ਵ ਪੱਧਰ 'ਤੇ ਪ੍ਰਤੀਨਿਧ ਜਮਹੂਰੀਅਤ ਨੂੰ ਸਹਿਭਾਗੀ ਜਮਹੂਰੀਅਤ ਵਿਚ ਇਸ ਤਰ੍ਹਾਂ ਰੂਪਾਂਤ੍ਰਿਤ ਕਰਨਾ ਹੀ ਅਕਾਲੀਵਾਦ ਦਾ ਖਾਲਸਈ ਪ੍ਰਸੰਗ ਹੈ। ਇਸੇ ਵਿਚ 'ਰਾਜ ਕਰੇਗਾ ਖਾਲਸਾ' ਦੇ ਸਰਬੱਤ ਦਾ ਭਲਾ ਵਾਲੇ ਅਰਥ ਛੁਪੇ ਹੋਏ ਹਨ।

ਸੋ ਪੰਥਕ ਮਸਲਿਆਂ ਨੂੰ ਖੇਤਰੀ, ਕੌਮੀ ਜਾਂ ਅੰਤਰਰਾਸ਼ਟਰੀ ਮਸਲਿਆਂ, ਵਿਸ਼ਵੀਕਰਨ ਜਾਂ ਸਥਾਨੀਕਰਨ, ਕੇਂਦਰੀਕਰਨ ਜਾਂ ਵਿਕੇਂਦਰੀਕਰਨ ਆਦਿ ਦੀਆਂ ਪਰੰਪਰਾਗਤ ਪ੍ਰੀਭਾਸ਼ਾਵਾਂ ਤੋਂ ਪਾਰ ਜਾ ਕੇ ਇਕ ਨਵੀਂ ਤਰ੍ਹਾਂ ਨਾਲ ਸਮਝਣ ਬੁੱਝਣ ਦੀ ਜ਼ਰੂਰਤ ਹੈ। ਅਸੀਂ ਦੇਖ ਹੀ ਚੁੱਕੇ ਹਾਂ ਕਿ ਭਾਰਤ ਨੂੰ ਸੂਬਿਆਂ ਦੀ ਫੈਡਰੇਸ਼ਨ ਜਾਂ ਕੌਨਫੈਡਰੇਸ਼ਨ ਬਣਾਉਣ ਨਾਲ ਸਿੱਖਾਂ ਦੇ ਪੰਥਕ ਮਸਲੇ ਹੱਲ ਨਹੀਂ ਹੋ ਸਕਦੇ। ਕਹਿਣ ਤੋਂ ਭਾਵ ਹੈ ਕਿ ਇਸ ਤਰ੍ਹਾਂ ਦੀਆਂ ਸੰਗਠਨਕਾਰੀਆਂ ਸਿੱਖ ਪੰਥ ਦੇ ਫੈਸਲਾ ਲੈਣ ਦੇ ਬਹੁ-ਪਰਤੀ, ਬਹੁ-ਪਾਸਾਰੀ ਅਤੇ ਜਟਿਲ ਸਿਸਟਮ ਵਿਚ ਸਮੂਹ ਸਿੱਖਾਂ ਦੀ ਸ਼ਮੂਲੀਅਤ ਨੂੰ ਯਕੀਨੀ ਨਹੀਂ ਬਣਾ ਸਕਦੀਆਂ। ਸਗੋਂ ਵਧੇਰੇ ਸਿਰਜਣਾਤਮਕ ਢੰਗ ਨਾਲ ਨਵੀਂ ਤਰ੍ਹਾਂ ਸੋਚਣਾ ਪਵੇਗਾ।

ਪਰ ਇਸ ਤਰ੍ਹਾਂ ਨਵੇਂ ਢੰਗ ਨਾਲ ਸੋਚਣ ਵਾਸਤੇ ਪਹਿਲੀ ਸ਼ਰਤ ਤਾਂ ਇਹੋ ਹੀ ਬਣ ਜਾਂਦੀ ਹੈ ਕਿ ਦੁਨੀਆਂ ਭਰ ਵਿਚ ਫੈਲੇ ਵੰਨ-ਸਵੰਨਤਾ ਭਰਪੂਰ ਸਮੁੱਚੇ ਪੰਥ ਦੀ ਨੁਮਾਇੰਦਗੀ ਦਾ ਦਾਅਵਾ ਪੇਸ਼ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਸਰਕਾਰ ਦੀਆਂ ਮਜਬੂਰੀਆਂ ਤੱਕ ਘਟਾ ਕੇ ਨਹੀਂ ਦੇਖਣਾ ਚਾਹੀਦਾ। ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਪਾਵਰ ਪਾਲੇਟਿਕਸ ਦੀਆਂ ਖੇਤਰੀ ਮਜਬੂਰੀਆਂ ਤੋਂ ਮੁਕਤ ਕਰਵਾਉਣ ਦੀ ਲੋੜ ਹੈ। ਮੈਂ ਇਹ ਨਹੀਂ ਕਹਿ ਰਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਖੇਤਰੀ ਸਿਆਸਤ ਵਿਚ ਭਾਗ ਨਹੀਂ ਲੈਣਾ ਚਾਹੀਦਾ, ਵਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਕਿਸਮ ਦੀ ਸਿਆਸਤ ਦੀਆਂ ਮਜਬੂਰੀਆਂ ਵਿਚ ਕੈਦ ਕਰ ਲੈਣਾ ਗਲਤ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਜਦੋਂ ਮੁੱਖ ਮੰਤਰੀ ਦੀ ਕੁਰਸੀ ਉਪਰ ਬੈਠਦਾ ਹੈ ਤਾਂ ਉਹ ਸਮੁੱਚੇ ਪੰਥ ਨੂੰ ਗੁੰਗਾ ਬਣਾ ਦਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਅਸੈਂਬਲੀ, ਪਾਰਲੀਮੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ, ਕੇਂਦਰ ਸਰਕਾਰ ਆਦਿ ਸਭਨਾਂ ਮਜਬੂਰੀਆਂ ਤੋਂ ਹੀ ਆਜ਼ਾਦ ਕਰਵਾਉਣ ਦੀ ਲੋੜ ਨਹੀਂ ਸਗੋਂ ਉਸ ਅੰਦਰ ਸਿੱਖ ਪੰਥ ਦੇ ਸਭਨਾਂ ਜਾਤੀ, ਜਮਾਤੀ ਵਰਗਾਂ ਦੀ ਬਰਾਬਰੀ ਉਪਰ ਆਧਾਰਤ ਸਮਾਨੰਤਰ ਪ੍ਰਤੀਨਿਧਤਾ ਕਰਨ ਦੀ ਸਮਰੱਥਾ ਵੀ ਪੈਦਾ ਕਰਨੀ ਜਰੂਰੀ ਹੈ। ਅਜਿਹਾ ਹੋਣ 'ਤੇ ਹੀ ਅਕਾਲੀਵਾਦ ਆਪਣੇ ਖਾਲਸਈ ਪ੍ਰਸੰਗ ਨੂੰ ਪ੍ਰਗਟ ਕਰਨ ਦੀ ਦਿਸ਼ਾ ਵਿਚ ਤੁਰਨ ਦੇ ਯੋਗ ਹੋ ਸਕੇਗਾ।

*e-mail:grewal52@gmail.com

# ਕਿੱਸਾ ਅਨੂਪ ਕੌਰ ਦਾ

**ਸੁਰਜੀਤ ਸਿੰਘ ਪੰਛੀ**

ਹਰਨਾਮ ਦਾਸ ਸਹਿਰਾਈ ਇਕ ਅਜਿਹਾ ਨਾਵਲਕਾਰ ਹੈ ਜਿਸਨੇ ਦਸੇ ਗੁਰੂ ਸਾਹਿਬਾਨ ਬਾਰੇ ਦਸ ਨਾਵਲ ਲਿਖੇ ਹਨ। ਉਸ ਦੇ ਨਾਵਲ ਇਤਿਹਾਸਕ ਤੌਰ 'ਤੇ ਸੱਚਾਈ ਦੇ ਨੇੜੇ ਹਨ। ਉਸਦੇ ਕੋਲ ਗੁਰੂ ਸਾਹਿਬਾਨ ਸੰਬੰਧੀ ਬਹੁਤ ਲਿਖਤਾਂ ਤੇ ਛਪਿਆ ਹੋਇਆ ਮੈਟਰ ਬਹੁਤ ਸਾਰਾ ਸੀ। ਉਸਦੇ ਕਿਸੇ ਨਾਵਲ 'ਤੇ ਕਿਸੇ ਨੇ ਕੋਈ ਇਤਰਾਜ ਨਹੀਂ ਕੀਤਾ। ਉਸਨੇ ਗੁਰੂ ਗੋਬਿੰਦ ਸਿੰਘ ਬਾਰੇ ਨਾਵਲ 'ਦੇਗ ਤੇਗ ਫਤਹਿ' ਲਿਖਿਆ ਹੈ। ਇਹ ਨਾਵਲ ਸਵੇਰਾ ਪ੍ਰਕਾਸ਼ਨ, ਐਨ.ਐਫ. 134 ਅੰਦਰੂਨ ਮਾਈ ਹੀਰਾਂ ਗੇਟ ਜਲੰਧਰ ਨੇ 1995 ਵਿਚ ਪ੍ਰਕਾਸ਼ਤ ਕੀਤਾ ਹੈ। ਇਸ ਦਾ ਅੰਤਲਾ ਕਾਂਡ ਅਨੂਪ ਕੌਰ ਤੇ ਗੁਰੂ ਗੋਬਿੰਦ ਸਿੰਘ ਵਿਚਕਾਰ ਗੱਲਬਾਤ ਹੈ। ਪਤਾ ਨਹੀਂ ਇਹ ਦਸਮ ਗ੍ਰੰਥ ਦੇ ਅਨੁਸਾਰ ਹੈ ਜਾਂ ਨਹੀਂ। ਉਸਨੇ ਜੋ ਲਿਖਿਆ ਹੈ ਉਸਨੂੰ ਬਹੁਤ ਸੰਖੇਪ ਰੂਪ ਵਿਚ ਲਿਖ ਰਿਹਾ ਹਾਂ।

ਅਨੂਪ ਕੌਰ ਜਵਾਨ ਹੋ ਗਈ ਸੀ ਤੇ ਬਹੁਤ ਹੀ ਸੋਹਣੀ ਸੁਨੱਖੀ ਕੁੜੀ ਸੀ। ਘਰ ਸ਼ੀਸ਼ ਮਹਿਲਾਂ ਵਰਗਾ ਸੀ। ਸੂਰਜ ਦੇ ਨਿਕਲਦਿਆਂ ਹੀ ਉਹ ਬਾਰਾਂਦਰੀ ਦੀ ਮਮਟੀ 'ਤੇ ਬੈਠ ਕੇ ਮਾਰਚ ਕਰਦੇ ਸਿੱਖਾਂ ਵਲ ਤੱਕਦੀ ਅਤੇ ਨੀਲੇ ਘੋੜੇ ਦੇ ਸਵਾਰ ਵਲ ਦੇਖ ਕੇ ਬਲਿਹਾਰੇ ਬਲਿਹਾਰੇ ਜਾਂਦੀ। ਉਸਦਾ ਦਿਲ ਗੁਰੂ ਜੀ 'ਤੇ ਡੋਲ ਗਿਆ। ਆਪਣੀ ਮਾਂ ਕੋਲ ਉਸਨੇ ਇਕ ਦਿਨ ਆਪਣਾ ਵਰ ਲੱਭਣ ਬਾਰੇ ਗੱਲ ਕੀਤੀ। (ਪਿਤਾ ਬਾਰੇ ਕੋਈ ਜ਼ਿਕਰ ਨਹੀਂ) ਮਾਂ ਦੇ ਵਾਰ ਵਾਰ ਪੁੱਛਣ 'ਤੇ ਉਸ ਨੇ ਗੁਰੂ ਜੀ ਬਾਰੇ ਦੱਸਿਆ। 'ਮਾਂ ਨੇ ਕਿਹਾ, 'ਅਸੀਂ ਇਸ ਕਾਬਲ ਨਹੀਂ। ਇਹ ਗੱਲ ਨੇਪਰੇ ਨਹੀਂ ਚੜ੍ਹਨੀ। ਛੱਡ ਦੇ ਇਹ ਗੱਲ। ਇਸ ਗੱਲ ਦਾ ਖਿਆਲ ਹੀ ਮਨੋਂ ਵਿਸਾਰ ਦੇ।... ਉਹ ਪਵਿੱਤਰ ਗੰਗਾ ਜਲ ਵਰਗੇ ਅਸੀਂ ਛੱਪੜ ਦੇ ਪਾਣੀ ਵਰਗੇ ਵੀ ਨਹੀਂ ਹਾਂ।...' ਅਨੂਪ ਕੌਰ ਨੇ ਕਿਹਾ ਜੇ ਗੱਲ ਨਹੀਂ ਬਣ ਸਕਦੀ ਤਾਂ ਆਹ ਲੈ। ਉਸਨੇ ਮਮਟੀ ਤੋਂ ਛਾਲ ਮਾਰ ਦਿੱਤੀ। ਪਰ ਉਹ ਬਚ ਗਈ।

ਅਗਲੇ ਦਿਨ ਮਾਵਾਂ-ਧੀਆਂ ਸਵੇਰੇ ਹੀ ਉਠੀਆਂ। ਨਹਾ ਧੋ ਕੇ ਤਿਆਰ ਹੋ ਕੇ ਅਨੰਦਗੜ੍ਹ ਪਹੁੰਚ ਗਈਆਂ। ਦੀਵਾਨ ਸਜਿਆ ਹੋਇਆ ਸੀ। ਆਸਾ ਦੀ ਵਾਰ ਦਾ ਪਾਠ ਹੋ ਰਿਹਾ ਸੀ। ਸੰਗਤ ਸੱਜੀ ਹੋਈ ਸੀ। ਮਾਂ ਧੀ ਮੱਥਾ ਟੇਕ ਕੇ ਸਿਰ ਝੁਕਾ ਕੇ ਖੜ੍ਹੀਆਂ ਰਹੀਆਂ। ਪਿੱਛੇ ਸੰਗਤਾਂ ਵੀ ਖੜ੍ਹੀਆਂ ਰਹੀਆਂ। ਅਖੀਰ ਗੁਰੂ ਜੀ ਨੇ ਪੁੱਛਿਆ, ''ਸਰਦਾਰਾਂ ਦੇ ਮਹਿਲ ਕੀ ਮੰਗਦੇ ਹਨ?'' ਮਾਂ ਤੇ ਧੀ ਹੱਥ ਜੋੜ ਕੇ ਖੜੀਆਂ ਸਨ। ਗੁਰੂ ਜੀ ਨੇ ਕਿਹਾ, ''ਕੀ ਹੁਕਮ ਏ?''

ਉਹ ਬੋਲੀਆਂ ਨਹੀਂ। ਗੁਰੂ ਜੀ ਨੇ ਫਿਰ ਕਿਹਾ, ''ਭੁੱਲ ਹੋ ਗਈ ਅਨੰਦਪੁਰ ਦੇ ਕਿਸੇ ਵਾਸੀ ਤੋਂ?''

''ਨਹੀਂ ਸੱਚੇ ਪਾਤਸ਼ਾਹ ਸਾਡੀ ਇਕ ਅਰਜ਼ ਏ।''

''ਹੁਕਮ ਕਰੋ ਨੀਲੀ ਹਵੇਲੀ ਵਾਲੇ ਨਾਰਾਜ਼ ਨਹੀਂ ਕੀਤੇ ਜਾ ਸਕਦੇ?''

''ਅੱਜ ਦਾ ਲੰਗਰ ਸਾਡੀ ਹਵੇਲੀ ਵਿਚ ਛਕੋ, ਸੰਗਤ ਤੇ ਗੁਰੂ।''

''ਮਾਂ ਦਾਸ ਹਾਂ ਸੰਗਤ ਦਾ। ਖਾਲਸਾ ਅੱਜ ਦਾ ਪ੍ਰਸ਼ਾਦਿ ਤੁਹਾਡੀ ਹਵੇਲੀ ਵਿਚ ਛਕੇਗਾ।''

ਨਵੀਂ ਰੀਤ ਸੀ ਤੇ ਨਵਾਂ ਤਜ਼ਰਬਾ। ਅਨੰਦਪੁਰ ਵਿਚ ਸਭ ਲੰਗਰ ਵਿਚ ਹੀ ਪ੍ਰਸ਼ਾਦਾ ਛਕਦੇ ਸਨ। ਇਹ ਕਿਸੇ ਦੇ ਘਰ ਲੰਗਰ ਛਕਣ ਦੀ ਨਵੀਂ ਰੀਤ ਸੀ। ਗੁਰੂ ਤੇ ਸਿੰਘ ਵਿਚਾਲੇ ਫਰਕ ਮਿਟਾਉਣ ਦਾ, ਗਰੀਬੀ ਤੇ ਅਮੀਰੀ ਨੂੰ ਸਾਵਾਂ ਕਰਨ ਦਾ। ਲੰਗਰ ਛਕਣ ਲਈ ਸੂਰਬੀਰ ਯੋਧੇ, ਸਾਧੂ ਸੰਤ ਅਤੇ ਸੰਗਤ ਹਵੇਲੀ ਗਈ। ਬਹੁਤ ਸ਼ਾਨਦਾਰ ਤੇ ਸਜ ਧਜ ਨਾਲ ਲੰਗਰ ਹੋਇਆ। ਲੰਗਰ ਛਕਣ ਪਿੱਛੋਂ ਅਰਦਾਸ ਤੋਂ ਪਿੱਛੋਂ ਸੰਗਤ ਤੁਰਨ ਲੱਗੀ ਤਾਂ ਅਨੂਪ ਕੌਰ ਨੇ ਗੁਰੂ ਜੀ ਦੇ ਘੋੜੇ ਦੀ ਵਾਗ ਫੜ ਲਈ। ਗੁਰੂ ਜੀ ਨੇ ਕਿਹਾ, ''ਹੁਕਮ''।

''ਇਥੇ ਨਹੀਂ ਇਕਾਂਤ ਵਿਚ।''

ਗੁਰੂ ਜੀ ਨੇ ਸਿੰਘਾਂ ਨੂੰ ਜਾਣ 'ਤੇ ਉਨ੍ਹਾਂ ਦਾ ਘੋੜਾ ਛੱਡ ਜਾਣ ਲਈ ਕਹਿ ਦਿੱਤਾ। ਅਨੂਪ ਕੌਰ ਗੁਰੂ ਜੀ ਨੂੰ ਅੰਦਰ ਸੁੰਦਰ ਸਜੇ ਕਮਰੇ ਵਿਚ ਲੈ ਗਈ। ਅਨੂਪ ਕੌਰ ਨੇ ਪਲੰਘ ਤੇ ਬੈਠਣ ਲਈ ਕਿਹਾ। ਗੁਰੂ ਜੀ ਡਰੇ ਜਿਹੇ ਤੇ ਸਹਿਮੇ ਜਿਹੇ ਪਲੰਘ 'ਤੇ ਬੈਠ ਗਏ ਤੇ ਕਿਹਾ, ''ਹੁਕਮ ਕੀ ਏ?''

ਅਨੂਪ ਕੌਰ ਨੇ ਕਿਹਾ , ਅੱਜ ਦੁਪਹਿਰ ਏਥੇ ਕੱਟੋ।

ਗੁਰੂ ਜੀ ਨੇ ਕਿਹਾ, ''ਜੋ ਕਹਿਣਾ ਹੈ ਨਿਝੱਕ ਹੋ ਕੇ ਕਹੋ।''

''ਮੇਰੇ ਮਨ ਦੀ ਮੁਰਾਦ...ਪੂਰੀ ਹੋਵੇਗੀ।''

''ਜਰੂਰ ਹੋਏਗੀ।''

''ਮੈਨੂੰ ਪੁੱਤ ਚਾਹੀਦਾ ਏ ਤੁਹਾਡੇ ਵਰਗਾ।''

''ਮੇਰੇ ਵਰਗਾ ਪੁੱਤ, ਪੁੱਤ ਪਿਓ ਵਰਗਾ ਕਦੇ ਨਹੀਂ ਹੋਇਆ ਤੇ ਨਾ ਕਦੇ ਹੋਣਾ ਏ।''

''ਤੁਸਾਂ ਬਚਨ ਦਿੱਤਾ ਏ।''

''ਹਾਂ! ਵਚਨ ਤੇ ਮੈਂ ਦਿੱਤਾ ਏ ਪਰ ਇਹ ਨਹੀਂ ਹੋ ਸਕਦਾ, ਕੁਦਰਤ ਦੇ ਕੰਮ ਵਿਚ ਕੌਣ ਰੋੜਾ ਅਟਕਾ ਸਕਦਾ ਏ? ਕੀਹਦੀ ਹਿੰਮਤ ਏ।''

ਅਨੂਪ ਕੌਰ ਦੇ ਜ਼ੋਰ ਦੇਣ 'ਤੇ ਗੁਰੂ ਜੀ ਨੇ ਕਿਹਾ, ''ਮਜਬੂਰ ਹਾਂ।''

ਅਨੂਪ ਕੌਰ ਨੇ ਅੰਗੂਠੀ ਵਿਚਲਾ ਹੀਰਾ ਚੱਟਣ ਲਈ ਬਾਂਹ ਉਲਾਰੀ, 'ਗੁਰੂ ਜੀ ਨੇ ਬਾਂਹ ਫੜਕੇ ਉਸਨੂੰ ਰੋਕ ਲਿਆ। ਗੁਰੂ ਜੀ ਨੇ ਕਿਹਾ, ''ਇਹ ਅਨਮੋਲ ਜੀਵਨ ਮੁਸ਼ਕਲਾਂ ਨਾਲ ਮਿਲਦਾ ਹੈ। ਇਸ ਜ਼ਿੰਦਗੀ ਨੂੰ ਗਵਾਉਣਾ ਚੰਗਾ ਨਹੀਂ।'' ਹੋਰ ਗੱਲਬਾਤ ਤੋਂ ਪਿੱਛੋਂ ਗੁਰੂ ਜੀ ਨੇ ਕਿਹਾ, ''ਅੱਜ ਤੋਂ ਤੂੰ ਮੈਨੂੰ ਆਪਣਾ ਪੁੱਤ ਸਮਝ ਲੈ। ਮੇਰੇ ਵਰਗਾ ਪੁੱਤ ਤਾਂ ਮੈਂ ਹੀ ਹਾਂ। ਮੈਂ ਰੱਬ ਦਾ ਸ਼ਰੀਕ ਨਹੀਂ ਬਣ ਸਕਦਾ। ਮੈਂ ਅੱਜ ਤੋਂ ਤੁਹਾਡੀ ਪੁੱਤਰਾਂ ਵਾਂਗ ਸੇਵਾ ਕਰਾਂਗਾ ਤੇ ਹੁਕਮ ਮੰਨਾਂਗਾ।'' ਗੁਰੂ ਜੀ ਘੋੜੇ ਤੇ ਸਵਾਰ ਹੋ ਕੇ ਚਲੇ ਗਏ।

ਮਾਤਾ ਸਾਹਿਬ ਦੇਵਾਂ ਦੇ ਪੂਰਨੇ ਪਾਏ ਹੋਏ ਸਨ, ਵਿਚਾਰਾਂ ਦੀ ਗੰਢ ਬੰਨ੍ਹ ਲਈ ਲੀੜੇ ਨਾਲ। ਗੱਠੜੀ ਚੁੱਕਣ ਲਈ ਸਿਰ ਨੂੰ ਤਿਆਰ ਕਰਨ ਲੱਗੀ। ਮਨ, ਹਿਰਦਾ ਤੇ ਦ੍ਰਿੜ੍ਹਤਾ ਪੋਟਲੀ ਵਿਚ ਬੱਝ ਗਏ।

ਇਹ ਨਾਵਲ ਏਥੇ ਹੀ ਖਤਮ ਹੋ ਜਾਂਦਾ ਹੈ।

ਪਾਇਲ 'ਤੇ ਹਮਲੇ ਸਮੇਂ ਪਿੰਡ ਘੁਡਾਣੀ ਵਿਚ ਬਲਾਕਾ ਸਿੰਘ ਨੇ ਬੰਦਾ ਸਿੰਘ ਬਹਾਦਰ ਨੂੰ ਅਨੂਪ ਨੂੰ ਮੁਹੰਮਦ ਸ਼ੇਰ ਖਾਂ ਮਲੇਰਕੋਟਲੇ ਵਲੋਂ ਸਰਸਾ ਦੇ ਕਿਨਾਰੇ ਤੋਂ ਲੈ ਜਾਣ ਦੀ ਕਹਾਣੀ ਸੁਣਾਈ ਅਤੇ ਕਿਹਾ ਕਿ ਨਵਾਬ ਨੇ ਉਸਨੂੰ ਸਿੱਖ ਰਹੁ ਰੀਤੀ ਦੇ ਉਲਟ ਮੁਸਲਮਾਨ ਰੀਤੀ ਅਨੁਸਾਰ ਕਬਰ ਵਿਚ ਦਬਾ ਦਿੱਤਾ ਹੈ। ਇਸਦੇ ਬਾਰੇ ਡਾ. ਗੰਡਾ ਸਿੰਘ ਪੁਸਤਕ ''ਬੰਦਾ ਸਿੰਘ ਬਹਾਦਰ'' ਦੇ ਪੰਨਾ 42 ਤੇ ਅਤੇ ਪ੍ਰਿੰ. ਸਤਿਬੀਰ ਸਿੰਘ 'ਸਾਡਾ ਇਤਿਹਾਸ' ਭਾਗ ਦੂਜਾ ਪੰਨਾ 42-43 ਤੇ ਲਿਖਦੇ ਹਨ। ''ਅਨੂਪ ਕੌਰ ਸਰਸਾ ਦੀ ਜੰਗ ਸਮੇਂ ਸ਼ੇਰ ਮੁਹੰਮਦ ਖਾਨ ਦੇ ਹੱਥ ਆ ਗਈ। ਉਹ ਅਨੂਪ ਕੌਰ ਨੂੰ ਮਲੇਰਕੋਟਲੇ ਮਹੱਲਾਂ ਵਿਚ ਲੈ ਗਿਆ ਤੇ ਸਤਿ ਭੰਗ ਕਰਨਾ ਚਾਹਿਆ ਪਰ ਸਤਵੰਤੀ ਬੀਬੀ ਅਨੂਪ ਕੌਰ ਆਪਣੀ ਜਾਨ 'ਤੇ ਖੇਡ ਗਈ ਤੇ ਇੱਜ਼ਤ ਬਚਾ ਲਈ। ਇਹ ਜਾਣ ਕੇ ਕਿ ਬਦਨਾਮੀ ਨਾ ਹੋਵੇ, ਚੁੱਪ ਚੁਪੀਤੇ ਹੀ ਬੀਬੀ ਨੂੰ ਮਹੱਲਾਂ ਲਾਗੇ ਹੀ ਸ਼ੇਰ ਮੁਹੰਮਦ ਨੇ ਦਫਨਾ ਦਿੱਤਾ। ਜਦ ਬਾਬਾ ਬੰਦਾ ਸਿੰਘ ਨੂੰ ਸਾਰੀ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਬੀਬੀ ਅਨੂਪ ਕੌਰ ਦਾ ਸਿੱਖ ਰਹੁ-ਰੀਤੀ ਨਾਲ ਸਸਕਾਰ ਕਰਨਾ ਯੋਗ ਸਮਝਿਆ।... (ਮਲੇਰਕੋਟਲੇ 'ਤੇ ਹਮਲੇ ਸਮੇਂ) ਇਕ ਪੁਰਾਣੇ ਸੇਵਕ ਭਾਈ ਕਿਸ਼ਨ ਦਾਸ ਜੀ ਨੇ ਇਹ ਵਰ ਵੀ ਮੰਗ ਲਿਆ ਸੀ ਕਿ ''ਦੁੱਖ ਦੇ ਨਾ ਲੋਗਾ।'' ਮਲੇਰਕੋਟਲੇ ਨੂੰ ਨੁਕਸਾਨ ਵੀ ਨਾ ਪੁੱਜੇ ਤੇ ਬੀਬੀ ਅਨੂਪ ਕੌਰ ਦਾ ਸਸਕਾਰ ਵੀ ਹੋ ਜਾਏ। ਇਸ ਇੱਛਾ ਨਾਲ ਬਾਬਾ ਬੰਦਾ ਸਿੰਘ ਨੇ ਧਾਵਾ ਬੋਲ ਦਿੱਤਾ। ਮਲੇਰ ਕੋਟਲੇ ਨੂੰ ਜਿੱਤਣ ਉਪਰੰਤ ਕਰੜੇ ਹੁਕਮ ਰਾਹੀਂ ਸ਼ਹਿਰ ਨੂੰ ਲੁੱਟਣ ਜਾਂ ਸ਼ਹਿਰ ਨਿਵਾਸੀਆਂ ਉੱਤੇ ਹੱਥ ਉਠਾਉਣ ਦੀ ਮਨਾਹੀ ਕਰ ਦਿੱਤੀ। ਕਾਫੀ ਕਬਰਾਂ ਫਰੋਲਣ ਪਿੱਛੋਂ ਅਨੂਪ ਕੌਰ ਦੀ ਕਬਰ ਮਿਲ ਸਕੀ ਅਤੇ ਬਾਬਾ ਬੰਦਾ ਸਿੰਘ ਨੇ ਸਿੱਖ ਰਹੁ ਰੀਤੀ ਨਾਲ ਸਸਕਾਰ ਕਰਾ ਕੇ ਰਾਏਕੋਟ ਵਲ ਚਾਲੇ ਪਾਏ।

ਇਨ੍ਹਾਂ ਕਬਰਾਂ ਦੇ ਫਰੋਲਣ ਦੇ ਮਾਮਲੇ ਨੂੰ ਲੈ ਕੇ ਹੀ ਮੁਸਲਮਾਨ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਦੇ ਜ਼ੁਲਮਾਂ ਦੀ ਭਿਆਨਕ ਤਸਵੀਰ ਖਿੱਚੀ ਹੈ। ਖ਼ਫੀ ਖਾਨ ਨੇ ਤਾਂ ਬੰਦਾ ਸਿੰਘ ਨੂੰ ਇਕ ਦਰਿੰਦੇ ਦੇ ਤੌਰ 'ਤੇ ਪੇਸ਼ ਕੀਤਾ ਹੈ। ਗੱਲ ਇਹ ਹੈ ਕਿ ਸਾਰੇ ਹੀ ਇਤਿਹਾਸਕਾਰ ਬੀਬੀ ਅਨੂਪ ਕੌਰ ਦੇ ਸਾਕੇ ਨੂੰ ਛੁਪਾਂਦੇ ਰਹੇ ਹਨ। ਬੰਦਾ ਸਿੰਘ ਬਹਾਦਰ ਨੇ ਕਿਸੇ ਹੋਰ ਥਾਵੇਂ ਦੀਆਂ ਕਬਰਾਂ ਜਾਂ ਮਸਜਿਦਾਂ ਨੂੰ ਕੁੱਝ ਨਹੀਂ ਕਿਹਾ। ਬੀਬੀ ਅਨੂਪ ਕੌਰ ਦੀ ਕਬਰ ਲੱਭਣੀ ਜਰੂਰੀ ਸੀ।

'ਜਫ਼ਰਨਾਮਾ' ਦਸਮ ਗ੍ਰੰਥ ਵਿਚ ਦਰਜ ਹੈ। ਜ਼ਫਰਨਾਮਾ ਵਿਚ ਗਿਆਰਾਂ ਹਿਕਾਇਤਾਂ ਵੀ ਦਰਜ ਹਨ। ਸਾਰੀਆਂ ਹਿਕਾਇਤਾਂ ਦੀਆਂ ਕਹਾਣੀਆਂ ਸਰੀਰਕ ਸੰਬੰਧਾਂ ਵਾਲੀਆਂ ਹਨ। ਮੈਨੂੰ ਨਹੀਂ ਲਗਦਾ ਕਿ ਇਹ ਗੁਰੂ ਜੀ ਦੀਆਂ ਲਿਖੀਆਂ ਹੋਣ। ਸਿੱਖ ਧਰਮ ਵਿਚ ਇਸਤਰੀ ਨੂੰ ਨਿੰਦਿਆਂ ਨਹੀਂ ਗਿਆ। ਗੁਰੂ ਜੀ ਕਿਵੇਂ ਨਿੰਦ ਸਕਦੇ ਸਨ? ਇਕ ਹਿਕਾਇਤ ਵਿਚ ਘੋੜੇ ਦੀ ਚਾਲ ਦੀ ਤੁਲਨਾ ਮਿਸਰ ਦੇ ਦਰਿਆ ਨੀਲ ਦੇ ਵਹਿਣ ਨਾਲ ਕੀਤੀ ਗਈ ਹੈ। ਨਦੀ ਨਾਲ ਜਾਂ ਦਰਿਆ ਨਾਲ ਤੁਲਨਾ ਗੁਰੂ ਜੀ ਦੁਆਰਾ ਸੰਭਵ ਹੈ ਪਰ ਨੀਲ ਦਰਿਆ ਦਾ ਨਾਂ ਲੈ ਕੇ ਠੀਕ ਨਹੀਂ ਕਿਉਂਕਿ ਗੁਰੂ ਜੀ ਤਾਂ ਮਿਸਰ ਗਏ ਹੀ ਨਹੀਂ। ਇਸ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਇਹ ਅਰਬ ਦੇਸ਼ ਦੇ ਕਿਸੇ ਮੁਸਲਮਾਨ ਦੁਆਰਾ ਲਿਖੀਆਂ ਗਈਆਂ ਸਨ।

ਅਨੂਪ ਕੌਰ ਦੀ ਮੰਦੀ ਭਾਵਨਾ ਗੁਰੂ ਜੀ ਨਾਲ ਮਿਲ ਕੇ ਬਦਲ ਗਈ। ਮੰਦੀ ਭਾਵਨਾ ਨਾਲ ਇਸ ਕਹਾਣੀ ਨੂੰ ਉਛਾਲਣਾ ਠੀਕ ਨਹੀਂ। ਜੇ ਕਹਿਣੀ ਹੈ ਤਾਂ ਚੰਗੀ ਭਾਵਨਾ ਨਾਲ ਕਹੀ ਜਾਣੀ ਚਾਹੀਦੀ ਹੈ।

ਚੇਤੇ ਕਰਦਿਆਂ

# ਪਾਸ਼ ਦੀਆਂ ਪਰਤਾਂ:ਪਾਸ਼ ਦਾ ਖ਼ਤ



***ਆਪਣੇ ਮਿੱਤਰ ਸ਼ਮਸ਼ੇਰ ਸੰਧੂ ਨੂੰ 19 ਜੁਲਾਈ 1974 ਨੂੰ ਲਿਖਿਆ ਪਾਸ਼ ਦਾ ਇਹ ਖ਼ਤ ਇਕ ਹੋਰ ਗਵਾਹੀ ਹੈ ਕਿ ਉਹ ਸਾਹਿਤ, ਸਮਾਜ ਅਤੇ ਸਿਆਸਤ ਵਿਚ ਕਿੰਨੀ ਗਹਿਰੀ ਰੁਚੀ ਰੱਖਦਾ ਸੀ। ਉਸ ਦੀ ਇਸੇ ਸੰਜੀਦਗੀ ਨੇ ਉਸ ਦੇ ਪੈਰ ਚੱਕਰ ਪਾਈ ਰੱਖਿਆ ਅਤੇ ਉਹ ਵਾਰ ਵਾਰ ਖੜੋਤ ਅਤੇ ਖ਼ਾਮੋਸ਼ੀ ਨੂੰ ਤੋੜਨ ਲਈ ਹੰਭਲੇ ਮਾਰਦਾ ਰਿਹਾ। ਰਤਾ ਕੁ ਗਹਿਰਾਈ ਨਾਲ ਦੇਖਿਆਂ ਉਸ ਦੀ ਇਹ ਸੰਜੀਦਗੀ, ਬੇਚੈਨੀ ਵਿਚ ਵਟਦੀ ਦਿਸ ਪੈਂਦੀ ਹੈ ਜਿਸ ਨਾਲ਼ ਘੁਲ਼ਦਿਆਂ ਘੁਲ਼ਦਿਆਂ ਉਹ ਬੁਲੰਦੀਆਂ ਉੱਤੇ ਪਹੁੰਚਿਆ। ਇਹ ਖ਼ਤ ਲਿਖਣ ਵੇਲੇ ਉਸ ਨੇ ਅਜੇ ਹੋਰ ਦੋਂਹ ਮਹੀਨਿਆਂ ਨੂੰ 24 ਸਾਲ ਦਾ ਹੋਣਾ ਸੀ। ਪਾਸ਼ ਦੇ ਖ਼ਤ ਸਮੇਂ ਸਮੇਂ ਰਸਾਲਿਆਂ ਵਿਚ ਛਪੇ ਹਨ ਅਤੇ 'ਪਾਸ਼ ਦੀਆਂ ਚਿੱਠੀਆਂ' ਕਿਤਾਬ ਵਿਚ ਵੀ ਸਾਂਭੇ ਗਏ ਹਨ। ਇਹ ਖ਼ਤ ਪਹਿਲੀ ਵਾਰ ਛਾਪੇਖਾਨੇ ਵਿਚੋਂ ਲੰਘ ਰਿਹਾ ਹੈ। ਇਸ ਵਿਚੋਂ ਉਸ ਦੀ ਅਡੋਲ, ਅਰੋਕ ਸ਼ਖ਼ਸੀਅਤ ਝਾਤੀਆਂ ਮਾਰਦੀ ਹੈ। ਲਿਖਤ ਵਿਚ ਆਈਆਂ ਬਰੈਕਟਾਂ ਪਾਸ਼ ਨੇ ਹੀ ਪਾਈਆਂ ਹੋਈਆਂ ਹਨ। ਇਕਾ-ਦੁੱਕਾ ਸ਼ਬਦਜੋੜ ਬਦਲੇ ਗਏ ਹਨ। -ਸੰਪਾਦਕ***

ਚੰਗੇ ਸੰਧੂ,

ਮੈਂ ਖ਼ੁਸ਼ ਹਾਂ ਕਿ ਤੂੰ ਪਾਸ ਹੋ ਗਿਆ ਹੈਂ। ਇਹ ਹੋਰ ਵੀ ਚੰਗੀ ਗੱਲ ਹੈ ਕਿ ਤੂੰ ਮੁੜ ਲੁਧਿਆਣੇ ਆ ਗਿਆ ਏਂ। ਇਸ ਤਰ੍ਹਾਂ ਮਿਲ਼ਣ ਗਿਲ਼ਣ ਦੀ ਆਸਾਨੀ ਰਹਿੰਦੀ ਹੈ। ਤੇਰੀ ਚਿੱਠੀ ਪੜ੍ਹਨ ਨਾਲ਼ ਇਕ ਚੰਗਾ ਜਿਹਾ ਅਹਿਸਾਸ ਹੁੰਦਾ ਏ ਹਮੇਸ਼ਾ। ਮੁੜ ਮੁੜ ਪੜ੍ਹਨ ਨਾਲ ਵੀ। ਤੇ ਇਸ ਤਰ੍ਹਾਂ ਬਹੁਤ ਘੱਟ ਲੋਕਾਂ ਦੀਆਂ ਚਿੱਠੀਆਂ ਨਾਲ ਹੁੰਦਾ ਹੈ। ਤੇਰੀਆਂ 'ਉੱਖੜੇ ਹੋਏ ਪੈਰ' (ਜੋ ਵੀ ਨਾਂ ਤੂੰ ਰੱਖੇਂ)* ਅਤੇ 'ਟਿੰਮੀ ਨਹੀਂ ਆਈ' (?)** ਛੇਤੀ ਛਪਣੀਆਂ ਚਾਹੀਦੀਆਂ ਹਨ, ਕਿਤੇ ਵੀ ਛਪਣ। ਮੇਰੇ ਵਿਚ ਇਨ੍ਹਾਂ ਨੂੰ ਛਪੀਆਂ ਹੋਈਆਂ ਦੇਖਣ ਦੀ ਤੀਬਰ ਲਾਲਸਾ ਹੈ ਤੇ ਵਾਰ ਵਾਰ ਪੜ੍ਹਨ ਦੀ। ਕੇਡੀ ਚੰਗੀ ਗੱਲ ਹੈ ਕਿ ਤੂੰ ਨਿੱਗਰ ਜੀਵਨ ਵਿਚੋਂ ਸਾਧਾਰਨ ਘਟਨਾਵਾਂ ਲੈ ਕੇ ਲਿਖਣ ਲੱਗ ਪਿਆਂ ਏਂ। ਨਕਲੀ ਅਤੇ ਦੰਭ ਭਰੇ ਜੀਵਨ ਦੀਆਂ ਘਟਨਾਵਾਂ ਉੱਤੇ ਲਿਖੇ ਜਾ ਰਹੇ ਸਾਹਿਤ ਨਾਲੋਂ ਇਹ ਉੱਕਾ ਹੀ ਵੱਖਰੀ ਗੱਲ ਹੈ ਤੇ ਵਧੀਆ ਵੀ। ਭਾਵੇਂ ਉਸ ਕਿਸਮ ਦਾ ਸਾਹਿਤ ਵੀ ਜੇ ਉਸ ਵਿਚ ਚੋਨਾਇਸਸੋਨਿ ਅਤੇ ਚੋਨਦਇਮਨਅਟੋਨਿ ਦੇ ਤੱਤ ਹੋਣ ਤਾਂ ਮਹੱਤਵਪੂਰਨ ਰੋਲ ਅਦਾ ਕਰਦਾ ਹੈ, ਜਿਵੇਂ ਹੁਣ ਸੁਰਜੀਤ ਪਾਤਰ ਤੇ ਅਮਿਤੋਜ ਦੀਆਂ ਕਵਿਤਾਵਾਂ ਹੁੰਦੀਆਂ ਹਨ। ਪਰ ਤੇਰਾ ਤੇ ਮੇਰਾ ਢੰਗ ਤਰੀਕਾ ਉਹ ਨਹੀਂ ਹੈ। ਅਸੀਂ ਸਮਾਜ ਨੂੰ ਚੁਟਕੀਆਂ ਨਹੀਂ ਵੱਢਦੇ, ਥੱਬੇ 'ਚ ਭਰਦੇ ਹਾਂ (ਜਾਂ ਅਜਿਹਾ ਹੋਣਾ ਚਾਹੀਦਾ ਹੈ)। ਅਸੀਂ ਸਮਾਜ ਦੀ ਚਰੁਦਟਿ ਨੂੰ, ਜਿਵੇਂ ਕਿ ਉਹ ਹੈ, ਜੜ੍ਹ ਤੋਂ ਫੜਦੇ ਹਾਂ ਤੇ ਮਨਾਂ 'ਚ ਅਚੇਤ ਤੌਰ 'ਤੇ ਇਹਨੂੰ ਪੁੱਟ ਕੇ ਵਗਾਹ ਮਾਰਨ ਦੀ ਲੋਚਾ ਸਮਾਈ ਹੋਈ ਹੈ। ਇਹੀ ਹੈ ਸਾਡਾ ਸੁਹਜਵਾਦ।

ਮੌਲਿਕ ਸਾਹਿਤ ਦੇ ਮਾਮਲੇ ਵਿਚ ਆਪਣੀਆਂ ਰਚਨਾਵਾਂ ਦੇ ਜੰਮਣ ਪਲਾਂ ਵਿਚ ਕੋਈ ਚੋਨਸਚੋਿਸ ੌਰਕ ਨਹੀਂ ਕਰ ਸਕਦਾ। ਇਹ ਬਿਲਕੁਲ ਬੱਚੇ ਦੇ ਜਨਮ ਲੈਣ ਦੀ ਕਿਰਿਆ ਵਾਂਗ ਹੁੰਦਾ ਹੈ। ਸਿਆਲਾਂ ਦੀ ਦੱਬ ਕੇ 'ਖਾਧੀ ਹੋਈ ਖੇਹ' ਦਾ ਸਿੱਟਾ, ਆਪੇ ਆਪਣਾ ਜ਼ੋਰ ਪਾ ਕੇ ਬਾਹਰ ਆਉਂਦਾ ਹੈ ਤੇ ਜਣਨੀ ਇਸ ਸਬੰਧ ਵਿਚ ਕੁੱਝ ਨਹੀਂ ਕਰ ਸਕਦੀ। ਚੋਨਸਚੋਿਸ ੌਰਕ ਉਦੋਂ ਕਰੀਦਾ ਹੈ ਜਦੋਂ ਜਨਮ ਬਾਅਦ ਬੱਚੇ ਨੂੰ ਨੁਹਾਈ ਧੋਈਦਾ ਅਤੇ ਨਾੜੂ ਆਦਿ ਕੱਟਿਆ ਜਾਂਦਾ ਹੈ। ਸੋ ਸੁਚੇਤ ਤੌਰ 'ਤੇ ਆਪਾਂ ਸਿਰਫ਼ ਰਚਨਾ ਦਾ ਮਲ ਮੂਤਰ ਤੇ ਨਾੜੂ ਹੀ ਸਾਫ਼ ਕਰ ਸਕਦੇ ਹਾਂ। ਉਗਲਾਂਗੇ ਉਹੀ ਜੋ ਅਸੀਂ ਰੋਜ਼ ਦਿਹਾੜੇ ਆਪਣੀਆਂ ਕਰਤੂਤਾਂ ਅਤੇ ਡਮਾਗ ਰਾਹੀਂ ਅਹਿਸਾਸਾਂ ਦੀ ਕੁੱਖ ਵਿਚ ਪਾਉਂਦੇ ਹਾਂ। ਸੋ ਮੈਂ ਸਮਝਦਾ ਹਾਂ ਸਾਨੂੰ ਬਹੁਤਾ ਧਿਆਨ ਆਪਣੀ ਨਿੱਤ ਕਿਰਿਆ ਉਤੇ ਦੇਣਾ ਚਾਹੀਦਾ ਹੈ। ਅਸੀਂ ਜ਼ਿੰਦਗੀ ਵਿਚ ਭ੍ਰਿਸ਼ਟ ਨਾ ਹੋਈਏ, ਲਿਫੇ ਹੋਏ ਅਤੇ ਸਮਝੌਤੇਬਾਜ਼ ਨਾ ਹੋਈਏ, ਘਟਨਾਵਾਂ ਨੂੰ ਉਨ੍ਹਾਂ ਦੇ ਸਹੀ ਪ੍ਰਸੰਗ ਵਿਚ ਦੇਖਣ ਦੇ ਸਮਰੱਥ ਹੋਈਏ- ਏਹੋ ਸਾਡੀ ਕਲਾ ਸਾਧਨਾ ਹੋਵੇਗੀ। ਹੈ ਨਾ?

ਇਕ ਹੋਰ ਗੱਲ ਪ੍ਰਾਪੇਗੰਡਾ ਸਾਹਿਤ ਬਾਰੇ। ਮੇਰਾ ਭਾਵ ਜੀਵਨ 'ਚ ਕਮਾਏ ਹੋਏ ਅਹਿਸਾਸਾਂ ਦੇ ਸੱਚ ਦੇ ਪ੍ਰਾਪੇਗੰਡਾ ਤੋਂ ਨਹੀਂ; ਵਿਚਾਰਧਾਰਾ, ਨੀਤੀ ਅਤੇ ਦਾਅਪੇਚਾਂ ਦੇ ਪ੍ਰਾਪੇਗੰਡਾ ਵਾਲੇ ਸਾਹਿਤ ਤੋਂ ਹੈ ਜੋ ਅੱਜਕੱਲ 'ਕਿਰਤੀ ਯੁੱਗ', 'ਮਾਂ', 'ਜਾਗੋ' ਅਤੇ 'ਅਕਸ' ਵਿਚ ਧੜਾ ਧੜ ਛਪ ਰਿਹਾ ਹੈ ਤੇ ਪਹਿਲਾਂ 'ਰੋਹਲੇ ਬਾਣ' ਤੇ 'ਸਿਆੜ' ਜਾਂ 'ਕਿੰਤੂ' ਆਦਿ ਵਿਚ ਛਪਦਾ ਰਿਹਾ ਹੈ। ਇਹ ਕੋਈ ਬੁਰਾ ਨਹੀਂ। ਪਰ ਇਹ ਰਚਿਆ ਨਹੀਂ, ਲਿਖਿਆ ਜਾਂਦਾ ਹੈ। ਸੁਚੇਤ ਤੌਰ 'ਤੇ। ਪਰਚੇ ਦਾ ਨਾਂ ਬੇਸ਼ੱਕ 'ਅਕਸ' ਹੀ ਹੋਵੇ ਜਾਂ ਏਦੂੰ ਵੀ ਕੋਈ ਸਪਸ਼ਟ ਨਾਂ, ਪਰ ਇਹ ਵਰਤਮਾਨ ਜੀਵਨ ਦੇ ਯਥਾਰਥ ਦਾ ਅਕਸ ਨਹੀਂ ਹੁੰਦੇ। ਮੈਂ ਇਸ ਸਾਹਿਤ ਲਈ ਇਕ ਬੜੀ ਹੀ ਅਯੋਗ ਟਇਰਮ ਵਰਤਣ ਲੱਗਾ ਹਾਂ-ਭਾਂਜਵਾਦੀ ਸਾਹਿਤ। ਹਾਂ, ਇਹ ਇਕ ਤਰ੍ਹਾਂ ਭਾਂਜਵਾਦੀ ਸਾਹਿਤ ਵੀ ਹੈ, ਜੋ ਬਹੁਮੁਖੀ ਅਤੇ ਗੁੰਝਲਦਾਰ ਸਮਾਜਕ ਯਥਾਰਥ ਵਿਚ ਖੁੱਭਣ ਦੀ ਯਾਤਨਾ ਨੂੰ ਸਹਿਣਾ ਨਹੀਂ ਚਾਹੁੰਦਾ, ਇਹਦੀ ਤਾਕਤ ਨਿਰੋਲ ਅਪੀਲਾਂ, ਫੋਕੀਆਂ ਰਸਹੀਣ ਤੇ ਕਿਸੇ ਹੱਦ ਤੱਕ ਊਲ ਜਲੂਲ ਅਪੀਲਾਂ ਉਤੇ ਨਿਰਭਰ ਕਰਦੀ ਹੈ। ਇਸ ਦੇ ਗੁਣ ਇਹ ਹਨ-ਇਕ ਤਾਂ ਇਹ ਰਾਜਸੱਤਾ ਨੂੰ ਬੁਰੀ ਤਰ੍ਹਾਂ ਰੱਦ ਕਰਨ ਵਾਲਾ ਸਾਹਿਤ ਹੈ, ਜਿਸ ਵਿਚ ਤ੍ਰਿਸਕਾਰ ਹੈ, ਨਫ਼ਰਤ ਹੈ ਅਤੇ ਗੁੱਸਾ ਹੈ। ਦੂਜਾ ਇਹ ਸਮਾਜਵਾਦੀ ਯਥਾਰਥਵਾਦ ਲਈ ਭੂਮੀ ਤਿਆਰ ਕਰ ਰਿਹਾ ਹੈ। ਇਸ ਤਰ੍ਹਾਂ ਇਹ ਲੋਕ ਵਿਚਾਰੇ ਉਨ੍ਹਾਂ ਅਰਾਜਕਤਾਵਾਦੀਆਂ ਵਰਗੀ ਤਕਦੀਰ ਵਾਲੇ ਹਨ ਜੋ ਮੁਲਕਾਂ ਵਿਚ ਜਮੂਦ ਨੂੰ ਤੋੜਦੇ ਹਨ, ਗੜਬੜਾਂ ਫੈਲਾਉਂਦੇ ਹਨ, ਕਈ ਵਾਰ ਫ਼ਜ਼ੂਲ ਅਤੇ ਧੜਾ ਧੜ ਕੁਰਬਾਨੀਆਂ ਦਿੰਦੇ ਹਨ ਅਤੇ ਲੋਕ ਲਹਿਰਾਂ ਦੇ ਵਿਗਸਣ ਲਈ ਥਾਂ ਤਿਆਰ ਕਰਦੇ ਹਨ ਪਰ ਉਨ੍ਹਾਂ ਦੇ ਨਾਂ ਇਤਿਹਾਸ ਵਿਚ ਯਾਦ ਨਹੀਂ ਰਹਿੰਦੇ, ਸਮਾਂ ਉਨ੍ਹਾਂ ਨੂੰ ਭੁੱਲ ਜਾਂਦਾ ਹੈ ਪਰ ਉਨ੍ਹਾਂ ਦੀ ਦੇਣ ਨੂੰ ਆਪਣੇ ਵਿਚ ਸਮੋਈ ਰੱਖਦਾ ਹੈ। ਸੋ ਆ, ਇਨ੍ਹਾਂ ਗੁੰਮਨਾਮ (ਹੋਰ ਕੀ) ਸੂਰਮਿਆਂ ਦੀ ਮਹਾਨਤਾ ਨੂੰ ਪ੍ਰਣਾਮ ਕਰੀਏ।

ਇਕ ਹੋਰ ਤਰ੍ਹਾਂ ਦਾ ਸਾਹਿਤ ਹੈ ਜੋ ਜੀਵਨ ਦੇ ਠੋਸ ਸੱਚ 'ਚੋਂ ਜਨਮਿਆਂ ਹੋਵੇ ਭਾਵੇਂ ਨਾ ਪਰ ਜੀਵਨ ਨੂੰ ਤੇਜ਼ੀ ਨਾਲ ਆਪਣੇ ਵਰਗਾ ਬਣਾਈ ਜਾ ਰਿਹਾ ਹੈ। ਇਹ ਹੈ ਮਾਨ ਮਰਾੜਾਂ ਵਾਲੇ, ਹਰਦੇਵ ਥਰੀਕਿਆਂ ਵਾਲੇ ਤੇ ਦੀਦਾਰ ਸੰਧੂ ਭਰੋਵਾਲ ਵਾਲੇ ਤੇ ਅਜਿਹੇ ਹੋਰ ਲੋਕਾਂ ਦਾ ਸਾਹਿਤ। ਇਨ੍ਹਾਂ ਦੇ ਤੀਖਣ ਪ੍ਰਭਾਵ ਦਾ ਸਬੱਬ ਇਨ੍ਹਾਂ ਦੀ ਪੇਸ਼ਕਾਰੀ ਨਹੀਂ, ਮਾਧਿਅਮ ਦੀ ਅਸੀਮ ਸਮਰੱਥਾ ਹੈ। ਇਕ ਤਾਂ ਇਹ ਕਿਸੇ ਨੂੰ ਪੜ੍ਹਨਾ ਨਹੀਂ ਪੈਂਦਾ ਤੇ ਸੁਣਨ 'ਚ ਕੋਈ ਮਿਹਨਤ ਨਹੀਂ ਲਗਦੀ-ਦੂਜਾ ਇਹ ਇਕ ਡਾਢੀ ਇਨਸਾਨੀ ਪ੍ਰਵਿਰਤੀ ਦੇ ਗਿਰਦ ਘੁੰਮਦਾ ਹੈ। ਇਹ ਲੋਕ ਹਵਾਈ ਜਹਾਜ਼ਾਂ ਵਿਚ ਚੱਲਦੇ ਹਨ ਜਦੋਂ ਕਿ ਆਪਾਂ ਸਾਈਕਲਾਂ ਉਤੇ ਹਾਂ। ਇਹ ਲੋਕ ਜ਼ਿੰਦਗੀ ਦੇ ਵੈਰੀ ਨਹੀਂ, ਜ਼ਿੰਦਗੀ ਨੂੰ ਰੰਗੀਨ ਵੇਖਣਾ ਚਾਹੁੰਦੇ ਹਨ। ਪਰ ਕੀ ਇਹ ਸੱਚ ਹੈ ਕਿ ਉਹ ਸੱਚੀਂ ਮੁੱਚੀਂ ਇੰਜ ਚਾਹੁੰਦੇ ਹਨ। ਹਕੀਕਤ ਤਾਂ ਇਹ ਹੈ ਕਿ ਇਹ ਕੁੱਝ ਵੀ ਨਹੀਂ ਚਾਹੁੰਦੇ, ਆਪਣੇ ਮਨਹੂਸ ਨਾਵਾਂ ਦੇ ਪ੍ਰਚਾਰ ਅਤੇ ਪੈਸੇ ਤੋਂ ਬਿਨਾ। ਇਹ ਕਿਸੇ ਚੀਜ਼ ਲਈ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੇ-ਆਪਣਾ ਟੱਬਰ ਤੇ ਢਿੱਡ ਪਾਲਣ ਦੀ ਜ਼ਿੰਮੇਵਾਰੀ ਤੋਂ ਬਿਨਾ। ਇਨ੍ਹਾਂ ਨੂੰ ਘੁਮੰਡ ਹੈ ਕਿ ਲੋਕ ਇਨ੍ਹਾਂ ਨੂੰ ਪਸੰਦ ਕਰਦੇ ਹਨ। ਪਰ ਕੀ ਸੱਚੀਂ ਲੋਕ ਇਨ੍ਹਾਂ ਨੂੰ ਪਸੰਦ ਕਰਦੇ ਹਨ? ਅੱਜ ਤੋਂ ਪੰਜਾਹ ਸਾਲ ਬਾਅਦ ਪਤਾ ਲੱਗੇਗਾ ਕਿ ਅੱਜ ਦੇ ਲੋਕ ਕੀ ਪਸੰਦ ਕਰਦੇ ਸਨ ਤੇ ਕੀ ਨਹੀਂ। ਓਏ, ਲੋਕਾਂ ਦੇ ਅੰਦਰ ਚੀਕ ਰਹੇ ਹਨ ਤੇ ਤੁਸੀਂ ਉਨ੍ਹਾਂ ਚੀਕਾਂ ਦੇ ਨਾਲ ਨਾਲ ਜਚਣ ਲਈ ਸੰਗੀਤ ਤਿਆਰ ਕਰ ਰਹੇ ਹੋ? ਸੰਧੂ, ਸੱਚ ਜਾਣੀ ਇਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਭੋਰਾ ਵੀ ਨਹੀਂ। ਉਹੀ ਲੋਕ ਜਿਹੜੇ ਲੋਕ ਇਨ੍ਹਾਂ ਦੇ ਰਿਕਾਰਡਾਂ ਦੀ ਅੰਨ੍ਹੇਵਾਹ ਵਿਕਰੀ ਵਧਾ ਕੇ ਇਨ੍ਹਾਂ ਨੂੰ 'ਤਾਂਹ ਚਾੜ੍ਹ ਰਹੇ ਹਨ, ਉਹੀ ਇਕ ਦਿਨ ਇਨ੍ਹਾਂ ਨੂੰ ਪੱਥਰਾਂ 'ਤੇ ਪਟਕਾ ਕੇ ਮਾਰਨਗੇ ਤੇ ਇਨ੍ਹਾਂ ਦੀਆਂ ਚੀਕਾਂ ਦੇ ਨਾਲ ਨਾਲ ਭਰਪੂਰ ਜ਼ਿੰਦਗੀ ਦਾ ਸੰਗੀਤ ਵਜਾਉਣਗੇ। ਇਹ ਇੰਜ ਹੀ ਹੋਵੇਗਾ। ਮੈਂ ਕਿਸੇ ਭਾਵੁਕਤਾ 'ਚੋਂ ਨਹੀਂ ਬੋਲ ਰਿਹਾ। ਜ਼ਿੰਦਗੀ ਦੀ ਰਉਂ ਹੀ ਅਜਿਹੀ ਹੈ। ਖੂਹ ਪੁੱਠੇ ਨਹੀਂ ਗਿੜਨ ਲੱਗੇ।

ਤੂੰ ਪੇਂਡੂ ਲੋਕਾਂ ਦੀ ਘੁਟਣ ਬਾਰੇ ਗੱਲ ਕੀਤੀ ਹੈ। ਮੈਂ ਹੈਰਾਨ ਹਾਂ ਕਿ ਇਸ ਘੁਟਣ ਦੇ ਅਹਿਸਾਸ ਨੂੰ ਤੂੰ 'ਮਹਾਂਨਗਰ ਚੇਤਨਾ' ਨਾਲ ਕਿਵੇਂ ਉਲਝਾ ਸਕਿਆ ਏਂ। ਮੈਂ ਦੱਸਾਂ - ਇਹ ਦੋਵੇਂ ਚੀਜ਼ਾਂ ਉਲਟ ਹਨ। ਉੱਕਾ ਹੀ ਉਲਟ। ਪੇਂਡੂ ਲੋਕਾਂ ਦੀ ਘੁਟਣ ਬਾਰੇ, ਕਿਉਂਕਿ ਤੂੰ ਇਹ ਵਿਸ਼ਾ ਸ਼ੁਰੂ ਕਰ ਲਿਆ ਹੈ, ਇਕ ਵੱਖਰਾ ਖ਼ਤ ਵਿਸਥਾਰ ਨਾਲ ਲਿਖਾਂਗਾ। ਹਾਲ ਦੀ ਘੜੀ ਮੈਂ ਇਨ੍ਹਾਂ ਦੋਹਾਂ ਗੱਲਾਂ ਦੇ ਫ਼ਰਕ ਬਾਰੇ ਗੱਲ ਕਰ ਲਵਾਂ। ਮਹਾਂਨਗਰ ਚੇਤਨਾ ਮਸ਼ੀਨੀ ਯੁੱਗ ਦੀ ਤੇਜ਼ੀ 'ਚੋਂ ਮਨੁੱਖ ਦੇ ਨਗੂਣੇਪਨ ਅਤੇ ਦੁਰਦਸ਼ਾ ਦੇ ਉਤਪਨ ਅਹਿਸਾਸਾਂ ਦਾ ਸਮੂਹਿਕ ਨਾਂ ਹੈ। ਜਦਕਿ ਪੇਂਡੂ ਜਨਤਾ ਦੀ ਘੁਟਣ ਤੇਜ਼ੀ ਲਈ ਤਰਸੇਵੇਂ ਦੇ ਅਹਿਸਾਸ 'ਚੋਂ ਜੰਮੀ ਹੈ। ਉਹ ਅੱਕੇ ਹੋਏ ਹਨ, ਇਹ ਪਛੜੇ ਹੋਏ ਹਨ। ਉਨ੍ਹਾਂ ਲਈ ਆਰਥਿਕਤਾ ਮੁੱਖ ਨਹੀਂ ਹੈ, ਇਨ੍ਹਾਂ ਲਈ ਸੱਭ ਕੁੱਝ ਹੈ। ਉਹ ਚੀਜ਼ਾਂ ਨੂੰ ਮਾਨਸਿਕ ਤੌਰ 'ਤੇ ਹੰਢਾਉਂਦੇ ਹਨ, ਇਹ ਜਿਸਮਾਨੀ ਜੀਵਨ ਜੀਅ ਰਹੇ ਹਨ। ਇਹ ਇਕ ਵਿਸ਼ੇਸ਼ ਪੋਲਟਿਚਿਅਲ ਸਟ੍ਰਿਅਟੋਨਿ ਦੀ ਖਾਸ ਅਵਸਥਾ ਹੈ, ਉਹ ਮਨੁੱਖੀ ਵਿਕਾਸ ਕ੍ਰਮ ਦੇ ਇਕ ਖਾਸ ਪੜਾਅ ਕਰਕੇ ਹੈ। ਇਹ ਬਦਮਾਸ਼ਾਂ ਦੀ ਦੇਣ ਹੈ, ਉਹ ਅਨਾੜੀਆਂ ਦੀ ਦੇਣ ਹੈ। ਇਹਦਾ ਹੱਲ ਹੈ, ਉਹਦਾ ਕੋਈ ਸਪਸ਼ਟ ਹੱਲ ਨਹੀਂ ਹੈ। ਹੁਣ ਤੂੰ ਏਨਾ ਅਨਾੜੀ ਤਾਂ ਹੈ ਨਹੀਂ ਕਿ ਤੈਨੂੰ ਅਕੇਵੇਂ ਤੇ ਪਛੜੇਵੇਂ ਦਾ ਫ਼ਰਕ ਵੀ ਸਮਝਾਉਣਾ ਪਵੇ। ਤੂੰ ਕਿਹਾ ਹੈ ਕਿ ਇਸ ਪੇਂਡੂ ਘੁਟਣ ਦਾ ਨਾਂ ਭਾਵੇਂ ਕੁੱਝ ਹੋਰ ਰੱਖ ਲਈਏ। ਭਰਾਵਾ, ਨਾਂ ਹੀ ਕਿਉਂ, ਇਹ ਤਾਂ ਚੀਜ਼ ਹੀ ਹੋਰ ਹੈ। ਇਹਦੇ ਵਿਚ ਸਾਦਗੀ ਹੈ, ਸੱਚ ਹੈ ਤੇ ਈਮਾਨਦਾਰੀ ਹੈ ਤੇ ਇਹ ਉਹ ਅਵਸਥਾ ਹੈ ਜੀਹਨੂੰ ਸੱਚੀਂਮੁੱਚੀਂ ਭੋਗਿਆ ਜਾ ਰਿਹਾ ਹੈ। ਜਦਕਿ ਮਹਾਂਨਗਰ ਚੇਤਨਾ ਦੀ ਪੰਜਾਬ ਵਿਚ ਸਿਰਫ਼ ਡੌਂਡੀ ਪਿੱਟੀ ਜਾ ਰਹੀ ਹੈ। ਚੰਡੀਗੜ੍ਹ ਤੋਂ ਸਿਵਾ ਇਹਦੇ ਲਈ ਕਿਤੇ ਖਾਸ ਕਾਰਨ ਵੀ ਨਹੀਂ ਹਨ। ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਪੰਜਾਬ ਕੋਈ ਸਨਅਤੀ ਸੂਬਾ ਤਾਂ ਬਿਲਕੁਲ ਨਹੀਂ, ਖੇਤੀਬਾੜੀ ਪ੍ਰਧਾਨ ਹੈ। ਜਦ ਤੱਕ ਪੰਜਾਬ ਵਿਚ ਸਨਅਤ ਦੀ ਤੇਜ਼ ਉਸਾਰੀ ਨਹੀਂ ਹੁੰਦੀ, ਜ਼ਿੰਦਗੀ ਵਿਚ ਤੇਜ਼ੀ ਅਤੇ ਮਾਨਸਿਕ ਬਣਤਰ ਵਿਚ ਟੁੱਟ ਭੱਜ ਨਹੀਂ ਆਉਣੀ। ਅਜਿਹੀ ਖੱਸੀ ਚੇਤਨਾ ਦਾ ਇਕ ਸਰੋਤ (ਅਹਿਮ ਸਰੋਤ ਨਹੀਂ) ਭੁਰਇਅੁਚਰਅਚੇ ਵੀ ਹੁੰਦਾ ਹੈ। ਜਿਥੇ ਜਿਥੇ ਭੁਰਇਅੁਚਰਅਚੇ ਦੀ ਭਰਮਾਰ ਮਚਦੀ ਹੈ, ਉਥੇ ਇਸ ਦੇ ਕੁੱਝ ਅੰਸ਼ ਮਿਲਣ ਲਗਦੇ ਹਨ। ਇਸੇ ਲਈ ਮੈਂ ਚੰਡੀਗੜ੍ਹ ਦਾ ਨਾਂ ਲਿਆ ਹੈ। (ਇਸ ਤੋਂ ਬਾਅਦ ਤਿੰਨਾਂ ਯੂਨੀਵਰਸਿਟੀਆਂ-ਪੰਜਾਬੀ, ਗੁਰੂ ਨਾਨਕ ਅਤੇ ਖੇਤੀਬਾੜੀ, ਨੂੰ ਥੋੜ੍ਹੀ ਜਿਹੀ ਛੋਟ ਦਿੱਤੀ ਜਾ ਸਕਦੀ ਹੈ) ਵੱਡੀ ਗੱਲ ਹੈ ਸੰਧੂ, ਕਿ ਪੰਜਾਬ ਦੇ ਮਹਾਂਨਗਰ ਚੇਤਨਾ ਦੇ ਝੰਡਾਬਰਦਾਰ ਪੰਜਾਬ ਦੀ ਜਨਤਾ ਉਤੇ ਭਾਰ ਹਨ। ਇਹ ਦੰਭੀ ਅਦਾਰਿਆਂ ਦੇ ਅੰਗ ਹਨ ਜੋ ਜਨਤਾ ਦਾ ਕੁੱਝ ਨਹੀਂ ਸਵਾਰ ਰਹੇ ਸਗੋਂ ਬੇਸ਼ੁਮਾਰ ਆਰਥਕ ਬੋਝ ਪਾ ਰਹੇ ਹਨ। ਸਾਨੂੰ ਇਨ੍ਹਾਂ ਦੇ ਦੁੱਖਾਂ ਅਤੇ ਵਿਚਾਰੇਪਣ ਉਤੇ ਵੀ ਸ਼ੱਕ ਕਰਨਾ ਚਾਹੀਦਾ ਹੈ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਦਾ ਸਾਹਿਤ ਰਸਾਲਿਆਂ ਉਤੇ ਛਾ ਨਾ ਜਾਵੇ ਅਤੇ ਨਵੇਂ ਲੇਖਕਾਂ ਨੂੰ ਇਹ ਲੋਕ ਨਕਲੀ ਅਹਿਸਾਸਾਂ ਦੀ ਰੰਗਣ ਨਾ ਚਾੜ੍ਹ ਦੇਣ। ਇਹ ਕੋਸ਼ਿਸ਼ ਪੇਂਡੂ ਜੀਵਨ ਬਾਰੇ ਸੰਤੁਲਿਤ ਪਹੁੰਚ ਰੱਖ ਕੇ ਦੱਬ ਲਿਖਣ ਨਾਲ ਹੀ ਹੋ ਸਕਦੀ ਹੈ।

ਕਹਾਣੀ ਗੋਸ਼ਟੀ ਅਸੀਂ ਹਾਲੇ ਨਹੀਂ ਕਰਵਾ ਰਹੇ। ਮੈਂ ਸੋਚਿਆ ਹੈ ਇਹਦਾ ਕੋਈ ਲਾਭ ਨਹੀਂ ਹੋਣਾ। ਫਜ਼ੂਲ ਹੈ। ਕੋਈ ਹੋਰ ਸਮਾਗਮ ਕਰਾਵਾਂਗੇ ਜੀਹਤੋਂ ਕੁੱਝ ਸਿੱਖਿਆ ਜਾ ਸਕੇ। ਅੱਜ ਕੱਲ ਮੈਂ ਟ੍ਰਾਟਸਕੀ ਨੂੰ ਪੜ੍ਹ ਰਿਹਾ ਹਾਂ। ਉਹਦੀ ਸਵੈ ਜੀਵਨੀ ਵਲੈਤੋਂ ਮੰਗਵਾਈ ਹੈ ਤੇ 1905 ਦੇ ਅਸਫ਼ਲ ਇਨਕਲਾਬ ਬਾਰੇ ਉਹਦੇ ਲੇਖਾਂ ਦੀ ਕਿਤਾਬ ਮੈਨੂੰ ਭਗਵਾਨ ਤੋਂ ਮਿਲ ਗਈ ਸੀ। ਮੈਂ ਇਨ੍ਹਾਂ ਦੋਹਾਂ ਕਿਤਾਬਾਂ ਵਿਚੋਂ ਢੇਰ ਸਾਰਾ ਸਿੱਖਿਆ ਹੈ। ਛੇਤੀ ਹੀ ਮੈਂ ਉਹਦੀਆਂ ਬਾਕੀ ਕਿਤਾਬਾਂ ਵੀ ਹਾਸਲ ਕਰ ਲਵਾਂਗਾ। ਯਾਰ ਬੜੀ ਅਸਧਾਰਣ ਕਿਸਮ ਦੀ ਅਤੇ ਖ਼ੌਰੂ ਪਾਊ ਰੂਹ ਹੈ ਉਸ ਦੀ। ਇਸ ਤੋਂ ਬਾਅਦ ਮੈਂ ਲੈਨਿਨ ਨੂੰ ਇਕ ਵੱਢਿਓਂ ਸ਼ੁਰੂ ਕਰਾਂਗਾ, ਮੈਂ ਅੱਗੇ ਉਸ ਨੂੰ ਵਿਕੋਲਿਤਰੇ ਰੂਪ ਵਿਚ ਅੱਧਾ ਕੁ ਪੜ੍ਹਿਆ ਹੈ-ਪਰ ਜਿਸ ਮੱਤ ਉਤੇ ਸਾਨੂੰ ਏਨੀਆਂ ਆਸਾਂ ਹੋਣ, ਉਹਦੀ ਜਾਣਕਾਰੀ ਪੂਰੀ ਅਤੇ ਹਰ ਤਰ੍ਹਾਂ ਹੋਣੀ ਚਾਹੀਦੀ ਹੈ। ਮੈਂ ਤੈਨੂੰ ਸ਼ਾਇਦ ਪਹਿਲਾਂ ਵੀ ਲਿਖਿਆ ਸੀ ਕਿ ਮੈਂ ਪਾਬਲੋ ਨੈਰੂਦਾ ਦੀਆਂ ਦੋ ਕਿਤਾਬਾਂ ਪਿਛਲੇ ਦਿਨੀਂ ਪੜ੍ਹੀਆਂ ਹਨ-'ਮਨ ਤਰੰਗ' ਅਤੇ 'ਵੀਹ ਪਿਆਰ ਕਵਿਤਾਵਾਂ', ਇਨ੍ਹਾਂ ਦੋਹਾਂ ਕਿਤਾਬਾਂ ਨੇ ਮੈਨੂੰ ਪਹਿਲੀ ਵਾਰ ਅਹਿਸਾਸ ਕਰਾਇਆ ਹੈ ਕਿ ਕਵਿਤਾ ਕੀ ਹੁੰਦੀ ਹੈ ਅਤੇ ਇਹ ਕਿੰਨੀ ਮਾਰ ਕਰ ਸਕਦੀ ਹੈ। ਇਨ੍ਹਾਂ ਕਿਤਾਬਾਂ ਨੇ ਮੇਰਾ ਜੀਣ ਵਿਚ ਵਿਸ਼ਵਾਸ ਹੋਰ ਪੱਕਾ ਕੀਤਾ ਹੈ। ਉਸ ਨੇ ਮੈਨੂੰ ਮੌਤ, ਹਨੇਰੇ, ਚੁੱਪ ਅਤੇ ਸੁੰਦਰਤਾ ਦੀਆਂ ਅੰਦਰਲੀਆਂ ਪਰਤਾਂ ਦੇ ਦੀਦਾਰ ਕਰਵਾਏ ਹਨ। ਉਸ ਨੇ ਇਨ੍ਹਾਂ ਚੌਹਾਂ ਬਾਰੇ ਬਹੁਤ ਲਿਖਿਆ ਹੈ। ਕਈ ਵਾਰ ਦੁਹਰਾਇਆ ਵੀ ਹੈ। ਪੰਜਾਬੀ ਵਿਚ ਇਨ੍ਹਾਂ ਚੌਹਾਂ ਵਿਚੋਂ ਕਾਸੇ ਬਾਰੇ ਵੀ ਕਦੀ ਕੁੱਝ ਲਿਖਿਆ ਨਹੀਂ ਗਿਆ। ਉਹ ਇਕ ਕਵੀ ਹੈ ਜਿਸ ਕੋਲ ਸਿਰਫ਼ ਉਂਗਲਾਂ ਅਤੇ ਨਹੁੰ ਹੀ ਨਹੀਂ, ਬਾਹਵਾਂ ਵੀ ਹਨ ਅਤੇ ਬਾਹਵਾਂ ਵੀ ਅਸਮਾਨ ਵਾਂਗ ਫੈਲੀਆਂ ਹੋਈਆਂ। ਉਹ ਇਕ ਕਵੀ ਹੈ ਜੋ ਮੈਨੂੰ ਅਨੰਦ ਵੀ ਦਿੰਦਾ ਹੈ ਤੇ ਪ੍ਰੇਰਨਾ ਵੀ ਦਿੰਦਾ ਹੈ। ਮੈਂ ਤੈਨੂੰ ਕਿਵੇਂ ਦੱਸਾਂ ਕਿ ਮੈਂ ਪਾਬਲੋ ਨੂੰ ਕਿੰਨਾ ਪਿਆਰ ਕਰਨ ਲੱਗਿਆ ਹਾਂ। ਬੱਸ ਤੂੰ ਆਪੇ ਸਮਝ ਲੈ ਯਾਰ। ਇਹ ਦੋਵੇਂ ਕਿਤਾਬਾਂ ਵੀ ਮੈਂ ਵਲੈਤੋਂ ਮੰਗਵਾਈਆਂ ਹਨ। ਜਦੋਂ ਤੂੰ ਚਾਹੇਂਗਾ, ਮੈਥੋਂ ਲੈ ਲਵੀਂ। ਪੜ੍ਹੀਂ ਜ਼ਰੂਰ।

'ਦੇਸ ਪ੍ਰਦੇਸ' 'ਚ ਨੌਕਰੀ ਕਰਨ ਨਾਲ ਮੇਰੀ ਆਰਥਕ ਹਾਲਤ ਸੁਖਾਵੀਂ ਹੋ ਗਈ ਹੈ ਤੇ ਪੜ੍ਹਨ ਲਈ ਮੈਦਾਨ ਖੁੱਲ੍ਹਾ ਹੋ ਗਿਆ ਹੈ। ਹੁਣ ਮੇਰਾ ਪੜ੍ਹਨ ਤੇ ਬਹੁਤ ਚਿੱਤ ਹੈ। ਆਸੇ ਪਾਸੇ ਫੈਲੀ ਅਗਿਆਨਤਾ ਤੋਂ ਘਿਣ ਵਧ ਗਈ ਹੈ। ਦਫ਼ਤਰ ਜਲੰਧਰ ਬਣ ਗਿਆ ਹੈ। ਪਰ ਮੈਂ ਉਥੇ ਰਹਿੰਦਾ ਨਹੀਂ। ਇਕ ਤਾਂ ਫਰਨੀਚਰ ਨਹੀਂ ਲੱਭਾ, ਦੂਜਾ ਪਿੰਡ ਦਾ ਮੋਹ ਨਹੀਂ ਟੁੱਟਦਾ। ਮੈਂ ਡਰਦਾ ਹਾਂ, ਇਹ ਪਿੰਡ ਦਾ ਮੋਹ ਕਿਤੇ ਮੇਰੇ ਵਿਕਾਸ ਵਿਚ ਵਿਘਨ ਨਾ ਬਣ ਜਾਵੇ। ਖ਼ੈਰ...

ਮੈਂ ਇਸ਼ਕ ਦੇ ਮਾਮਲੇ ਵਿਚ ਪਦਾਰਥਵਾਦੀ ਪਤਾ ਨਹੀਂ ਕਿਉਂ ਨਹੀਂ ਹਾਂ। ਸ਼ਾਇਦ ਇਹ ਸਾਡਾ ਵਿਰਸਾ ਹੈ ਜੋ 'ਕੰਬਲ' ਵਾਂਗ ਚੰਬੜਿਆ ਹੋਇਆ ਹੈ। ਮਹਾਂਨਗਰ ਚੇਤਨਾ ਹੀ ਇਸ ਤਰ੍ਹਾਂ ਸੋਚਣ ਤੋਂ ਛੁਟਕਾਰਾ ਦਿਵਾਏਗੀ।

ਕੱਲ ਨੂੰ ਅੰਮ੍ਰਿਤਸਰ ਜਾ ਰਿਹਾ ਹਾਂ। ਟਰੇਡ ਯੂਨੀਅਨਿਜ਼ਮ ਬਾਰੇ ਗੋਸ਼ਟੀ ਸੁਣਨ ਲਈ। ਤੂੰ ਵੀ ਆਇਆ ਜਾਇਆ ਕਰ ਕਦੇ ਅੰਬਰਸਰ ਦੀਆਂ ਗੋਸ਼ਟੀਆਂ ਵਿਚ। ਬੜੀਆਂ ਸਿੱਖਿਆਦਾਇਕ ਅਤੇ ਦਿਲਚਸਪ ਹੁੰਦੀਆਂ ਹਨ ਇਹ। ਆਮ ਬਹਿਸਾਂ ਦੀ ਲੀਹ ਤੋਂ ਹਟ ਕੇ।

ਮੇਰੀਆਂ ਤਿੰਨੇ ਨਵੀਆਂ ਕਵਿਤਾਵਾਂ ਐਤਕੀਂ 'ਸਰਦਲ' ਵਿਚ ਪੜ੍ਹ ਲਵੀਂ ਤੇ ਉਨ੍ਹਾਂ ਬਾਰੇ ਰਾਇ ਜ਼ਰੂਰ ਦੇਵੀਂ। ਇਹ ਮੇਰੇ ਲਈ ਬਹੁਤ ਕੀਮਤੀ ਹੋਵੇਗੀ।

ਤਾਰੇ ਨਾਲ ਲੜ ਕੇ ਉਹਨੂੰ ਮਹੱਤਤਾ ਨਾ ਦੇਈਂ। ਉਹਦੀ ਹੱਤਕ ਉਹਨੂੰ ਗਿਨੋਰਏ ਕਰਨ ਵਿਚ ਹੀ ਹੈ। ਐਵੇਂ ਲੰਡੀਬੁੱਚੀ ਨਾਲ ਨਹੀਂ ਲੜੀਦਾ। ਕੀ ਉਹ ਇਸ ਕਾਬਿਲ ਹੈ ਕਿ ਤੂੰ ਉਹਨੂੰ ਢਾਹਵੇਂ।? ਆਪਾਂ ਗੰਭੀਰ ਦੁਸ਼ਮਣਾਂ ਨੂੰ ਢਾਹੁਣਾ ਹੈ - ਹਾਂ।

ਅੱਛਾ ਹੁਣ ਤੈਨੂੰ ਬੋਰ ਕਰਨਾ ਬੱਸ ਕਰਾਂ। ਮੇਰੀ ਕਿਸੇ ਵੀ ਗੱਲ ਨੂੰ ਨਸੀਹਤ ਨਾ ਸਮਝੀਂ। ਮੈਂ ਤੇਰਾ ਦੋਸਤ ਹਾਂ, ਤੈਨੂੰ ਗਾਲ੍ਹ ਕੱਢ ਸਕਦਾ ਹਾਂ, ਸਿੱਖਿਆ ਨਹੀਂ ਦੇ ਸਕਦਾ। ਜਦ ਮੈਂ ਤੈਨੂੰ ਲਿਖ ਰਿਹਾ ਹੁੰਦਾ ਹਾਂ, ਅਸਲ ਵਿਚ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੁੰਦਾ ਹਾਂ ਤੇ ਜਿਵੇਂ ਸਪਸ਼ਟ ਹੋਣਾ ਚਾਹ ਰਿਹਾ ਹੋਵਾਂ-ਭਲਾ ਮੈਂ ਆਪਣੇ ਆਪ ਨੂੰ ਵੀ ਮੱਤਾਂ ਦੇਵਾਂਗਾ? ਮੇਰੀਆਂ ਗੱਲਾਂ ਤੇ ਕਿੰਤੂ ਕਰਨਾ ਸਿੱਖ। ਜੇ ਤੂੰ ਮੇਰੇ ਨਾਲ ਲੜਿਆ ਨਾ ਕਰੇਂਗਾ ਤਾਂ ਆਪਾਂ ਚੰਗੇ ਦੋਸਤ ਨਹੀਂ ਰਹਿ ਸਕਾਂਗੇ। ਘਟੀਆਂ ਮਿੱਤਰਤਾ ਦਾ ਲਾਭ ਨਹੀਂ ਹੈ। ਤੇਰੀ ਕਿਤਾਬ 'ਕੋਈ ਦਿਓ ਜਵਾਬ' ਦਾ ਰੀਵਿਊ 'ਹੇਮ ਜਯੋਤੀ' ਵਿਚ ਹੀ ਛਪੇਗਾ।

ਨਿੱਘ ਅਤੇ ਸਤਿਕਾਰ ਨਾਲ
ਪਾਸ਼
19.7.74
ਤਲਵੰਡੀ ਸਲੇਮ

(ਸ਼ਮਸ਼ੇਰ ਸੰਧੂ ਦੀ ਪਾਸ਼ ਬਾਰੇ ਛਪ ਰਹੀ ਕਿਤਾਬ ਵਿਚੋਂ) *ਇਹ ਕਹਾਣੀ ਪਿੱਛੋਂ 'ਥਿੜਕਦੇ ਪੈਰ' ਅਤੇ 'ਖ਼ੁਸ਼ਬੂ ਬਦਬੂ' ਨਾਂ ਹੇਠ ਛਪੀ।

## ਵਾਅਦੇ ਨਵੇਂ ਸਾਲ ਦੇ

ਨਵਾਂ ਸਾਲ ਚੜਿਆ, ਨਵਾਂ ਰੰਗ ਫੜਿਆ, ਅਸਾਂ ਵੀ ਕਰ ਲਏ ਕੁਝ ਵਾਅਦੇ,
ਦਾਰੂ ਛੱਡ ਦਿੱਤੀ, ਵਰਜਸ਼ ਕਰਨ ਲੱਗੇ, ਨੱਠਣ ਲੱਗੇ ਰੋਜ਼ ਸ਼ਾਮੀ ਆ ਕੇ।
ਬੜੀ ਤੇਜ਼ੀ ਨਾਲ ਬਣੇ ਪੱਠੇ ਸਾਡੇ, ਦਾਰਾ ਸਿੰਘ ਵਰਗੇ ਹੋ ਗਏ ਡੌਲੇ,
ਹੋਣ ਭੱਜਦਿਆਂ ਨੂੰ ਵੇਖ ਹੈਰਾਨ ਲੋਕੀ, ਭੁੱਲੇ ਮਿਲਖਾ ਸਿੰਘ ਨੂੰ ਹੌਲੇ ਹੌਲੇ।
ਨੌਜਵਾਨਾਂ ਵਾਲੀ ਸਾਡੀ ਦਿਖ ਹੋਈ, ਦਾੜੀ ਰੰਗਣ ਦੀ ਲੱਤ ਨਾ ਰਹੀ ਕਾਈ,
ਚਿਹਰੇ ਦੀਆਂ ਝੁਰੜੀਆਂ ਖਤਮ ਹੋਈਆਂ, ਲਾਲੀ ਗੱਲ੍ਹਾਂ 'ਤੇ ਗਜ਼ਬ ਦੀ ਆਈ।
ਅੰਕਲ ਕਹਿਣ ਵਾਲੇ, ਕਹਿਣ ਭਾ ਜੀ ਸਾਨੂੰ, ਸਾਡੀ ਨਾਰ ਰਤਾ ਸ਼ਰਮਾਉਣ ਲੱਗੀ,
ਲੋਕੀ ਪੁੱਛਣ ਇਹ ਗੱਭਰੂ ਲੱਭਾ ਕਿਥੋਂ, ਵਿਚਾਰੀ ਸੁਣ ਕੇ ਨੀਵੀਂ ਪਾਉਣ ਲੱਗੀ।
ਦਾਰੂ ਵਾਲੇ ਬੇਲੀ ਹੁਣ ਰਹੇ ਪਿਛੇ, ਚਾਲ ਅਸੀਂ ਉਨ੍ਹਾਂ ਦੀ ਚੱਲਦੇ ਨਹੀਂ ਸਾਂ,
ਵੇਖ-ਵੇਖ ਝੂਰੀ ਜਾਣ ਵਿਚਾਰੇ, ਹੁਣ ਅਸੀਂ ਉਨ੍ਹਾਂ ਵਿਚ ਰਲਦੇ ਨਹੀਂ ਸਾਂ।
ਅਚਾਨਕ ਬਾਹਰੋਂ ਆਉਣ 'ਵਾਜਾਂ, ਜਿਵੇਂ ਤੂਫਾਨ ਗੁਆਂਢ 'ਚ ਆਇਆ ਹੋਵੇ,
ਗੁਆਂਢਣ ਕੱਢਦੀ ਫਿਰੇ ਗਾਲਾਂ, ਜਿਵੇਂ ਆਪਣੇ ਖੌਂਦ ਨੂੰ ਉਹਨੇ ਢਾਹਿਆ ਹੋਵੇ।
ਕਹਿੰਦੀ ਜ਼ਿੰਦਗੀ 'ਚ ਕਦੇ ਤਾਂ ਸ਼ਰਮ ਕਰ, ਬਿਨਾ ਪੀਤਿਓਂ! ਘਰ ਨੀਂ ਆ ਸਕਦਾ?
ਨਿਆਣੇ ਸੁੱਖ ਨਾਲ ਤੇਰੇ ਜੁਆਨ ਹੋਏ, ਕੀ ਉਨ੍ਹਾਂ ਦੀ ਸੰਗ ਨਹੀਂ ਖਾ ਸਕਦਾ?
ਢਿੱਡ ਵਧਿਆ ਤੇਰਾ ਤੌੜੇ ਵਾਂਗੂ, ਟੀ.ਵੀ. ਮੂਹਰੇ ਤੂੰ ਛਾਉਣੀ ਪਾਈ ਰੱਖਦੈਂ,
ਤੇਰੀ ਉਮਰ ਦੇ ਭੱਜਣ ਘੋੜਿਆਂ ਵਾਂਗੂ, ਤੂੰ ਪਿੱਠ ਦੁਖਣ ਦੀ ਰੱਟ ਲਾਈ ਰੱਖਦੈਂ।
ਆਏ ਸਾਲ ਤੂੰ ਕਰੇਂ ਵਾਅਦੇ, ਪਤਾ ਨਹੀਂ ਆਪਣੇ ਨਾਲ, ਕਿ ਮੇਰੇ ਨਾਲ ਕਰਦੈਂ,
ਇਹ ਉਵੇਂ ਫਾਲਤੂ ਗੱਲ ਤੇਰੀ, ਜਿਵੇਂ ਜਦੋਂ ਕਹਿਨੈ ਪਿਆਰ ਮੇਰੇ ਨਾਲ ਕਰਦੈਂ।
ਜਾਗ ਖੁੱਲੀ, ਗੁਆਂਢਣ ਨਹੀਂ, ਇਹ ਤਾਂ ਮੇਰੀ ਸਿਰਤਾਜ ਸੀ ਮੈਨੂੰ ਛਾਂਦੇ ਵੰਡਦੀ,
ਹੈਂਗ ਓਵਰ ਨਾਲ ਸੀ ਸਿਰ ਫਟ ਰਿਹਾ ਮੇਰਾ, ਪਿੱਠ ਦਰਦ ਨਾਲ ਸੀ ਚੀਕਾਂ ਕੱਢਦੀ।
ਇੱਕੋ ਝਟਕੇ ਗਈ ਲੁੱਟੀ ਦੁਨੀਆਂ, ਉੱਠ ਪੁਰਾਣਾ ਰਛਪਾਲ ਕਿਚਨ ਵਲ ਜਾਣ ਲੱਗਾ,
ਘਰ ਵਾਲੀ ਨਾ ਕੱਢੇ ਕਿਤੇ ਹੋਰ ਗਾਲਾਂ, ਲੁਕਾ ਦਰਦ ਸਾਰੇ, ਚਾਹ ਬਣਾਉਣ ਲੱਗਾ।
ਖੈਰ! ਨਵਾਂ ਸਾਲ ਚੜਿਐ, ਫਿਰ ਜਸ਼ਨ ਮਨਾਵਾਂਗੇ ਤੇ, ਫਿਰ ਕਰਾਂਗੇ ਨਵੇਂ ਵਾਅਦੇ,
ਦਾਰੂ ਛੱਡ ਦਿਆਂਗੇ, ਵਰਜਸ਼ ਸ਼ੁਰੂ ਕਰਾਂਗੇ, ਤੇ ਨੱਠਾਂਗੇ ਰੋਜ਼ ਸ਼ਾਮੀ ਆ ਕੇ।

***ਡਾ. ਰਛਪਾਲ ਸਹੋਤਾ, ਸਿਨਸਿਨੈਟੀ***

# ਇਕ ਕੁੜੀ ਖੰਡ ਦੀ ਪੂੜੀ ਤੇ ਫਿਰ ਨਾ ਮੁੜੀ



**ਡਾ. ਹਰਸ਼ਿੰਦਰ ਕੌਰ**

ਅੱਜ ਤੋਂ ਤਿੰਨ ਸਾਲ ਪਹਿਲਾਂ ਦੀ ਗੱਲ ਹੈ। ਮੇਰਾ ਲੇਖ ਪੜ੍ਹ ਕੇ ਇਕ ਸੱਜਣ ਵਲੋਂ ਲਿਖੀ ਚਿੱਠੀ ਮੈਨੂੰ ਮਿਲੀ ਕਿ ਉਹ ਪਿਛਲੇ 12 ਸਾਲਾਂ ਤੋਂ ਮੰਜੇ ਉੱਤੇ ਪਿਆ ਹੈ ਕਿਉਂਕਿ ਐਕਸੀਡੈਂਟ ਕਾਰਨ ਉਸ ਦੀਆਂ ਦੋਵੇਂ ਲੱਤਾਂ ਨਕਾਰਾ ਹੋ ਚੁੱਕੀਆਂ ਹਨ। ਉਸਦੀ ਇੱਕ ਧੀ ਸੀ ਜੋ ਮੇਰੇ ਲੇਖ ਪੜ੍ਹ ਕੇ ਮੇਰੇ ਨਾਲ ਦਿਲੀ ਸਾਂਝ ਬਣਾ ਚੁੱਕੀ ਸੀ ਤੇ ਮੈਨੂੰ ਭੂਆ ਕਹਿਕੇ ਉਸਨੇ ਉਸੇ ਚਿੱਠੀ ਵਿਚ ਸੰਬੋਧਨ ਕੀਤਾ ਹੋਇਆ ਸੀ। ਉਸ ਸੱਜਣ ਨੇ ਬਹੁਤ ਅਰਜ਼ੋਈ ਕੀਤੀ ਹੋਈ ਸੀ ਕਿ ਉਸਦੀ ਧੀ ਦਾ ਵਿਆਹ ਚਾਰ ਮਹੀਨੇ ਬਾਅਦ ਹੈ ਤੇ ਉਹ ਚਾਹੁੰਦਾ ਹੈ ਕਿ ਮੈਂ ਉਸ ਵਿਆਹ 'ਤੇ ਜ਼ਰੂਰ ਆਵਾਂ। ਚਿੱਠੀ ਦੇ ਅਖੀਰ ਵਿਚ ਉਸਨੇ ਆਪਣਾ ਮੋਬਾਈਲ ਨੰਬਰ ਵੀ ਦਿੱਤਾ ਹੋਇਆ ਸੀ।

ਮੈਂ ਉਸ ਮੋਬਾਈਲ ਨੰਬਰ ਉੱਤੇ ਫੋਨ ਕਰਕੇ ਉਸ ਤੋਂ ਮੁਆਫ਼ੀ ਮੰਗੀ ਕਿ ਮੈਂ ਉਸ ਦਿਨ ਨਹੀਂ ਆ ਸਕਣਾ ਕਿਉਂਕਿ ਮੇਰੀ ਬੇਟੀ ਦੇ ਇਮਤਿਹਾਨ ਸ਼ੁਰੂ ਹੋ ਜਾਣੇ ਹਨ। ਬਸ ਫੇਰ ਕੀ ਸੀ। ਮੈਨੂੰ ਹਰ ਤੀਜੇ ਦਿਨ ਉਸ ਬੇਟੀ ਦੇ ਫੋਨ ਆਉਣੇ ਸ਼ੁਰੂ ਹੋ ਗਏ ਕਿ ਉਸ ਨੇ ਵਿਆਹ ਹੀ ਨਹੀਂ ਕਰਾਉਣਾ ਜੇ ਮੈਂ ਨਾ ਆਈ। ਮੇਰੇ ਬਹੁਤ ਨਾਂਹ-ਨੁਕਰ ਕਰਨ ਦੇ ਬਾਵਜੂਦ ਉਹ ਨਾ ਮੰਨੀ। ਇਕ ਦਿਨ ਉਸ ਸੱਜਣ ਦਾ ਫੇਰ ਫੋਨ ਆਇਆ ਕਿ ਦੋ ਦਿਨ ਤੋਂ ਉਸ ਦੀ ਬੇਟੀ ਨੇ ਕੁਝ ਨਹੀਂ ਖਾਧਾ ਕਿਉਂਕਿ ਉਹ ਤੁਹਾਡੇ ਨਾਲ ਰੁੱਸੀ ਬੈਠੀ ਹੈ। ਹਾਰ ਕੇ ਮੈਂ ਉਸਦੇ ਵਿਆਹ 'ਤੇ ਪਹੁੰਚਣ ਦੀ ਹਾਂ ਕਰ ਦਿੱਤੀ, ਏਸ ਸ਼ਰਤ 'ਤੇ ਕਿ ਮੈਂ ਇਕ ਦਿਨ ਪਹਿਲਾਂ ਆ ਸਕਾਂਗੀ ਤੇ ਉਨ੍ਹਾਂ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋ ਕੇ ਉਸੇ ਦਿਨ ਵਾਪਸ ਆ ਜਾਵਾਂਗੀ ਕਿਉਂਕਿ ਅਗਲੇ ਦਿਨ ਮੇਰੀ ਬੇਟੀ ਦੇ ਪੇਪਰ ਸ਼ੁਰੂ ਸਨ।

ਮੇਰੀ ਹਾਂ ਸੁਣਨ 'ਤੇ ਉਨ੍ਹਾਂ ਨੂੰ ਚਾਅ ਚੜ੍ਹ ਗਿਆ ਸੀ। ਉਸ ਬੱਚੀ ਨੇ ਰੋਜ਼ ਫੋਨ ਉੱਤੇ ਮੈਨੂੰ ਆਪਣੇ ਕੱਪੜਿਆਂ ਤੇ ਚੂੜੀਆਂ ਦੇ ਰੰਗ ਪੁੱਛਣੇ ਸ਼ੁਰੂ ਕਰ ਦਿੱਤੇ। ਹਰ ਨਿੱਕੀ ਨਿੱਕੀ ਚੀਜ਼ ਉਹ ਮੈਨੂੰ ਪੁੱਛ ਕੇ ਕਰਦੀ ਰਹਿੰਦੀ। ਮੈਨੂੰ ਵੀ ਉਸਦੇ ਫੋਨ ਦਾ ਇੰਤਜ਼ਾਰ ਰਹਿਣ ਲੱਗ ਪਿਆ। ਰੋਜ਼ ਰਾਤ ਅੱਠ ਵਜੇ ਉਸਦਾ ਫੋਨ ਆਉਂਦਾ। ਸਾਰੇ ਦਿਨ ਦੀਆਂ ਗੱਲਾਂ ਸੁਣਾਉਣ ਤੋਂ ਬਾਅਦ ਹੀ ਉਹ ਰਾਤ ਦੀ ਰੋਟੀ ਖਾਂਦੀ ਸੀ। ਕਦੇ ਆਪਣੇ ਸਹੁਰਿਆਂ ਨੂੰ ਉਹ ਬਹੁਤ ਜ਼ਿਆਦਾ ਇੱਜ਼ਤ ਦੇਣ ਦੀ ਗੱਲ ਕਰਦੀ ਤੇ ਕਦੇ ਆਪਣੇ ਅਪਾਹਜ ਪਿਓ ਦਾ ਫਿਕਰ ਉਸਨੂੰ ਨੀਂਦਰ ਨਾ ਲੈਣ ਦਿੰਦਾ।

ਇਕ ਦਿਨ ਫੋਨ ਉੱਤੇ ਉਹ ਬਹੁਤ ਖੁਸ਼ੀ ਜ਼ਾਹਰ ਕਰ ਰਹੀ ਸੀ ਤੇ ਕਹਿਣ ਲੱਗੀ, ''ਮੈਂ ਪੁੱਤਰ ਦਾ ਫਰਜ਼ ਪੂਰਾ ਕਰਨ ਲੱਗੀ ਹਾਂ। ਮੈਂ ਆਪਣੇ ਸਹੁਰਿਆਂ ਨੂੰ ਕਹਿ ਦਿੱਤੈ ਕਿ ਮੈਂ ਆਪਣੇ ਪਿਓ ਨੂੰ ਇਕੱਲਾ ਪਿੱਛੇ ਨਹੀਂ ਛੱਡਣਾ ਕਿਉਂਕਿ ਉਹ ਤਾਂ ਉੱਠ ਸਕਣ ਜੋਗੇ ਨਹੀਂ ਤੇ ਉਨ੍ਹਾਂ ਦਾ ਖ਼ਿਆਲ ਰੱਖਣ ਵਾਲੀ ਸਿਰਫ ਮੈਂ ਹਾਂ। ਮੈਨੂੰ ਮਾਂ ਦਾ ਪਿਆਰ ਵੀ ਉਨ੍ਹਾਂ ਤੋਂ ਹੀ ਮਿਲਿਆ ਹੈ। ਹੁਣ ਮੇਰਾ ਫਰਜ਼ ਹੈ ਉਨ੍ਹਾਂ ਦਾ ਖ਼ਿਆਲ ਰੱਖਣਾ। ਇਸੇ ਲਈ ਮੈਂ ਨੌਕਰੀ ਆਪਣੇ ਪੇਕੇ ਘਰ ਨੇੜੇ ਹੀ ਕਰਾਂਗੀ ਤਾਂ ਜੋ ਸਵੇਰੇ ਸ਼ਾਮ ਆਪਣੇ ਪਾਪਾ ਦਾ ਹਾਲ ਚਾਲ ਪੁੱਛਦੀ ਰਹਾਂ ਤੇ ਲੋੜ ਦੀਆਂ ਚੀਜ਼ਾਂ ਘਰ ਪਹੁੰਚਾ ਦਿਆ ਕਰਾਂ। ਮੇਰੇ ਸਹੁਰੇ ਵਾਲੇ ਮੰਨ ਗਏ ਹਨ। ਉਹ ਬਹੁਤ ਨੇਕ ਬੰਦੇ ਹਨ।''

ਮੈਂ ਉਸ ਨੂੰ ਸ਼ਾਬਾਸ਼ੀ ਦਿੱਤੀ। ਮੈਂ ਹਾਲੇ ਤਕ ਉਸਦੀ ਤਸਵੀਰ ਨਹੀਂ ਵੇਖੀ ਸੀ ਪਰ ਦਿਲੀ ਸਾਂਝ ਕਾਰਨ ਇਕ ਖੂਬਸੂਰਤ ਬੱਚੀ ਦੀ ਤਸਵੀਰ ਮੇਰੇ ਦਿਮਾਗ ਨੇ ਬਣਾ ਲਈ ਸੀ। ਆਖ਼ਰ, ਉਸਦੇ ਵਿਆਹ ਤੋਂ ਇਕ ਦਿਨ ਪਹਿਲਾਂ ਦਾ ਦਿਨ ਆ ਹੀ ਗਿਆ। ਮੈਂ ਸਿਲਕ ਦਾ ਗੁਲਾਬੀ ਸੂਟ ਉਸਨੂੰ ਦੇਣ ਲਈ ਨਾਲ ਰੱਖ ਲਿਆ। ਜਦੋਂ ਉਸਦੇ ਘਰ ਮੈਂ ਤੇ ਮੇਰੇ ਪਤੀ ਪਹੁੰਚੇ ਤਾਂ ਉਹ ਘਰ ਨਹੀਂ ਸੀ। ਉਸਦਾ ਅਪਾਹਜ ਪਿਤਾ ਮੰਜੇ ਉੱਤੇ ਪਿਆ ਸੀ। ਉਸਨੇ ਸਾਨੂੰ ਬੈਠਣ ਲਈ ਕਿਹਾ ਤੇ ਦੱਸਿਆ ਕਿ ਮਨ੍ਹਾਂ ਕਰਨ ਦੇ ਬਾਵਜੂਦ ਉਹ ਹੱਥਾਂ ਉੱਤੇ ਮਹਿੰਦੀ ਲਵਾ ਕੇ ਆਪ ਬਾਜ਼ਾਰ ਤੁਹਾਡੇ ਲਈ ਗਰਮ ਪਕੌੜੇ ਅਤੇ ਮਠਿਆਈ ਲੈਣ ਗਈ ਹੈ।

ਮੈਨੂੰ ਉਸਦੇ ਰਿਸ਼ਤੇਦਾਰਾਂ ਨੇ ਉਸ ਦੀ ਐਲਬਮ ਵਿਖਾਉਣੀ ਸ਼ੁਰੂ ਕਰ ਦਿੱਤੀ। ਉਸਦੇ ਹੱਥ ਦੀਆਂ ਕੱਢੀਆਂ ਚੀਜ਼ਾਂ ਤੇ ਹੋਰ ਵੀ ਕਈ ਕੁੱਝ। ਫੋਟੋਆਂ ਵਿਚ ਉਹ ਬਹੁਤ ਹੀ ਪਿਆਰੀ ਨਿੱਕੀ ਜਿਹੀ ਗੁੱਡੀ ਜਾਪ ਰਹੀ ਸੀ। ਮੈਨੂੰ ਉਸਨੂੰ ਮਿਲਣ ਦਾ ਚਾਅ ਹੋਰ ਚੜ੍ਹ ਗਿਆ। ਸਾਰੇ ਰਿਸ਼ਤੇਦਾਰ ਦੱਸ ਰਹੇ ਸਨ ਕਿ ਬੜੀ ਹਿੰਮਤੀ ਕੁੜੀ ਹੈ ਤੇ ਆਪਣੇ ਪਿਓ ਦੀ ਪੂਰੀ ਸੇਵਾ ਕਰਦੀ ਹੈ। ਬਹੁਤ ਹੀ ਮਿਲਣਸਾਰ ਤੇ ਮਿੱਠ ਬੋਲੜੀ। ਫੇਰ ਮੈਨੂੰ ਉਸਦੇ ਦਾਜ ਦਾ ਸਾਮਾਨ ਵਿਖਾਇਆ ਗਿਆ ਜਿਹੜਾ ਉਸਨੇ ਆਪ ਹੀ ਟਿਊਸ਼ਨਾਂ ਪੜ੍ਹਾ ਕੇ ਇਕੱਠਾ ਕੀਤਾ ਸੀ। ਉਸਦੇ ਕਮਰੇ ਦੇ ਇਕ ਪਾਸੇ ਉਸਨੇ ਅਖ਼ਬਾਰ ਵਿਚੋਂ ਕੱਟ ਕੇ ਮੇਰੀਆਂ ਫੋਟੋਆਂ ਲਾ ਰੱਖੀਆਂ ਸਨ।

ਹੁਣ ਤੱਕ ਸਾਨੂੰ ਬੈਠਿਆਂ ਦੋ ਘੰਟੇ ਹੋ ਚੁੱਕੇ ਸਨ ਤੇ ਮੈਂ ਛਿੱਥੀ ਪੈ ਰਹੀ ਸੀ ਕਿ ਉਹ ਮਠਿਆਈ ਲੈਣ ਗਈ ਵਾਪਿਸ ਕਿਉਂ ਨਹੀਂ ਆਈ।

ਘਰਦਿਆਂ ਨੂੰ ਵੀ ਕੁਝ ਫਿਕਰ ਹੋਣ ਲੱਗ ਪਿਆ ਤੇ ਉਸਦਾ ਅਪਾਹਜ ਪਿਓ ਕਹਿਣ ਲੱਗਿਆ, ''ਕੱਲ੍ਹ ਨੂੰ ਉਸ ਦਾ ਵਿਆਹ ਹੈ ਤੇ ਅੱਜ ਆਪਣੀ ਭੂਆ ਦੇ ਚਾਅ ਪਿੱਛੇ ਬਾਜ਼ਾਰੋਂ ਸਾਮਾਨ ਇਕੱਠਾ ਕਰਦੀ ਹੋਣੀ ਹੈ। ਫਟਾਫਟ ਜਾ ਕੇ ਸੱਦ ਲਿਆਓ। ਆਹ ਨਾਲ ਤਾਂ ਹਲਵਾਈ ਦੀ ਦੁਕਾਨ ਐ।''

ਮੈਨੂੰ ਉਸਦੇ ਪਿਓ ਨੇ ਅੰਦਰੋਂ ਕਾਨਸ ਤੋਂ ਇੱਕ ਰੇਸ਼ਮੀ ਪੋਟਲੀ ਚੁੱਕ ਕੇ ਲਿਆਉਣ ਲਈ ਕਿਹਾ ਤਾਂ ਮੈਂ ਚੁੱਕ ਲਿਆਈ। ਉਸਨੂੰ ਖੋਲ੍ਹਣ 'ਤੇ ਪੱਤਾ ਲੱਗਾ ਕਿ ਉਸਨੇ ਮੇਰੇ ਵਾਸਤੇ ਚਾਰ ਰੁਮਾਲ ਆਪਣੇ ਹੱਥ ਨਾਲ ਕੱਢੇ ਹੋਏ ਸਨ ਜਿਨ੍ਹਾਂ ਉੱਤੇ ਮੇਰਾ ਨਾਂ ਲਿਖ ਕੇ ਕਢਾਈ ਕੀਤੀ ਹੋਈ ਸੀ। ਇਕ ਫੁਲਕਾਰੀ ਦਾ ਦੁਪੱਟਾ ਵੀ ਉਸਨੇ ਆਪਣੇ ਹੱਥਾਂ ਨਾਲ ਮੇਰੇ ਲਈ ਕੱਢਿਆ ਹੋਇਆ ਸੀ।

ਮੇਰੇ ਅੰਦਰ ਉਸ ਬੱਚੀ ਲਈ ਬਹੁਤ ਜ਼ਿਆਦਾ ਪਿਆਰ ਉਮੜ ਪਿਆ। ਮੇਰਾ ਦਿਲ ਕਰਨ ਲੱਗ ਪਿਆ ਕਿ ਉਸਨੂੰ ਝੱਟ ਜੱਫੀ ਵਿਚ ਲੈ ਲਵਾਂ ਪਰ ਉਹ ਘਰ ਵਾਪਸ ਹੀ ਨਹੀਂ ਸੀ ਆ ਰਹੀ।

ਆਖਰ ਹਾਰ ਕੇ ਅਸੀਂ ਇਕ ਗੁਆਂਢੀ ਨੂੰ ਆਪਣੀ ਕਾਰ ਵਿਚ ਬਿਠਾ ਕੇ ਬਾਜ਼ਾਰ ਵੱਲ ਨਿਕਲੇ ਕਿ ਉਸਨੂੰ ਉਥੋਂ ਹੀ ਨਾਲ ਬਿਠਾ ਲਿਆਉਂਦੇ ਹਾਂ। ਹਲਵਾਈ ਦੀ ਦੁਕਾਨ ਤੋਂ ਪਤਾ ਕੀਤਾ ਤਾਂ ਉਸ ਦੱਸਿਆ ਕਿ ਇਥੋਂ ਉਸਨੂੰ ਸਾਮਾਨ ਲੈ ਕੇ ਗਿਆ ਤਾਂ ਪੌਣਾ ਘੰਟਾ ਹੋ ਗਿਆ। ਅੱਗੇ ਕਿਤੇ ਗਈ ਹੋਣੀ ਐ।

ਮੇਨ ਸੜਕ ਉੱਤੇ ਬਹੁਤ ਜ਼ਿਆਦਾ ਭੀੜ ਇਕੱਠੀ ਹੋਈ ਪਈ ਸੀ ਤੇ ਕਈ ਪ੍ਰੈਸ ਵਾਲੇ ਧੜਾਧੜ ਫੋਟੋਆਂ ਖਿੱਚਣ ਲੱਗੇ ਹੋਏ ਸਨ। ਭੀੜ ਦੇ ਵਿਚੋਂ ਸੜਕ ਉੱਤੇ ਲਹੂ ਦੀਆਂ ਧਾਰੀਆਂ ਵਗ ਰਹੀਆਂ ਸਨ ਤੇ ਲੋਕ ਉਸਦੇ 'ਤੇ ਲੰਘੀ ਜਾ ਰਹੇ ਸਨ ਤੇ ਕੁਝ ਸਕੂਟਰ ਵੀ ਟੇਢੇ ਮੇਢੇ ਹੋ ਕੇ ਉਸੇ ਲਹੂ ਨੂੰ ਮਿੱਝੀ ਜਾ ਰਹੇ ਸਨ।

ਮੇਰੇ ਦਿਲ ਨੂੰ ਹੌਲ ਜਿਹਾ ਪਿਆ। ਮੇਰੇ ਡਾਕਟਰ ਪਤੀ ਨੇ ਭੱਜ ਕੇ ਭੀੜ ਵਿਚੋਂ ਲੰਘਣ ਦੀ ਕੋਸ਼ਿਸ਼ ਕੀਤੀ ਕਿ ਕਿਸੇ ਜ਼ਖਮੀ ਦੀ ਮਦਦ ਕੀਤੀ ਜਾ ਸਕੇ ਤਾਂ ਦੱਸਿਆ ਗਿਆ ਕਿ ਇਕ ਸ਼ਰਾਬੀ ਟਰੱਕ ਡਰਾਈਵਰ ਨੇ ਇਕ ਇਨਸਾਨੀ ਸਰੀਰ ਨੂੰ ਏਨੀ ਬੁਰੀ ਤਰ੍ਹਾਂ ਕੁਚਲ ਦਿੱਤਾ ਹੈ ਕਿ ਲਾਸ਼ ਦੀ ਸ਼ਕਲ ਹੀ ਪਛਾਣਨੀ ਮੁਸ਼ਕਲ ਹੋ ਚੁੱਕੀ ਹੈ। ਪੂਰੀ ਤਰ੍ਹਾਂ ਸਾਰਾ ਮੁਰਦਾ ਸਰੀਰ ਫਿੱਸਿਆ ਪਿਆ ਹੈ ਤੇ ਲਹੂ ਲੁਹਾਨ ਹੈ।

ਉਸ ਭੀੜ ਨੂੰ ਚੀਰ ਕੇ ਅਗਾਂਹ ਵਧਣ ਨਾਲੋਂ ਅਸੀਂ ਉਸ ਬੱਚੀ ਨੂੰ ਲੱਭਣਾ ਜ਼ਿਆਦਾ ਜ਼ਰੂਰੀ ਸਮਝਿਆ। ਪੌਣਾ ਘੰਟਾ ਬਾਜ਼ਾਰ ਫਿਰਨ ਤੋਂ ਬਾਅਦ ਘਰ ਵਲ ਤੁਰੇ ਕਿ ਸ਼ਾਇਦ ਉਹ ਘਰ ਪਹੁੰਚ ਗਈ ਹੋਵੇ ਪਰ ਉਹ ਹਾਲੇ ਵੀ ਘਰ ਨਹੀਂ ਸੀ ਪਹੁੰਚੀ।

ਮੈਂ ਉਨ੍ਹਾਂ ਨੂੰ ਪੁਲਿਸ ਵਿਚ ਇਤਲਾਹ ਕਰਨ ਬਾਰੇ ਕਿਹਾ ਤਾਂ ਸਾਰੇ ਰਿਸ਼ਤੇਦਾਰ ਮੁੱਕਰ ਗਏ ਕਿ ਇਸ ਤਰ੍ਹਾਂ ਬਦਨਾਮੀ ਹੋਣ ਦਾ ਡਰ ਹੈ ਕਿਉਂਕਿ ਅਗਲੇ ਦਿਨ ਤਾਂ ਕੁੜੀ ਦਾ ਵਿਆਹ ਹੈ। ਇਕ ਤਾਂ ਮੈਨੂੰ ਪਿੱਛੇ ਆਪਣੀ ਬੇਟੀ ਦਾ ਫਿਕਰ ਸੀ ਕਿ ਉਹ ਇਕੱਲੀ ਘਰ ਪਹੁੰਚ ਕੇ ਬਾਹਰ ਬੈਠੀ ਹੋਵੇਗੀ ਤੇ ਦੂਜਾ ਮੈਨੂੰ ਖਿੱਝ ਚੜ੍ਹਨ ਲੱਗ ਪਈ ਸੀ ਕਿ ਮੈਨੂੰ ਸੱਦ ਕੇ ਆਪ ਘਰ ਹੀ ਨਹੀਂ ਮਿਲੀ। ਇਸੇ ਲਈ ਮੈਂ ਵਾਪਸ ਤੁਰਨ ਦੀ ਕਾਹਲ ਪਾ ਦਿੱਤੀ। ਤੁਰਨ ਲੱਗਿਆਂ ਰੁਮਾਲ ਤੇ ਚੁੰਨੀ ਨਾਲ ਉਨ੍ਹਾਂ ਮੈਨੂੰ ਉਸਦੇ ਹੱਥ ਦੀ ਬਣੀ ਖੋਏ ਦੀ ਬਰਫੀ ਦਾ ਡੱਬਾ ਵੀ ਦੇ ਦਿੱਤਾ। ਮੈਂ ਵੀ ਉਸਦਾ ਸ਼ਗਨ ਤੇ ਸੂਟ ਉੱਥੇ ਰੱਖ ਕੇ ਵਾਪਸ ਤੁਰ ਪਈ। ਜਦੋਂ ਮੇਨ ਸੜਕ ਤੇ ਪਹੁੰਚੇ ਤਾਂ ਭੀੜ ਹਾਲੇ ਵੀ ਉਸ ਲਾਸ਼ ਨੂੰ ਘੇਰਾ ਪਾਈ ਬੈਠੀ ਸੀ।

ਮੈਂ ਸ਼ੱਕ ਜਿਹਾ ਜ਼ਾਹਰ ਕੀਤਾ ਕਿ ਇਥੋਂ ਲੰਘਦਿਆਂ ਦਿਲ ਖੁੱਸਦਾ ਹੈ, ਆਪਾਂ ਅੱਗੇ ਹੋ ਕੇ ਵੇਖ ਤਾਂ ਲਈਏ। ਮੇਰੇ ਪਤੀ ਨੇ ਕਿਹਾ, ''ਹਰ ਇਨਸਾਨੀ ਮੌਤ ਉੱਤੇ ਇੰਜ ਹੀ ਮਹਿਸੂਸ ਹੁੰਦਾ ਹੈ। ਹੁਣ ਤੂੰ ਉਸ ਬੱਚੀ ਬਾਰੇ ਕੁਝ ਮਾੜਾ ਨਾ ਸੋਚ ਤੇ ਖੁਸ਼ ਹੋ ਕੇ ਘਰ ਚੱਲ।''

ਫਿਕਰ ਜਿਹੇ ਨਾਲ ਮੈਂ ਘਰ ਪਹੁੰਚੀ ਤਾਂ ਮੇਰੀ ਬੇਟੀ ਘਰ ਦੇ ਬਾਹਰ ਬੈਠੀ ਸਾਨੂੰ ਦੋਹਾਂ ਨੂੰ ਉਡੀਕ ਰਹੀ ਸੀ। ਉਸਦੇ ਇਮਤਿਹਾਨ ਦੀ ਤਿਆਰੀ ਕਰਵਾ ਕੇ ਮੈਂ ਰਾਤ ਫੇਰ ਉੱਥੇ ਫੋਨ ਕੀਤਾ ਤਾਂ ਕਿਸੇ ਨੇ ਮੋਬਾਈਲ ਚੁੱਕਿਆ ਹੀ ਨਹੀਂ। ਮੈਂ ਸੋਚਿਆ ਵਿਆਹ ਕਾਰਨ ਰੌਲੇ ਰੱਪੇ ਵਿਚ ਘੰਟੀ ਨਹੀਂ ਸੁਣੀ ਹੋਣੀ।

ਸਵੇਰੇ ਅਖ਼ਬਾਰ ਦਾ ਇਕ ਸਫਾ ਮੇਰੇ ਪਤੀ ਨੇ ਮੇਰੇ ਅੱਗੇ ਰੱਖ ਦਿੱਤਾ ਤੇ ਅਖਬਾਰ ਵਿਚਲੀ ਇਕ ਖਬਰ ਵਲ ਇਸ਼ਾਰਾ ਕੀਤਾ। ਮੈਂ ਵੇਖਿਆ ਮੇਰੇ ਪਤੀ ਦੀਆਂ ਅੱਖਾਂ ਵਿਚ ਹੰਝੂ ਸਨ। ਮੇਰਾ ਦਿਲ ਜ਼ੋਰ ਦੀ ਧੜਕਣ ਲੱਗ ਪਿਆ। ਡਰਦੇ ਡਰਦੇ ਖ਼ਬਰ ਪੜ੍ਹੀ ਤਾਂ ਉਸ ਵਿਚ ਕੱਲ੍ਹ ਵਾਲੇ ਐਕਸੀਡੈਂਟ ਦਾ ਜ਼ਿਕਰ ਸੀ। ਨਾਲ ਫੋਟੋਆਂ ਵੀ ਸਨ। ਪੂਰੀ ਖ਼ਬਰ ਵਿਚ ਉਸ ਬੱਚੀ ਦਾ ਨਾਂ ਅਤੇ ਉਸਦੇ ਅਪਾਹਜ ਪਿਤਾ ਦਾ ਨਾਂ ਵੀ ਸੀ ਅਤੇ ਇਹ ਵੀ ਲਿਖਿਆ ਸੀ ਕਿ ਅਗਲੇ ਦਿਨ ਉਸ ਕੁੜੀ ਦਾ ਵਿਆਹ ਸੀ।

ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ ਇਸੇ ਲਈ ਮੇਰਾ ਸਰੀਰ ਠੰਢਾ ਜਿਹਾ ਪੈ ਗਿਆ। ਏਨਾ ਸਖ਼ਤ ਧੱਕਾ ਲੱਗਿਆ ਕਿ ਮੇਰਾ ਇਕ ਵੀ ਹੰਝੂ ਅੱਖਾਂ ਵਿਚੋਂ ਬਾਹਰ ਨਹੀਂ ਡਿੱਗਿਆ। ਮੈਂ ਸੁੰਨ ਜਿਹੀ ਹੋ ਗਈ ਸੀ। ਮੇਰੇ ਪਤੀ ਨੇ ਫੱਟ ਉਨ੍ਹਾਂ ਘਰ ਮੋਬਾਈਲ ਮਿਲਾਇਆ ਤਾਂ ਕਿਸੇ ਰਿਸ਼ਤੇਦਾਰ ਨੇ ਚੁੱਕਿਆ ਤੇ ਦੱਸਿਆ ਕਿ ਰਾਤ ਨੂੰ ਬੇਟੀ ਦੀ ਮੌਤ ਦੀ ਖ਼ਬਰ ਸੁਣ ਕੇ ਅੱਧੇ ਘੰਟੇ ਵਿਚ ਹੀ ਉਸਦੇ ਅਪਾਹਜ ਪਿਤਾ ਦੀ ਵੀ ਹਾਰਟ ਅਟੈਕ ਨਾਲ ਮੌਤ ਹੋ ਗਈ। ਅੱਜ ਦੋਵਾਂ ਲਾਸ਼ਾਂ ਨੂੰ ਦਫਨਾਉਣਾ ਹੈ।

ਮੈਨੂੰ ਸੁੰਨ ਵੇਖ ਕੇ ਮੇਰੇ ਪਤੀ ਨੇ ਉਸ ਬੱਚੀ ਦੇ ਹੱਥ ਦੇ ਕੱਢੇ ਰੁਮਾਲ ਅਤੇ ਚੁੰਨੀ ਮੇਰੀ ਝੋਲੀ ਵਿਚ ਰੱਖ ਦਿੱਤੇ। ਮੈਨੂੰ ਇੰਜ ਜਾਪਿਆ ਜਿਵੇਂ ਇਕ ਧੀ ਦੀ ਲਾਸ਼ ਮੇਰੀ ਗੋਦ ਵਿਚ ਧਰ ਦਿੱਤੀ ਹੋਵੇ। ਮੈਂ ਬਹੁਤ ਫੁੱਟ ਫੁੱਟ ਕੇ ਰੋਈ। ਅੱਜ ਵੀ ਮੈਂ ਉਹ ਚੀਜ਼ਾਂ ਆਪਣੇ ਬੈਂਕ ਦੇ ਲਾਕਰ ਵਿਚ ਇਕ ਅਨਮੋਲ ਤੋਹਫਾ ਸਮਝ ਕੇ ਸੰਭਾਲ ਕੇ ਰੱਖੀਆਂ ਹੋਈਆਂ ਹਨ।

ਐਕਸੀਡੈਂਟ ਕਾਰਨ ਅਨੇਕ ਲਾਸ਼ਾਂ ਅਸੀਂ ਰੋਜ਼ ਸੜਕਾਂ ਉੱਤੇ ਵੇਖ ਕੇ ਲੰਘ ਜਾਂਦੇ ਹਾਂ ਤੇ ਖਬਰਾਂ ਵੀ ਰੋਜ਼ ਪੜ੍ਹਦੇ ਹਾਂ ਪਰ ਇਹ ਰਿਸ਼ਤਾ ਅਜੀਬ ਸੀ ਜੋ ਬਿਨਾ ਵੇਖੇ ਜੁੜ ਗਿਆ ਸੀ ਤੇ ਮੈਨੂੰ ਅੱਜ ਵੀ ਇੰਜ ਹੀ ਲੱਗ ਰਿਹਾ ਹੈ ਕਿ ਇਕ ਸ਼ਰਾਬੀ ਕਾਰਨ ਇਕ ਧੀ ਆਪਣੀ ਮਾਂ ਨਾਲ ਜੱਫੀ ਵੀ ਨਾ ਪਾ ਸਕੀ। ਉਸ ਦੀਆਂ ਪਿਆਰ ਨਾਲ ਕਹੀਆਂ ਸਤਰਾਂ, ''ਭੂਆ ਜੀ, ਜੇ ਨਾ ਆਏ ਤਾਂ ਮੈਂ ਮਰ ਜਾਣੈ'' ਮੇਰੇ ਕੰਨਾਂ ਵਿਚ ਅੱਜ ਵੀ ਗੂੰਜਦੀਆਂ ਹਨ। ਮੈਂ ਆਪਣਾ ਦਰਦ ਸਭ ਵਿਚ ਇਸ ਕਰਕੇ ਫਰੋਲਿਆ ਹੈ ਕਿ ਮੈਂ ਹਲੂਣਾ ਦੇ ਸਕਾਂ ਤਾਂ ਜੋ ਸ਼ਰਾਬ ਪੀ ਕੇ ਕਾਰਾਂ, ਬੱਸਾਂ, ਟਰੱਕ ਚਲਾਉਣ ਵਾਲਿਆਂ ਨੂੰ ਕਾਤਲ ਕਰਾਰ ਦਿੱਤਾ ਜਾ ਸਕੇ।

ਮੇਰਾ ਇਹ ਲੇਖ ਤਾਂ ਮੇਰੀ ਪਹਿਲਾਂ ਦੱਸੀ ਬੱਚੀ ਦੀ ਵਿਛੜੀ ਆਤਮਾ ਲਈ ਸ਼ਰਧਾਂਜਲੀ ਹੀ ਹੈ ਤੇ ਹੋਰ ਉਨ੍ਹਾਂ ਬੇਕਸੂਰਾਂ ਲਈ ਵੀ ਜਿਹੜੇ ਫੁਟਪਾਥਾਂ 'ਤੇ ਪਏ ਪਹਿਲਾਂ ਹੀ ਰੱਬ ਦੀ ਮਾਰ ਸਹਿ ਰਹੇ ਹੁੰਦੇ ਨੇ ਤੇ ਸ਼ਰਾਬੀ ਅਮੀਰਜ਼ਾਦੇ ਉਨ੍ਹਾਂ ਨੂੰ ਆਪਣੀਆਂ ਕਾਰਾਂ ਥੱਲੇ ਕੀੜੇ ਮਕੌੜਿਆਂ ਵਾਂਗ ਫੇਹ ਦਿੰਦੇ ਹਨ।

# ਹੁਣ ਬਹੁਤ ਯਾਦ ਆਂਦੀਆਂ ਨੇ ਰੂਪੋਸ਼ ਜ਼ਿੰਦਗੀ ਸਮੇਂ ਬਣੀਆਂ ਮਾਵਾਂ

**ਨੰਦ ਸਿੰਘ ਮਹਿਤਾ**

**ਸਧਾਨੇ ਵਾਲੀ ਖੂੰਡੇ ਵਾਲੀ ਬੇਬੇ ਜਦੋਂ ਸਾਡੀ ਮੁਲਾਕਾਤ ਕਰਨ ਆਉਂਦੀ ਤਾਂ ਕਈ ਉਹਦੇ ਪਿੱਛੇ-ਪਿੱਛੇ ਸਾਮਾਨ ਚੁੱਕ ਕੇ ਤੁਰਦੇ। ਉਹ ਖੜਪੈਂਚਾਂ ਵਾਂਗ ਮੂਹਰੇ ਮੂਹਰੇ ਤੁਰਦੀ। ਡਿਓਢੀ 'ਚ ਅਸੀਂ ਉਸ ਦੁਆਲੇ ਝੁਰਮਟ ਪਾ ਲੈਂਦੇ।**

ਜਿਵੇਂ ਅਕਸਰ ਸਾਰਿਆਂ ਦਾ ਹੀ ਹੁੰਦਾ ਹੈ, ਨਿੱਕੇ ਹੁੰਦੇ ਦਾ ਮੇਰਾ ਮੇਰੀ ਮਾਂ ਨਾਲ ਬਹੁਤ ਮੋਹ ਸੀ ਤੇ ਉਹ ਵੱਡੇ ਹੋਣ 'ਤੇ ਵੀ ਉਵੇਂ ਹੀ ਰਿਹਾ। ਪੜ੍ਹਨ ਵੇਲੇ ਪੈਸਿਆਂ ਜਾਂ ਹੋਰ ਲੋੜਾਂ ਬਾਰੇ ਮੈਂ ਮਾਂ ਨੂੰ ਹੀ ਕਹਿੰਦਾ। ਤੰਗੀਆਂ ਤੋੜੀਆਂ 'ਚ ਕਿਵੇਂ ਨਾ ਕਿਵੇਂ ਮੇਰੀਆਂ ਲੋੜਾਂ ਉਹ ਪੂਰੀਆਂ ਕਰਦੀ। ਮਗਰੋਂ ਇਨਕਲਾਬੀ ਲਹਿਰ 'ਚ ਸ਼ਾਮਲ ਹੋਣ 'ਤੇ ਤਾਂ ਉਹ ਜਿਵੇਂ ਮੇਰੀ ਹਰ ਕਿਸਮ ਦੀ ਰੱਖਿਅਕ ਹੀ ਬਣ ਗਈ ਸੀ।

ਮੇਰੇ ਘਰੋਂ ਭੱਜ ਕੇ ਇਨਕਲਾਬੀ ਪਾਰਟੀ 'ਚ ਜਾ ਰਲਣ 'ਤੇ ਮੇਰੇ ਬਾਪੂ ਤੇ ਸਾਡੇ ਪਿੰਡ ਦੇ ਸ਼ਾਹ ਨੇ ਮੈਨੂੰ ਫੜ ਕੇ ਪੁਲਿਸ ਨੂੰ ਫੜਾਉਣ ਦਾ ਮਤਾ ਪੱਕਾ ਲਿਆ ਤਾਂ ਮੇਰੀ ਮਾਂ ਨੇ ਮੈਨੂੰ ਤੁਰੰਤ ਦੱਸ ਦਿੱਤਾ ਤੇ ਅੱਗੇ ਤੋਂ ਘਰ ਨਾ ਆਉਣ ਦੀ ਤਾਕੀਦ ਵੀ ਕੀਤੀ। ਮੈਂ ਛੇ ਕੁ ਮਹੀਨੇ ਘਰ ਨਾ ਗਿਆ। ਫੇਰ ਸਭ ਕੁਝ ਆਮ ਵਾਂਗ ਹੋ ਜਾਣ 'ਤੇ ਉਹ ਸਾਡੇ ਵਰਕਰਾਂ ਵਾਂਗ ਕੰਮ ਕਰਨ ਲੱਗੀ, ਸਾਡੇ ਲਈ ਉਹ ਪੰਜਾਂ ਸੱਤਾਂ ਦੀਆਂ ਵਾਧੂ ਰੋਟੀਆਂ ਤੇ ਦਾਲ ਪਾਣੀ ਬਣਾ ਕੇ ਰੱਖਦੀ। ਸਾਡੇ ਨਾ ਜਾਣ 'ਤੇ ਉਹ ਰੋਟੀਆਂ ਪਸ਼ੂਆਂ ਦੇ ਦਾਣੇ ਵਿਚ ਰਲਾ ਦਿੰਦੀ। ਹੁਣ ਜਦੋਂ ਸਾਡੀ ਦੀਪ (ਨੂੰਹ) ਕਦੇ-ਕਦੇ ਪੁੱਛ ਲੈਂਦੀ ਹੈ ਕਿ ''ਪਾਪਾ ਜੀ ਕਿੰਨੇ ਫੁਲਕੇ ਲਓਗੇ'' ਤਾਂ ਮੈਨੂੰ ਮੇਰੀ ਮਾਂ ਬਹੁਤ ਯਾਦ ਆਉਂਦੀ ਐ। ਜਦੋਂ ਪੁਲਿਸ ਆਉਂਦੀ ਤਾਂ ਚੌਕੀਦਾਰ ਦੀ ਆਵਾਜ਼ ਪਛਾਣ ਕੇ ਮੇਰੀ ਮਾਂ ਮੈਨੂੰ ਉਠਾ ਕੇ ਪਿਛਲੇ ਦਰਵਾਜ਼ੇ ਭਜਾ ਦਿੰਦੀ। ਤੇ ਜੇ ਕਦੇ ਅਸੀਂ ਪਿੰਡ 'ਚ ਕਿਸੇ ਹੋਰ ਘਰ ਸੁੱਤੇ ਹੁੰਦੇ ਤਾਂ ਸਾਡੇ ਨਾ ਦੱਸਣ 'ਤੇ ਵੀ ਸਾਡਾ ਅਤਾ ਪਤਾ ਰੱਖਦੀ। ਪੁਲਿਸ ਆਉਣ 'ਤੇ ਕਿਸੇ ਸੀਰੀ, ਪਾਲ਼ੀ ਨੂੰ ਭਜਾ ਕੇ ਜਾਂ ਆਪ ਹੀ ਭੱਜ ਕੇ ਸਾਨੂੰ ਦੱਸ ਦਿੰਦੀ, ਅਸੀਂ ਖੇਤਾਂ ਵਲ ਨਿਕਲ ਜਾਂਦੇ ਤੇ ਪੁਲਸੀਏ ਬਰੰਗ ਮੁੜ ਜਾਂਦੇ।

ਮੈਨੂੰ ਤੇ ਮੇਰੇ ਸਾਰੇ ਸਾਥੀਆਂ ਨੂੰ ਉਹ ਜ਼ਬਰਦਸਤੀ ਦੁੱਧ-ਘਿਉ ਖਵਾਉਂਦੀ ਪਿਆਉਂਦੀ। ਜਦੋਂ ਰਾਮੇ ਵਾਲਾ ਗੁਲਜੀਤ ਦੁੱਧ ਨਾ ਪੀਂਦਾ ਤਾਂ ਉਹ ਉਸ ਨੂੰ ਕੁੱਟਣ ਤੱਕ ਜਾਂਦੀ। ਹੁਣ ਉਹ ਜਦੋਂ ਯਾਦ ਆਉਂਦੀ ਐ ਤਾਂ ਮਨ ਨੂੰ ਬੜੀ ਨਮੋਸ਼ੀ ਹੁੰਦੀ ਹੈ ਕਿ ਸਾਰੀ ਉਮਰ ਮੈਂ ਉਸਨੂੰ ਦੁੱਖ ਹੀ ਦਿੰਦਾ ਰਿਹਾ ਤੇ ਪਹਿਲੀਆਂ 'ਚ ਉਹ ਤੁਰ ਵੀ ਗਈ। ਮੇਰੀ ਮਾਂ ਦੀ ਯਾਦ ਦੇ ਨਾਲ ਸਾਡੀਆਂ ਸਾਰੀਆਂ ਦੂਜੀਆਂ ਮਾਵਾਂ ਵੀ ਬੜੀਆਂ ਯਾਦ ਆਉਂਦੀਆਂ ਨੇ। ਗਹਿਰੀ ਵਾਲੇ ਦਾਰੇ ਦੀ ਮਾਂ ਸਾਡੀ ਬੜੇ ਜਿਗਰੇ ਵਾਲੀ ਮਾਂ ਸੀ। ਜਦੋਂ ਮੈਂ ਉਸ ਕੋਲ ਜਾਂਦਾ ਤਾਂ ਉਹ ਮੈਨੂੰ ਘੁੱਟ ਕੇ ਬੁੱਕਲ ਵਿਚ ਲੈ ਲੈਂਦੀ। ''ਮੇਰਾ ਸੁਖਦੇਵ ਪੁੱਤ ਆਉਂਦੈ,'' ਉਹ ਉੱਚੀ ਉੱਚੀ ਬੋਲ ਕੇ ਆਵਦਾ ਚਾਅ ਜ਼ਾਹਰ ਕਰਦੀ। ਗੁਪਤਵਾਸ ਸਮੇਂ ਮੇਰਾ ਪਾਰਟੀ ਦਾ ਨਾਂ ਸੁਖਦੇਵ ਸੀ। ਮਗਰੋਂ ਮੇਰੇ ਅਸਲੀ ਨਾਂ ਦਾ ਪਤਾ ਲੱਗ ਜਾਣ 'ਤੇ ਵੀ ਉਹ ਸਾਰੀ ਉਮਰ ਮੈਨੂੰ 'ਸੁਖਦੇਵ ਪੁੱਤ' ਹੀ ਕਹਿੰਦੀ ਰਹੀ। ਜਦੋਂ ਮੈਂ ਗਹਿਰੀ ਪਿੰਡ ਵੜਦਾ ਤਾਂ ਸਾਡੇ ਸਾਰੇ ਵਰਕਰ ਤੇ ਦੋਸਤ ਮਿੱਤਰ ਦਾਰੇ ਦੇ ਘਰੇ ਕੱਠੇ ਹੋ ਜਾਂਦੇ। ਸਾਡੀ ਉਹ ਬੇਬੇ ਪਹਿਲਾਂ ਹੀ ਵੱਡੇ ਪਤੀਲੇ 'ਚ ਚਾਹ ਰੱਖਦੀ। ਸਾਡੇ 'ਚ ਇਕ ਨੂੰ ਸਾਡੀ ਉਸ ਮਾਂ ਨੂੰ ਵਡਿਆਉਣਾ ਆਉਂਦਾ ਸੀ ਤੇ ਉਹ ਉਸਨੂੰ ਵਡਿਆ ਕੇ ਚੰਗਾ ਖਾਸਾ ਦੁੱਧ ਚਾਹ 'ਚ ਪਵਾ ਲੈਂਦਾ। ਐਮਰਜੈਂਸੀ ਵੇਲੇ ਉਹ ਮੈਨੂੰ ਪੰਜੀਰੀ ਬਣਾ ਕੇ ਜੇਲ੍ਹ 'ਚ ਦੇ ਕੇ ਆਈ।

ਗੁਲਜੀਤ ਦੀ ਮਾਂ ਬੜੇ ਸ਼ਾਂਤ ਸੁਭਾਅ ਵਾਲੀ ਬੜੇ ਜਜ਼ਬੇ ਵਾਲੀ ਔਰਤ ਸੀ। ਉਹ ਬਹੁਤ ਘੱਟ ਬੋਲਦੀ ਤੇ ਬੜੀਆਂ ਸਿਆਣੀਆਂ ਗੱਲਾਂ ਕਰਦੀ। ਜਦੋਂ ਮੈਂ ਗੁਲਜੀਤ ਕੋਲੇ ਜਾਂਦਾ ਤਾਂ ਰਾਤ ਨੂੰ ਮੈਂ ਆਪਣਾ ਮੰਜਾ ਮਾਂ ਕੋਲੇ ਡਾਹੁੰਦਾ। ਅਸੀਂ ਵੱਡੀ ਰਾਤ ਤੱਕ ਮਾਂ ਪੁੱਤ ਗੱਲਾਂ ਕਰਦੇ। ਉਹ ਮੈਥੋਂ ਸਾਡੇ ਇਨਕਲਾਬ ਬਾਰੇ ਪੁੱਛਦੀ ਤੇ ਮੈਂ ਉਸਨੂੰ ਕਿੰਨਾ ਹੀ ਕੁਝ ਸਮਝਾਉਂਦਾ ਰਹਿੰਦਾ। ਜਦੋਂ ਉਹ ਮਰੀ, ਮੈਨੂੰ ਸਕੂਲ 'ਚ ਪਤਾ ਲੱਗਿਆ। ਮੈਂ ਭੱਜ ਕੇ ਉਸ ਦੀ ਲੋਥ ਸਿਰਹਾਣੇ ਜਾ ਬੈਠਾ। ਗੁਲਜੀਤ ਉਦੋਂ ਲੰਮੇ-ਲੰਮੇ ਵੈਣ ਪਾ ਕੇ ਰੋਇਆ। ਮੈਂ ਵੀ ਬਹੁਤ ਰੋਇਆ। ਮੈਂ ਜਦੋਂ ਉਸਨੂੰ ਮੋਢਾ ਦਿੱਤਾ ਤਾਂ ਮੈਨੂੰ ਫ਼ਖਰ ਮਹਿਸੂਸ ਹੋਇਆ। ਅਸੀਂ ਉਸਦੀਆਂ ਸਾਰੀਆਂ ਅੰਤਮ ਕਿਰਿਆਵਾਂ ਵੱਡੇ ਬਾਈ ਨਾਲ ਮਿਲ ਕੇ ਕਰਾਈਆਂ। ਹੁਣ ਜਦੋਂ ਗੁਲਜੀਤ ਕੋਲ ਜਾਈਦੈ ਤਾਂ ਉਸ ਦੀ ਮਾਂ ਨੂੰ ਮੇਰਾ ਮਨ ਬਹੁਤ ਭਾਲਦੈ।

ਬਠਿੰਡੇ ਸਾਡੀ ਇਕ ਮਾਂ ਮੈਨੂੰ ਬਹੁਤ ਪਿਆਰ ਕਰਦੀ ਸੀ। ਅਸੀਂ ਸਾਰੇ ਉਸ ਨੂੰ ਬੀਬੀ ਕਹਿੰਦੇ। ਜਦੋਂ ਮੈਂ ਪਿੰਡੋਂ ਲਿਜਾ ਕੇ ਗੋਭੀ ਦੇ ਚਿੱਟੇ ਚਿੱਟੇ ਫੁਲ ਸਾਡੀ ਉਸ ਬੀਬੀ ਨੂੰ ਫੜਾਉਂਦਾ ਤਾਂ ਉਹ ਖੁਸ਼ ਹੋ ਜਾਂਦੀ। ਇਕ ਵਾਰ ਮੈਂ ਉਸ ਦੀ ਬਹੁਤ ਹੀ ਪਿਆਰ ਨਾਲ ਪਾਲੀ ਝੋਟੀ ਨੂੰ ਸਾਡੇ ਇਕ ਸਾਥੀ ਕੋਲ ਸਾਂਭਣ ਲਈ ਛੱਡ ਆਇਆ ਸੀ।

ਮਗਰੋਂ ਜਦੋਂ ਮੈਂ ਜਾਂਦਾ ਤਾਂ ਬੀਬੀ ਉਸ ਝੋਟੀ ਦਾ ਹਾਲ ਚਾਲ ਪੁੱਛਦੀ। ਜਦੋਂ ਮੈਂ ਚੁੱਪ ਕਰ ਜਾਂਦਾ ਤਾਂ ਉਹ ਸਮਝ ਜਾਂਦੀ ਤੇ ਅੰਦਰ ਹੀ ਅੰਦਰ ਬਹੁਤ ਦੁਖੀ ਹੁੰਦੀ। ਉਸਨੂੰ ਮਿਲਣ ਨੂੰ ਕਦੇ ਕਦੇ ਬੜਾ ਜੀਅ ਕਰਦੈ। ਇਕ ਵਾਰੀ ਮੈਂ ਬਠਿੰਡੇ ਉਸਨੂੰ ਭਾਲਣ ਵੀ ਗਿਆ। ਪਰ ਉਥੇ ਤਾਂ ਜਿਵੇਂ ਸਾਰੇ ਬਾਗ ਹੀ ਉਜੜ ਗਏ ਹੋਣ। ਪਤਾ ਨਹੀਂ ਕਿੱਥੇ ਹੈ ਉਹ ਸਾਡੀ ਬੀਬੀ। ਹੈ ਵੀ ਜਾਂ ਨਹੀਂ...। ਚੋਟੀਆਂ ਵਾਲੀ ਬੇਬੇ ਨੂੰ ਤਾਂ ਪੁਲਿਸ ਵਾਲੇ ਵੀ ਮੰਨ ਗਏ ਸਨ। ਸਾਰੇ ਪੰਜਾਬ ਦੇ ਇਨਕਲਾਬੀ ਉਥੇ ਜਾਂਦੇ। ਦਰਸ਼ਨ ਖਟਕੜ, ਹਾਕਮ ਸਮਾਓਂ, ਹਰਭਜਨ ਹਲਵਾਰਵੀ, ਅਮਰ ਅਚਰਵਾਲ ਤੇ ਹੋਰ ਅਨੇਕਾਂ ਹੀ ਜਥਿਆਂ ਦੇ ਜਥੇ ਉਥੇ ਰਹਿੰਦੇ। ਉਹ ਮਾਂ ਸਾਰਿਆਂ ਨੂੰ ਇਕ ਵੱਡੀ ਸਾਰੀ ਸਬਾਤ 'ਚ ਬਿਠਾ ਕੇ ਰੋਟੀਆਂ ਖਵਾਉਂਦੀ। ਖਾ-ਪੀ ਕੇ ਉਥੇ ਹੀ ਉਹ ਮੀਟਿੰਗ ਕਰਦੇ।

ਨਿਰਭੈ ਢੁੱਡੀਕੇ ਵਾਲੇ ਦੀ ਮਾਂ ਜਦੋਂ ਸਵੇਰੇ ਦਹੀਂ 'ਚ ਮੱਖਣ ਪਾ ਕੇ ਪਰੌਂਠਿਆਂ ਨਾਲ ਸਾਨੂੰ ਖਵਾਉਂਦੀ ਤਾਂ ਮੈਂ ਬੜਾ ਹੈਰਾਨ ਹੁੰਦਾ। ਗੋਬਿੰਦਪੁਰੇ ਵਾਲੇ ਹਰਦੇਵ ਦੀ ਮਾਂ ਸਾਨੂੰ ਉਨ੍ਹਾਂ ਦੀ ਕੱਚੀ ਚੁਬਾਰੀ 'ਚੋਂ ਹੇਠਾਂ ਉਤਰ ਆਉਣ ਲਈ ਆਵਾਜ਼ ਮਾਰਦੀ। ਅਸੀਂ ਹੇਠਾਂ ਚਲੇ ਜਾਂਦੇ, ਹਰਦੇਵ ਵਾਣ ਦੇ ਮੰਜੇ 'ਤੇ ਖਾਣਾ ਸਜਾਉਂਦਾ। ਅਚਾਰ, ਗੰਢਾ, ਚਟਣੀ, ਦਹੀਂ, ਦਾਲ ਸਬਜ਼ੀ ਉਹ ਲਾ ਲੈਂਦਾ, ਫੇਰ ਅਸੀਂ ਨਵਾਬ ਬਣ ਕੇ ਖਾਂਦੇ। ਸਧਾਨੇ ਵਾਲੀ ਖੂੰਡੇ ਵਾਲੀ ਬੇਬੇ ਜਦੋਂ ਸਾਡੀ ਮੁਲਾਕਾਤ ਕਰਨ ਆਉਂਦੀ ਤਾਂ ਕਈ ਉਹਦੇ ਪਿੱਛੇ-ਪਿੱਛੇ ਸਾਮਾਨ ਚੁੱਕ ਕੇ ਤੁਰਦੇ। ਉਹ ਖੜਪੈਂਚਾਂ ਵਾਂਗ ਮੂਹਰੇ ਮੂਹਰੇ ਤੁਰਦੀ। ਡਿਓਢੀ 'ਚ ਅਸੀਂ ਉਸ ਦੁਆਲੇ ਝੁਰਮਟ ਪਾ ਲੈਂਦੇ।

ਕਿੰਨੀਆਂ ਹੀ ਮਾਵਾਂ ਸੀ ਉਦੋਂ ਜਿਹੜੀਆਂ ਹੁਣ ਬੜੀਆਂ ਯਾਦ ਆਉਂਦੀਆਂ ਨੇ। ਬਹੁਤੀਆਂ ਦਾ ਹੁਣ ਪਤਾ ਨਹੀਂ, ਹਨ ਵੀ ਕਿ ਨਹੀਂ, ਜੇ ਹੈਣ ਤਾਂ ਕਿੱਥੇ ਨੇ। ਕਦੇ ਕਦੇ ਬੜਾ ਜੀਅ ਕਰਦੈ ਕਿ ਜਿੰਨੀਆਂ ਹੈਗੀਆਂ ਨੇ, ਉਨ੍ਹਾਂ ਨੂੰ ਭਾਲ ਭਾਲ ਕੇ ਮਿਲ ਕੇ ਆਵਾਂ। ਪਰ ਚੰਦਰਾ ਵਕਤ ਬੜਾ ਬਲਵਾਨ ਹੈ। ਹੁਣ ਜੀਅ ਨੂੰ ਕੌਣ ਪੁੱਛਦੈ। ਹੁਣ ਤਾਂ ਹਾਲਾਤ ਬੰਦੇ ਨੂੰ ਆਪ ਚਲਾਉਂਦੇ ਨੇ। ਕਾਸ਼! ਇਕ ਵਾਰੀ ਫੇਰ 'ਪੁੱਤ' ਬਣ ਸਕੀਏ। 'ਜਵਾਕ' ਬਣ ਸਕੀਏ।

*ਇਹ ਲੇਖ ਦਲੀਪ ਕੌਰ ਟਿਵਾਣਾ ਹੋਰਾਂ ਨੇ ਕੋਈ ਦੋ ਦਹਾਕੇ ਪਹਿਲਾਂ 'ਆਰਸੀ' ਲਈ ਲਿਖਿਆ ਸੀ। ਡਾ. ਗੁਰਭਗਤ ਸਿੰਘ ਅਤੇ ਲਾਲੀ ਬਾਬੇ ਦੀ ਮਹਿਮਾ ਕਰਕੇ 'ਭੂਤਵਾੜਾ' ਪਹਿਲਾਂ ਹੀ ਮਿੱਥ ਬਣਿਆ ਹੋਇਆ ਸੀ। ਪਰ ਇਸ ਲੇਖ ਨਾਲ ਇਹ ਮਿੱਥ ਰੂੜ ਹੋ ਗਈ ਸੀ। 'ਭੂਤਵਾੜਾ ਸਰਕਲ' ਵਿਚ ਸਤਿੰਦਰ ਨੂਰ, ਹਰਿੰਦਰ ਸਿੰਘ ਮਹਿਬੂਬ, ਨਵਤੇਜ ਭਾਰਤੀ ਤੇ ਕੁਲਵੰਤ ਸਿੰਘ ਗਰੇਵਾਲ ਸਨ, ਡਾ. ਸੁਰਜੀਤ ਸੀ, ਪ੍ਰੋ. ਦਰਬਾਰਾ ਸਿੰਘ ਸੀ। ਜੋਗਾ ਸਿੰਘ, ਵਾਨ ਗੋਗੀਅਨ ਤਬੀਅਤ ਵਾਲਾ ਪ੍ਰੋ. ਸੇਵਾ ਸਿੰਘ ਤੁੰਗ ਅਤੇ ਉਸਦੇ ਨਿੱਕੇ ਭਾਈ ਬਲਕਾਰ ਸਿੰਘ ਦਾ ਵੀ ਉਥੇ ਆਉਣ-ਜਾਣ ਸੀ। ਇਹ ਸਰਕਲ ਇਸ ਗੱਲ ਦਾ ਗਵਾਹ ਸੀ ਕਿ ਸੰਨ 1947 ਪਿਛੋਂ ਦੇ ਪਹਿਲੇ 10-15 ਵਰ੍ਹੇ ਆਤਮਿਕ ਤੌਰ 'ਤੇ ਕਿੰਜ ਜ਼ਰਖ਼ੇਜ ਸਨ। ਉਸ ਨਸਲ ਵਿਚ ਗਿਆਨ ਦੀ ਸਿੱਕ ਕਿਸ ਹੱਦ ਤੱਕ ਤੀਬਰ ਸੀ। -ਸੰਪਾਦਕ*

# ਭੂਤਵਾੜੇ ਦਾ ਮਹਾਂ-ਭੂਤ ਪ੍ਰੋ. ਪ੍ਰੀਤਮ ਸਿੰਘ



**ਡਾ. ਦਲੀਪ ਕੌਰ ਟਿਵਾਣਾ**

ਧਰਮਸ਼ਾਲਾ ਤੋਂ ਪਹਿਲਾਂ ਨਾਭੇ ਤੇ ਫੇਰ ਮੇਰੀ ਬਦਲੀ ਪਟਿਆਲੇ ਦੀ ਹੋ ਗਈ। ਉਹੀ ਪੁਰਾਣਾ ਮਹਿੰਦਰਾ ਕਾਲਜ, ਉਹੀ ਪੁਰਾਣੇ ਪ੍ਰੋਫੈਸਰ ਤੇ ਉਹੀ ਪੰਜਾਬੀ ਵਿਭਾਗ ਦੇ ਹੈਡ ਪ੍ਰੋ. ਪ੍ਰੀਤਮ ਸਿੰਘ। ਮੇਰੇ ਜਿੱਡੇ-ਜਿੱਡੇ ਹੀ ਹਰਬੰਸ ਬਰਾੜ, ਗੁਰਬਖਸ਼ ਸੋਚ, ਨਵਤੇਜ ਭਾਰਤੀ ਵਰਗੇ ਸਿਆਣੇ ਐਮ. ਏ. ਦੇ ਵਿਦਿਆਰਥੀ। ਬੜੀਆਂ ਚੰਗੀਆਂ ਸੁਰਿੰਦਰ, ਸ਼ਰਨਜੀਤ ਤੇ ਸੁਰਜੀਤ ਬੈਂਸ ਵਰਗੀਆਂ ਕੁੜੀਆਂ।

ਪੜ੍ਹਦੇ-ਪੜ੍ਹਾਂਦੇ ਵੀ ਰਹਿਣਾ, ਗੱਪਾਂ ਵੀ ਮਾਰਨੀਆਂ, ਇੱਕ-ਦੂਜੇ ਨੂੰ ਮਜ਼ਾਕ ਵੀ ਕਰਨੇ ਤੇ ਚਾਹਾਂ ਵੀ ਪੀਂਦੇ ਰਹਿਣਾ। ਹਰਬੰਸ ਬਰਾੜ ਨੇ ਇਕ ਵਾਰੀ ਜਮਾਤ ਵਿਚ ਪੜ੍ਹਾਂਦੀ ਨੂੰ ਮੈਨੂੰ ਆਖਿਆ, ''ਪੜ੍ਹਾਉਂਦੇ-ਪੜ੍ਹਾਉਂਦੇ ਤੁਸੀਂ ਮੇਰੇ ਵਲ ਕਿਉਂ ਝਾਕਦੇ ਰਹਿੰਦੇ ਓ?'' ਤੇ ਮੈਂ ਘਬਰਾ ਗਈ ਸੀ। ਮੈਨੂੰ ਘਬਰਾਹਟ ਵਿਚ ਪਾਉਣ ਲਈ ਹੀ ਤਾਂ ਉਸ ਨੇ ਆਖਿਆ ਸੀ।

ਫੇਰ ਸਾਰਿਆਂ ਨੇ ਸਭ ਦੇ ਸਾਹਮਣੇ ''ਮੈਡਮ, ਪੈਰੀਂ ਪੈਨਾਂ, ਮੱਥਾ ਟੇਕਦਾਂ'' ਆਖਣਾ ਸ਼ੁਰੂ ਕਰ ਦਿੱਤਾ। ਦੋ ਕੁ ਦਿਨ ਘਬਰਾ ਕੇ, ਸ਼ਰਮਾ ਕੇ ਮੈਂ ਵੀ ਹਰੇਕ ਨੂੰ ਆਖਣਾ ਸ਼ੁਰੂ ਕਰ ਦਿੱਤਾ, 'ਜੀਊਂਦਾ ਰਹਿ।'

'ਮੈਡਮ ਨਹੀਂ, ਇਹ ਤਾਂ ਸਾਡੀ ਦੀਦੀ ਐ'' ਉਨ੍ਹਾਂ ਆਪੇ ਹੀ ਫੈਸਲਾ ਕਰ ਦਿੱਤਾ ਤੇ ਆਪੇ ਹੀ ਲਾਗੂ ਕਰ ਲਿਆ।

ਮੈਂ ਵੀ ਉਨ੍ਹਾਂ ਨੂੰ ਸੱਚੀ-ਮੁੱਚੀਂ ਦੇ ਭੂਤ ਆਖਣਾ ਸ਼ੁਰੂ ਕਰ ਦਿੱਤਾ ਤੇ ਫੇਰ ਇਕ ਵਾਰ ਸੱਚੀਂ-ਮੁੱਚੀਂ ਦੇ ਭੂਤਾਂ ਬਾਰੇ ਸੱਚੋ-ਸੱਚ ਲਿਖ ਕੇ ਇਕ ਰਸਾਲੇ ਨੂੰ ਭੇਜ ਦਿੱਤਾ। ਲਿਖਿਆ ਸੀ:

ਸਿਆਲ ਦੀ ਹਨੇਰੀ ਰਾਤ ਸੀ।
ਠੱਕਾ ਵਗ ਰਿਹਾ ਸੀ।
ਬਾਰ ਖੜਕਿਆ।

ਮੈਂ ਉੱਠ ਕੇ ਬੂਹਾ ਖੋਲ੍ਹਿਆ, ਬਾਹਰ ਇਕ ਭੂਤ ਖੜ੍ਹਾ ਸੀ।

''ਮੱਥਾ ਟੇਕਦਾਂ ਦੀਦੀ! ਕੱਲਾ ਹੀ ਹਾਂ...'' ਆਖ ਭੂਤ ਅੰਦਰ ਲੰਘ ਆਇਆ।

''ਮੈਂ ਵੀ ਇਕੱਲਾ ਹੀ ਆਇਆ ਹਾਂ'' ਦੂਜੇ ਭੂਤ ਨੇ ਅੰਦਰ ਵੜਦਿਆਂ ਆਖਿਆ।

''ਮੈਂ ਵੀ 'ਕੱਲਾ ਹੀ ਹਾਂ'' ਮਗਰ ਆ ਰਿਹਾ ਤੀਜਾ ਭੂਤ ਬੋਲਿਆ।

''ਅਸੀਂ ਸਾਰੇ ਕੱਲੇ ਹੀ ਆਏ ਹਾਂ'', ਚੌਥੇ ਭੂਤ ਨੇ ਮਗਰ ਆ ਰਹੇ ਦੋ ਤਿੰਨ ਭੂਤਾਂ ਵਲ ਹੱਥ ਕਰਕੇ ਆਖਿਆ।

''ਅਸੀਂ ਸੋਚਿਆ, ਤੁਸੀਂ ਕੱਲੇ ਬੈਠੇ ਹੋਵੋਗੇ, ਚਲਦੇ ਆਂ।'' ਕਮਰੇ ਵਿਚ ਬੈਠੇ ਭੂਤਾਂ ਵਿਚੋਂ ਇਕ ਬੋਲਿਆ।

''ਘਰ ਦੇ ਕਿਤੇ ਗਏ ਨੇ?'' ਇਕ ਤਾਜ਼ੇ-ਤਾਜ਼ੇ ਬਣੇ ਭੂਤ ਨੇ ਗਲਤੀ ਨਾਲ ਪੁੱਛਿਆ।

''ਨਹੀਂ, ਇੱਥੇ ਹੀ ਹਨ ਸਭ'' ਮੈਂ ਕਿਹਾ ਤੇ ਚਾਹ ਦਾ ਪਾਣੀ ਧਰਵਾ ਦਿੱਤਾ।

''ਕੁਸ਼ ਖਾਣ ਨੂੰ ਵੀ ਚਾਹੀਦੈ, ਭੂਤ ਭੁੱਖੇ ਨੇ।'' ਵੱਡੇ ਭੂਤ ਨੇ ਦੱਸਿਆ।

''ਤੁਸਾਂਨੂੰ ਕਿਹਾ ਸੀ ਨਵਾਂ ਰੀਕਾਰਡ ਪਲੇਅਰ ਲੈ ਲਓ, ਮਿਊਜ਼ਕ ਸੁਣਨ ਲਈ ਲੋਕਾਂ ਦੇ ਜਾਣਾ ਪੈਂਦਾ ਹੈ।'' ਇਕ ਹੋਰ ਬੋਲਿਆ।

''ਪਹਿਲੀ ਨੂੰ ਖ਼ਰੀਦ ਲਵਾਂਗੇ...।'' ਮੈਂ ਦੱਸਿਆ।

ਰੋਟੀ ਖਾਂਦਾ-ਖਾਂਦਾ ਇਕ ਭੂਤ ਆਪਣੇ ਝੱਗੇ ਨਾਲ ਹੱਥ ਪੂੰਝ ਕੇ ਅਲਮਾਰੀ ਵਿਚਲੀਆਂ ਕਿਤਾਬਾਂ ਠੀਕ ਕਰਨ ਲੱਗ ਪਿਆ।

''ਤੁਸੀਂ ਰਾਜਾਰਾਓ ਦਾ ਨਾਵਲ ਖਤਮ ਕਰ ਲਿਆ?''

''ਅਜੇ ਨਹੀਂ।''

''ਖ਼ਤਮ ਕਰੋ ਫਿਰ ਡਿਸਕਸ ਕਰੀਏ। ਬੜਾ ਚਿਰ ਲਾ ਦਿੰਦੇ ਹੋ।''

''ਅਸਲ ਵਿਚ ਇਹ ਅੱਖਰਾਂ ਵਿਚੀਂ ਨਹੀਂ, ਅੱਖਰਾਂ ਨੂੰ ਆਪਣੇ ਵਿਚੀਂ ਲੰਘਾਉਂਦੇ ਨੇ। ਇਸ ਲਈ ਬਹੁਤ ਚਿਰ ਲੱਗ ਜਾਂਦਾ ਏ।'' ਮੇਰੀ ਥਾਂ ਵੱਡੇ ਭੂਤ ਨੇ ਜਵਾਬ ਦਿੱਤਾ।

''ਮੈਨੂੰ ਤਾਂ ਕਈ ਵਾਰੀ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਬੜੀ ਕੁਵੇਲੇ ਜਾਗੀ ਹਾਂ। ਗੋਡੇ-ਗੋਡੇ ਧੁੱਪਾਂ ਚੜ੍ਹ ਆਈਆਂ ਨੇ। ਕੰਮ ਬਹੁਤ ਪਿਆ ਏ ਤੇ ਵਕਤ ਬਹੁਤ ਥੋੜ੍ਹਾ ਏ।'' ਮੈਂ ਬਾਰੀ ਤੋਂ ਪਾਰ ਹਨੇਰੇ ਵਿਚ ਦੂਰ ਤੱਕ ਵੇਖਦਿਆਂ ਕਿਹਾ।

''ਏਨਾ ਥੋੜਾ ਏ ਕਿ ਤੁਸੀਂ ਜਾਗ ਪਏ ਓ। ਉਨ੍ਹਾਂ ਦਾ ਕੀ ਹਾਲ ਏ ਜਿਹੜੇ ਅਜੇ ਸੁੱਤੇ ਹੀ ਹੋਏ ਨੇ?'' ਇਕ ਭੂਤ ਨੇ ਬਾਰੀ ਵਿਚ ਅਮਸਾਨ ਉਤੇ ਬੱਦਲਾਂ ਵਿਚੀਂ ਦਿੱਸ ਰਹੇ ਕਿਸੇ-ਕਿਸੇ ਤਾਰੇ ਵਲ ਹੱਥ ਕਰਕੇ ਕਿਹਾ।

''ਤੇਰੀ ਕਵਿਤਾ ਦਾ ਕੀ ਹਾਲ ਏ?'' ਮੈਂ ਉਸਨੂੰ ਪੁੱਛਿਆ।

''ਛੱਡ ਦਿੱਤੀ ਏ ਲਿਖਣੀ।''

''ਇਹ ਮਾੜੀ ਗੱਲ ਹੈ।''

''ਮਾੜੀਆਂ ਗੱਲਾਂ ਵੀ ਤੁਹਾਡੇ ਕੋਲੋਂ ਹੀ ਸਿੱਖੀਆਂ ਹਨ।'' ਉਹ ਆਖ ਰਿਹਾ ਸੀ।

ਇਹ ਸਾਰੇ ਭੂਤਵਾੜੇ ਦੇ ਮੈਂਬਰ ਹਨ।

ਹਰ ਕੋਈ ਭੂਤਵਾੜੇ ਦਾ ਮੈਂਬਰ ਨਹੀਂ ਹੋ ਸਕਦਾ। ਭਾਵੇਂ ਮੈਂਬਰ ਹੋਣ ਦਾ ਚੰਦਾ ਕੋਈ ਨਹੀਂ।

ਭੂਤਵਾੜਾ ਕਿਸੇ ਸੰਸਥਾ, ਕਿਸੇ ਵਾਦ ਜਾਂ ਕਿਸੇ ਥਾਂ ਦਾ ਨਾਂ ਨਹੀਂ, ਇਹ ਤਾਂ ਇਕ ਟੱਬਰਦਾਰੀ ਹੈ। ਇਸ ਟੱਬਰ ਦੇ ਸਾਰੇ ਜੀਆਂ ਨੂੰ ਭੂਤ ਆਖਿਆ ਜਾਂਦਾ ਹੈ।

ਮੈਂ ਕਦੇ-ਕਦੇ ਇਨ੍ਹਾਂ ਨੂੰ 'ਬੇਘਰੇ ਤੇ ਹੋਰ ਇਕਾਂਗੀ' ਆਖਦੀ ਹੁੰਦੀ ਹਾਂ। ਇਸ ਦਾ ਇਹ ਮਤਲਬ ਨਹੀਂ ਕਿ ਇਨ੍ਹਾਂ ਦਾ ਘਰ ਕੋਈ ਨਹੀਂ ਸਗੋਂ ਸਾਰਾ ਸੰਸਾਰ ਇਨ੍ਹਾਂ ਦਾ ਘਰ ਹੈ, ਮੇਰ-ਤੇਰ ਦੇ ਛੋਟੇ ਝਗੜਿਆਂ ਵਿਚ ਇਹ ਭੂਤ ਨਹੀਂ ਪੈਂਦੇ।

ਅੱਜ ਕੱਲ੍ਹ, ਭੂਤਵਾੜੇ ਦੇ ਮੈਂਬਰ ਤੁਹਾਨੂੰ ਚੰਡੀਗੜ੍ਹ, ਅੰਬਾਲਾ, ਫਰੀਦਕੋਟ, ਦਿੱਲੀ, ਬਠਿੰਡਾ ਗੜ੍ਹਦੀਵਾਲਾ, ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਿਚ ਵੀ ਮਿਲ ਜਾਣਗੇ, ਪਰ ਪੱਕਾ ਅੱਡਾ ਇਨ੍ਹਾਂ ਦਾ ਪਟਿਆਲੇ ਹੀ ਹੈ।

ਖੁੱਲ੍ਹਾ ਜਿਹਾ ਕੋਈ ਘਰ ਇਹ ਭੂਤ ਕਿਰਾਏ ਉਤੇ ਲੈ ਲੈਂਦੇ ਹਨ ਭਾਵੇਂ ਉਹ ਘਰ ਇਕ ਕਮਰੇ ਦਾ ਹੀ ਹੋਵੇ। ਜਿਹੜਾ ਭੂਤ ਕਿਸੇ ਕੰਮ ਉਤੇ ਹੈ, ਕਿਰਾਇਆ ਉਸ ਨੇ ਦੇਣਾ ਹੁੰਦਾ ਹੈ। ਜੇ ਕਿਰਾਇਆ ਕੁਝ ਚਿਰ ਨਾ ਦਿੱਤਾ ਜਾ ਸਕੇ ਤਾਂ ਬੜੀ ਖੁਸ਼ੀ ਨਾਲ ਕਿਰਾਏ ਵਿਚ ਸਾਰਾ ਸਾਮਾਨ ਦੇ ਕੇ ਕਿਸੇ ਹੋਰ ਘਰ ਵਿਚ ਆ ਜਾਂਦੇ ਹਨ। ਉਂਜ ਵੀ ਜਾਣ-ਪਹਿਚਾਣ ਵਾਲਿਆਂ ਨਾਲ ਸਾਰੇ ਰਿਸ਼ਤੇ-ਨਾਤੇ ਤੋੜ ਕੇ ਥੋੜ੍ਹੇ ਹੀ ਜਾਈਦਾ ਏ। ਹਿਸਾਬ-ਕਿਤਾਬ ਵਿਚ ਹੀ ਰਹਿਣਾ ਚਾਹੀਦਾ ਹੈ। ਫਿਰ ਇਨ੍ਹਾਂ ਦਿਨਾਂ ਵਿਚ ਸਮਾਜਵਾਦ ਨੂੰ ਬੜੀ ਤੀਬਰਤਾ ਨਾਲ ਉਡੀਕਿਆ ਜਾਂਦਾ ਹੈ।

ਕਿਸੇ ਨਾ ਕਿਸੇ ਭੂਤ ਦੇ ਪਿੰਡ ਤੋਂ ਦਾਣਿਆਂ ਦੀ ਬੋਰੀ ਆ ਜਾਂਦੀ ਹੈ। ਭੂਤ ਆਟਾ ਪਿਹਾ ਲਿਆਉਂਦੇ ਹਨ ਤੇ ਵਾਰੀ-ਵਾਰੀ ਰੋਟੀਆਂ ਪਕਾਉਂਦੇ ਹਨ। ਕਈ ਵਾਰੀ ਪਕਾਉਣ ਵਾਲੇ ਨੂੰ ਰੋਟੀ ਬਚਦੀ ਹੀ ਨਹੀਂ। ਉਹ ਫੇਰ ਕਿਸੇ ਵਾਕਫ ਦੇ ਘਰ ਚਲਿਆ ਜਾਂਦਾ ਹੈ। ਰੋਟੀ ਮਿਲ ਗਈ ਤਾਂ ਠੀਕ ਹੈ ਨਹੀਂ ਤਾਂ ਆ ਕੇ ਕਵਿਤਾ ਲਿਖਣ ਲੱਗ ਜਾਂਦਾ ਹੈ।

ਜੇ ਦੂਸਰੇ ਮਹਿਸੂਸ ਕਰਨ ਕਿ ਇਸ ਨੂੰ ਰੋਟੀ ਨਹੀਂ ਮਿਲੀ ਤਾਂ ਉਹ ਬੜੇ ਹੀ ਖ਼ੂਬਸੂਰਤ ਤਰੀਕੇ ਨਾਲ ਦੱਸਦਾ ਹੈ, ''ਅਸੀਂ ਅੰਨ ਦੇ ਕੀੜੇ ਨਹੀਂ। ਅਸੀਂ ਜੱਗ ਉਤੇ ਰੋਟੀਆਂ ਖਾਣ ਨਹੀਂ ਆਏ। ਕਦੇ-ਕਦੇ ਵਰਤ ਰੱਖਣਾ ਡਾਕਟਰਾਂ ਅਨੁਸਾਰ ਸਿਹਤ ਲਈ ਚੰਗਾ ਹੁੰਦਾ ਏ।''

ਸਤਯਜੀਤ ਰੇਅ ਦੀ ਫ਼ਿਲਮ ਦੇਖਣ ਲਈ ਭੂਤ ਮੂਹਰਲੀਆਂ ਕਤਾਰਾਂ ਵਿਚ ਸੀਟਾਂ ਰਖਵਾ ਛੱਡਦਾ ਹੈ।

ਰਿਕਸ਼ੇ ਵਾਲਿਆਂ, ਮਜ਼ਦੂਰਾਂ, ਦਿਹਾੜੀਦਾਰਾਂ ਨਾਲ ਮੂਹਰਲੀਆਂ ਕਤਾਰਾਂ ਵਿਚ ਬੈਠੇ ਭੂਤ ਸੋਚ ਰਹੇ ਹੁੰਦੇ ਹਨ ਕਿ ਜ਼ਿੰਦਗੀ ਦੇ ਹਰ ਖੇਤਰ ਵਿਚ ਮੂਹਰਲੀਆਂ ਕਤਾਰਾਂ ਦੇ ਹੱਕਦਾਰਾਂ ਨੂੰ ਸਿਰਫ ਸਿਨਮਿਆਂ ਵਿਚ ਹੀ ਮੂਹਰਲੀਆਂ ਕਤਾਰਾਂ ਕਿਉਂ ਪ੍ਰਾਪਤ ਹੁੰਦੀਆਂ ਹਨ?

ਸਾਰੀਆਂ ਲਾਇਬਰੇਰੀਆਂ ਵਿਚ ਇਨ੍ਹਾਂ ਨੂੰ ਪਤਾ ਹੁੰਦਾ ਏ ਕਿ ਕਿਹੜੀ ਕਿਤਾਬ ਕਿਥੇ ਪਈ ਏ। ਇਨ੍ਹਾਂ ਭੂਤਾਂ ਨੂੰ ਤਾਂ ਇਹ ਵੀ ਪਤਾ ਹੁੰਦਾ ਹੈ ਕਿ ਸ਼ਹਿਰ ਵਿਚ ਕਿਹੜੇ ਲੋਕ ਕਿਤਾਬਾਂ ਖਰੀਦਦੇ ਹਨ ਤੇ ਕਿਹੜੇ ਉਨ੍ਹਾਂ ਨੂੰ ਪੜ੍ਹਦੇ ਹਨ। ਜਿਸ ਦਿਨ ਕੋਈ ਕੰਮ ਦੀ ਕਿਤਾਬ ਕਿਸੇ ਦੁਕਾਨ ਉਤੇ ਆ ਜਾਵੇ, ਭੂਤ ਚਾਰ ਜਾਂ ਅੱਠ ਦਿਨ ਲਈ ਕਿਤਾਬ ਦੀ ਕੀਮਤ ਅਨੁਸਾਰ ਚਾਹ ਪਾਣੀ ਦਾ ਰਾਸ਼ਨ ਬੰਦ ਕਰਕੇ ਕਿਤਾਬ ਖਰੀਦ ਲੈਂਦੇ ਹਨ। ਪਰ ਕਈ ਵਾਰੀ ਕਿਸੇ ਇਕ ਭੂਤ ਦੀ ਫੀਸ ਭਰਨ ਲਈ ਸਭ ਭੂਤਾਂ ਦੀਆਂ ਕਿਤਾਬਾਂ ਵਿਕ ਜਾਂਦੀਆਂ ਹਨ।

ਇਕ ਦਿਨ ਇਕ ਭੂਤ ਕਵਿਤਾ-ਮੁਕਾਬਲੇ ਵਿਚ ਪੰਜਾਹ ਰੁਪਏ ਦਾ ਇਨਾਮ ਲਿਆਇਆ। ਭੂਤਾਂ ਨੇ ਸਲਾਹ ਬਣਾਈ ਚਲੋ ਅੱਜ ਐਸ਼ ਕਰੀਏ। ਦਾਰੂ ਲਿਆਂਦੀ ਗਈ। ਪਾਨ ਲਿਆਂਦੇ ਗਏ। ਸਿਗਰਟਾਂ ਲਿਆਂਦੀਆਂ ਗਈਆਂ। ਸਿਓਆਂ ਦੀ ਸਬਜ਼ੀ ਬਣੀ। ਇਨਾਮ ਜਿੱਤਣ ਵਾਲੇ ਭੂਤ ਨੇ ਤਰਲਾ ਕੀਤਾ ਕਿ ਉਸ ਦੀ ਜੁੱਤੀ ਟੁੱਟ ਗਈ ਹੈ, ਉਸ ਨੂੰ ਵਿਚੋਂ ਫਲੀਟ ਲੈ ਦਿੱਤੇ ਜਾਣ। ਪਰ ਉਸ ਦੀ ਅਪੀਲ ਸਰਬਸੰਮਤੀ ਨਾਲ ਰੱਦ ਕਰ ਦਿੱਤੀ ਗਈ। ਦਾਰੂ ਪੀ ਕੇ ਉਹ ਗਲੀ ਵਿਚ ਲਿਟੇ। ਆਪਸ ਵਿਚ ਗਾਲ੍ਹਾਂ ਕੱਢੀਆਂ। ਵੱਡਾ ਭੂਤ ਰੋ ਵੀ ਪਿਆ ਕਿ ਉਸ ਦੇ ਵਿਆਹ ਬਾਰੇ ਕਦੇ ਸੋਚਿਆ ਹੀ ਨਹੀਂ ਗਿਆ। ਸਭ ਤੋਂ ਛੋਟੇ ਭੂਤ ਨੇ ਆਪਣੀ ਸਹੇਲੀ ਦਾ ਖਤ ਪੜ੍ਹ ਕੇ ਸੁਣਾਇਆ ਤੇ ਇਉਂ ਐਸ਼ ਕੀਤੀ ਗਈ।

ਜਦੋਂ ਕਿਸੇ ਭੂਤ ਨੇ ਕਿਸੇ ਇੰਟਰਵਿਊ ਉਤੇ ਜਾਣਾ ਹੁੰਦਾ ਹੈ ਤਾਂ ਕਿਸੇ ਭੂਤ ਦੀ ਜੁੱਤੀ, ਕਿਸੇ ਦਾ ਕੋਟ, ਕਿਸੇ ਦੀ ਪੱਗ ਉਸਨੂੰ ਲੈ ਦਿੱਤੀ ਜਾਂਦੀ ਹੈ। ਉਸ ਦੇ ਮੁਕਾਬਲੇ ਉਤੇ ਕੋਈ ਹੋਰ ਭੂਤ ਅਰਜ਼ੀ ਨਹੀਂ ਦਿੰਦਾ। ਜੇ ਚੁਣ ਲਿਆ ਜਾਵੇ ਤਾਂ ਚੋਣ ਕਮੇਟੀ ਦੀ ਅਕਲ ਦੀ ਦਾਦ ਦਿੱਤੀ ਜਾਂਦੀ ਹੈ, ਨਹੀਂ ਤਾਂ ਸਮਝ ਲਿਆ ਜਾਂਦਾ ਹੈ ਕਿ ਚੋਣ ਕਮੇਟੀ ਬੇਵਕੂਫਾਂ ਦੀ ਸੀ। ਬਹੁਤੀਆਂ ਚੋਣ ਕਮੇਟੀਆਂ ਬੇਵਕੂਫਾਂ ਦੀਆਂ ਹੀ ਸਾਬਤ ਹੁੰਦੀਆਂ ਹਨ। ਫਿਰ ਸੁਕਰਾਤ ਤੋਂ ਲੈ ਕੇ ਸੁਕੀਰਤ ਸਿੰਘ 'ਫ਼ਰਿਆਦੀ' ਤੱਕ ਦੇ ਹਵਾਲੇ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਜਿਨ੍ਹਾਂ ਦੇ ਸਮੇਂ ਨੇ ਨਹੀਂ ਸਮਝਿਆ ਤੇ ਪੀਣ ਲਈ ਜ਼ਹਿਰ ਦਾ ਪਿਆਲਾ ਦੇ ਦਿੱਤਾ।

ਮੈਂ ਥੀਸਿਸ ਚਾਰ ਦਿਨਾਂ ਤੱਕ ਦੇਣਾ ਸੀ। ਪਤਾ ਲੱਗਿਆ ਟਾਈਪ ਮੁੜ ਕਰਵਾਉਣਾ ਪਵੇਗਾ, ਕੁਝ ਚੀਜ਼ਾਂ ਗਲਤ ਹੋ ਗਈਆਂ ਸਨ। ਮੈਂ ਬਹੁਤ ਪ੍ਰੇਸ਼ਾਨ ਹੋ ਗਈ। ਏਨਾ ਕੰਮ ਚਾਰ ਦਿਨਾਂ ਵਿਚ ਸੰਭਵ ਨਹੀਂ ਸੀ।

ਭੂਤਾਂ ਨੂੰ ਪਤਾ ਲੱਗਿਆ। ਪਹੁੰਚ ਗਏ। ਦੋ ਟਾਈਪਿਸਟ ਲੈ ਆਏ। ਇਕ ਇਕ ਕਾਪੀ ਸਾਂਭ ਲਈ। ਰਾਤ ਪੈ ਗਈ, ਦਿਨ ਚੜ੍ਹ ਗਿਆ। ਫਿਰ ਰਾਤ ਪੈ ਗਈ, ਫਿਰ ਦਿਨ ਚੜ੍ਹ ਗਿਆ। ਫਿਰ ਰਾਤ ਪੈ ਗਈ, ਭੂਤ ਕੰਮ ਲੱਗੇ ਹੋਏ ਸਨ। ਟਾਈਪਿਸਟ ਵਾਰੋ ਵਾਰੀ ਕੰਮ ਕਰ ਰਹੇ ਸਨ। ਚੌਥੇ ਦਿਨ ਜਿਲਦਾਂ ਬੰਨ੍ਹਾ ਕੇ ਇਕ ਭੂਤ ਬੱਸ ਵਿਚ ਜਿਲਦਾਂ ਸੁਕਾਉਂਦਾ ਥੀਸਿਸ ਚੰਡੀਗੜ੍ਹ ਨੂੰ ਲਈ ਜਾ ਰਿਹਾ ਸੀ।

ਵਾਈਵੇ ਵਿਚ ਮੈਂ ਜਵਾਬ ਹਲੀਮੀ ਵਾਲੇ ਨਹੀਂ ਸੀ ਦਿੱਤੇ। ਤੇ ਮੈਂ ਅੰਦਾਜ਼ਾ ਨਹੀਂ ਸੀ ਲਾ ਸਕਦੀ ਕਿ ਮੈਨੂੰ ਡਿਗਰੀ ਮਿਲ ਜਾਵੇਗੀ ਕਿ ਨਹੀਂ? ਜਿਸ ਦਿਨ ਸਿੰਡੀਕੇਟ ਦੀ ਮੀਟਿੰਗ ਵਿਚ ਰੀਜ਼ਲਟ ਦਾ ਪਤਾ ਲੱਗਣਾ ਸੀ ਕੋਈ ਭੂਤ ਚੰਡੀਗੜ੍ਹ ਜਾਣ ਲਈ ਤਿਆਰ ਨਹੀਂ ਸੀ ਕਿ ਜੇ ਖ਼ਬਰ ਮਾੜੀ ਹੋਈ ਤਾਂ...ਤੇ ਬਹੁਤੀ ਸੰਭਾਵਨਾ ਮਾੜੀ ਖ਼ਬਰ ਦੀ ਹੀ ਸੀ। ਆਖ਼ਰ ਹਰਿੰਦਰ ਸਿੰਘ ਮਹਿਬੂਬ ਹੌਂਸਲਾ ਕਰਕੇ ਚਲਿਆ ਗਿਆ। ਪਿੱਛੋਂ ਦੂਜੇ ਸੰਸਾ ਵੀ ਕਰਦੇ ਸੀ, ਗੁੱਸੇ 'ਚ ਆ ਕੇ ਕਿਧਰੇ ਕਿਸੇ ਨੂੰ ਕੁੱਟ ਹੀ ਨਾ ਆਵੇ, ਓਹਦਾ ਕਾਹਲੇ ਦਾ ਕੀ ਐ?

ਪਰ ਰਾਤ ਨੂੰ ਉਹ ਜ਼ੋਰ ਜ਼ੋਰ ਦੀ ਤਖਤੇ ਭੰਨ ਰਿਹਾ ਸੀ। ਮੈਂ ਬਾਰ ਖੋਲ੍ਹਿਆ। ਉਹ ਮਠਿਆਈ ਦਾ ਡੱਬਾ ਲਈਂ ਖੜ੍ਹਾ ਸੀ। ਬੋਲਿਆ, ''ਮੈਂ ਟੇਸ਼ਣ ਤੋਂ ਨੱਠਿਆ ਆਇਆਂ।' ਤੁਸੀਂ ਭੋਰਾ ਮਠਿਆਈ ਦਾ ਲੈ ਲੋ, ਬਾਕੀ ਮੈਂ ਭੂਤਵਾੜੇ ਜਾ ਕੇ ਦੱਸਣੈ, ਨਾਲੇ ਮਠਿਆਈ ਦੇਣੀ ਐ।'' ਮੈਂ ਬਰਫ਼ੀ ਦਾ ਇਕ ਟੁਕੜਾ ਚੁੱਕ ਲਿਆ ਤੇ ਉਹ ਉਨ੍ਹੀਂ ਪੈਰੀਂ ਪਰਤ ਗਿਆ। ਅਗਲੇ ਦਿਨ ਭੂਤਵਾੜੇ ਵਾਲਿਆਂ ਵਿਚੋਂ ਕੋਈ ਕਾਲਜ ਨਹੀਂ ਸੀ ਆਇਆ। ਪਤਾ ਲੱਗਿਆ ਉਹ ਰਾਤ ਦਾਰੂ ਪੀ ਕੇ ਜਸ਼ਨ ਮਨਾਉਂਦੇ ਰਹੇ ਸਨ ਤੇ ਹੁਣ ਸਭ ਸੁੱਤੇ ਪਏ ਸਨ।

ਇਕ ਦਿਨ ਗਰਮੀਆਂ ਦੀ ਦੁਪਹਿਰ ਨੂੰ ਬਾਰ ਖੜਕਿਆ। ਮੈਂ ਖੋਲ੍ਹਿਆ। ਬਾਹਰ ਇਕ ਭੂਤ ਖੜ੍ਹਾ ਸੀ।

''ਆ ਬੈਠ'', ਮੈਂ ਉਸਨੂੰ ਪਸੀਨੋ ਪਸੀਨਾ ਹੋਇਆ ਦੇਖ ਕੇ ਕਿਹਾ।

''ਬਸ ਮੈਂ ਹੁਣੇ ਮੁੜਨਾ ਏ। ਮੈਂ ਲਾਲ ਪੈਂਨਸਲ ਖਰੀਦੀ ਸੀ, ਦੇਖੋ ਕਿੰਨੀ ਸੁਹਣੀ ਏ, ਮੈਂ ਕਿਹਾ ਵਿਖਾ ਆਵਾਂ। ਬਾਕੀ ਭੂਤ ਸੁੱਤੇ ਪਏ ਨੇ। ਸਾਰੀ ਰਾਤ ਪੜ੍ਹਦੇ ਰਹੇ ਸੀ ਨਾ।'' ਉਸ ਨੇ ਪੈਨਸਲ ਮੇਰੇ ਅੱਗੇ ਕਰਕੇ ਕਿਹਾ।

ਮੈਂ ਪੈਨਸਲ ਹੱਥ ਵਿਚ ਫੜ ਲਈ। ਧਿਆਨ ਨਾਲ ਦੇਖੀ। ਲਾਲ ਪੈਨਸਲ ਸੀ।

''ਇਕ ਪਾਣੀ ਦਾ ਗਿਲਾਸ ਪਿਆ ਦਿਓ।''

ਮੈਂ ਪਾਣੀ ਲਿਆ ਦਿੱਤਾ।

''ਅੱਛਾ, ਮੈਂ ਚਲਦਾਂ'' ਆਖ ਉਹ ਭੂਤ ਬਲਦੀ ਦੁਪਹਿਰ ਵਿਚ ਤਿੰਨ ਮੀਲ ਦੂਰ ਭੂਤਵਾੜੇ ਨੂੰ ਮੁੜ ਗਿਆ ਜਿਥੋਂ ਉਹ ਪੈਨਸਲ ਵਿਖਾਉਣ ਆਇਆ ਸੀ।

ਅੰਗਰੇਜ਼ੀ ਐਮ. ਏ. ਦਾ ਇਕ ਵਿਦਿਆਰਥੀ ਭੁੱਲ-ਭੁਲੇਖੇ ਇਕ ਵਾਰੀ ਭੂਤਵਾੜੇ ਵਾਲਿਆਂ ਨਾਲ ਜਾ ਰਲਿਆ। ਪਹਿਲੇ ਦਿਨ ਵਾਪਸ ਹੋਸਟਲ ਆ ਕੇ ਉਸ ਨੇ ਦੇਵੀ ਦੀ ਫੋਟੋ ਮੂਹਰੇ ਬੈਠ ਕੇ ਮੁਆਫੀ ਮੰਗੀ ਕਿ ਕਿਹੋ ਜਿਹੇ ਲਫੰਗਿਆਂ ਨਾਲ ਵਾਹ ਪੈ ਗਿਆ, ਜਿਹੜੇ ਰੱਬ ਨੂੰ ਟਿੱਚ ਜਾਣਦੇ ਨੇ। ਜਿਹੜੇ ਸਾਰੀ ਸਾਰੀ ਰਾਤ ਸੜਕਾਂ ਉਤੇ ਹੀ ਬਹਿਸਾਂ ਕਰਦੇ ਕੱਟ ਦਿੰਦੇ ਹਨ। ਜਿਹੜੇ ਦੋ-ਦੋ ਦਿਨ ਰੋਟੀ ਤੋਂ ਬਿਨਾ ਹੀ ਸਾਰ ਲੈਂਦੇ ਹਨ।

ਭੂਤਾਂ ਨੇ ਉਸਨੂੰ ਹਰਮਨ ਹੈਸ ਦੇ ਨਾਵਲ 'ਸਿਧਾਰਥ' ਦਾ ਪਾਤਰ ਗੋਬਿੰਦ ਬਣਾ ਦਿੱਤਾ। ਪਹਿਲੇ ਸਾਲ ਉਹ ਫੇਲ੍ਹ ਹੋ ਗਿਆ, ਪਰ ਉਹ ਖੁਸ਼ ਸੀ ਕਿ ਘੱਟੋ-ਘੱਟ ਭੂਤਾਂ ਵਿਚ ਰਹਿ ਕੇ ਉਸ ਨੂੰ ਇਹ ਤਾਂ ਪਤਾ ਲੱਗ ਗਿਆ ਹੈ ਕਿ ਉਹ ਕਿੱਡਾ ਨਾਲਾਇਕ ਹੈ। ਪਰ ਹੁਣ ਉਹ ਤਕੜੇ ਤਕੜੇ ਭੂਤਾਂ ਨੂੰ ਠਿੱਬੀਆਂ ਲਾਉਂਦਾ ਹੈ।

''ਤੁਸੀਂ ਕਦੋਂ ਮਰਨਾ ਏ?'' ਇਕ ਦਿਨ ਇਕ ਭੂਤ ਨੇ ਮੈਨੂੰ ਪੁੱਛਿਆ।

''ਕੀ ਗੱਲ?''

''ਮੈਂ ਨਹੀਂ ਚਾਹੁੰਦਾ ਤੁਸੀਂ ਕਦੇ ਮੇਰਾ ਇਮੇਜ਼ ਸ਼ੈਟਰ ਕਰੋ। ਸੋ ਮੈਂ ਚਾਹੁੰਦਾ ਹਾਂ ਕਿ ਜੋ ਤੁਸੀਂ ਹੁਣ ਹੋ, ਉਹੀ ਮਰ ਜਾਓ।''

ਇਕ ਭੂਤ ਨੂੰ ਮਸਾਂ ਨੌਕਰੀ ਮਿਲੀ ਸੀ ਪਰ ਉਹ ਪ੍ਰਿੰਸੀਪਲ ਨਾਲ ਲੜ ਪਿਆ। ਇਨ੍ਹਾਂ ਨਾਲ ਕੱਟਣਾ ਕਿਹੜਾ ਸੌਖਾ ਹੈ। ਉਸ ਭੂਤ ਨੇ ਅਸਤੀਫੇ ਵਿਚ ਜੋ ਕੁਝ ਲਿਖਿਆ ਉਸ ਤੋਂ ਪ੍ਰਭਾਵਿਤ ਹੋ ਕੇ ਪ੍ਰਿੰਸੀਪਲ ਉਸ ਨੂੰ ਮੁੜ ਨੌਕਰੀ 'ਤੇ ਰੱਖਣ ਲਈ ਤਿਆਰ ਹੋ ਗਿਆ। ਪਰ ਭੂਤ ਸਮਝੌਤਾਵਾਦੀ ਨਹੀਂ।

*ਮੱਤ ਦੇਣ ਵਾਲਿਆਂ ਵਿਚੋਂ ਕੋਈ ਇਨ੍ਹਾਂ ਨੂੰ ਬੇਵਕਫੂ ਸਮਝਦਾ, ਕੋਈ ਆਪਣੇ ਆਪ ਨੂੰ ਬੇਵਕੂਫ ਕਹਿੰਦਾ ਤੇ ਫੇਰ ਛੇਤੀ-ਛੇਤੀ ਇਨ੍ਹਾਂ ਦੇ ਕੋਲ ਆ ਕੇ ਬੈਠਣ ਦੀ ਹਿੰਮਤ ਨਹੀਂ ਕਰਦਾ।*

*ਇਕ ਭੂਤ ਦੀ ਸਬਜ਼ੀ ਲਿਆਉਣ 'ਤੇ ਡਿਊਟੀ ਸੀ। ਕਿਹਾ ਗਿਆ ਸੀ ਜੋ ਸਬਜ਼ੀ ਸਭ ਤੋਂ ਸਸਤੀ ਹੈ, ਉਹ ਲਿਆਉਣੀ ਹੈ। ਉਸ ਮੌਸਮ ਵਿਚ ਆਲੂ ਸਭ ਤੋਂ ਸਸਤੇ ਸਨ। ਭੂਤ ਹਰ ਰੋਜ਼ ਆਲੂ ਲਿਆਉਂਦਾ ਰਿਹਾ। ਤਿੰਨਾਂ ਮਹੀਨਿਆਂ ਮਗਰੋਂ ਜਦੋਂ ਸਬਜ਼ੀ ਵਾਲੇ ਦਾ ਹਿਸਾਬ ਕੀਤਾ ਗਿਆ ਤਾਂ ਪਤਾ ਲੱਗਿਆ ਕਿੰਨੇ ਚਿਰ ਤੋਂ ਆਲੂ ਸਭ ਤੋਂ ਮਹਿੰਗੀ ਸਬਜ਼ੀ ਬਣ ਚੁੱਕੇ ਸਨ।*

*''ਤੂੰ ਭਾਅ ਸਾਥੋਂ ਪੁਛ ਕੇ ਕਿਉਂ ਨਹੀਂ ਵਧਾਇਆ?'' ਭੂਤ ਦੁਕਾਨਦਾਰ ਨੂੰ ਕੋਸ ਰਿਹਾ ਸੀ। ਉਸ ਨੂੰ ਸ਼ਾਇਦ ਯਾਦ ਨਹੀਂ ਸੀ ਰਿਹਾ ਕਿ ਇਸ ਦੇਸ਼ ਵਿਚ ਭਾਅ ਵਧਾਉਣ, ਘਟਾਉਣ ਦਾ ਕੰਮ ਉਹ ਲੋਕ ਕਰਦੇ ਨੇ, ਜਿਹੜੇ ਕੋਈ ਵੀ ਕੰਮ ਨਹੀਂ ਕਰਦੇ।*

ਕਦੇ-ਕਦੇ ਸਿਆਣੇ ਲੋਕ ਡਿਗਰੀਆਂ ਲੈਣ, ਨੌਕਰੀਆਂ ‘ਤੇ ਲੱਗਣ ਵਜੀਫੇ ਪ੍ਰਾਪਤ ਕਰਨ, ਲੇਖਕ ਬਣਨ ਤੇ ਪੈਸਾ ਕਮਾਉਣ ਦੇ ਗੁਰ ਉਨ੍ਹਾਂ ਨੂੰ ਦੱਸਦੇ ਹਨ ਤਾਂ ਉਹ ਚੁੱਪ-ਚਾਪ ਸੁਣਦੇ ਰਹਿੰਦੇ ਹਨ। ਫਿਰ ਉਨ੍ਹਾਂ ਵਿਚੋਂ ਕੋਈ ਹੌਲੀ ਦੇ ਕੇ ਪੁੱਛ ਲੈਂਦਾ- “ਅਛਾ, ਭਲਾ ਜੇ ਨੌਕਰੀ ਮਿਲ ਗਈ, ਕਿਤਾਬ ਛਪ ਗਈ, ਪੈਸਾ ਪੱਲੇ ਹੋ ਗਿਆ, ਫੇਰ...?”

ਇਸ ਫੇਰ ਨੂੰ ਅਗਲਾ ਕੀ ਸਮਝੇ? ਬਹੁਤੇ ਲੋਕਾਂ ਦੀ ਕਹਾਣੀ ਇਸ ‘ਫੇਰ’ ’ਤੇ ਆ ਕੇ ਮੁੱਕ ਜਾਂਦੀ ਹੈ। ਪਰ ਭੂਤ ਸ਼ੁਰੂ ਹੀ ਇਥੋਂ ਕਰਦੇ ਹਨ।

ਮੱਤ ਦੇਣ ਵਾਲਿਆਂ ਵਿਚੋਂ ਕੋਈ ਇਨ੍ਹਾਂ ਨੂੰ ਬੇਵਕਫੂ ਸਮਝਦਾ, ਕੋਈ ਆਪਣੇ ਆਪ ਨੂੰ ਬੇਵਕੂਫ ਕਹਿੰਦਾ ਤੇ ਫੇਰ ਛੇਤੀ-ਛੇਤੀ ਇਨ੍ਹਾਂ ਦੇ ਕੋਲ ਆ ਕੇ ਬੈਠਣ ਦੀ ਹਿੰਮਤ ਨਹੀਂ ਕਰਦਾ।

ਇਕ ਭੂਤ ਦੀ ਸਬਜ਼ੀ ਲਿਆਉਣ ‘ਤੇ ਡਿਊਟੀ ਸੀ। ਕਿਹਾ ਗਿਆ ਸੀ ਜੋ ਸਬਜ਼ੀ ਸਭ ਤੋਂ ਸਸਤੀ ਹੈ, ਉਹ ਲਿਆਉਣੀ ਹੈ। ਉਸ ਮੌਸਮ ਵਿਚ ਆਲੂ ਸਭ ਤੋਂ ਸਸਤੇ ਸਨ। ਭੂਤ ਹਰ ਰੋਜ਼ ਆਲੂ ਲਿਆਉਂਦਾ ਰਿਹਾ। ਤਿੰਨਾਂ ਮਹੀਨਿਆਂ ਮਗਰੋਂ ਜਦੋਂ ਸਬਜ਼ੀ ਵਾਲੇ ਦਾ ਹਿਸਾਬ ਕੀਤਾ ਗਿਆ ਤਾਂ ਪਤਾ ਲੱਗਿਆ ਕਿੰਨੇ ਚਿਰ ਤੋਂ ਆਲੂ ਸਭ ਤੋਂ ਮਹਿੰਗੀ ਸਬਜ਼ੀ ਬਣ ਚੁੱਕੇ ਸਨ।

“ਤੂੰ ਭਾਅ ਸਾਥੋਂ ਪੁਛ ਕੇ ਕਿਉਂ ਨਹੀਂ ਵਧਾਇਆ?” ਭੂਤ ਦੁਕਾਨਦਾਰ ਨੂੰ ਕੋਸ ਰਿਹਾ ਸੀ। ਉਸ ਨੂੰ ਸ਼ਾਇਦ ਯਾਦ ਨਹੀਂ ਸੀ ਰਿਹਾ ਕਿ ਇਸ ਦੇਸ਼ ਵਿਚ ਭਾਅ ਵਧਾਉਣ, ਘਟਾਉਣ ਦਾ ਕੰਮ ਉਹ ਲੋਕ ਕਰਦੇ ਨੇ, ਜਿਹੜੇ ਕੋਈ ਵੀ ਕੰਮ ਨਹੀਂ ਕਰਦੇ।

ਇਕ ਦਿਨ ਸਾਰੇ ਭੂਤ ਕਿਸੇ ਭੂਤ ਦੇ ਪਿੰਡ ਮੱਕੀ ਦੀਆਂ ਰੋਟੀਆਂ ਤੇ ਸਾਗ ਖਾਣ ਗਏ। ਉਥੇ ਪਹੁੰਚ ਕੇ ਪਤਾ ਲੱਗਿਆ ਕਿ ਭੂਤ ਦੀ ਬੇਬੇ ਵਿਚਾਰੀ ਇਕੱਲੀ ਹੀ ਮਿੱਟੀ ਮਿੱਧ ਕੇ ਕੋਠਾ ਲਿੱਪ ਰਹੀ ਸੀ। ਭੂਤਾਂ ਨੇ ਕਮਰ ਕਸੇ ਕਰ ਲਏ। ਕੁਝ ਭੂਤ ਮਿੱਟੀ ਮਿੱਧਣ ਲੱਗ ਪਏ। ਕੁਝ ਕੋਠੇ ਉਤੇ ਚੜ੍ਹਾਉਣ ਤੇ ਕੁਝ ਬੇਚੱਜਿਆਂ ਵਾਂਗ ਲਿੱਪਣ ਲੱਗ ਪਏ। ਬੇਬੇ ਬਥੇਰਾ ਰੋਕੇ, “ਵੇ ਕੋਈ ਵੇਖੂ ਤਾਂ ਕੀ ਕਹੂ? ਨਾਲੇ ਥੋਡੇ ਲੀੜੇ ਮੈਲੇ ਹੋ ਜਾਣਗੇ।” ਆਥਣ ਤੀਕ ਭੂਤਾਂ ਨੇ ਸਾਰੇ ਕੋਠੇ ਲਿੱਪ ਦਿੱਤੇ। ਬੇਬੇ ਨੇ ਵੀ ਰੱਜਵਾਂ ਘਿਉ-ਸ਼ੱਕਰ ਪਾਇਆ।

ਇਕ ਭੂਤ ਅੱਜ ਬਹੁਤ ਜ਼ਿਆਦਾ ਖੁਸ਼ ਸੀ। ਉਸਨੇ ਬੇਬੇ ਕੋਲ ਸਿਫਾਰਸ਼ ਕਰਕੇ ਸਰਦੀਆਂ ਵਿਚ ਪਹਿਲੀ ਵਾਰ ਇਕੱਲੇ ਨੇ ਪੂਰੀ ਰਜ਼ਾਈ ਲੈ ਲਈ ਸੀ, ਉਹ ਵੀ ਸਾਰੀ ਰਾਤ ਲਈ। ਅਗਲੇ ਦਿਨ ਮੁੜੇ ਆਉਂਦੇ ਭੂਤ ਸਾਰੇ ਰਾਹ ਡਨ ਦੀ ਮੈਟਾਫਿਜ਼ੀਕਲ ਪੋਇਟਰੀ ਡਿਸਕਸ ਕਰਦੇ ਰਹੇ। ਸ਼ਾਇਦ ਮੈਨੂੰ ਭੂਤਾਂ ਦੀਆਂ ਬਹੁਤੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਮਾੜੇ ਦਿਲ ਵਾਲੇ ਲੋਕ ਤਾਂ ਭੂਤਾਂ ਦੇ ਨਾਉਂ ਤੋਂ ਹੀ ਡਰ ਜਾਂਦੇ ਹਨ।

***

ਪੰਜਾਬੀ ਦੇ ਵਿਦਵਾਨ ਆਖਦੇ ਹਨ ਕਿ ਉਹ ਨਾ ਗਿਆਨੀ ਪਾਸ ਹੈ, ਨਾ ਵਿਦਵਾਨੀ ਤੇ ਨਾ ਬੁੱਧੀਮਾਨੀ। ਐਮ. ਏ. ਪੰਜਾਬੀ ਰੱਬ ਰੱਬ ਕਰੋ ਜੀ! ਫਿਰ ਵੀ ਪੰਜਾਬੀ ਦੇ ਬਹੁਤ ਸਾਰੇ ਡਾਕਟਰ ਤੇ ਪ੍ਰੋਫੈਸਰ ਉਸਦੇ ਵਿਦਿਆਰਥੀ ਹਨ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਹ ਸਾਰੇ ਇਹ ਗੱਲ ਬੜੇ ਮਾਣ ਨਾਲ ਦੱਸਦੇ ਹਨ। ਜਦੋਂ ਕਦੇ ਤੁਸੀਂ ਇਸ ਮਹਾਂ-ਭੂਤ ਦੇ ਘਰ ਜਾਓ, ਤੁਹਾਡੇ ਵਰਗੇ ਪੰਜ-ਸੱਤ ਪਹਿਲਾਂ ਹੀ ਉਥੇ ਬੈਠੇ ਮਿਲਣਗੇ। ਉਸ ਵੇਲੇ ਮਹਾਂ ਭੂਤ ਖਰੜੇ ਦੀ ਸੁਧਾਈ ਵੀ ਕਰ ਰਿਹਾ ਹੋਵੇਗਾ, ਗੱਲ ਕਰਨ ਵਾਲੇ ਦਾ ਹੁੰਗਾਰਾ ਵੀ ਭਰ ਰਿਹਾ ਹੋਵੇਗਾ ਤੇ ਨਵੇਂ ਆਉਣ ਵਾਲੇ ਦੀ ਅਣਕਹੀ ਸਮੱਸਿਆ ਬਾਰੇ ਸੋਚ ਵੀ ਰਿਹਾ ਹੋਵੇਗਾ ਤੇ ਨਾਲ ਹੀ ਪੁੱਛੇਗਾ, “ਚਾਹ ਪੀਓਗੇ?”

ਸ਼ਰਮੋ-ਸ਼ਰਮੀ ਇਕ ਵਾਰੀ ਤੁਸੀਂ ਨਾਂਹ ਕਰ ਦਿਓਗੇ ਤਾਂ ਦੂਸਰੀ ਵਾਰ ਉਸ ਨੇ ਪੁੱਛਣਾ ਹੀ ਨਹੀਂ। ਹਾਂ, ਉਸ ਦੀ ਪਤਨੀ ਜੇ ਤੁਹਾਨੂੰ ਦੇਖ ਲਵੇ ਤਾਂ ਚਾਹ ਦੇ ਨਾਲ ਪਕੌੜੇ ਵੀ ਆ ਜਾਣਗੇ।

“ਲਓ ਬਈ, ਕਮਾਲ ਹੋ ਗਈ”, ਮਹਾਂ-ਭੂਤ ਚਾਹ ਦੇਣ ਆਈ ਪਤਨੀ ਨੂੰ ਕਹੇਗਾ, ਇਉਂ ਜਿਵੇਂ ਕਹਿ ਰਿਹਾ ਹੋਵੇ, “ਭਲੀਏ ਮਾਣਸੇ, ਇਕ ਕੱਪ ਚਾਹ ਨਾਲ ਇਨ੍ਹਾਂ ਨੇ ਕੀ ਮੋਟੇ ਹੋ ਜਾਣੈਂ? ਤੂੰ ਮੇਰੀ ਕਬੀਲਦਾਰੀ ਵਲ ਤਾਂ ਦੇਖਿਆ ਕਰ, ਆਪਣੇ ਪਿਓ ਦਾ ਘਰ ਈ ਨਾ ਸਮਝਿਆ ਕਰ।” ਹਾਂ, ਜੇ ਰੋਟੀ ਵੇਲਾ ਹੋ ਜਾਏ ਤਾਂ ਉਹ ਤੁਹਾਡੇ ਲੱਖ ਨਾਂਹ ਕਰਨ ਉਤੇ ਵੀ ਰੋਟੀ ਮੱਲੋ-ਮੱਲੀ ਖੁਆ ਦੇਵੇਗਾ। ਸ਼ਾਇਦ ਉਹ ਸੋਚਦਾ ਹੈ ਕਿ ਜੀਊਂਦੇ ਬੰਦੇ ਨੂੰ ਏਨੀ ਕੁ ਅੱਯਾਸ਼ੀ ਤਾਂ ਕਰ ਹੀ ਲੈਣੀ ਚਾਹੀਦੀ ਹੈ। ਪਰ ਜੇ ਸਵਾਲ ਕਿਸੇ ਭੂਤ ਦੀ ਫ਼ੀਸ ਭਰਨ ਦਾ ਆ ਜਾਵੇ ਤਾਂ ਮਹਾਂ-ਭੂਤ ਸਾਰੇ ਹੱਥ ਪੱਲਾ ਮਾਰ ਕੇ ਇੱਥੋਂ ਤੱਕ ਕਿ ਆਪਣੀ ਨਿੱਕੀ ਧੀ ਦੇ ਗੱਲੇ ਵਿਚੋਂ, ਸਵਾਏ-ਡੂਢੇ ਉਤੇ ਉਧਾਰ ਚੁੱਕ ਕੇ ਵੀ ਬੁੱਤਾ ਸਾਰ ਦੇਵੇਗਾ।

ਕਈ ਹਮਾਤੜ-ਧਮਾਤੜ ਉਂਜ ਹੀ ਉੱਠ ਕੇ ਮਿਲਣ ਤੁਰ ਪੈਂਦੇ ਹਨ, ਚੁੰਝ ਚਰਚਾ ਲਈ। ਜਿਸ ਦਿਨ ਕੋਈ ਹੋਰ ਨਾ ਟੱਕਰੇ, ਆ ਪਹੁੰਚਦੇ ਹਨ ਪਰ ਅੱਗੋਂ ਜੋ ਵਾਦ-ਵਿਵਾਦ ਹੁੰਦਾ ਏ, ਉਹ ਅਗਲੇ ਨੂੰ ਮਹੀਨੇ ਭਰ ਪਿੱਛੋਂ ਸਮਝ ਆਉਣਾ ਸ਼ੁਰੂ ਹੁੰਦਾ ਹੈ। ਮਸਲਨ ਮਹਾਂ-ਭੂਤ ਦੇ ਘਰ ਵਿਚ ਇਕ ਦਿਨ ਦੇਸੀਂ-ਪਰਦੇਸੀਂ ਘੁੰਮਿਆਂ ਕਹਿੰਦਾ-ਕਹਾਉਂਦਾ ਇਕ ਲੇਖਕ ਆਇਆ।

ਪਾਣੀ ਮੰਗਿਆ। ਪਾਣੀ ਆਉਣ ਨੂੰ ਪੰਜ-ਚਾਰ ਮਿੰਟ ਲੱਗ ਗਏ। ਲੇਖਕ ਨੇ ਸੋਚਿਆ, ਖ਼ਬਰੇ ਕਿਸ ਕਿਸਮ ਦਾ ਪਾਣੀ ਅੰਦਰ ਤਿਆਰ ਕੀਤਾ ਜਾ ਰਿਹਾ ਏ। ਪਰ ਜਦੋਂ ਮਹਾਂ-ਭੂਤ ਦੀ ਬੱਚੀ ਪਾਣੀ ਲੈ ਕੇ ਆਈ ਤਾਂ ਉਸ ਨੇ ਦੱਸਿਆ ਕਿ ਪਾਣੀ ਉਹ ਨਲਕੇ ਵਿਚੋਂ ਠੰਢਾ ਕੱਢ ਰਹੀ ਸੀ।

ਲੇਖਕ ਨੇ ਪਾਣੀ ਫੜ ਲਿਆ। ਬੱਚੀ ਨੂੰ ਸਮਝਾਣ ਲੱਗਿਆ, “ਦੇਖ ਬੀਬਾ! ਜਦੋਂ ਕਿਸੇ ਮਹਿਮਾਨ ਨੂੰ ਪਾਣੀ ਦੇਣਾ ਹੋਵੇ ਤਾਂ ਪਹਿਲਾਂ ਕੱਚ ਦਾ ਗਿਲਾਸ ਸੁਆਰ ਕੇ ਧੋਵੋ, ਉਸ ਵਿਚ ਪਾਣੀ ਪਾਉਣ ਵੇਲੇ ਕੰਢਿਆਂ ਤੱਕ ਨਾ ਭਰੋ। ਸਗੋਂ ਉਂਗਲ ਕੁ ਊਣਾ ਰੱਖੋ। ਫਿਰ ਉਸ ਗਲਾਸ ਨੂੰ ਪਲੇਟ ਵਿਚ ਰੱਖੋ। ਦੂਸਰੀ ਪਲੇਟ ਜਾਂ ਜਾਲੀਦਾਰ ਰੁਮਾਲ ਨਾਲ ਉਤੋਂ ਢੱਕੋ। ਇਉਂ ਲਿਆ ਕੇ ਪਾਣੀ ਦੇਵੋ।”

ਮਹਾਂ-ਭੂਤ ਨੇ ਇਹ ਸਭ ਕੁਝ ਬੜੇ ਧਿਆਨ ਨਾਲ ਸੁਣਿਆ ਤੇ ਫਿਰ ਅਣਜਾਣਾਂ ਵਾਂਗ ਪੁੱਛਿਆ, “ਅੱਛਾ ਜੀ ਪਹਿਲੇ ਗਿਲਾਸ ਧੋਈਏ?”

ਕਹਿੰਦੇ ਕਹਾਉਂਦੇ ਲੇਖਕ ਨੇ ਦਾਨਿਆਂ ਵਾਂਗ ਹਾਂ ਵਿਚ ਸਿਰ ਹਿਲਾਇਆ।

“ਫਿਰ ਉਸ ਵਿਚ ਪਾਣੀ ਪਾਈਏ ਤੇ ਉਂਗਲ ਕੁ ਊਣਾ ਰੱਖੀਏ?”

ਲੇਖਕ ਨੇ ਹਾਂ ਵਿਚ ਸਿਰ ਹਿਲਾਇਆ।

“ਇਕ ਪਲੇਟ ਜਾਂ ਰੁਮਾਲ ਨਾਲ ਢਕੀਏ?”

“ਜੀ ਹਾਂ”, ਕਹਿੰਦੇ ਕਹਾਉਂਦੇ ਲੇਖਕ ਨੇ ਕਿਹਾ।

“ਪਰ ਇਹ ਤਾਂ ਦੱਸੋ ਜੀ! ਉਹ ਗਿਲਾਸ ਫਿਰ ਪੇਸ਼ ਕਿਸ ਨੂੰ ਕਰੀਏ?”

“ਪੇਸ਼ ਕਿਸ ਨੂੰ ਕਰੀਏ?” ਇਸ ਗੱਲ ਦਾ ਜਵਾਬ ਕਹਿੰਦੇ ਕਹਾਉਂਦੇ ਲੇਖਕ ਨੂੰ ਘਰ ਜਾ ਕੇ ਵੀ ਨਹੀਂ ਅਹੁੜਿਆ ਹੋਣਾ।

ਇਕ ਵਾਰੀ ਬੜੀ ਮਿੰਨਤ ਨਾਲ ਮੈਂ ਮਹਾਂ-ਭੂਤ ਨੂੰ ਕਿਹਾ, “ਸਬਮਿਟ ਕਰਨ ਤੋਂ ਪਹਿਲਾਂ ਮੇਰੇ ਥੀਸਿਸ ਉਤੇ ਨਜ਼ਰ ਮਾਰ ਲਓ।”

ਮਨ ਮਿਹਰ ਪਈ, ਮੰਨ ਗਏ। ਕਿਧਰੇ-ਕਿਧਰੇ ਫੁੱਟ-ਨੋਟ ਵੱਡੇ ਦਿੱਤੇ ਹੋਏ ਸਨ, ਆਖਣ ਲੱਗੇ, “ਬੀਬੀ ਫੁੱਟ ਨੋਟ ਦਾ ਮਤਲਬ ਫੁੱਟ ਫੁੱਟ ਦੇ ਨੋਟ ਨਹੀਂ ਹੁੰਦਾ।”

ਬਿਨਾ ਸ਼ੀਸ਼ੇ ਤੋਂ ਪੱਗ ਬੰਨ੍ਹੀਂ, ਕੁੜਤਾ ਪਜਾਮਾ ਤੇ ਦੇਸੀ ਜੁੱਤੀ ਪਾਈਂ, ਇਕ ਝੋਲਾ ਹੱਥ ਵਿਚ ਫੜੀਂ, ਥਰਡ ਕਲਾਸ ਵਿਚ ਸਫਰ ਕਰਦੇ ਮਹਾਂ-ਭੂਤ ਨਾਲ ਕਈ ਵਾਰ ਬੁੱਢੇ ਠੇਰੇ ਗੱਲੀਂ ਲੱਗ ਜਾਂਦੇ ਹਨ।

“ਮਖਾਂ ਜੀ, ਆਪਾਂ ਕਚਹਿਰੀਆਂ ‘ਚ ਹੁੰਨੇ ਆਂ?” ਜਕੋ-ਤਕਾਂ ਕਰਦਾ ਅਗਲਾ ਇਸ ਸਿੱਧੇ ਜਿਹੇ ਬੰਦੇ ਦੀਆਂ ਭੰਬਲਭੂਸਿਆਂ ਵਿਚ ਪਾਉਂਦੀਆਂ ਖਚਰੀਆਂ ਜਿਹੀਆਂ ਅੱਖਾਂ ਵੱਲ ਤੱਕ ਕੇ ਪੁੱਛਦਾ ਹੈ।

“ਨਹੀਂ ਜੀ ਆਪਾਂ ਤਾਂ ਅਨਪੜ੍ਹ ਬੰਦੇ ਹਾਂ ਜਮਾ”, ਮਹਾਂ-ਭੂਤ ਬਹੁਤ ਗੰਭੀਰ ਹੋ ਕੇ ਜਵਾਬ ਦਿੰਦਾ ਹੈ।

“ਆਹੋ ਜੀ, ਕਈ ਅਨਪੜ੍ਹ ਵੀ ਪੜ੍ਹਿਆ ਅਰਗੇ ਹੁੰਦੇ ਆ।”

“ਆਪਣਾ ਪਿੰਡ ਕਿਹੜਾ ਐ ਭਾਈ ਸਾਹਿਬ?” ਮਹਾਂ-ਭੂਤ ਪੁੱਛਦਾ ਹੈ।

“ਲਸੋਈ ਐ ਜੀ।”

“ਲਸੋਈ, ਸੰਤ ਮਾੜੂਦਾਸ ਵਾਲੀ?”

“ਆਹੋ ਜੀ! ਸੰਤ ਤਾਂ ਗੁਜ਼ਰਗੇ ਬੜੇ ਸਾਲ ਹੋਏ। ਪਿੱਛੋਂ ਇਕ ਬੀਬੀ ਰਹਿੰਦੀ ਸੀ ਬੜੇ ਜੱਪ ਤੱਪ ਵਾਲੀ। ਉਹ ਵੀ ਗੁਜਰਗੀ। ਅਸੀਂ ਜੀ ਅਜੇ ਤਾਈਂ ਮਾੜੂਦਾਸ ਦੀ ਗੁਫਾ ‘ਤੇ ਠੀਕਰੀ ਪਹਿਰਾ ਦਿੰਨੇ ਆਂ। ਮਖਾਂ ਸੰਤ ਆਖੇ ਪਿੱਛੋਂ ਮੈਨੂੰ ਭੁੱਲਗੇ। ਸਭ ਸੰਤਾਂ ਦਾ ਪ੍ਰਤਾਪ ਐ ਜੀ। ਆਪਣੇ ਪਿੰਡ ਡੰਗਰਾਂ ਦੀ ਬਿਮਾਰੀ ਕਦੇ ਨੀ ਪਈ। ਪਿੰਡ ‘ਚ ਕਤਲ ਅੱਜ ਤਾਈਂ ਨ੍ਹੀਂ ਹੋਇਆ। ਗੁਫਾ ਤੇ ਤਾਂ ਜੀ ਸੁੱਖਣਾ ਵਰ ਆਉਂਦੀਆਂ ਨੇ। ਦੂਰੋਂ-ਦੂਰੋਂ ਚੱਲ ਕੇ ਆਉਂਦੇ ਨੇ ਲੋਕ।

“ਬੜੇ ਗ੍ਰੰਥ ਲਿਖੇ ਸੀ ਆਖਦੇ ਨੇ ਸੰਤ ਜੀ ਨੇ?”

“ਕੀ ਲੇਖਾ ਐ ਜੀ ਉਹ ਤਾਂ ਕੋਈ ਪਹੁੰਚਿਆ ਹੋਇਆ ਬੰਦਾ ਸੀ। ਥਉਂ ਖੜਾ ਈ ਜੋ ਕਹੋ ਪੈਦਾ ਕਰ ਦਿੰਦਾ ਸੀ। ਮੇਰਾ ਬਾਈ ਦੱਸਦਾ ਹੁੰਦਾ ਸੀ, ਅਖੇ ਇਕ ਦਿਨ ਮੈਂ ਕਿਹਾ, ‘ਮਹਾਰਾਜ, ਮੇਰਾ ਤਾਂ ਸੀਰਨੀ ਖਾਣ ਨੂੰ ਚਿੱਤ ਕਰਦਾ ਐ। ਲਓ ਜੀ ਸੰਤ ਅੰਦਰ ਗਿਆ ਤੇ ਗਰਮ ਗਰਮ ਲੱਡੂ-ਜਲੇਬੀਆਂ ਦੀ ਤੂੰਬੀ ਭਰ ਲਿਆਇਆ। ਹੈ ਨਾ ਜੀ ਹੱਥ ‘ਤੇ ਸਰ੍ਹੋਂ ਜਮਾਉਣ ਆਲੀ ਗੱਲ?”

“ਬੜੇ ਭਾਗ ਨੇ ਜੀ ਆਪ ਦੇ ਜੋ ਸੰਤ ਹੋਰਾਂ ਦੇ ਪਿੰਡ ਦੇ ਬੰਦੇ ਹੋ। ਜੇ ਮੈਂ ਆਵਾਂ ਤੁਹਾਡੇ ਪਿੰਡ ਤਾਂ ਦਰਸ਼ਨ ਕਰਵਾ ਦਿਓਗੇ ਗੁਫਾ ਦੇ?”

“ਕਿਉਂ ਨੀ ਜੀ।”

ਫੇਰ ਜ਼ਰਾ ਸੋਚ ਕੇ ਮਹਾਂ-ਭੂਤ ਆਖਦਾ ਹੈ, “ਹੁਣੇ ਨਾ ਚੱਲਾਂ ਤੁਹਾਡੇ ਨਾਲ?”

“ਆਹੋ ਚੱਲੋ।”

ਇਕ ਟਿਕਟ ਆਪਣੀ ਪਤਨੀ ਨੂੰ ਫੜਾ ਕੇ ਮਲਕ ਦੇਣੇ ਮਹਾਂ-ਭੂਤ ਉਸ ਨੂੰ ਆਖਦਾ ਹੈ, ਤੁਸੀਂ ਚੱਲੋ, ਮੈਂ ਭਲਕੇ ਪਹੁੰਚਿਆ ਲਓ,” ਤੇ ਬਿਨਾ ਗੌਲਿਆਂ ਕਿ ਪਤਨੀ ਨੇ ਅੱਗੋਂ ਕੀ ਜਵਾਬ ਦਿੱਤਾ, ਉਹ ਰਾਹ ਵਿਚ ਹੀ ਕਿਧਰੇ ਉਤਰ ਜਾਂਦਾ ਹੈ।

ਕਈ ਅਗਲੇ ਦਿਨ ਲੰਘਾ ਕੇ, ਕਈ ਪਿੰਡਾਂ ਦੀ ਰੇਤ ਫੱਕ ਕੇ, ਪਤਨੀ ਦੇ ਨਾਲ ਜ਼ਰੂਰੀ ਕੰਮ ਜਾਣ ਲਈ ਲਈਆਂ ਸਾਰੀਆਂ ਛੁੱਟੀਆਂ ਲੰਘਾ ਕੇ ਭੁੱਖਾ-ਤ੍ਰਿਹਾਇਆ ਮਹਾਂ-ਭੂਤ ਪੁਰਾਣੇ ਖਰੜਿਆਂ ਦਾ ਝੋਲਾ ਭਰੀ ਘਰ ਆ ਪਹੁੰਚਦਾ ਹੈ। ਫਿਰ ਕਿੰਨੇ ਹੀ ਦਿਨ ਦੁਪਹਿਰਾਂ ਵੇਲੇ ਕੰਮਾਂ-ਧੰਦਿਆਂ ਤੋਂ ਵਿਹਲਾ ਹੋ ਕੇ ਸਾਰਾ ਟੱਬਰ ਜਦੋਂ ਪੱਖੇ ਹੇਠ ਸੁੱਤਾ ਪਿਆ ਹੁੰਦਾ ਹੈ ਤਾਂ ਉਪਰ ਚੁਬਾਰੇ ਵਿਚ ਪਸੀਨੋ-ਪਸੀਨੇ ਹੋਇਆ ਮਹਾਂ-ਭੂਤ ਉਨ੍ਹਾਂ ਖਰੜਿਆਂ ਦੀ ਛਾਣ-ਬੀਣ ਕਰ ਰਿਹਾ ਹੁੰਦਾ ਹੈ। ਇਸ ਮੁਹਿੰਮ ਉਤੇ ਇਕ ਵਾਰੀ ਮਹਾਂ-ਭੂਤ ਕਈ ਮੀਲ ਪੈਦਲ ਤੁਰ ਕੇ ਇਕ ਨਿੱਕੇ ਜਿਹੇ ਪਿੰਡ ਦੇ ਗੁਰਦੁਆਰੇ ਵਿਚ ਪਹੁੰਚਿਆ।

“ਪੱਕਾ ਭਾਈ ਜੀ ਕੋਈ ਨੀ ਰਖਿਆ ਹੋਇਆ। ਕਦੇ ਮਹੀਨੇ ਲਈ ਕੋਈ ਸਾਧੂ-ਸੰਤ ਆ ਕੇ ਠਹਿਰਦਾ ਏ। ਵੇਲੇ-ਕੁਵੇਲੇ ਦੀਵਾ ਬੱਤੀ ਮੈਂ ਕਰ ਦਿੰਦਾ ਹਾਂ”, ਉਸ ਰਾਤ ਉਥੇ ਹੀ ਰਹਿ ਪੈਣ ਦੀ ਸਲਾਹ ਕਰਕੇ ਉਸ ਟੈਂਪਰੇਰੀ ਭਾਈ ਜੀ ਨੇ ਮਹਾਂ-ਭੂਤ ਦੇ ਕੋਲ ਹੀ ਆਪਣੀ ਟੁੱਟੀ ਜਿਹੀ ਮੰਜੀ ਡਾਹੁੰਦਿਆਂ ਆਖਿਆ।

“ਤੁਸੀਂ ਤਾਂ ਭਾਗਾਂ ਵਾਲੇ ਓ, ਦੋਨੋਂ ਪਾਸੇ ਨਿਭਾ ਰਹੇ ਓ। ਨਾਲੇ ਗ੍ਰਿਹਸਥੀ ਤੋਰਦੇ ਓ ਤੇ ਨਾਲੇ ਨਾਮ ਜਪਦੇ ਓ।”

“ਨਾਮ ਆਪਾਂ ਨੇ ਕੀ ਜਪਣਾ ਐ ਜੀ, ਬਸ ਮਾੜੇ-ਮੋਟੇ ਅੱਖਰ ਉਠਾਲਣ ਦਾ ਸ਼ੌਕ ਐ।”

ਕਿਤਾਬਾਂ-ਕਤੂਬਾਂ ਕਿੱਥੋਂ ਲੈਂਦੇ ਹੋ?”

“ਸੰਸਕ੍ਰਿਤ-ਫ਼ਾਰਸੀ ਦੀਆਂ ਅੰਦਰ ਬੜੀਆਂ ਪਈਆਂ ਨੇ ਸਟੋਰ ਵਿਚ।”

“ਆਪ ਸੰਸਕ੍ਰਿਤ-ਫ਼ਾਰਸੀ ਜਾਣਦੇ ਹੋ?” ਮਹਾਂ-ਭੂਤ ਨੇ ਮੰਜੇ ਉਤੇ ਉੱਠ ਕੇ ਬੈਠਦਿਆਂ ਪੁੱਛਿਆ।

“ਮਾੜੀ ਮੋਟੀ ਜਿਹੀ” ਉਸ ਟੈਂਪਰੇਰੀ ਭਾਈ ਜੀ ਨੇ ਆਪਣੀ ਪੱਗ ਲਾਹ ਕੇ, ਰੁੱਖੇ ਉਲਝੇ ਵਾਲ ਵਾਹੁੰਦਿਆਂ ਦੱਸਿਆ। ਪਰ ਮਹਾਂ-ਭੂਤ ਸਮਝ ਗਿਆ ਅਜਿਹੇ ਬੰਦੇ ਦੀ ਮਾੜੀ-ਮੋਟੀ ਦਾ ਕੀ ਮਤਲਬ ਹੈ?

ਸਾਰੀ ਰਾਤ ਗੋਸ਼ਟ ਚਲਦੀ ਰਹੀ।

ਸਵੇਰੇ ਖਰੜਿਆਂ ਦੀ ਬੋਰੀ ਭਰ ਕੇ ਲਿਆ ਰਹੇ ਮਹਾਂ-ਭੂਤ ਨੇ ਉਸ ਟੈਂਪਰੇਰੀ ਭਾਈ ਜੀ ਦੇ ਪੈਰ ਛੋਹੇ ਤੇ ਕਿਹਾ, “ਮਾੜੇ-ਮੋਟੇ ਅੱਖਰ ਉਠਾਲਣ ਦਾ ਆਪਾਂ ਨੂੰ ਵੀ ਸ਼ੌਕ ਐ।”

ਇਸ ਮਹਾਂ-ਭੂਤ ਦਾ ਕੱਦ ਕਈਆਂ ਅਨੁਸਾਰ ਲੋੜੋਂ ਕਿਤੇ ਉੱਚਾ ਹੈ। ਨਾਲੇ ਏਡੇ ਕੱਦ ਦਾ ਅੱਜ ਕੱਲ੍ਹ ਫੈਸ਼ਨ ਹੀ ਨਹੀਂ ਰਿਹਾ। ਇਸ ਵਲ ਉਤਾਂਹ ਨੂੰ ਮੂੰਹ ਕਰਕੇ ਝਾਕਦਿਆਂ ਦੀ ਕਈਆਂ ਦੀ ਤਾਂ ਪੱਗ ਹੀ ਲੱਥ ਜਾਂਦੀ ਹੈ। ਪਰ ਕਮਾਲ ਦੀ ਗੱਲ ਇਹ ਹੈ ਕਿ ਉਹ ਲੋਕ ਵੇਲੇ-ਕੁਵੇਲੇ, ਇਕ ਦੂਜੇ ਤੋਂ ਚੋਰੀ, ਕੰਮ ਵੇਲੇ ਇਸ ਦੀਆਂ ਸਲਾਹਾਂ ਪੁੱਛਣ ਆ ਜਾਂਦੇ ਹਨ। ਦੋ ਘੜੀਆਂ ਮਿੱਠੀਆਂ ਮਾਰ ਕੇ ਆਪਣੇ ਜਾਣੇ ਉਹ ਸਾਰੇ ਗੁਰ ਤੇ ਗੁਹਜ-ਗਿਆਨ ਲੈ ਚਲੇ ਹੁੰਦੇ ਹਨ, ਪਰ ਸ਼ੇਰ ਦੀ ਮਾਸੀ ਬਿੱਲੀ ਵਾਂਗ ਕੋਈ ਨਾ ਕੋਈ ਘੁੰਡੀ ਅਜੇ ਵੀ ਮਹਾਂ-ਭੂਤ ਦੇ ਕੋਲ ਹੁੰਦੀ ਹੈ। ਇਸ ਮਹਾਂ-ਭੂਤ ਨੂੰ ਤੁਸੀਂ ਜਿਹੋ ਜਿਹੀ ਮਰਜ਼ੀ ਚਿੱਠੀ ਲਿਖੋ ਜਵਾਬ ਹਮੇਸ਼ਾ ਕਾਰਡ ਉਤੇ ਹੀ ਆਵੇਗਾ। ਮੋਤੀਆਂ ਵਰਗੀ ਲਿਖਾਈ ਵਿਚ। ਸ਼ਾਇਦ ਇਹ ਮਹਾਂ ਭੂਤ ਸੋਚਦਾ ਹੈ ਕਿ ਕਿਧਰੇ ਵੀ ਘਾਲੇ ਮਾਲੇ ਵਾਲੀ ਲੁਕਵੀਂ ਕੋਈ ਗੱਲ ਆਪਾਂ ਕਰਨੀ ਨਾ ਹੋਈ ਫਿਰ ਕਿਉਂ ਲਫਾਫਿਆਂ ਉਤੇ ਵਾਧੂ ਪੈਸੇ ਖਰਚੇ ਜਾਣ?

ਖ਼ਰਚ ਦੀ ਕੀ ਗੱਲ ਪੁੱਛਦੇ ਹੋ। ਕਈ ਵਾਰੀ ਮੂੰਹ-ਹਨੇਰੇ, ਕਈ ਵਾਰੀ ਸਿਖਰ ਦੁਪਹਿਰੇ ਕਿਸੇ ਜਾਣੂ, ਮਿੱਤਰ ਜਾਂ ਸ਼ਾਗਿਰਦ ਦੇ ਟੁੱਟੇ ਜਿਹੇ ਸਾਈਕਲ ਦੇ ਡੰਡੇ ਉਤੇ ਅੱਗੇ ਬੈਠੇ ਅਟੈਚੀਕੇਸ ਸੰਭਾਲੀਂ ਮਹਾਂ-ਭੂਤ ਜੀ ਬੱਸ ਸਟੈਂਡ ਵੱਲ ਜਾ ਰਹੇ ਹੁੰਦੇ ਹਨ। ਰਾਹ ਵਿਚ ਕਦੇ ਇਕ ਹੱਥ ਨਾਲ ਤੇ ਕਦੇ ਦੂਜੇ ਨਾਲ ਵੀਹ-ਪੰਜਾਹ ਬੰਦਿਆਂ ਦੀ ਫ਼ਤਿਹ ਦਾ ਮੁਸਕਰਾ ਕੇ ਜਵਾਬ ਦਿੰਦੇ ਜਾਂਦੇ ਹਨ ਤੇ ਨਾਲ ਹੀ ਛੱਡਣ ਜਾ ਰਹੇ ਅਗਲੇ ਨਾਲ ਕਿਸੇ ਗੁਹਜ-ਗਿਆਨ ਦੀਆਂ ਗੱਲਾਂ ਕਰ ਰਹੇ ਹੁੰਦੇ ਹਨ।

ਕਈ ਵਾਰੀ ਘੱਟ ਜਾਣੂ ਲੋਕ ਇਉਂ ਜ਼ਾਹਿਰ ਕਰਦੇ ਹਨ ਜਿਵੇਂ ਉਨ੍ਹਾਂ ਨੇ ਮਹਾਂ-ਭੂਤ ਨੂੰ ਦੇਖਿਆ ਹੀ ਨਹੀਂ ਤਾਂ ਜੋ ਮਹਾਂ-ਭੂਤ ਨੂੰ ਕਿਸੇ ਗੱਲੋਂ ਸੰਗ ਨਾ ਲੱਗੇ, ਪਰ ਮਹਾਂ-ਭੂਤ ਦਿਲ ਵਿਚ ਹੱਸਦਾ ਤੇ ਆਖਦਾ ਹੈ- “ਓਏ ਭਲੇ ਮਾਣਸੋ! ਜਦੋਂ ਹਿੰਦੁਸਤਾਨ ਵਿਚ ਜੰਮਦਿਆਂ ਨੂੰ ਸੰਗ ਨਾ ਲੱਗੀ, ਤਾਂ ਹੁਣ ਕਾਹਦੀ ਸੰਗ?” ਪਰ ਜੇ ਆਪ ਨੂੰ ਪਤਾ ਲੱਗ ਜਾਵੇ ਕਿ ਫਲਾਣੇ ਬੰਦੇ ਕੋਲ ਫਲਾਣੀ ਥਾਂ ਕੋਈ ਕੰਮ ਦੀ ਕਿਤਾਬ ਜਾਂ ਖਰੜਾ ਹੈ ਤਾਂ ਆਪ ਨਦੀਆਂ ਚੀਰ ਕੇ ਉਥੇ ਜਾ ਪਹੁੰਚਦੇ ਹਨ। ਦੱਸ ਬਈ ਸਿੰਘਾ। ਕੀ ਲੈਣਾ ਈ? ਘਰ ਭਾਵੇਂ ਬਿਜਲੀ ਦਾ ਬਿੱਲ ਨਾ ਭਰਿਆ ਜਾਣ ਕਰਕੇ ਮਹੀਨਾ ਭਰ ਨੇਰ੍ਹ ਵਰਤਿਆ ਰਹੇ। ਮਹਾਂ-ਭੂਤ ਬੜਾ ਘੱਟ ਲਿਖਦਾ ਹੈ, ਪਰ ਜੋ ਲਿਖਦਾ ਹੈ ਉਸ ਉਤੇ ਫਿਰ ਕੋਈ ਮਾਂ ਦਾ ਲਾਲ ਕਿਧਰੇ ਉਂਗਲ ਨਹੀਂ ਰੱਖ ਸਕਦਾ। ਕਈ ਗੱਲਾਂ ਵਿਚ ਮਹਾਂ-ਭੂਤ ਬੜਾ ਕੋਰਾ ਹੈ। ਕੋਰੇ ਲੱਠੇ ਵਰਗਾ।

ਮਹਾਂ-ਭੂਤ ਦੀ ਧੀ ਦਾ ਵਿਆਹ ਸੀ। ਕਾਰਡ ਆਇਆ। ਰਿਵਾਜ ਅਨੁਸਾਰ ਮਾੜਾ ਮੋਟਾ ਪ੍ਰੈਜੈਂਟ ਲੈ ਕੇ ਮੈਂ ਵੀ ਉਸ ਸ਼ਹਿਰ ਗਈ, ਮਹਾਂ-ਭੂਤ ਤੋਂ ਚੋਰੀਓਂ ਆਪ ਦੀ ਧੀ ਨੂੰ ਦੇ ਆਈ। ਵੀਹ ਕੁ ਦਿਨਾਂ ਮਗਰੋਂ ਕਿਸੇ ਦੀ ਕਾਰ ਮੰਗ ਕੇ ਸੌ ਕੁ ਮੀਲ ਦਾ ਸਫਰ ਕਰਕੇ ਮਹਾਂ-ਭੂਤ ਉਹ ਪ੍ਰੈਜ਼ੈਂਟ ਵਾਪਸ ਕਰਨ ਆਇਆ।

ਮੈਨੂੰ ਬੇਹੱਦ ਗੁੱਸਾ ਆਇਆ।

“ਕੋਈ ਧੀਆਂ ਤੋਂ ਵੀ ਕੁਝ ਲੈਂਦਾ ਹੁੰਦਾ ਏ?” ਉਸਨੇ ਮੇਰੇ ਸਿਰ ਉਤੇ ਹੱਥ ਰੱਖ ਕੇ ਕਿਹਾ।

ਗੁੱਸਾ ਪਾਣੀ ਬਣ ਕੇ ਮੇਰੀਆਂ ਅੱਖਾਂ ਵਿਚ ਛਲਕ ਆਇਆ। ਏਨਿਆਂ ਵਰ੍ਹਿਆਂ ਵਿਚ ਪਹਿਲੀ ਵਾਰ ਮੈਂ ਸੁਣਿਆ ਸੀ ਕਿ ਪਿਓ ਦੇ ਮਰ ਜਾਣ ਪਿੱਛੋਂ ਵੀ ਕੋਈ ਕੁੜੀ ਕਿਸੇ ਦੀ ਧੀ ਹੁੰਦੀ ਏ। ਮਹਾਂ-ਭੂਤ ਕਦੇ ਬੀਮਾਰ ਨਹੀਂ ਸੁਣਿਆ। ਸ਼ਾਇਦ ਬੀਮਾਰ ਹੋਣ ਦੀ ਉਸ ਕੋਲ ਵਿਹਲ ਹੀ ਨਹੀਂ।

ਇਕ ਵਾਰੀ ਇਕ ਮਾਸਟਰ ਆਪਣੇ ਇਕ ਸ਼ਾਗਿਰਦ ਨੂੰ ਆਖ ਰਿਹਾ ਸੀ, “ਦੇਖ ਓਏ ਖੋਤਿਆ। ਮੈਂ ਤੈਨੂੰ ਬੰਦਾ ਬਣਾ ਦੇਣਾ ਏ, ਕੁੱਟ-ਕੁੱਟ ਕੇ” ਕੋਲੋਂ ਇਕ ਘੁਮਿਆਰ ਜਾ ਰਿਹਾ ਸੀ। ਉਸ ਦੇ ਔਲਾਦ ਨਹੀਂ ਸੀ। ਅਗਲੇ ਦਿਨ ਇਕ ਗਧਾ ਲੈ ਕੇ ਮਾਸਟਰ ਜੀ ਕੋਲ ਆ ਹਾਜ਼ਰ ਹੋਇਆ ਕਿ “ਜੀ ਮੇਰੇ ਉਤੇ ਵੀ ਕ੍ਰਿਪਾ ਕਰੋ। ਮੇਰੇ ਵੀ ਇਕ ਖੋਤੇ ਦਾ ਬੰਦਾ ਬਣਾ ਦਿਓ, ਸਾਰੀ ਉਮਰ ‘ਸੀਸਾਂ ਦਿਆਂਗਾ।”

ਇਸੇ ਤਰ੍ਹਾਂ ਦੇ ਕੰਮ ਹਮਾਤੜ-ਧਮਾਤੜ ਕਈ ਵਾਰੀ ਮਹਾਂ-ਭੂਤ ਕੋਲ ਲੈ ਕੇ ਪਹੁੰਚ ਜਾਂਦੇ ਹਨ। ਮਹਾਂ-ਭੂਤ ਮਾਸਟਰ ਵਾਂਗ ਆਖ ਦਿੰਦਾ ਹੈ, “ਇਥੇ ਬੰਨ੍ਹ ਜਾ ਖੋਤਾ, ਆਥਣ ਨੂੰ ਬੰਦਾ ਬਣਿਆ ਲੈ ਜਾਈਂ।”

ਅਗਲਾ ਆਥਣ ਨੂੰ ਪਹੁੰਚਦਾ ਹੈ ਤਾਂ ਸਾਹਮਣੇ ਸੜਕ ਉਤੇ ਜਾਂਦੇ ਠਾਣੇਦਾਰ ਵਲ ਹੱਥ ਕਰਕੇ ਆਖਦਾ ਹੈ, “ਮਸਾਲਾ ਜ਼ਰਾ ਜ਼ਿਆਦਾ ਲੱਗ ਗਿਆ। ਉਹ ਬੰਦੇ ਤੋਂ ਵੀ ’ਗਾਹਾਂ ਠਾਣੇਦਾਰ ਬਣ ਗਿਆ ਏ।”

ਅਗਲਾ ਹਰਾ-ਹਰਾ ਘਾਹ ਠਾਣੇਦਾਰ ਦੇ ਅੱਗੇ ਕਰਦਾ ਹੈ। ਅਗੋਂ ਠਾਣੇਦਾਰ ਠੁੱਡੇ ਮਾਰਦਾ ਹੈ। ਤਾਂ ਉਹ ਆਖਦਾ ਹੈ, “ਖੋਤੇ ਤੋਂ ਬੰਦਾ ਬਣ ਤਾਂ ਗਿਆ, ਪਰ ਦੁਲੱਤੇ ਮਾਰਨ ਦੀ ਆਦਤ ਨਾ ਗਈ।”

ਇਸ ਤਰ੍ਹਾਂ ਦੀਆਂ ਕਰਾਮਾਤਾਂ ਇਸ ਮਹਾਂ-ਭੂਤ ਨੂੰ ਬਹੁਤ ਆਉਂਦੀਆਂ ਹਨ। ਪਰ ਕਮਾਲ ਦੀ ਗੱਲ ਤਾਂ ਇਹ ਹੈ ਕਿ ਵੱਡੇ ਤੋਂ ਵੱਡਾ ਫੱਕੜ ਤੋਲਦਾ, ਜੱਕੜ ਮਾਰਦਾ ਵੀ ਇਹ ਹਮੇਸ਼ਾ ਸੱਚ ਹੀ ਪ੍ਰਤੀਤ ਹੁੰਦਾ ਹੈ।

ਤੁਸੀਂ ਪੁੱਛੋਗੇ ਆਖਰ ਉਹ ਮਹਾਂ-ਭੂਤ ਕੰਮ ਕੀ ਕਰਦਾ ਏ? ਉਂਜ ਤਾਂ ਜੀ ਉਹ ਕਿਹੜਾ ਕੰਮ ਹੈ ਜੋ ਆਪ ਨਹੀਂ ਕਰਦੇ, ਜਿਵੇਂ ਐਡੀਟਰੀ, ਅਫਸਰੀ ਉਸਤਾਦੀ, ਕਮੇਟੀਬਾਜ਼ੀ, ਕਲਮ-ਘਸਾਈ, ਅਧੀਏ-ਊਨਿਆਂ ਨਾਲ ਲੜਾਈ, ਖਰੜਿਆਂ ਦੀ ਸੁਧਾਈ ਆਦਿ ਪਰ ਅਸਲੀ ਧੰਦਾ ਆਪ ਦਾ ਖੋਤਿਆਂ ਤੋਂ ਬੰਦੇ ਬਣਾਉਣ ਦਾ ਹੀ ਹੈ।

ਕਦੇ-ਕਦੇ ਜਦੋਂ ਆਪ ਕੋਲੋਂ ਮਸਾਲਾ ਬਹੁਤਾ ਲੱਗ ਜਾਂਦਾ ਹੈ ਤਾਂ ਉਨ੍ਹਾਂ ਵਿਚੋਂ ਕੋਈ ਕਹਾਣੀਕਾਰ, ਕੋਈ ਨਾਵਲਕਾਰ, ਕੋਈ ਕਵੀ, ਕੋਈ ਆਲੋਚਕ, ਕੋਈ ਭਾਸ਼ਾ-ਵਿਗਿਆਨੀ, ਕੋਈ ਛੋਟਾ ਭੂਤ ਵੱਡਾ ਭੂਤ ਵੀ ਬਣ ਜਾਂਦਾ ਹੈ।

ਲਓ ਜੀ ਗੱਲ ਕਰਕੇ ਮੈਂ ਤੇ ਇਕ ਹੋਰ ਵਖਤ ਪਾ ਲਿਆ। ਖੋਤਿਆਂ ਤੋਂ ਬੰਦੇ ਬਣਨ ਦੇ ਕਈ ਚਾਹਵਾਨ ਮੇਰੇ ਕੋਲੋਂ ਉਸ ਦਾ ਅਤਾ-ਪਤਾ ਪੁੱਛਣਗੇ। ਪਰ ਮੈਂ ਉਸ ਦੀ ਇਜਾਜ਼ਤ ਤੋਂ ਬਿਨਾ ਏਨਾ ਹੀ ਦੱਸ ਸਕਦੀ ਹਾਂ ਕਿ ਪੰਜਾਬੀ ਪੈਂਤੀ ਦੀਆਂ ਪਹਿਲੀਆਂ ਪੰਜ ਲਾਈਨਾਂ ਛੱਡ ਕੇ ਜਿਹੜਾ ਅੱਖਰ ਆਉਂਦਾ ਹੈ, ਉਸ ਨਾਲ ਉਸਦਾ ਨਾਉਂ, ਉਸ ਦੇ ਅਹੁਦੇ ਦਾ ਨਾਂਉ ਤੇ ਉਸਦੇ ਸ਼ਹਿਰ ਦਾ ਨਾਉਂ ਸ਼ੁਰੂ ਹੁੰਦਾ ਹੈ। ਪਰ ਮੁਆਫ ਕਰਨਾ। ਇਸ ਤੋਂ ਤੁਸੀਂ ਕਿਧਰੇ ਪ੍ਰੋ. ਪ੍ਰੀਤਮ ਸਿੰਘ ਪਟਿਆਲੇ ਵਾਲੇ ਨਾ ਸਮਝ ਲੈਣਾ।

ਇਸ ਤਰ੍ਹਾਂ ਦੀਆਂ ਕਰਾਮਾਤਾਂ ਇਸ ਮਹਾਂ-ਭੂਤ ਨੂੰ ਬਹੁਤ ਆਉਂਦੀਆਂ ਹਨ। ਪਰ ਕਮਾਲ ਦੀ ਗੱਲ ਤਾਂ ਇਹ ਹੈ ਕਿ ਵੱਡੇ ਤੋਂ ਵੱਡਾ ਫੱਕੜ ਤੋਲਦਾ, ਜੱਕੜ ਮਾਰਦਾ ਵੀ ਇਹ ਹਮੇਸ਼ਾ ਸੱਚ ਹੀ ਪ੍ਰਤੀਤ ਹੁੰਦਾ ਹੈ।

ਤੁਸੀਂ ਪੁੱਛੋਗੇ ਆਖਰ ਉਹ ਮਹਾਂ-ਭੂਤ ਕੰਮ ਕੀ ਕਰਦਾ ਏ? ਉਂਜ ਤਾਂ ਜੀ ਉਹ ਕਿਹੜਾ ਕੰਮ ਹੈ ਜੋ ਆਪ ਨਹੀਂ ਕਰਦੇ, ਜਿਵੇਂ ਐਡੀਟਰੀ, ਅਫਸਰੀ ਉਸਤਾਦੀ, ਕਮੇਟੀਬਾਜ਼ੀ, ਕਲਮ-ਘਸਾਈ, ਅਧੀਏ-ਊਨਿਆਂ ਨਾਲ ਲੜਾਈ, ਖਰੜਿਆਂ ਦੀ ਸੁਧਾਈ ਆਦਿ ਪਰ ਅਸਲੀ ਧੰਦਾ ਆਪ ਦਾ ਖੋਤਿਆਂ ਤੋਂ ਬੰਦੇ ਬਣਾਉਣ ਦਾ ਹੀ ਹੈ।

ਕਦੇ-ਕਦੇ ਜਦੋਂ ਆਪ ਕੋਲੋਂ ਮਸਾਲਾ ਬਹੁਤਾ ਲੱਗ ਜਾਂਦਾ ਹੈ ਤਾਂ ਉਨ੍ਹਾਂ ਵਿਚੋਂ ਕੋਈ ਕਹਾਣੀਕਾਰ, ਕੋਈ ਨਾਵਲਕਾਰ, ਕੋਈ ਕਵੀ, ਕੋਈ ਆਲੋਚਕ, ਕੋਈ ਭਾਸ਼ਾ-ਵਿਗਿਆਨੀ, ਕੋਈ ਛੋਟਾ ਭੂਤ ਵੱਡਾ ਭੂਤ ਵੀ ਬਣ ਜਾਂਦਾ ਹੈ। ਲਓ ਜੀ ਗੱਲ ਕਰਕੇ ਮੈਂ ਤੇ ਇਕ ਹੋਰ ਵਖਤ ਪਾ ਲਿਆ। ਖੋਤਿਆਂ ਤੋਂ ਬੰਦੇ ਬਣਨ ਦੇ ਕਈ ਚਾਹਵਾਨ ਮੇਰੇ ਕੋਲੋਂ ਉਸ ਦਾ ਅਤਾ-ਪਤਾ ਪੁੱਛਣਗੇ। ਪਰ ਮੈਂ ਉਸ ਦੀ ਇਜਾਜ਼ਤ ਤੋਂ ਬਿਨਾ ਏਨਾ ਹੀ ਦੱਸ ਸਕਦੀ ਹਾਂ ਕਿ ਪੰਜਾਬੀ ਪੈਂਤੀ ਦੀਆਂ ਪਹਿਲੀਆਂ ਪੰਜ ਲਾਈਨਾਂ ਛੱਡ ਕੇ ਜਿਹੜਾ ਅੱਖਰ ਆਉਂਦਾ ਹੈ, ਉਸ ਨਾਲ ਉਸਦਾ ਨਾਉਂ, ਉਸ ਦੇ ਅਹੁਦੇ ਦਾ ਨਾਂਉ ਤੇ ਉਸਦੇ ਸ਼ਹਿਰ ਦਾ ਨਾਉਂ ਸ਼ੁਰੂ ਹੁੰਦਾ ਹੈ। ਪਰ ਮੁਆਫ ਕਰਨਾ। ਇਸ ਤੋਂ ਤੁਸੀਂ ਕਿਧਰੇ ਪ੍ਰੋ. ਪ੍ਰੀਤਮ ਸਿੰਘ ਪਟਿਆਲੇ ਵਾਲੇ ਨਾ ਸਮਝ ਲੈਣਾ।

# ਆਰਟ ਨੂੰ ਮੁਜ਼ਰਾ ਨਹੀਂ ਬਣਾਈਦਾ:ਗੁਲਜ਼ਾਰ

**ਡਾ. ਗੁਰਮੀਤ ਮਾਨ**

ਬੇਸ਼ੱਕ ਮੇਰੀ ਪਹਿਲੀ ਹਲਕੀ ਜਿਹੀ ਮੁਲਾਕਾਤ ਸ਼ਾਇਦ 1982 'ਚ ਗੁਲਜ਼ਾਰ ਸਾਹਿਬ ਨਾਲ ਬੰਬਈ 'ਚ ਮੇਰੇ ਫ਼ਿਲਮਾਂ 'ਚ ਗੀਤਕਾਰ ਵਜੋਂ ਹੋਈ ,ਪਰੰਤੂ ਅਮਲੀ ਰੂਪ 'ਚ ਇਹ ਸਿਲਸਿਲਾ ਇਸੇ ਸਾਲ 15 ਦਸੰਬਰ ਨੂੰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੇ ਪੁਰਜ਼ੋਰ ਇਸਰਾਰ 'ਤੇ ਮੈਨੂੰ ਉਨ੍ਹਾਂ ਨਾਲ ਰਾਬਤਾ ਕਾਇਮ ਕਰਨ ਦੌਰਾਨ ਹੋਇਆ। ਮੇਰਾ ਦਿਲ ਹੀ ਜਾਣਦੈ ਜਦੋਂ ਮੇਰੀ ਪਹਿਲੀ ਵਾਰ ਉਨ੍ਹਾਂ ਨਾਲ ਟੈਲੀਫੋਨ 'ਤੇ ਗੱਲਬਾਤ ਹੋਈ ਕਿਉਂਕਿ ਮੈਨੂੰ ਇਹ ਵਾਰ-ਵਾਰ ਮਹਿਸੂਸ ਹੋ ਰਿਹਾ ਸੀ ਕਿ ਅਜਿਹੇ ਗੀਤ, 'ਤੇਰੇ ਬਿਨਾ ਜ਼ਿੰਦਗੀ ਸੇ ਕੋਈ ਸ਼ਿਕਵਾ ਤੋ ਨਹੀਂ, ਤੇਰੇ ਬਿਨਾ ਜ਼ਿੰਦਗੀ ਭੀ ਲੇਕਿਨ ਜ਼ਿੰਦਗੀ ਤੋ ਨਹੀਂ...', 'ਤੁਝਸੇ ਨਾਰਾਜ਼ ਨਹੀਂ ਜ਼ਿੰਦਗੀ ਹੈਰਾਨ ਹੂੰ ਮੈਂ, ਤੇਰੇ ਮਾਸੂਮ ਸਵਾਲੋਂ ਸੇ ਪ੍ਰੇਸ਼ਾਨ ਹੂੰ ਮੈਂ...', 'ਵਕਤ ਰਹਿਤਾ ਨਹੀਂ ਕਹੀਂ ਟਿਕ-ਕਰ, ਇਸ ਕੀ ਆਦਤ ਭੀ ਆਦਮੀ ਸੀ ਹੈ...' ਤੇ ਹੋਰ ਕਈ ਅਜਿਹੇ ਕਲਾਮ ਕਿਸੇ ਆਮ ਇਨਸਾਨ ਦੀ ਕਲਮ ਦੀ ਪੈਦਾਇਸ਼ ਨਹੀਂ ਹੋ ਸਕਦੇ। ਇਹ ਸੋਚਦੇ-ਸੋਚਦੇ ਮੈਂ ਗੁਲਜ਼ਾਰ ਸਾਹਿਬ ਨੂੰ ਕਹਿਣ ਤੋਂ ਆਪਣੇ ਆਪ ਨੂੰ ਰੋਕ ਨਾ ਸਕਿਆ ਤੇ ਪੁੱਛਿਆ, ''ਸੱਚੋ ਸੱਚ ਦੱਸਣਾ ਇਹ ਗੀਤ ਤੁਸੀਂ ਲਿਖੇ ਨੇ, ਉਨ੍ਹਾਂ ਗੱਲ 'ਕਬੂਲਦਿਆਂ' ਕਿਹਾ 'ਯਕੀਨਨ ਇਹ ਮੈਂ ਨਹੀਂ ਲਿਖੇ ਇਹ ਕਿਸੇ ਰੂਹਾਨੀ ਤਾਕਤ ਦੀ ਕਰਾਮਾਤ ਨੇ।

ਵੈਸੇ ਤਾਂ ਗੁਲਜ਼ਾਰ ਸਾਹਿਬ ਦੀ ਹਲੀਮੀ ਦੀਆਂ ਬੇਸ਼ੁਮਾਰ ਮਿਸਾਲਾਂ ਮੈਨੂੰ ਯਾਦ ਨੇ ਤੇ ਉਨ੍ਹਾਂ ਦੀ ਯੂਨੀਵਰਸਿਟੀ ਦੀ ਫੇਰੀ ਦੌਰਾਨ ਵੀ ਸਾਹਮਣੇ ਆਈਆਂ, ਪਰ ਉਨ੍ਹਾਂ ਵਿਚੋਂ ਇਕ ਦਾ ਬਿਆਨ ਕਰਨ ਦਾ ਮੇਰਾ ਮਨ ਹੈ।

ਇਕ ਇੰਟਰਵਿਊ ਦੌਰਾਨ ਜਦੋਂ ਕੈਫੀ ਆਜ਼ਮੀ ਨੂੰ ਗੁਲਜ਼ਾਰ ਦੀ ਸ਼ਾਇਰੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, ''ਗੁਲਜ਼ਾਰ ਕਿਆ ਸ਼ਾਇਰੀ ਕਰਤਾ ਹੈ... ਦੇਖੋ ਕਿਆ ਕਿਆ ਲਿਖਤਾ ਹੈ... ਚੱਢੀ ਪਹਿਨ ਕੇ ਫੂਲ ਖਿਲਾ ਹੈ... ਮੇਰਾ ਕੁਝ ਸਾਮਾਨ ਤੁਮਾਰੇ ਪਾਸ ਪੜਾ ਹੈ ਵੋ ਲੌਟਾਦੇ...ਸ਼ਾਇਰੀ ਤੋ ਕਿਆ ਤੁਕਬੰਦੀ ਭੀ ਨਹੀਂ ਹੈ। ਇਸਦੇ ਜਵਾਬ 'ਚ ਗੁਲਜ਼ਾਰ ਨੇ ਕਿਹਾ, ''ਭਾਈ ਕੈਫੀ ਆਜ਼ਮੀ ਸਾਹਿਬ ਬੜੇ ਆਦਮੀ ਹੈਂ, ਗਲਤ ਥੋੜ੍ਹਾ ਹੀ ਕਹਿ ਸਕਤੇ ਹੈਂ।''

ਇਸਦੇ ਸੰਦਰਭ 'ਚ ਮੈਨੂੰ ਮਿਰਜ਼ਾ ਗਾਲਿਬ, ਜਿਸ ਬਾਰੇ ਗੁਲਜ਼ਾਰ ਸਾਹਿਬ ਕਹਿੰਦੇ ਨੇ 'ਮਿਰਜ਼ਾ ਗਾਲਿਬ ਨਾ ਹੁੰਦਾ, ਤਾਂ ਮੈਂ ਵੀ ਨਾ ਹੁੰਦਾ', ਦੀ ਜ਼ਿੰਦਗੀ ਦਾ ਇਕ ਵਾਕਿਆ ਯਾਦ ਆਉਂਦਾ ਹੈ। ਬੈਤਬਾਜ਼ੀ ਦੀ ਇਕ ਮਹਿਫਿਲ ਦੌਰਾਨ ਕਿਸੇ ਵੱਡੇ ਸ਼ਾਇਰ (ਜਿਸਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ)ਨੇ ਕਿਹਾ ਸੀ, ''ਅਸਲ ਮੀਆਂ ਐਸੀ ਮਹਿਫਿਲੋਂ ਮੇਂ ਆਨੇ ਸੇ ਪਹਿਲੇ ਸ਼ਾਇਰੀ ਕਰਨਾ ਤੋ ਸੀਖ ਲੋ। ਤੁਮਹਾਰਾ ਕਹਾ ਕੁਛ ਸਮਝ ਤੋ ਆਤਾ ਨਹੀਂ।'' ਗਾਲਿਬ ਸਾਹਿਬ ਨੇ ਇਸਦਾ ਜਵਾਬ ਇਕ ਸ਼ੇਅਰ ਦੇ ਜ਼ਰੀਏ ਕੁਛ ਇਸ ਤਰ੍ਹਾਂ ਦਿੱਤਾ ਸੀ :

''ਬਕ ਰਹਾ ਹੂੰ ਜੁਨੂੰ ਮੇ ਕਿਆ ਕਿਆ ਕੁਛ,
ਕੁਛ ਨਾ ਸਮਝੇ ਖ਼ੁਦਾ ਕਰੇ ਕੋਈ।'



ਮੇਰੀਆਂ ਮੁਸ਼ਕਲਾਂ ਦਾ ਦੌਰ ਉਸ ਪਲ ਸ਼ੁਰੂ ਹੋਇਆ, ਜਦੋਂ ਯੂਨੀਵਰਸਿਟੀ ਦੀ ਹੋਣ ਵਾਲੀ 33ਵੀਂ ਕਾਨਵੋਕੇਸ਼ਨ ਦੌਰਾਨ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਗੁਲਜ਼ਾਰ ਸਾਹਿਬ ਨੂੰ ਹਰ ਹਾਲਤ 'ਚ ਲੈ ਕੇ ਆਉਣਾ ਤੇਰਾ ਜ਼ੁੰਮਾ ਹੈ ਕਿਉਂਕਿ ਉਨ੍ਹਾਂ ਦਾ ਸਨਮਾਨ ਕਰਕੇ ਅਸੀਂ ਆਪਣੀ ਯੂਨੀਵਰਸਿਟੀ ਦੇ ਮਾਣ 'ਚ ਇਜ਼ਾਫਾ ਕਰਨਾ ਹੈ। ਮੁਸ਼ਕਲਾਂ ਦਾ ਦੌਰ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਮੈਨੂੰ ਇਹ ਸੁਪਨਿਆਂ 'ਚ ਸੁਪਨਾ ਜਾਪ ਰਿਹਾ ਸੀ ਕਿ ਮੇਰੀ ਅਰਜ਼ ਕਬੂਲ ਕਰਕੇ ਗੁਲਜ਼ਾਰ ਸਾਹਿਬ ਆਉਣ ਲਈ ਰਾਜ਼ੀ ਹੋ ਜਾਣਗੇ। ਉਨ੍ਹਾਂ ਬਾਰੇ ਮੈਨੂੰ ਆਪਣੀਆਂ ਕੁਛ ਸਤਰਾਂ ਯਾਦ ਆ ਰਹੀਆਂ ਸਨ :

''ਵੋ ਜੋ ਦਰਿਆ ਕੀ ਤਰਹ ਬਹਿਤਾ ਹੈ,
ਕਹਾਂ ਬਸ ਮੇਂ ਕਿਸੀ ਕੇ ਰਹਿਤਾ ਹੈ।''

ਪਰ ਕਹਿੰਦੇ ਐ ਨਾ ਕਿ :

''ਨੀਅਤ ਸਾਫ ਹੋ ਤੋ ਕੁਝ ਕਾਮ ਨਹੀਂ ਮੁਸ਼ਕਿਲ ਹੋਤਾ,
ਯਹੀ ਮੁਸ਼ਕਿਲ ਹੈ ਕਿ ਨੀਅਤ ਮੇਂ ਨਹੀਂ ਦਿਲ ਹੋਤਾ।''

ਕੁਛ ਹੋਰ ਔਖੀਆਂ ਘੜੀਆਂ ਪਾਰ ਕਰ ਉਹ ਵਕਤ ਵੀ ਆ ਗਿਆ ਜਦੋਂ ਯੂਨੀਵਰਸਿਟੀ ਪਹੁੰਚ ਕੇ ਗੁਲਜ਼ਾਰ ਨੇ ਮੈਨੂੰ ਆਪਣੇ ਕਦਮਾਂ 'ਚੋਂ ਚੁੱਕ ਗੱਲਵਕੜੀ ਵਿਚ ਲੈ ਲਿਆ। ਸਭ ਥਕਾਵਟਾਂ ਤੇ ਸਭ ਔਕੜਾਂ ਜਿਵੇਂ ਕਦੇ ਪੈਦਾ ਹੀ ਨਾ ਹੋਈਆਂ ਹੋਣ।

28 ਦਸੰਬਰ ਨੂੰ ਗੈਸਟ ਹਾਊਸ 'ਚ ਉਨ੍ਹਾਂ ਦੇ ਸਨਮਾਨ 'ਚ ਆਰਾਫਤਾ ਇਕ ਸੰਗੀਤਕ ਸ਼ਾਮ ਦੌਰਾਨ ਜਦੋਂ ਮੇਰੀ 'ਅਕਲ' ਮੁਤਾਬਕ ਹਰਪ੍ਰੀਤ ਪਾਹਵਾ ਦੁਆਰਾ ਤਿਆਰ ਗੁਲਜ਼ਾਰ ਦੀ ਨਿੱਜੀ ਅਤੇ ਫ਼ਿਲਮੀ ਜ਼ਿੰਦਗੀ ਨਾਲ ਸੰਬੰਧਤ ਦੋ ਕੋਲਾਜ ਵਾਈਸ-ਚਾਂਸਲਰ ਸਾਹਿਬ ਵਲੋਂ ਭੇਟ ਕੀਤੇ ਗਏ ਤਾਂ ਭਾਵੁਕ ਅੰਦਾਜ਼ 'ਚ ਉਨ੍ਹਾਂ ਆਖਿਆ ਕਿ ''ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਵਡਮੁੱਲੀ ਸੌਗਾਤ ਹੈ।'' 'ਬੋਸਕੀ' ਇਨ੍ਹਾਂ ਨੂੰ ਵੇਖ ਕੇ ਬੇਹੱਦ ਖੁਸ਼ ਹੋਏਗੀ।'

ਪ੍ਰੋਗਰਾਮ ਖ਼ਤਮ ਹੋਇਆ ਤਾਂ ਗੁਲਜ਼ਾਰ ਨਾਲ ਫੋਟੋਆਂ ਖਿਚਵਾਉਣ ਵਾਲਿਆਂ ਦਾ ਹਜੂਮ ਇਕੱਠਾ ਹੋ ਗਿਆ। ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਕਮਰੇ ਤਕ ਪਹੁੰਚਾਇਆ ਜਾ ਸਕਿਆ। ਮੈਂ ਆਪਣੀਆਂ ਬੇਟੀਆਂ-ਆਰਜ਼ੂ ਅਤੇ ਅਹਿਸਾਸ ਨੂੰ ਲੈ ਕੇ ਉਨ੍ਹਾਂ ਦੇ ਕਮਰੇ 'ਚ ਗਿਆ ਤੇ ਗੁਜ਼ਾਰਿਸ਼ ਕੀਤੀ ਕਿ 'ਮੇਰੀਆਂ ਬੇਟੀਆਂ' ਲਈ ਅਸੀਸ ਵਜੋਂ ਕੁਝ ਲਿਖ ਕੇ ਦਿਓ ਤਾਂ ਉਨ੍ਹਾਂ 'ਬੋਸਕੀ' ਵਲੋਂ ਉਨ੍ਹਾਂ 'ਤੇ ਲਿਖੀ ਬਾਇਓਗ੍ਰਾਫੀ Because he is... ਦੇ ਪਹਿਲੇ ਪੰਨੇ 'ਤੇ ਲਿਖਿਆ :

Dear Aarzoo and Ehsaas

Wonderful names of wonderful daughters from a wonderful father-Beta, remember your father is of your age only. You made him the father, Before that he was only a 'naughty' husband. So meet him one to one. You will be blessed!.

ਮੇਰੇ ਲਈ ਤੇ ਮੇਰੀਆਂ ਬੇਟੀਆਂ ਲਈ ਏਦੂੰ ਵੱਡਾ ਤੋਹਫਾ ਹੋਰ ਕੀ ਹੋ ਸਕਦਾ ਸੀ। ਅਗਲੇ ਦਿਨ ਜਦੋਂ ਉਨ੍ਹਾਂ ਆਪਣੇ ਗੁਲਜ਼ਾਰ ਅੰਕਲ ਲਈ ਪਰੌਂਠੇ ਬਣਾ ਕੇ ਭੇਜੇ ਤਾਂ ਉਨ੍ਹਾਂ ਮੈਨੂੰ ਕਿਹਾ, ''ਗੁਰਮੀਤ, ਮੈਂ ਕਨਵੋਕੇਸ਼ਨ ਦੇ ਲੰਚ ਦੇ ਬਜਾਏ ਇਹ ਪਰੌਂਠੇ ਖਾਣੇ ਪਸੰਦ ਕਰਾਂਗਾ ਤੇ ਇਕ ਬੋਸਕੀ ਲਈ ਬੰਬਈ ਲੈ ਕੇ ਜਾਵਾਂਗਾ।'' 'ਅਹਿਸਾਸ' ਦੀ ਇਲਤਿਜ਼ਾ ਤੇ ਉਨ੍ਹਾਂ ਕਿਹਾ, ''ਮੈਂ ਤੇਰੇ ਲਈ ਇਕ ਗੀਤ ਲਿਖਾਂਗਾ। ਤੂੰ ਫਰਠ ਬਰਤਕ ਕਰਕੇ ਮੈਨੂੰ ਭੇਜੀਂ, ਮੈਂ ਉਹਨੂੰ ਕਿਤੇ ਇਸਤੇਮਾਲ ਕਰਾਂਗਾ।''

ਸ਼ਾਮ ਨੂੰ ਪੱਤਰਕਾਰੀ ਵਿਭਾਗ 'ਚ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਉਨ੍ਹਾਂ ਕਿਹਾ, ''ਕਿਸੇ ਨੂੰ ਵੀ ਕਿਸੇ ਵੀ ਚੀਜ਼ ਨੂੰ ਨਿੰਦਣ ਦੀ ਬਜਾਏ ਆਪਣੇ ਆਪ ਨੂੰ ਪਛਾਣੋ। ਕਰੀਏਟਿਵ ਅਤੇ ਤਰੁਜ਼ਬਾਤੀ ਕੰਮ ਕਰੋ। ਸ਼ੈਕਸਪੀਅਰ, ਟੈਗੋਰ, ਗਾਲਿਬ, ਸਤਿਆਜੀਤ ਰੇਅ, ਸ਼ਿਆਮ ਬੈਨੇਗਲ ਵਾਂਗ ਆਪਣੀ ਤਥ ਕਾਇਮ ਕਰੋ। ਫ਼ਿਲਮਾਂ ਜਾਂ ਕਿਸੇ ਵੀ ਆਰਟ ਨੂੰ ਮੁਜਰਾ ਬਣਾਉਣ 'ਚ ਆਪਣਾ ਹਿੱਸਾ ਨਾ ਪਾਉਣਾ, ਨਹੀਂ ਤਾਂ ਟੁੱਟਦੇ ਤਾਰੇ ਵਾਂਗ ਕੁਝ ਹੀ ਦੇਰ 'ਚ ਅਲੋਪ ਹੋ ਜਾਓਗੇ।'' ਪੰਜਾਬੀ 'ਚ ਬੇਸ਼ੁਮਾਰ ਤੇ ਬਾਕਮਾਲ ਸਾਹਿਤ ਮੌਜੂਦ ਹੈ, ਉਸ 'ਤੇ ਕੰਮ ਕਰੋ।

'ਛੋਟੀਆਂ ਸੀਮਾਵਾਂ' ਤੱਕ ਆਪਣੇ ਆਪ ਨੂੰ ਮਹਿਦੂਦ ਨਾ ਕਰੋ। ਆਪ ਵੀ ਫੈਲੋ ਅਤੇ ਸਭਿਆਚਾਰ ਨੂੰ ਵੀ ਫੈਲਾਓ। ਮੇਰੀ ਜਦੋਂ ਲੋੜ ਮਹਿਸੂਸ ਹੋਵੇ ਮੈਨੂੰ ਦੱਸਣਾ, ਤੁਹਾਡੇ ਡਿਪਾਰਟਮੈਂਟ 'ਚ ਫ਼ਿਲਮ ਮੇਕਿੰਗ ਦੀਆਂ ਸਭ ਸਹੂਲਤਾਂ ਮੌਜੂਦ ਨੇ, ਫੈਕਲਟੀ ਨੇ। ਇਨ੍ਹਾਂ ਨੂੰ ਇਸਤੇਮਾਲ ਨਹੀਂ ਕਰੋਗੇ ਤਾਂ ਬਦਕਿਸਮਤੀ ਤੁਹਾਡੀ। ਖ਼ੁਦਾ ਹਾਫਿਜ਼!

# ਪ੍ਰਭਾਵਸ਼ਾਲੀ ਅੱਖਾਂ ਵਾਲੀ ਅਦਾਕਾਰਾ ਨੰਦਾ

ਭਾਵੇਂ ਨੰਦਾ ਫ਼ਿਲਮੀ ਪਰਿਵਾਰ ਤੋਂ ਹੈ ਪਰ ਛੋਟੀ ਉਮਰ 'ਚ ਹੀ ਆਪਣੇ ਪਿਤਾ ਸਫਲ ਮਰਾਠੀ ਅਦਾਕਾਰ-ਨਿਰਦੇਸ਼ਕ ਵਿਨਾਇਕ ਦਾਮੋਦਰ ਕਰਨਾਟਕੀ ਉਰਫ ਮਾਸਟਰ ਵਿਨਾਇਕ ਨੂੰ ਗੁਆ ਦੇਣ ਪਿਛੋਂ ਉਨ੍ਹਾਂ ਦੇ ਪਰਿਵਾਰ ਨੂੰ ਬੇਹੱਦ ਮੁਸ਼ਕਲ ਹਾਲਾਤਾਂ 'ਚੋਂ ਲੰਘਣਾ ਪਿਆ।

ਇਸੇ ਕਾਰਨ ਨੰਦਾ ਨੇ 50ਵਿਆਂ ਦੇ ਦਹਾਕੇ 'ਚ ਹੀ ਬਤੌਰ ਬਾਲ ਕਲਾਕਾਰ 'ਜੱਗੂ' ਵਰਗੀਆਂ ਫਿਲਮਾਂ 'ਚ ਅਦਾਕਾਰੀ ਕਰਕੇ ਆਪਣੇ ਪਰਿਵਾਰ ਨੂੰ ਸਹਾਰਾ ਦੇਣ ਦੀ ਕੋਸ਼ਿਸ਼ ਕੀਤੀ।



ਬਾਲ ਕਲਾਕਾਰ ਦੇ ਤੌਰ 'ਤੇ ਉਸ ਦੀ ਲੋਕਪ੍ਰਿਯਤਾ ਨੇ ਉਸ ਨੂੰ ਆਸਾਨੀ ਨਾਲ ਮੁੱਖ ਧਾਰਾ ਦੇ ਰੋਲ ਦਿਵਾਏ। ਉਨ੍ਹਾਂ ਦਾ ਬਚਪਨ ਫ਼ਿਲਮਾਂ ਦੇ ਸੈਟਸ 'ਤੇ ਹੀ ਬੀਤਿਆ। ਨੰਦਾ ਨੇ ਕਈ ਫ਼ਿਲਮਾਂ 'ਚ ਸਹਿ-ਅਦਾਕਾਰਾ ਦੇ ਬਿਹਤਰੀਨ ਕਿਰਦਾਰ ਨਿਭਾਏ। ਭਾਵੇਂ ਉਸ ਨੇ 'ਜਬ ਜਬ ਫੂਲ ਖਿਲੇ', 'ਗੁਮਨਾਮ', 'ਤੀਨ ਦੇਵੀਆਂ', 'ਦਿ ਟ੍ਰੇਨ' ਵਰਗੀਆਂ ਕਈ ਹਿੱਟ ਫ਼ਿਲਮਾਂ 'ਚ ਅਦਾਕਰੀ ਕੀਤੀ ਪਰ ਸਹਿ-ਅਦਾਕਾਰਾ ਦੇ ਰੂਪ 'ਚ ਹੀ ਉਸ ਨੂੰ ਵਧੇਰੇ ਪ੍ਰਸਿੱਧੀ ਮਿਲੀ।

ਨੰਦਾ ਦੇ ਮਾਸੂਮ ਚਿਹਰੇ, ਪ੍ਰਭਾਵਸ਼ਾਲੀ ਅੱਖਾਂ, ਅਜਿਹੀ ਹੀ ਆਵਾਜ਼ ਅਤੇ ਅਦਾਕਾਰੀ ਦੀ ਸਰਲ ਸ਼ੈਲੀ ਨੇ ਉਨ੍ਹਾਂ ਕਈ ਯਥਾਰਥਵਾਦੀ ਕਿਰਦਾਰਾਂ ਲਈ ਇਕ ਸੁਭਾਵਕ ਪਸੰਦ ਬਣਾ ਦਿੱਤਾ ਇਸ 'ਤੇ ਉਨ੍ਹਾਂ 'ਚ ਸੈਕਸ ਅਪੀਲ ਨਾ ਹੋਣ ਦੀ ਉਨ੍ਹਾਂ ਦੀ ਚਰਚਿਤ ਫ਼ਿਲਮ 'ਛੋਟੀ ਬਹਿਨ' ਦੇ ਨਾਂ ਵਾਂਗ ਹੀ ਉਨ੍ਹਾਂ ਦੀ ਪਛਾਣ ਪੱਕੀ ਹੋ ਗਈ, ਜੋ ਉਨ੍ਹਾਂ ਦੇ ਨਾਂ ਨਾਲ ਜੁੜ ਗਿਆ।

ਬਾਲ ਕਲਾਕਾਰ ਦੇ ਤੌਰ 'ਤੇ ਅਦਾਕਾਰੀ ਸ਼ੁਰੂ ਕਰਨ ਕਾਰਨ ਉਨ੍ਹਾਂ ਨੂੰ ਕੈਮਰੇ ਸਾਹਮਣੇ ਕਦੇ ਕੋਈ ਪ੍ਰੇਸ਼ਾਨੀ ਨਹੀਂ ਹੋਈ। ਉਨ੍ਹਾਂ ਦੇ ਚਾਚਾ ਵੀ. ਸ਼ਾਂਤਾਰਾਮ ਨੇ 'ਬੇਬੀ ਨੰਦਾ' (ਬਾਲ ਕਲਾਕਾਰ ਦੇ ਤੌਰ 'ਤੇ ਉਸ ਦਾ ਚਰਚਿਤ ਨਾਂ) ਨੂੰ ਭਰਾ-ਭੈਣ ਦੀ ਕਹਾਣੀ 'ਤੇ ਬਣੀ ਸਫਲ ਫ਼ਿਲਮ 'ਤੂਫਾਨ ਔਰ ਦੀਆ' (1956) 'ਚ ਵੱਡੀ ਬ੍ਰੇਕ ਦਿੱਤੀ। 'ਬੰਦੀ' 'ਚ ਅਸ਼ੋਕ ਕੁਮਾਰ ਦੀ ਧੀ ਦੇ ਰੂਪ 'ਚ ਉਨ੍ਹਾਂ ਨੇ ਛੋਟਾ ਪਰ ਅਹਿਮ ਰੋਲ ਕੀਤਾ।

ਉਨ੍ਹਾਂ ਦੀ ਅਗਲੀ ਮੁੱਖ ਫਿਲਮ ਸੀ 'ਧੂਲ ਕਾ ਫੂਲ', ਜਿਸ 'ਚ ਉਸ ਨੇ ਉਸ ਵੇਲੇ ਦੀਆਂ ਜ਼ਿਆਦਾਤਰ ਅਭਿਨੇਤਰੀਆਂ ਵਾਂਗ ਤੜਕ-ਭੜਕ ਵਾਲੀ ਅਦਾਕਾਰੀ ਦੇ ਉਲਟ ਸਰਲ ਕਿਰਦਾਰ 'ਚ ਹੀ ਦਰਸ਼ਕਾਂ ਨੂੰ ਮੋਹਿਤ ਕਰ ਦਿੱਤਾ। ਓਸ ਦੀ ਇਸ ਖੂਬੀ ਨੇ ਹਿੰਦੀ ਫ਼ਿਲਮਾਂ 'ਚ ਵਧੇਰੇ ਯਥਾਰਥਵਾਦ ਲਿਆਉਣ ਦੀ ਇੱਛਾ ਰੱਖਣ ਵਾਲੇ ਕਈ ਗੰਭੀਰ ਨਿਰਦੇਸ਼ਕਾਂ ਦਾ ਧਿਆਨ ਵੀ ਆਪਣੇ ਵਲ ਖਿੱਚਿਆ।

ਵਿਜੇ ਆਨੰਦ ਨੇ ਉਸ ਨੂੰ 'ਕਾਲਾ ਬਾਜ਼ਾਰ' 'ਚ ਦੇਵ ਆਨੰਦ ਅਤੇ ਵਹੀਦਾ ਰਹਿਮਾਨ ਨਾਲ ਸਪੋਰਟਿੰਗ ਰੋਲ ਲਈ ਚੁਣਿਆ ਤਾਂ ਬੀ. ਆਰ. ਚੋਪੜਾ ਨੇ ਉਸ ਨੂੰ ਬਿਨਾ ਗੀਤ-ਨ੍ਰਿਤ ਵਾਲੀ ਪਹਿਲੀ ਹਿੰਦੀ ਫ਼ਿਲਮ 'ਕਾਨੂੰਨ' ਲਈ ਬਤੌਰ ਅਦਾਕਾਰਾ ਚੁਣਿਆ।

ਨੰਦਾ ਨੂੰ ਲੀਡਿੰਗ ਹੀਰੋਇਨ ਦੇ ਤੌਰ 'ਤੇ ਵੀ ਕਾਫੀ ਲੋਕਪ੍ਰਿਯਤਾ ਮਿਲੀ। ਉਨ੍ਹਾਂ ਨੇ 'ਹਮ ਦੋਨੋਂ' 'ਚ ਦੇਵ ਆਨੰਦ ਨਾਲ ਅਦਾਕਾਰੀ ਕੀਤੀ। ਇਸ ਤੋਂ ਬਾਅਦ 'ਗੁਮਨਾਮ', 'ਤੀਨ ਦੇਵੀਆਂ', 'ਜਬ ਜਬ ਫੂਲ ਖਿਲੇ' ਵਰਗੀਆਂ ਫ਼ਿਲਮਾਂ ਨਾਲ ਆਪਣੇ ਕੈਰੀਅਰ ਦੇ ਸਿਖਰ 'ਤੇ ਪੁੱਜ ਗਈ। 1969 'ਚ ਉਸ ਨੇ ਰਾਜੇਸ਼ ਖੰਨਾ ਨਾਲ ਯਸ਼ ਚੋਪੜਾ ਦੀ ਗੀਤ ਰਹਿਤ ਥ੍ਰਿਲਰ 'ਇਤਫਾਕ' 'ਚ ਕੰਮ ਕੀਤਾ। ਇਕ ਸਾਲ ਪਿਛੋਂ 1970 'ਚ ਰਾਜੇਸ਼ ਖੰਨਾ ਨਾਲ ਹੀ ਇਕ ਹੋਰ ਮੁੱਖ ਫ਼ਿਲਮ 'ਦਿ ਟ੍ਰੇਨ' 'ਚ ਵੀ ਕੰਮ ਕੀਤਾ। 1970 'ਚ ਉਮਰ ਵਧਣ ਦੇ ਨਾਲ-ਨਾਲ ਬਤੌਰ ਹੀਰੋਇਨ ਉਨ੍ਹਾਂ ਨੂੰ ਰੋਲ ਮਿਲਣੇ ਘਟ ਗਏ ਪਰ ਉਸ ਵੇਲੇ ਦੀਆਂ ਕਈ ਹੀਰੋਇਨਾਂ ਦੇ ਉਲਟ, ਜੋ ਇਕ ਉਮਰ ਤੋਂ ਬਾਅਦ ਫ਼ਿਲਮਾਂ ਤੋਂ ਰਿਟਾਇਰ ਹੋ ਜਾਂਦੀਆਂ ਸਨ, ਨੰਦਾ ਨੇ ਦਮਦਾਰ ਸਹਿ ਅਦਾਕਾਰਾ ਦੇ ਕਿਰਦਾਰ ਕਰਨੇ ਜਾਰੀ ਰੱਖੇ। ਇਸ ਤਰ੍ਹਾਂ 80ਵਿਆਂ 'ਚ ਉਸ ਨੇ 'ਪ੍ਰਾਯਸ਼ਚਿਤ', 'ਅਹਿਸਤਾ-ਅਹਿਸਤਾ', 'ਪ੍ਰੇਮ ਰੋਗ' ਅਤੇ 'ਮਜ਼ਦੂਰ' ਵਰਗੀਆਂ ਫ਼ਿਲਮਾਂ 'ਚ ਆਪਣੀ ਛਾਪ ਛੱਡੀ। ਕਈ ਦਹਾਕਿਆਂ ਦੇ ਲੰਬੇ ਆਪਣੇ ਕੈਰੀਅਰ ਦੌਰਾਨ ਉਹ ਬਾਲ ਕਲਾਕਾਰ, ਸਹਿ ਅਦਾਕਾਰਾ, ਲੀਡਿੰਗ ਅਦਾਕਾਰਾ, ਮਾਂ ਅਤੇ ਲਗਭਗ ਹਰ ਕਿਸਮ ਦੇ ਕਿਰਦਾਰਾਂ 'ਚ ਆਪਣੀ ਛਾਪ ਛੱਡਣ 'ਚ ਸਫਲ ਰਹੀ।

# ਫਰੀਦਾ ਜਲਾਲ ਉਤੇ ਅੱਜ ਵੀ ਹੈ ਜਲਾਲ

ਫਰੀਦਾ ਜਲਾਲ ਨੇ ਜ਼ਿਆਦਾਤਰ ਫ਼ਿਲਮਾਂ 'ਚ ਭੈਣ ਜਾਂ ਹੀਰੋ ਦੀ ਠੁਕਰਾਈ ਹੋਈ ਮੰਗੇਤਰ ਅਤੇ ਬਾਅਦ 'ਚ ਮਾਂ ਦੇ ਕਿਰਦਾਰ ਨਿਭਾਏ ਹਨ ਤਾਂ ਇਸ ਦਾ ਕਾਰਨ ਫਰੀਦਾ ਦਾ ਮਾਸੂਮੀਅਤ ਭਰਿਆ ਚਿਹਰਾ ਹੈ। ਉਸ ਨੇ ਲਗਭਗ 40 ਸਾਲਾਂ ਤੋਂ ਵਧੇਰੇ ਸਮਾਂ ਫ਼ਿਲਮਾਂ 'ਚ ਲਗਾਤਾਰ ਅਦਾਕਾਰੀ ਜਾਰੀ ਰੱਖੀ ਹੈ।



ਨਵੀਂ ਦਿੱਲੀ 'ਚ ਪੈਦਾ ਹੋਈ ਫਰੀਦਾ ਜਲਾਲ ਨੇ 1960 'ਚ ਬਤੌਰ ਬਾਲ ਕਲਾਕਾਰ ਫ਼ਿਲਮਾਂ 'ਚ ਕੈਰੀਅਰ ਸ਼ੁਰੂ ਕੀਤਾ। ਫ਼ਿਲਮ ਫੇਅਰ ਵਲੋਂ ਸਪਾਂਸਰਡ ਯੂਨਾਈਟਿਡ ਫ਼ਿਲਮ ਪ੍ਰੋਡਿਊਸਰਸ ਟੈਲੇਂਟ ਹੰਟ ਖ਼ਿਤਾਬ ਜਿੱਤ ਕੇ ਉਸ ਨੂੰ ਸਭ ਤੋਂ ਪਹਿਲਾਂ ਪਛਾਣ ਮਿਲੀ।

ਸ਼ੁਰੂਆਤੀ ਫ਼ਿਲਮਾਂ 'ਚੋਂ ਬੌਬੀ' 'ਚ ਰਿਸ਼ੀ ਕਪੂਰ ਦੀ ਮਾਨਸਿਕ ਤੌਰ 'ਤੇ ਕਮਜ਼ੋਰ ਮੰਗੇਤਰ ਦੇ ਕਿਰਦਾਰ 'ਚ ਫਰੀਦਾ ਨੂੰ ਕਾਫੀ ਪਸੰਦ ਕੀਤਾ ਗਿਆ। ਸੁਪਰਹਿੱਟ ਫ਼ਿਲਮ 'ਅਰਾਧਨਾ' 'ਚ ਰਾਜੇਸ਼ ਖੰਨਾ ਦੀ ਗਰਲਫਰੈਂਡ ਦੇ ਰੋਲ 'ਚ ਵੀ ਫਰੀਦਾ ਨੂੰ ਕਾਫੀ ਲੋਕਪ੍ਰਿਯਤਾ ਮਿਲੀ। ਇਸ ਫ਼ਿਲਮ 'ਚ ਉਸ 'ਤੇ ਫ਼ਿਲਮਾਇਆ ਗਿਆ ਗੀਤ 'ਬਾਗੋਂ ਮੇਂ ਬਹਾਰ ਹੈ, ਕਲੀਓਂ ਪੇ ਨਿਖਾਰ ਹੈ' ਵੀ ਬਹੁਤ ਹਿੱਟ ਰਿਹਾ ਸੀ।

ਦਹਾਕਿਆਂ ਲੰਬੇ ਕੈਰੀਅਰ ਦੌਰਾਨ ਫਰੀਦਾ ਨੇ 135 ਤੋਂ ਵਧੇਰੇ ਫ਼ਿਲਮਾਂ 'ਚ ਅਦਾਕਾਰੀ ਕੀਤੀ। 1994 'ਚ 'ਮੰਮੋ' 'ਚ ਉਸ ਦੇ ਰੋਲ ਦੀ ਹਰ ਪਾਸਿਓਂ ਪ੍ਰਸ਼ੰਸਾ ਹੋਈ। ਇਸ ਦੇ ਲਈ ਉਸ ਨੂੰ ਫ਼ਿਲਮ ਫੇਅਰ ਦਾ ਬੈਸਟ ਪ੍ਰਫਾਰਮੈਂਸ ਐਵਾਰਡ ਵੀ ਦਿੱਤਾ ਗਿਆ।

ਉਮਰ ਵਧਣ ਦੇ ਨਾਲ ਫਰੀਦਾ ਜਲਾਲ ਨੂੰ ਵੱਡੀ ਗਿਣਤੀ 'ਚ ਮਾਂ ਦੇ ਕਿਰਦਾਰ ਮਿਲਣ ਲੱਗੇ। ਫਰੀਦਾ ਨੇ ਬੱਚਿਆਂ ਦੇ ਕਈ ਪ੍ਰੋਗਰਾਮਾਂ 'ਚ ਵੀ ਅਦਾਕਾਰੀ ਕੀਤੀ ਹੈ। ਛੋਟੇ ਪਰਦੇ 'ਤੇ ਉਹ ਬੱਚਿਆਂ ਲਈ ਹੀ ਖਾਸ ਤੌਰ 'ਤੇ ਕਈ ਪ੍ਰੋਗਰਾਮ ਪੇਸ਼ ਕਰ ਚੁੱਕੀ ਹੈ। ਬਾਲੀਵੁੱਡ 'ਚ ਫਰੀਦਾ ਜਲਾਲ ਨੂੰ ਸਹਿ-ਅਦਾਕਾਰਾ ਦੇ ਕਿਰਦਾਰਾਂ 'ਚ ਹੀ ਵਧੇਰੇ ਸਫਲਤਾ ਮਿਲੀ। 1990 ਦੇ ਦਹਾਕੇ 'ਚ ਉਹ ਲਗਭਗ ਹਰ ਸਫਲ ਫ਼ਿਲਮ ਦਾ ਹਿੱਸਾ ਰਹੀ, ਜਿਨ੍ਹਾਂ 'ਚ 'ਰਾਜਾ ਹਿੰਦੁਸਤਾਨੀ', 'ਕੁਛ-ਕੁਛ ਹੋਤਾ ਹੈ', 'ਦਿਲ ਤੋ ਪਾਗਲ ਹੈ', 'ਹਮ ਆਪਕੇ ਹੈਂ ਕੌਨ', 'ਕਹੋ ਨਾ ਪਿਆਰ ਹੈ', 'ਕਭੀ ਖੁਸ਼ੀ ਕਭੀ ਗਮ', 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਆਦਿ ਫ਼ਿਲਮਾਂ ਸ਼ਾਮਲ ਹਨ। 'ਦੇਖ ਭਾਈ ਦੇਖ' ਵਰਗੇ ਲੋਕਪ੍ਰਿਯ ਲੜੀਵਾਰਾਂ 'ਚ ਉਸ ਦੇ ਕਾਮੇਡੀ ਕਿਰਦਾਰ ਲਈ ਵੀ ਉਸ ਨੂੰ ਕਾਫੀ ਪ੍ਰਸਿਧੀ ਮਿਲੀ। ਪਿਛਲੇ ਦਿਨੀਂ ਉਸ ਨੇ ਪੰਜਾਬੀ ਫ਼ਿਲਮ 'ਯਾਰੀਆਂ' ਤੋਂ ਇਲਾਵਾ ਲੜੀਵਾਰ 'ਬਾਲਿਕਾ ਵਧੂ' 'ਚ ਵੀ ਅਦਾਕਾਰੀ ਕੀਤੀ। ਫਰੀਦਾ ਜਲਾਲ ਨੇ ਤਬਰੇਜ਼ ਬਰਮਾਵਰ ਨਾਲ ਵਿਆਹ ਕੀਤਾ, ਜਿਨ੍ਹਾਂ ਤੋਂ ਉਸ ਦਾ ਇਕ ਬੇਟਾ ਯਾਸੀਨ ਹੈ। ਸਾਲ 2003 'ਚ ਉਸ ਨੂੰ ਆਪਣੇ ਪਤੀ ਦੀ ਅਚਾਨਕ ਹੋਈ ਮੌਤ ਦਾ ਦੁੱਖ ਸਹਿਣਾ ਪਿਆ।

ਫਰੀਦਾ ਜਲਾਲ ਦਾ ਅਭਿਨੈ ਸਫਰ ਅੱਜ ਵੀ ਵੱਡੇ ਅਤੇ ਛੋਟੇ ਪਰਦੇ 'ਤੇ ਬੇਰੋਕ ਜਾਰੀ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਸ ਦੇ ਚਿਹਰੇ ਦੀ ਉਹ ਪਹਿਲਾਂ ਵਾਲੀ ਮਾਸੂਮੀਅਤ ਉਮਰ ਦੇ ਛੇਵੇਂ ਦਹਾਕੇ 'ਚ ਵੀ ਕਾਇਮ ਹੈ।




# ਪ੍ਰਕਾਸ਼ਨ ਦੇ ਗਿਆਰਵੇਂ ਵਰ੍ਹੇ ਵਿਚ ਦਾਖਲ ਹੋਣ 'ਤੇ

# ਪੰਜਾਬ ਟਾਈਮਜ਼ ਨੂੰ ਦਿਲੀ ਮੁਬਾਰਕ !

ਪਰਮਾਤਮਾ ਕਰੇ ਪੰਜਾਬੀਆਂ ਦਾ ਇਹ ਹਰਮਨ ਪਿਆਰਾ ਬੇਲਾਗ ਤੇ ਬੇਬਾਕ ਅਖਬਾਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

ਹਰਜਿੰਦਰ ਸਿੰਘ ਸੰਧੂ, ਡਾ. ਨਵਦੀਪ ਕੌਰ ਸੰਧੂ
ਅਤੇ ਪਰਿਵਾਰ, ਫੋਨ:847-361-7274

## ਸੰਧੂ ਪੈਟਰੋਲੀਅਮ ਇੰਕ.

**301 N. Hough St. Barrington, IL 60010**

# ਪੰਜਾਬ ਟਾਈਮਜ਼ ਨੂੰ ਨਿਰੰਤਰ ਪ੍ਰਕਾਸ਼ਨ ਦੀ ਦਸਵੀਂ ਵਰ੍ਹੇਗੰਢ ਦੀ ਬਹੁਤ ਬਹੁਤ ਵਧਾਈ

## ਪੰਜਾਬ ਟਾਈਮਜ਼

ਸਾਡੀਆਂ ਸ਼ੁਭ ਕਾਮਨਾਵਾਂ ਹਨ ਕਿ ਇਹ ਹਫਤਾਵਾਰੀ ਅਖਬਾਰ ਆਉਣ ਵਾਲੇ ਸਮੇਂ ਵਿਚ ਹੋਰ ਤਰੱਕੀ ਕਰੇ ਅਤੇ ਪੰਜਾਬੀ ਪੱਤਰਕਾਰੀ ਵਿਚ ਨਵੇਂ ਕੀਰਤੀਮਾਨ ਕਾਇਮ ਕਰੇ

**Sunny Dhoorh**

Vice Chairman of Democrat Party, Kent County (Michigan),
President, Punjabi Cultural Society Of Michigan
Member, Central Committee Michigan Democrat Party
1541 Winterwood Dr. NE, Grand Rapids, MI 49525



ਸ੍ਰੀ ਸੰਨੀ ਧੂੜ ਅਤੇ ਨੀਰਜ ਸੈਣੀ



ਤੁਹਾਨੂੰ ਲੋਹੜੀ ਦੀ ਲੱਖ ਲੱਖ ਵਧਾਈ!
DISH Network
Punjabi Pack $19.99/mo.
News, current affairs, comedies, interactive shows, live performances and daily GURBANI relayed live from the GOLDEN TEMPLE in Amritsar (Channel 622)
The complete entertainment channel with shows like Awaaz Punjab Di, Hasde Hasande Ravo, Jot Jale Din Raat, Sarb Sanjhi Gurbani, Rang Punjabi de, and Ghuggi Online (Channel 622)
jus punjabi
Punjabi music, religious and spritiual programming including daily Gurbani & Katha, daily "LIVE" call in shows, game shows, quiz shows, community news briefs & much more (Channel 809)
JUS one
Spiritual content such as religious discourses, lifestyle programs, yoga, pravachan (lectures) by prominent spiritual leaders and many more
Available for $9.99/mo à la carte (Channel 581)
punjjabi
From daily soaps & reality shows to events, movies, comedy, lifestyle, religious and horror shows, Punjabi TV is poised to become the most loved member of every Punjabi family (Channel 622)
ਸਬਸਕਰਾਈਬ ਕਰਨ ਲਈ ਅੱਜ ਹੀ ਕਾਲ ਕਰੋ
1-888-242-2276
www.dishnetwork.com/Punjabi
dish NETWORK® INTERNATIONAL TV
All prices, packages and programming subject to change without notice. Local and state sales taxes may apply. Programming is available for single-family dwellings located in the continental United States. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately. Customer must subscribe to minimum programming, including DishFAMILY, DishMÉXICO or a qualifying International package, or a $6.00/mo. Service Access fee will apply in addition to the monthly price for International programming. A second dish antenna may be required to view both International and American programming. All services marks and trademarks belong to their respective owners. ©2010, DISH Network L.L.C. All rights reserved.